20-JULY-PAGE-1.qxd 7/19/2025 8:47 PM Page 1

ਐਤਵਾਰ, 20 ਜੁਲਾਈ, 2025
5 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 49

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 20 JULY, 2025
ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

ਸਟਾਫ ਦੀ ਲੋੜ
ਭੰਡਾਰੀ ਕਾਰ ਬਾਜ਼ਾਰ ਭੋਗਪੁਰ
ਵਿਖੇ ਦਫਤਰੀ ਕੰਮਾਂ ਲਈ ਸਟਾਫ ਅਤੇ ਕਾਰ ਵਾਸ਼ਿੰਗ ਲਈ ਲੜਕਿਆਂ ਦੀ ਜ਼ਰੂਰਤ ਹੈ। ਤਨਖਾਹ 10,000 ਤੋਂ 20,000 ਰੁਪਏ। ਚਾਹਵਾਨ 62800-30861 'ਤੇ ਸੰਪਰਕ ਕਰਨ।
ਮਿਲਣ ਦਾ ਸਮਾਂ : ਸਵੇਰੇ 8 ਤੋਂ 10 ਵਜੇ ਤੱਕ

## ਸਿਆਸਤ ਤੋਂ ਤੌਬਾ



**ਚੰਡੀਗੜ੍ਹ** : ਖਰੜ ਤੋਂ 'ਆਪ' ਵਿਧਾਇਕ ਤੇ ਸਾਬਕਾ ਮੰਤਰੀ ਅਨਮੋਲ ਗਗਨ ਮਾਨ ਨੇ ਅਸਤੀਫਾ ਦੇ ਦਿੱਤਾ ਹੈ। ਉਸ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਆਪਣਾ ਅਸਤੀਫਾ ਜਲਦ ਪ੍ਰਵਾਨ ਕਰਨ ਦੀ ਅਪੀਲ ਕੀਤੀ ਹੈ। ਉਸ ਦੇ ਸਿਆਸਤ ਛੱਡਣ ਦੇ ਕਾਰਨਾਂ ਦਾ ਫੌਰੀ ਪਤਾ ਨਹੀਂ ਲੱਗ ਸਕਿਆ। ਉਸ ਨੇ ਐੱਕਸ 'ਤੇ ਇਕ ਪੋਸਟ ਵਿੱਚ ਕਿਹਾ, 'ਦਿਲ ਭਾਰੀ ਹੈ, ਪਰ ਮੈਂ ਸਿਆਸਤ ਛੱਡਣ ਦਾ ਫੈਸਲਾ ਲਿਆ ਹੈ। ਮੇਰਾ ਵਿਧਾਇਕ ਦੇ ਅਹੁਦੇ ਤੋਂ ਸਪੀਕਰ ਸਾਹਿਬ ਨੂੰ ਦਿੱਤਾ ਹੋਇਆ ਅਸਤੀਫਾ ਸਵੀਕਾਰ ਕੀਤਾ ਜਾਵੇ। ਮੇਰੀਆਂ ਸ਼ੁਭਕਾਮਨਾਵਾਂ ਪਾਰਟੀ ਨਾਲ ਹਨ। ਮੈਨੂੰ ਉਮੀਦ ਹੈ ਪੰਜਾਬ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰੇਗੀ।' ਗਾਇਕਾ ਤੋਂ ਸਿਆਸਤਦਾਨ ਬਣੀ ਅਨਮੋਲ ਗਗਨ ਮਾਨ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਖਰੜ ਵਿਧਾਨ ਸਭਾ ਹਲਕੇ ਤੋਂ ਜਿੱਤੀ ਸੀ। ਉਹ ਮੰਤਰੀ ਵੀ ਬਣੀ ਅਤੇ ਸੈਰ-ਸਪਾਟਾ ਤੇ ਸੱਭਿਆਚਾਰ, ਨਿਵੇਸ਼ ਪ੍ਰਮੋਸ਼ਨ, ਕਿਰਤ ਅਤੇ ਪ੍ਰਾਹੁਣਚਾਰੀ ਵਿਭਾਗਾਂ ਦਾ ਚਾਰਜ ਸੰਭਾਲਿਆ। ਹਾਲਾਂਕਿ ਪਿਛਲੇ ਸਾਲ ਭਗਵੰਤ ਮਾਨ ਸਰਕਾਰ ਨੇ ਉਸ ਸਮੇਤ ਚਾਰ ਮੰਤਰੀਆਂ ਦੀ ਕੈਬਨਿਟ ਵਿੱਚੋਂ ਛੁੱਟੀ ਕਰ ਦਿੱਤੀ ਸੀ। ਉਹ 'ਸੂਟ', 'ਘੈਂਟ ਪਰਪਜ਼' ਅਤੇ 'ਸ਼ੇਰਨੀ' ਵਰਗੇ ਗੀਤਾਂ ਲਈ ਮਸ਼ਹੂਰ ਹੈ।

## ਓਡੀਸ਼ਾ 'ਚ ਨਾਬਾਲਗ ਕੁੜੀ 'ਤੇ ਪੈਟਰੋਲ ਪਾ ਕੇ ਅੱਗ ਲਾਈ

**ਪੁਰੀ** : ਓਡੀਸ਼ਾ ਦੇ ਪੁਰੀ ਜ਼ਿਲ੍ਹੇ ਵਿੱਚ ਸਨਿੱਚਰਵਾਰ ਬਦਮਾਸ਼ਾਂ ਨੇ 15 ਸਾਲਾ ਕੁੜੀ ਨੂੰ ਅੱਗ ਲਗਾ ਦਿੱਤੀ। ਉਸ ਨੂੰ ਭੁਬਨੇਸ਼ਵਰ ਦੇ ਏਮਜ਼ ਹਸਪਤਾਲ ਲਿਜਾਇਆ ਗਿਆ ਹੈ। ਉਪ ਮੁੱਖ ਮੰਤਰੀ ਪ੍ਰਵਤੀ ਪਰੀਦਾ, ਜੋ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀ ਇੰਚਾਰਜ ਹਨ, ਨੇ 'ਐੱਕਸ' ਉੱਤੇ ਇੱਕ ਪੋਸਟ ਵਿੱਚ ਕਿਹਾ, 'ਮੈਨੂੰ ਇਹ ਖ਼ਬਰ ਸੁਣ ਕੇ ਬਹੁਤ ਦੁੱਖ ਅਤੇ ਸਦਮਾ ਲੱਗਿਆ ਹੈ ਕਿ ਪੁਰੀ ਜ਼ਿਲ੍ਹੇ ਦੇ ਬਲੰਗਾ ਵਿੱਚ ਕੁਝ ਬਦਮਾਸ਼ਾਂ ਨੇ ਸੜਕ 'ਤੇ ਇੱਕ ਪੰਦਰਾਂ ਸਾਲਾ ਕੁੜੀ 'ਤੇ ਪੈਟਰੋਲ ਛਿੜਕ ਕੇ ਉਸ ਨੂੰ ਅੱਗ ਲਗਾ ਦਿੱਤੀ। ਇਲਾਜ ਦਾ ਸਾਰਾ ਖਰਚ ਸਰਕਾਰ ਚੁੱਕੇਗੀ। ਪੁਲਸ ਪ੍ਰਸ਼ਾਸਨ ਨੂੰ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਅਤੇ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।' ਚਸ਼ਮਦੀਦਾਂ ਨੇ ਦੱਸਿਆ ਕਿ ਕੁੜੀ ਆਪਣੀ ਸਹੇਲੀ ਦੇ ਘਰ ਜਾ ਰਹੀ ਸੀ, ਜਦੋਂ ਤਿੰਨ ਬਦਮਾਸ਼ ਬੇਆਬਾਰ ਪਿੰਡ ਵਿੱਚ ਉਸ ਨੂੰ ਅੱਗ ਲਾ ਕੇ ਫਰਾਰ ਹੋ ਗਏ।

## ਮਜੀਠੀਆ ਜੇਲ੍ਹ 'ਚ ਹੀ ਰਹਿਣਗੇ

**ਮੁਹਾਲੀ** : ਸਥਾਨਕ ਕੋਰਟ ਨੇ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਨਿਆਂਇਕ ਰਿਮਾਂਡ ਵਿੱਚ ਸ਼ੁੱਕਰਵਾਰ 14 ਦਿਨਾਂ ਦਾ ਵਾਧਾ ਕਰ ਦਿੱਤਾ। ਇਸ ਤੋਂ ਬਾਅਦ ਪੁਲਸ ਮਜੀਠੀਆ ਨੂੰ ਲੈ ਕੇ ਨਾਭਾ ਦੀ ਨਿਊ ਜੇਲ੍ਹ ਲਈ ਰਵਾਨਾ ਹੋ ਗਈ। ਮਜੀਠੀਆ ਨੂੰ 12 ਗੱਡੀਆਂ ਦੇ ਕਾਫਲੇ ਦੇ ਰੂਪ ਵਿੱਚ ਨਾਭਾ ਜੇਲ੍ਹ ਤੋਂ ਮੁਹਾਲੀ ਲਿਆਂਦਾ ਗਿਆ ਸੀ।

## ਅੱਠਵੀਂ ਧਮਕੀ

**ਅੰਮ੍ਰਿਤਸਰ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਰਿਮੰਦਰ ਸਾਹਿਬ ਵਿੱਚ ਬੰਬ ਰੱਖੇ ਹੋਣ ਸੰਬੰਧੀ ਸ਼ੁੱਕਰਵਾਰ ਰਾਤ ਇੱਕ ਹੋਰ ਧਮਕੀ-ਭਰੀ ਈਮੇਲ ਮਿਲੀ। 14 ਜੁਲਾਈ ਤੋਂ ਬਾਅਦ ਇਹ ਅੱਠਵੀਂ ਈਮੇਲ ਹੈ। ਇਸ ਦੌਰਾਨ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਹੁਣ ਤੱਕ ਦੋਸ਼ੀਆਂ ਦੀ ਪਛਾਣ ਨਾ ਕਰ ਸਕਣ ਲਈ ਕੇਂਦਰੀ ਤੇ ਸੂਬਾਈ ਏਜੰਸੀਆਂ 'ਤੇ ਸਵਾਲ ਖੜ੍ਹੇ ਕੀਤੇ ਹਨ।

## ਪਟਨਾ ਕਤਲ ਕਾਂਡ 'ਚ 5 ਜਣੇ ਬੰਗਾਲ ਤੋਂ ਗ੍ਰਿਫਤਾਰ

**ਪਟਨਾ** : ਸਥਾਨਕ ਹਸਪਤਾਲ ਵਿੱਚ ਗੈਂਗਸਟਰ ਚੰਦਨ ਮਿਸ਼ਰਾ ਦੇ ਕਤਲ ਦੇ ਸੰਬੰਧ ਵਿੱਚ ਕੋਲਕਾਤਾ ਦੇ ਨੇੜੇ ਨਿਊ ਟਾਊਨ ਤੋਂ ਘੱਟੋ-ਘੱਟ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸਨਿੱਚਰਵਾਰ ਤੜਕੇ ਪਟਨਾ ਪੁਲਸ ਅਤੇ ਪੱਛਮੀ ਬੰਗਾਲ ਐੱਸ ਟੀ ਐੱਫ ਨੇ ਇਨ੍ਹਾਂ ਨੂੰ ਇੱਕ ਹਾਊਸਿੰਗ ਕੰਪਲੈਕਸ ਤੋਂ ਕਾਬੂ ਕੀਤਾ। ਬਿਹਾਰ ਦੇ ਬਕਸਰ ਜ਼ਿਲ੍ਹੇ ਦੇ ਮਿਸ਼ਰਾ, ਜੋ ਇੱਕ ਕਤਲ ਕੇਸ ਵਿੱਚ ਦੋਸ਼ੀ ਸੀ ਅਤੇ ਪੈਰੋਲ 'ਤੇ ਬਾਹਰ ਸੀ, ਨੂੰ ਵੀਰਵਾਰ ਸਵੇਰੇ ਪਟਨਾ ਦੇ ਨਿੱਜੀ ਹਸਪਤਾਲ ਦੇ ਅੰਦਰ ਕਤਲ ਕਰ ਦਿੱਤਾ ਗਿਆ ਸੀ। ਇੱਕ ਪੁਲਸ ਅਧਿਕਾਰੀ ਨੇ ਕਿਹਾ ਕਿ ਪੰਜਾਂ ਵਿੱਚੋਂ ਚਾਰ ਸਿੱਧੇ ਤੌਰ 'ਤੇ ਕਤਲ ਵਿੱਚ ਸ਼ਾਮਲ ਸਨ। ਘਟਨਾ ਤੋਂ ਬਾਅਦ ਉਹ ਪਟਨਾ ਤੋਂ ਫਰਾਰ ਹੋ ਗਏ ਅਤੇ ਕੋਲਕਾਤਾ ਆ ਗਏ ਸਨ।

# ਭਾਰਤ-ਪਾਕ ਜੰਗ ਦੌਰਾਨ ਪੰਜ ਜਹਾਜ਼ ਡਿੱਗੇ : ਟਰੰਪ



**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ-ਪਾਕਿਸਤਾਨ ਜੰਗ ਰੁਕਵਾਉਣ ਦੇ ਦਾਅਵਿਆਂ ਤੋਂ ਬਾਅਦ ਜੰਗ ਦੌਰਾਨ ਪੰਜ ਲੜਾਕੂ ਜਹਾਜ਼ ਡਿੱਗਣ ਦਾ ਨਵਾਂ ਖੁਲਾਸਾ ਕੀਤਾ ਹੈ। ਟਰੰਪ ਨੇ ਹਾਲਾਂਕਿ ਸਪੱਸ਼ਟ ਨਹੀਂ ਕੀਤਾ ਕਿ ਇਹ ਜਹਾਜ਼ ਦੋਹਾਂ ਵਿੱਚੋਂ ਕਿਹੜੇ ਮੁਲਕ ਦੇ ਸਨ। ਟਰੰਪ ਨੇ ਕਿਹਾ, 'ਅਸੀਂ ਬਹੁਤ ਸਾਰੀਆਂ ਜੰਗਾਂ ਰੋਕੀਆਂ ਹਨ। ਭਾਰਤ ਤੇ ਪਾਕਿਸਤਾਨ ਦਰਮਿਆਨ, ਜੋ ਹੋ ਰਿਹਾ ਸੀ, ਉਹ ਗੰਭੀਰ ਸੀ। ਜਹਾਜ਼ ਹਵਾ ਵਿਚ ਫੁੰਡੇ ਜਾ ਰਹੇ ਸਨ। ਮੇਰਾ ਮੰਨਣਾ ਹੈ ਕਿ ਪੰਜ ਲੜਾਕੂ ਜਹਾਜ਼ਾਂ ਨੂੰ ਅਸਲ ਵਿੱਚ ਡੇਗਿਆ ਗਿਆ ਸੀ।'

ਰਿਪਬਲਿਕਨ ਸੈਨੇਟਰਾਂ ਲਈ ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ 'ਚ ਰੱਖੀ ਰਾਤ ਦੀ ਦਾਅਵਤ ਮੌਕੇ ਟਰੰਪ ਨੇ ਇਹ ਵੀ ਕਿਹਾ, 'ਭਾਰਤ ਤੇ ਪਾਕਿਸਤਾਨ ਆਹਮੋ-ਸਾਹਮਣੇ ਸਨ ਤੇ ਇਹ ਟਕਰਾਅ ਵਧਦਾ ਜਾ ਰਿਹਾ ਸੀ, ਅਸੀਂ ਇਸ ਨੂੰ ਵਪਾਰ ਜ਼ਰੀਏ ਹੱਲ ਕੀਤਾ।' ਅਸੀਂ ਕਿਹਾ, ਤੁਸੀਂ ਲੋਕ ਵਪਾਰ ਸਮਝੌਤਾ ਕਰਨਾ ਚਾਹੁੰਦੇ ਹੋ? ਜੇਕਰ ਤੁਸੀਂ ਹਥਿਆਰਾਂ ਤੇ ਸ਼ਾਇਦ ਪ੍ਰਮਾਣੂ ਹਥਿਆਰਾਂ ਦਾ ਇਸਤੇਮਾਲ ਕਰ ਰਹੇ ਹੋ ਤਾਂ ਅਸੀਂ ਵਪਾਰ ਸਮਝੌਤਾ ਨਹੀਂ ਕਰਾਂਗੇ। ਦੋਵੇਂ ਬਹੁਤ ਤਾਕਤਵਰ ਪ੍ਰਮਾਣੂ ਮੁਲਕ ਹਨ।' ਟਰੰਪ ਦੇ ਇਸ ਬਿਆਨ ਨੇ ਭਾਰਤ ਵਿੱਚ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਅਗਾਮੀ ਮੌਨਸੂਨ ਅਜਲਾਸ ਤੋਂ ਪਹਿਲਾਂ ਇੱਕ ਨਵਾਂ ਮੁੱਦਾ ਦੇ ਦਿੱਤਾ ਹੈ।

ਇਸ ਤੋਂ ਪਹਿਲਾਂ ਟਰੰਪ ਨੇ ਸ਼ੁੱਕਰਵਾਰ ਵਿਕਾਸਸ਼ੀਲ ਦੇਸ਼ਾਂ ਦੇ ਬ੍ਰਿਕਸ ਸਮੂਹ ਦੇ ਮੈਂਬਰਾਂ ਤੋਂ ਦਰਾਮਦਗੀ 'ਤੇ 10 ਫੀਸਦੀ ਟੈਕਸ ਲਗਾਉਣ ਦੀ ਆਪਣੀ ਧਮਕੀ ਨੂੰ ਮੁੜ ਦੁਹਰਾਇਆ। ਟਰੰਪ ਨੇ ਦੇਸ਼ਾਂ ਦਾ ਨਾਂਅ ਲਏ ਬਿਨਾਂ ਕਿਹਾ, 'ਜਦੋਂ ਮੈਂ ਬ੍ਰਿਕਸ ਦੇ ਇਸ ਸਮੂਹ ਬਾਰੇ ਸੁਣਿਆ ਤਾਂ ਮੈਂ ਉਨ੍ਹਾਂ 'ਤੇ ਬਹੁਤ ਸਖ਼ਤ ਹਮਲਾ ਕੀਤਾ ਅਤੇ ਇਹ ਬਹੁਤ ਜਲਦੀ ਖਤਮ ਹੋ ਜਾਵੇਗਾ। ਅਸੀਂ ਕਦੇ ਵੀ ਕਿਸੇ ਨੂੰ ਸਾਡੇ ਨਾਲ ਖੇਡਾਂ ਨਹੀਂ ਖੇਡਣ ਦੇ ਸਕਦੇ।'

ਟਰੰਪ ਨੇ ਇਹ ਵੀ ਕਿਹਾ ਕਿ ਉਹ ਡਾਲਰ ਦੀ ਵਿਸ਼ਵਵਿਆਪੀ ਰਿਜ਼ਰਵ ਮੁਦਰਾ ਵਜੋਂ ਸਥਿਤੀ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹਨ ਅਤੇ ਉਨ੍ਹਾ ਅਮਰੀਕਾ ਵਿੱਚ ਕੇਂਦਰੀ ਬੈਂਕ ਡਿਜੀਟਲ ਮੁਦਰਾ ਦੀ ਸਿਰਜਣਾ ਦੀ ਇਜਾਜ਼ਤ ਨਾ ਦੇਣ ਦਾ ਪ੍ਰਣ ਲਿਆ।

ਜ਼ਿਕਰਯੋਗ ਹੈ ਕਿ ਟਰੰਪ ਨੇ 6 ਜੁਲਾਈ ਨੂੰ ਨਵੇਂ ਟੈਕਸ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਇਹ ਬ੍ਰਿਕਸ ਸਮੂਹ ਦੀਆਂ ਅਮਰੀਕਾ ਵਿਰੋਧੀ ਨੀਤੀਆਂ ਨਾਲ ਜੁੜੇ ਕਿਸੇ ਵੀ ਦੇਸ਼ 'ਤੇ ਲਾਗੂ ਹੋਵੇਗਾ। ਧਮਕੀ ਜਾਰੀ ਕਰਨ ਤੋਂ ਬਾਅਦ ਟਰੰਪ ਨੇ ਬਿਨਾਂ ਕਿਸੇ ਸਬੂਤ ਦੇ ਵਾਰ-ਵਾਰ ਦਾਅਵਾ ਕੀਤਾ ਹੈ ਕਿ ਇਹ ਸਮੂਹ ਅਮਰੀਕਾ ਅਤੇ ਵਿਸ਼ਵ ਦੀ ਰਿਜ਼ਰਵ ਮੁਦਰਾ ਵਜੋਂ ਡਾਲਰ ਦੀ ਭੂਮਿਕਾ ਨੂੰ ਨੁਕਸਾਨ ਪਹੁੰਚਾਉਣ ਲਈ ਬਣਾਇਆ ਗਿਆ ਸੀ। ਹਾਲਾਂਕਿ ਦੂਜੇ ਪਾਸੇ ਬ੍ਰਿਕਸ ਨੇਤਾਵਾਂ ਨੇ ਇਹ ਦਾਅਵਾ ਰੱਦ ਕਰ ਦਿੱਤਾ ਹੈ ਕਿ ਇਹ ਸਮੂਹ ਅਮਰੀਕਾ ਵਿਰੋਧੀ ਹੈ।

ਪਾਕਿਸਤਾਨ ਨੇ ਭਾਰਤ ਦੇ ਤਿੰਨ ਰਾਫੇਲ ਸਣੇ ਪੰਜ ਜਹਾਜ਼ ਫੁੰਡਣ ਦਾ ਦਾਅਵਾ ਕੀਤਾ ਸੀ, ਜਦਕਿ ਭਾਰਤ ਨੇ ਵੀ ਪਾਕਿਸਤਾਨ ਦੇ ਛੇ ਜੈੱਟ, ਤਿੰਨ ਜਹਾਜ਼ ਤੇ 10 ਤੋਂ ਵੱਧ ਡਰੋਨ ਸੁੱਟਣ ਦੀ ਗੱਲ ਕਹੀ ਸੀ। ਪਾਕਿਸਤਾਨ ਨੇ ਆਪਣੇ ਜਹਾਜ਼ਾਂ ਦਾ ਨੁਕਸਾਨ ਅਜੇ ਤੱਕ ਮੰਨਿਆ ਨਹੀਂ, ਪਰ ਹਵਾਈ ਅੱਡਿਆਂ ਨੂੰ ਭਾਰਤ ਵੱਲੋਂ ਨਿਸ਼ਾਨਾ ਬਣਾਏ ਜਾਣ ਦੀ ਗੱਲ ਕਬੂਲੀ ਸੀ।

ਇਸੇ ਦੌਰਾਨ ਕਾਂਗਰਸ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੁਣ ਟਰੰਪ ਦੇ ਦਾਅਵੇ ਬਾਰੇ ਸੰਸਦ ਦੇ ਅੰਦਰ ਸਪੱਸ਼ਟ ਜਵਾਬ ਦੇਣਾ ਚਾਹੀਦਾ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਐੱਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਸੰਸਦ ਦੇ ਮੌਨਸੂਨ ਅਜਲਾਸ ਤੋਂ ਠੀਕ ਦੋ ਦਿਨ ਪਹਿਲਾਂ 'ਟਰੰਪ ਮਿਜ਼ਾਈਲ' 24ਵੀਂ ਵਾਰ ਦਾਗੀ ਗਈ ਹੈ। ਰਮੇਸ਼ ਨੇ ਕਿਹਾ, 'ਰਾਸ਼ਟਰਪਤੀ ਟਰੰਪ ਨੇ ਐਤਕੀਂ ਨਵਾਂ ਸਨਸਨੀਖੇਜ਼ ਖੁਲਾਸਾ ਕੀਤਾ ਹੈ ਕਿ ਪੰਜ ਲੜਾਕੂ ਜਹਾਜ਼ਾਂ ਨੂੰ ਡੇਗਿਆ ਗਿਆ।' ਕਾਂਗਰਸ ਆਗੂ ਨੇ ਤਨਜ਼ ਕੱਸਦਿਆਂ ਕਿਹਾ, 'ਪ੍ਰਧਾਨ ਮੰਤਰੀ, ਜਿਨ੍ਹਾ ਦੀ ਰਾਸ਼ਟਰਪਤੀ ਟਰੰਪ ਨਾਲ ਸਾਲਾਂ ਦੀ ਦੋਸਤੀ ਤੇ ਹਗਲੋਮੇਸੀ (ਗਲੇ ਮਿਲਣ ਦੀ ਕੂਟਨੀਤੀ) ਰਹੀ ਹੈ, ਜੋ 'ਹਾਓਡੀ ਮੋਡੀ' (ਸਤੰਬਰ 2019) ਤੇ 'ਨਮਸਤੇ ਟਰੰਪ' (ਫਰਵਰੀ 2020) ਤੋਂ ਚੱਲੀ ਆ ਰਹੀ ਹੈ, ਉਨ੍ਹਾ ਨੂੰ ਹੁਣ ਖੁਦ ਸੰਸਦ ਵਿੱਚ ਰਾਸ਼ਟਰਪਤੀ ਟਰੰਪ ਦੇ ਪਿਛਲੇ 70 ਦਿਨਾਂ ਦੇ ਦਾਅਵਿਆਂ ਬਾਰੇ ਸਪੱਸ਼ਟ ਤੇ ਠੋਸ ਬਿਆਨ ਦੇਣਾ ਚਾਹੀਦਾ ਹੈ।'

## ਖੇਡ ਫੈਡਰੇਸ਼ਨਾਂ 'ਤੇ ਨਕੇਲ ਕੱਸਣ ਵਾਲਾ ਬਿੱਲ ਮਾਨਸੂਨ ਅਜਲਾਸ 'ਚ ਸੰਭਵ

**ਨਵੀਂ ਦਿੱਲੀ** : ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਦਾ ਮੰਨਣਾ ਹੈ ਕਿ ਕੌਮੀ ਖੇਡ ਸ਼ਾਸਨ ਬਿੱਲ, ਜੋ ਸੋਮਵਾਰ ਤੋਂ ਸ਼ੁਰੂ ਹੋ ਰਹੇ ਮੌਨਸੂਨ ਸੈਸ਼ਨ ਵਿੱਚ ਪੇਸ਼ ਕੀਤਾ ਜਾਣਾ ਹੈ, ਭਾਰਤ ਵਿੱਚ ਖੇਡਾਂ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ। ਰਿਜਿਜੂ 2019 ਤੋਂ 2021 ਦਰਮਿਆਨ ਦੋ ਸਾਲਾਂ ਲਈ ਕੇਂਦਰੀ ਖੇਡ ਮੰਤਰੀ ਰਹੇ ਸਨ ਅਤੇ ਉਨ੍ਹਾ ਦੇਸ਼ ਦੇ ਖੇਡ ਪ੍ਰਸ਼ਾਸਕਾਂ ਅਤੇ ਹੋਰ ਹਿੱਸੇਦਾਰਾਂ ਨਾਲ ਗੱਲਬਾਤ ਕਰਕੇ ਬਿੱਲ ਲਈ ਸਹਿਮਤੀ ਬਣਾਉਣ ਵਿੱਚ ਭੂਮਿਕਾ ਨਿਭਾਈ। ਉਨ੍ਹਾ ਕਿਹਾ ਕਿ ਉਹ ਬਿੱਲ ਦੇ ਜਲਦੀ ਹੀ ਕਾਨੂੰਨ ਬਣਨ ਦੀ ਉਮੀਦ ਕਰ ਰਹੇ ਹਨ। ਉਨ੍ਹਾ ਕਿਹਾ, 'ਇਹ ਖੇਡ ਭਾਈਚਾਰੇ ਲਈ ਇੱਕ ਇਤਿਹਾਸਕ ਬਿੱਲ ਹੈ। ਮੈਂ ਪ੍ਰਧਾਨ ਮੰਤਰੀ (ਨਰਿੰਦਰ) ਮੋਦੀ ਜੀ ਦਾ ਅਜਿਹਾ ਦੂਰਅੰਦੇਸ਼ੀ ਵਿਚਾਰ ਰੱਖਣ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਹ ਖੇਡ ਖੇਤਰ ਨੂੰ ਬਦਲਣ ਬਾਰੇ ਸੋਚ ਰਹੇ ਹਨ।'

ਬਿੱਲ ਦਾ ਉਦੇਸ਼ ਕੌਮੀ ਖੇਡ ਫੈਡਰੇਸ਼ਨਾਂ ਅਤੇ ਭਾਰਤੀ ਉਲੰਪਿਕ ਐਸੋਸੀਏਸ਼ਨ ਵਿੱਚ ਚੰਗੇ ਸ਼ਾਸਨ ਲਈ ਇੱਕ ਢਾਂਚਾ ਬਣਾਉਣਾ ਹੈ। ਇਹ ਬਿੱਲ ਇੱਕ ਰੈਗੂਲੇਟਰੀ ਬੋਰਡ ਦੀ ਸਥਾਪਨਾ ਨੂੰ ਲਾਜ਼ਮੀ ਕਰਦਾ ਹੈ, ਜਿਸ ਨੂੰ ਚੰਗੇ ਸ਼ਾਸਨ ਨਾਲ ਸੰਬੰਧਤ ਪ੍ਰਬੰਧਾਂ ਦੀ ਪਾਲਣਾ ਦੇ ਅਧਾਰ 'ਤੇ ਕੌਮੀ ਖੇਡ ਫੈਡਰੇਸ਼ਨਾਂ ਨੂੰ ਮਾਨਤਾ ਦੇਣ ਅਤੇ ਫੰਡਿੰਗ ਦਾ ਫੈਸਲਾ ਕਰਨ ਦੀ ਸ਼ਕਤੀ ਹੋਵੇਗੀ।

ਇਹ ਰੈਗੂਲੇਟਰੀ ਬੋਰਡ ਸਭ ਤੋਂ ਉੱਚੇ ਸ਼ਾਸਨ, ਵਿੱਤੀ ਅਤੇ ਨੈਤਿਕ ਮਾਪਦੰਡਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਵੀ ਜ਼ਿੰਮੇਵਾਰ ਹੋਵੇਗਾ। ਕੌਮੀ ਖੇਡ ਫੈਡਰੇਸ਼ਨਾਂ ਨੂੰ ਕਈ ਸਾਲਾਂ ਦੀ ਵਿਆਪਕ ਚਰਚਾ ਤੋਂ ਬਾਅਦ ਬੋਰਡ ਵਿੱਚ ਲਿਆਂਦਾ ਗਿਆ ਹੈ, ਜੋ ਪਿਛਲੇ ਸਾਲ ਮਨਸੁਖ ਮਾਂਡਵੀਆ ਦੇ ਖੇਡ ਮੰਤਰੀ ਬਣਨ ਤੋਂ ਬਾਅਦ ਤੇਜ਼ ਹੋ ਗਈ ਸੀ। ਬਿੱਲ ਵਿੱਚ ਸ਼ਾਸਨ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਅਤੇ ਮੁਕੱਦਮੇਬਾਜ਼ੀ ਨੂੰ ਘਟਾਉਣ ਲਈ ਨੈਤਿਕਤਾ ਕਮਿਸ਼ਨਾਂ ਅਤੇ ਵਿਵਾਦ ਨਿਪਟਾਰਾ ਕਮਿਸ਼ਨਾਂ ਦੀ ਸਥਾਪਨਾ ਦਾ ਵੀ ਪ੍ਰਸਤਾਵ ਹੈ। ਇਸ ਬਿੱਲ ਦਾ ਭਾਰਤੀ ਉਲੰਪਿਕ ਐਸੋਸੀਏਸ਼ਨ ਵੱਲੋਂ ਵਿਰੋਧ ਕੀਤਾ ਗਿਆ ਹੈ। ਐਸੋਸੀਏਸ਼ਨ ਦੀ ਪ੍ਰਧਾਨ ਪੀ ਟੀ ਊਸ਼ਾ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਭਾਰਤ ਨੂੰ ਸਰਕਾਰੀ ਦਖਲਅੰਦਾਜ਼ੀ ਲਈ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਦੁਆਰਾ ਮੁਅੱਤਲ ਕੀਤੇ ਜਾਣ ਦਾ ਖਤਰਾ ਹੋਵੇਗਾ। ਹਾਲਾਂਕਿ, ਮਾਂਡਵੀਆ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰਸਤਾਵਤ ਕਾਨੂੰਨ ਦਾ ਖਰੜਾ ਤਿਆਰ ਕਰਦੇ ਸਮੇਂ ਕੌਮਾਂਤਰੀ ਉਲੰਪਿਕ ਕਮੇਟੀ ਨਾਲ ਸਲਾਹ ਕੀਤੀ ਗਈ ਹੈ। ਕੌਮਾਂਤਰੀ ਉਲੰਪਿਕ ਕਮੇਟੀ ਨੂੰ ਨਾਲ ਲੈ ਕੇ ਚੱਲਣਾ ਬਹੁਤ ਜ਼ਰੂਰੀ ਹੈ, ਕਿਉਂਕਿ ਭਾਰਤ 2036 ਵਿੱਚ ਉਲੰਪਿਕ ਦੀ ਮੇਜ਼ਬਾਨੀ ਲਈ ਬੋਲੀ ਲਗਾ ਰਿਹਾ ਹੈ। ਰਿਜਿਜੂ ਨੇ ਕਿਹਾ, 'ਦੋ (ਹੋਰ) ਚੀਜ਼ਾਂ ਹਨ— ਖੇਲੋ ਭਾਰਤ ਨੀਤੀ ਅਤੇ ਡੋਪਿੰਗ ਵਿਰੋਧੀ ਸੋਧ ਬਿੱਲ। ਇਹ ਦੋ ਬਿੱਲਾਂ (ਡੋਪਿੰਗ ਵਿਰੋਧੀ ਅਤੇ ਖੇਡ ਸ਼ਾਸਨ) ਨੂੰ ਜੋੜਿਆ ਜਾਣਾ ਹੈ ਅਤੇ ਅਸੀਂ ਸੰਸਦ ਵਿੱਚ ਚਰਚਾ ਕਰਾਂਗੇ ਅਤੇ ਮੈਨੂੰ ਯਕੀਨ ਹੈ ਕਿ ਮੈਂਬਰ ਹਿੱਸਾ ਲੈਣਗੇ।'

ਉਨ੍ਹਾ ਕਿਹਾ, 'ਇੱਕ ਵਾਰ ਨਵਾਂ ਖੇਡ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਹ ਦੇਸ਼ ਵਿੱਚ ਇੱਕ ਨਵੇਂ ਖੇਡ ਸੱਭਿਆਚਾਰ ਦੀ ਸ਼ੁਰੂਆਤ ਕਰੇਗਾ। ਖੇਲੋ ਇੰਡੀਆ ਨੇ ਪਹਿਲਾਂ ਹੀ ਦੇਸ਼ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕੀਤਾ ਹੈ।'

ਡੋਪਿੰਗ ਵਿਰੋਧੀ ਐਕਟ ਅਸਲ ਵਿੱਚ 2022 ਵਿੱਚ ਪਾਸ ਕੀਤਾ ਗਿਆ ਸੀ, ਪਰ ਵਿਸ਼ਵ ਡੋਪਿੰਗ ਵਿਰੋਧੀ ਏਜੰਸੀ (ਵਾਡਾ) ਵੱਲੋਂ ਉਠਾਏ ਗਏ ਇਤਰਾਜ਼ਾਂ ਕਾਰਨ ਇਸ 'ਤੇ ਅਮਲ ਨੂੰ ਰੋਕਣਾ ਪਿਆ ਸੀ। ਵਿਸ਼ਵ ਸੰਸਥਾ ਨੇ ਖੇਡਾਂ ਵਿੱਚ ਡੋਪਿੰਗ ਵਿਰੁੱਧ ਕੌਮੀ ਬੋਰਡ ਦੀ ਸਥਾਪਨਾ 'ਤੇ ਇਤਰਾਜ਼ ਜਤਾਇਆ ਸੀ। ਇਸ ਐਕਟ ਵਿੱਚ ਡੋਪਿੰਗ ਵਿਰੋਧੀ ਨਿਯਮਾਂ 'ਤੇ ਸਰਕਾਰ ਨੂੰ ਸਿਫਾਰਸ਼ਾਂ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। ਬੋਰਡ, ਜਿਸ ਵਿੱਚ ਇੱਕ ਚੇਅਰਪਰਸਨ ਅਤੇ ਕੇਂਦਰ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਦੋ ਮੈਂਬਰ ਸ਼ਾਮਲ ਹੋਣੇ ਸਨ, ਨੂੰ ਰਾਸ਼ਟਰੀ ਡੋਪਿੰਗ ਵਿਰੋਧੀ ਏਜੰਸੀ (ਨਾਡਾ) ਦੀ ਨਿਗਰਾਨੀ ਕਰਨ ਅਤੇ ਇਸ ਨੂੰ ਨਿਰਦੇਸ਼ ਜਾਰੀ ਕਰਨ ਦਾ ਵੀ ਅਧਿਕਾਰ ਸੀ। ਵਾਡਾ ਨੇ ਇਸ ਪ੍ਰਬੰਧ ਨੂੰ ਇੱਕ ਖੁਦਮੁਖਤਿਆਰ ਸੰਸਥਾ ਵਿੱਚ ਸਰਕਾਰੀ ਦਖਲਅੰਦਾਜ਼ੀ ਵਜੋਂ ਰੱਦ ਕਰ ਦਿੱਤਾ। ਇਸ ਲਈ ਸੋਧੇ ਹੋਏ ਬਿੱਲ ਨੇ ਵਾਡਾ ਦੇ ਅਨੁਕੂਲ ਹੋਣ ਲਈ ਇਸ ਪ੍ਰਬੰਧ ਨੂੰ ਹਟਾ ਦਿੱਤਾ ਹੈ।

## ਮਾਨ ਵੱਲੋਂ ਅੱਠ ਜਨਤਕ ਲਾਇਬ੍ਰੇਰੀਆਂ ਲੋਕਾਂ ਨੂੰ ਸਮਰਪਤ



**ਸ਼ਹਿਣਾ (ਬਰਨਾਲਾ)** : ਨੌਜਵਾਨਾਂ ਵਿੱਚ ਪੜ੍ਹਨ ਦੀ ਆਦਤ ਪ੍ਰਫੁੱਲਤ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਬਰਨਾਲਾ ਜ਼ਿਲ੍ਹੇ ਵਿੱਚ 2.80 ਕਰੋੜ ਰੁਪਏ ਦੀ ਲਾਗਤ ਨਾਲ ਬਣੀਆਂ ਅੱਠ ਜਨਤਕ ਲਾਇਬ੍ਰੇਰੀਆਂ ਸਮਰਪਤ ਕੀਤੀਆਂ।ਇਸ ਮੌਕੇ ਮੁੱਖ ਮੰਤਰੀ ਨੇ ਦੱਸਿਆ ਕਿ ਭਦੌੜ ਅਤੇ ਮਹਿਲ ਕਲਾਂ ਵਿਧਾਨ ਸਭਾ ਹਲਕਿਆਂ ਵਿੱਚ ਅੱਠ ਲਾਇਬ੍ਰੇਰੀਆਂ ਲੋਕਾਂ ਨੂੰ ਸਮਰਪਿਤ ਕੀਤੀਆਂ ਹਨ। ਉਨ੍ਹਾ ਕਿਹਾ ਕਿ ਪਿੰਡ ਸ਼ਹਿਣਾ, ਧੌਲਾ, ਤਲਵੰਡੀ, ਮੱਝੂਕੇ, ਕੁਤਬਾ, ਦੀਵਾਨਾ, ਵਜੀਦਕੇ ਕਲਾਂ ਅਤੇ ਠੁੱਲ੍ਹੀਵਾਲ ਵਿਖੇ ਬਣੀਆਂ ਇਨ੍ਹਾਂ ਅੱਠ ਲਾਇਬ੍ਰੇਰੀਆਂ 'ਤੇ ਕੁੱਲ 2.80 ਕਰੋੜ ਰੁਪਏ ਖਰਚ ਕੀਤੇ ਗਏ ਹਨ। ਉਨ੍ਹਾ ਦੱਸਿਆ ਕਿ ਹਰੇਕ ਲਾਇਬ੍ਰੇਰੀ 35 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਗਈ ਹੈ। ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਇਨ੍ਹਾਂ ਲਾਇਬ੍ਰੇਰੀਆਂ ਵਿੱਚ ਕੰਪਿਊਟਰ, ਇੰਟਰਨੈੱਟ ਦੀ ਸਹੂਲਤ, ਮਿਆਰੀ ਸਾਹਿਤ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਕਿਤਾਬਾਂ ਮੁਹੱਈਆ ਕਰਵਾਈਆਂ ਗਈਆਂ ਹਨ।ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਲਾਇਬ੍ਰੇਰੀਆਂ ਨੇ ਵਿਦਿਆਰਥੀਆਂ ਵਿੱਚ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਨਵੀਂ ਉਮੀਦ ਜਗਾਈ ਹੈ।

ਉਨ੍ਹਾ ਕਿਹਾ ਕਿ ਹੁਣ ਦੂਰ-ਦੁਰਾਡੇ ਦੇ ਪਿੰਡਾਂ ਦੇ ਵਿਦਿਆਰਥੀ ਆਪਣੇ ਪਿੰਡਾਂ ਵਿੱਚ ਰਹਿ ਕੇ ਕਿਤਾਬਾਂ ਰਾਹੀਂ ਦੁਨੀਆ ਭਰ ਦਾ ਗਿਆਨ ਹਾਸਲ ਕਰ ਸਕਦੇ ਹਨ।

ਉਹਨਾ ਕਿਹਾ ਕਿ ਇਨ੍ਹਾਂ ਲਾਇਬ੍ਰੇਰੀਆਂ ਨੂੰ ਵਾਈ-ਫਾਈ, ਸੋਲਰ ਪਾਵਰ ਡਿਜੀਟਲ ਐਨਾਲੌਗ ਅਤੇ ਹੋਰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ। ਲਾਇਬ੍ਰੇਰੀਆਂ ਵਿੱਚ ਸਮਕਾਲੀ ਸਾਹਿਤ ਤੇ ਸਿਲੇਬਸ ਦੀਆਂ ਕਿਤਾਬਾਂ ਦੇ ਨਾਲ-ਨਾਲ ਵਿਸ਼ਵ ਸਾਹਿਤ ਦੀਆਂ ਕਿਤਾਬਾਂ ਹਨ, ਜੋ ਸਿੱਖਣ ਦਾ ਅਮੀਰ ਅਨੁਭਵ ਪ੍ਰਦਾਨ ਕਰਦੀਆਂ ਹਨ।

## ਪਾਰਟੀ ਕਾਂਗਰਸ ਦੀ ਸਫਲਤਾ ਲਈ ਪੰਜਾਬ ਖੇਤ ਮਜ਼ਦੂਰ ਸਭਾ ਪੂਰਾ ਤਾਣ ਲਾਵੇਗੀ : ਗੋਰੀਆ, ਦੇਵੀ ਕੁਮਾਰੀ

### ਖੇਤ ਮਜ਼ਦੂਰਾਂ ਤੇ ਕਿਸਾਨਾਂ ਦਾ ਨਹੁੰ-ਮਾਸ ਵਾਲਾ ਰਿਸ਼ਤਾ : ਨਿਜ਼ਾਮਪੁਰ




**ਤਰਨ ਤਾਰਨ (ਪੱਤਰ ਪ੍ਰੇਰਕ)**

21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਨੂੰ ਸਮਰਪਿਤ ਪੰਜਾਬ ਖੇਤ ਮਜ਼ਦੂਰ ਸਭਾ ਦੀ ਰਾਮਗੜ੍ਹੀਆ ਬੁੰਗਾ ਤਰਨ ਤਾਰਨ ਵਿੱਚ ਸਫਲ ਕਨਵੈਨਸ਼ਨ ਖੇਤੀ ਕਾਮਿਆਂ ਅਤੇ ਕਿਸਾਨਾਂ ਅੰਦਰ ਨਵੀਂ ਰੂਹ ਫੂਕ ਗਈ। ਕਨਵੈਨਸ਼ਨ ਵਿੱਚ ਜਿੱਥੇ 21 ਸਤੰਬਰ ਨੂੰ ਮੁਹਾਲੀ ਵਿੱਚ ਹੋ ਰਹੀ ਰੈਲੀ ਵਿੱਚ ਸ਼ਾਮਿਲ ਹੋਣ ਲਈ ਜ਼ੋਰਦਾਰ ਉਤਸ਼ਾਹ ਨਜ਼ਰ ਆਇਆ, ਉੱਥੇ ਖੇਤ ਮਜ਼ਦੂਰਾਂ ਦੇ ਹੱਕ-ਹਕੂਕਾਂ ਦੀ ਰਾਖੀ ਲਈ ਤਾਣ ਲਾ ਦੇਣ ਦਾ ਤਹੱਈਆ ਵੀ ਕੀਤਾ ਗਿਆ।ਕਨਵੈਨਸ਼ਨ ਵਿੱਚ ਜਿੱਥੇ ਗਰੀਬ ਅਤੇ ਦਲਿਤ ਵਰਗ ਉਤੇ ਹੋ ਰਹੇ ਸਮਾਜੀ ਅੱਤਿਆਚਾਰਾਂ ਦਾ ਗੰਭੀਰ ਨੋਟਿਸ ਲਿਆ ਗਿਆ, ਉਥੇ ਮਜ਼ਦੂਰਾਂ ਅਤੇ ਕਿਸਾਨਾਂ ਦੇ ਨਹੁੰ-ਮਾਸ ਦੇ ਰਿਸ਼ਤੇ ਦੇ ਸੰਦਰਭ ਵਿੱਚ ਦੋਹਾਂ ਦੀਆਂ ਸੰਘਰਸ਼ੀ ਕਰੰਘੜੀਆ ਨੂੰ ਹੋਰ ਮਜਬੂਤ ਕਰਨ ਦਾ ਹੋਕਾ ਵੀ ਦਿੱਤਾ ਗਿਆ। ਕਨਵੈਨਸ਼ਨ ਉਪਰੰਤ ਖੇਤ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਆਕਾਸ਼ ਗੁੰਜਾਊ ਨਾਹਰਿਆਂ ਦੌਰਾਨ ਕੀਤੇ ਗਏ ਰੋਸ ਪ੍ਰਦਰਸ਼ਨ ਮੌਕੇ ਤਰਨ ਤਾਰਨ ਦੇ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਵੱਲੋਂ ਦਿੱਤੇ ਹੰਗਾਰੇ 'ਤੇ ਆਪ-ਮੁਹਾਰੇ ਤਣੇ ਮੁੱਕਿਆਂ ਨੇ ਇਨਕਲਾਬੀ ਮਾਹੌਲ ਸਿਰਜ ਦਿੱਤਾ।ਜੋਗਿੰਦਰ ਸਿੰਘ ਵਲਟੋਹਾ, ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਅਤੇ ਮੰਗਲ ਸਿੰਘ ਦੀ ਪ੍ਰਧਾਨਗੀ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੇ ਮਾਝਾ ਜ਼ੋਨ ਦੀ ਕਨਵੈਨਸ਼ਨ ਵਿੱਚ ਔਰਤਾਂ ਦੀ ਭਰਵੀਂ ਹਾਜ਼ਰੀ ਸਭਾ ਦੀ ਨਵੇਕਲੀ ਪ੍ਰਾਪਤੀ ਵਜੋਂ ਵੇਖੀ ਗਈ। ਕਨਵੈਨਸ਼ਨ ਦੀ ਸ਼ੁਰੂਆਤ ਵਿੱਚ 'ਮਾਸਟਰ ਜੀ' ਵੱਲੋਂ ਬੰਨ੍ਹੀ ਗਈ ਸ਼ਾਨਦਾਰ ਭੂਮਿਕਾ ਇਸ ਤਰ੍ਹਾਂ ਅਸਰਅੰਦਾਜ਼ ਹੋਈ ਕਿ ਅਗਲੇ ਬੁਲਾਰਿਆਂ ਦੇ ਵਿਚਾਰ ਸੁਣਨ ਲਈ ਸਰੋਤੇ ਟਿਕ-ਟਿਕੀ ਲਾ ਕੇ ਬੈਠ ਗਏ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੀ ਕੇਂਦਰੀ ਕਾਰਜਕਾਰਨੀ ਦੇ ਮੈਂਬਰ ਅਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜਾਰ ਸਿੰਘ ਗੋਰੀਆ ਨੇ ਪਿੰਡਾਂ ਵਿੱਚ ਸ਼ਾਮਲਾਟ ਜ਼ਮੀਨ ਵਿੱਚ ਦਲਿਤ ਅਤੇ ਮਜ਼ਦੂਰ ਵਰਗ ਦੇ ਬਣਦੇ ਹਿੱਸੇ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ। ਉਹਨਾ ਕਿਹਾ ਕਿ ਪੰਜਾਬ ਵਿੱਚ ਹਰਾ ਇਨਕਲਾਬ

• ਬਾਕੀ ਸਫਾ 2 'ਤੇ

## ਬੇਅਦਬੀਆਂ ਦੀ ਜਾਂਚ ਜੱਜਾਂ ਦੀ ਨਿਗਰਾਨੀ ਹੇਠ ਕਰਵਾਈ ਜਾਵੇ : ਸੁਖਬੀਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪਿਛਲੇ ਦਸ ਸਾਲਾਂ ਦੌਰਾਨ ਪੰਜਾਬ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੀ ਜੱਜਾਂ ਦੀ ਨਿਗਰਾਨੀ ਵਿੱਚ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਬੇਅਦਬੀ ਮਾਮਲਿਆਂ 'ਚ ਵਿਰੋਧੀ ਪਾਰਟੀਆਂ ਨੇ ਪੰਜਾਬ ਦੀ ਇੱਕੋ-ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾ ਖੁਲਾਸਾ ਕੀਤਾ ਕਿ ਅਕਾਲੀ ਸਰਕਾਰ ਵੇਲੇ ਹੋਈਆਂ ਬੇਅਦਬੀਆਂ ਦੀ ਜਾਂਚ ਪੰਜਾਬ ਸਰਕਾਰ ਕਰਨਾ ਚਾਹੁੰਦੀ ਸੀ, ਪਰ ਸੀ ਬੀ ਆਈ ਤੋਂ ਜਾਂਚ ਦੀ ਮੰਗ ਉੱਠਣ 'ਤੇ ਇਹ ਮੰਗ ਮੰਨ ਲਈ ਗਈ। ਉਨ੍ਹਾ ਕਿਹਾ ਕਿ ਇਸੇ ਕਰਕੇ ਅਜੇ ਤੱਕ ਕੋਈ ਵੀ ਦੋਸ਼ੀ ਫੜਿਆ ਨਹੀਂ ਜਾ ਸਕਿਆ। ਉਨ੍ਹਾ ਕਿਹਾ ਕਿ ਸਾਢੇ ਤਿੰਨ ਸਾਲਾਂ ਬਾਅਦ 'ਆਪ' ਸਰਕਾਰ ਵੱਲੋਂ ਬੇਅਦਬੀ ਸੰਬੰਧੀ ਕਾਨੂੰਨ ਲਈ ਲਿਆਂਦਾ ਗਿਆ ਬਿੱਲ ਡਰਾਮੇਬਾਜ਼ੀ ਤੋਂ ਵਧ ਕੇ ਕੁਝ ਨਹੀਂ। ਉਨ੍ਹਾ ਕਿਹਾ ਕਿ ਬੇਅਦਬੀ 'ਤੇ ਸਿਆਸਤ ਹਾਲੇ ਤੱਕ ਵੀ ਬੰਦ ਨਹੀਂ ਹੋਈ, ਜਿਸ ਬਾਰੇ ਪੰਜਾਬ ਨੂੰ ਸੋਚਣ ਦੀ ਲੋੜ ਹੈ। ਸੁਖਬੀਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ 'ਚ ਕਾਂਗਰਸੀ ਆਗੂ ਪਰਗਟ ਸਿੰਘ ਨੇ ਅਤੇ ਇੱਕ ਹੋਰ ਥਾਂ ਸੁਖਜਿੰਦਰ ਸਿੰਘ ਰੰਧਾਵਾ ਨੇ ਸੱਚ ਬਿਆਨ ਕੀਤਾ ਹੈ। ਉਨ੍ਹਾ ਦੋਵਾਂ ਆਗੂਆਂ ਤੋਂ ਇਹ ਮੰਗ ਕੀਤੀ ਕਿ ਬੇਅਦਬੀ ਮਾਮਲੇ 'ਚ ਸਿਆਸਤ ਕਰਨ ਵਾਲੇ ਕਾਂਗਰਸੀ ਨੇਤਾਵਾਂ ਦੇ ਨਾਂਅ ਜਨਤਕ ਕੀਤੇ ਜਾਣ। ਉਨ੍ਹਾ ਨਾਲ ਹੀ ਕਿਹਾ ਕਿ ਅਕਾਲ ਤਖਤ 'ਤੇ ਟੈਂਕਾਂ, ਤੋਪਾਂ ਨਾਲ ਹਮਲਾ ਕਰਨ ਵਾਲੀ ਕਾਂਗਰਸ ਵੀ ਬੇਅਦਬੀ ਲਈ ਖੁਦ ਦੋਸ਼ੀ ਹੈ। ਉਨ੍ਹਾ ਕਿਹਾ ਕਿ ਹੁਣ ਤੱਕ ਪੰਜਾਬ ਵਿੱਚ ਜਿੰਨੀਆਂ ਵੀ ਬੇਅਦਬੀਆਂ ਹੋਈਆਂ, ਜੇ ਸਾਫ-ਸੁਥਰੇ ਢੰਗ ਨਾਲ ਜਾਂਚ ਕਰਵਾਈ ਜਾਵੇ ਤਾਂ ਸਭ ਪਿੱਛੇ 'ਆਪ' ਦਾ ਹੱਥ ਨਿਕਲੇਗਾ। ਉਨ੍ਹਾ ਮਾਲੇਰਕੋਟਲਾ 'ਚ ਕੁਰਾਨ ਸ਼ਰੀਫ਼ ਦੀ ਬੇਅਦਬੀ ਲਈ 'ਆਪ' ਆਗੂ ਨਰੇਸ਼ ਯਾਦਵ ਨੂੰ ਕਥਿਤ ਦੋਸ਼ੀ ਦੱਸਦਿਆਂ ਕਿਹਾ ਕਿ ਹਰਜੋਤ ਸਿੰਘ ਬੈਂਸ ਅਤੇ ਹਰਪਾਲ ਸਿੰਘ ਚੀਮਾ ਵਕੀਲ ਵਜੋਂ ਉਸ ਨੂੰ ਬਚਾਉਣ ਲਈ ਉਸ ਦਾ ਕੇਸ ਲੜਦੇ ਰਹੇ। ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਬੇਅਦਬੀ ਵਰਗੀ ਕੁਤਾਹੀ ਕਦੇ ਨਹੀਂ ਕੀਤੀ ਅਤੇ ਨਾ ਹੀ ਕਰਨ ਬਾਰੇ ਸੋਚ ਸਕਦਾ ਹੈ।

## ਪਾਇਲਟਾਂ ਵੱਲੋਂ ਅਖਬਾਰ ਤੇ ਖਬਰ ਏਜੰਸੀ ਨੂੰ ਨੋਟਿਸ

**ਨਵੀਂ ਦਿੱਲੀ** : ਭਾਰਤੀ ਪਾਇਲਟਾਂ ਦੀ ਫੈਡਰੇਸ਼ਨ ਨੇ 12 ਜੂਨ ਨੂੰ ਹੋਏ ਏ ਆਈ-171 ਕਰੈਸ਼ (ਅਹਿਮਦਾਬਾਦ ਜਹਾਜ਼ ਹਾਦਸੇ) ਬਾਰੇ ਹਾਲੀਆ ਰਿਪੋਰਟਾਂ ਲਈ ਅਮਰੀਕੀ ਅਖ਼ਬਾਰ 'ਦਿ ਵਾਲ ਸਟਰੀਟ ਜਰਨਲ' ਤੇ ਖ਼ਬਰ ਏਜੰਸੀ 'ਰਾਇਟਰਜ਼' ਨੂੰ ਕਾਨੂੰਨੀ ਨੋਟਿਸ ਭੇਜ ਕੇ ਮੁਆਫੀ ਮੰਗੇ ਜਾਣ ਦੀ ਮੰਗ ਕੀਤੀ ਹੈ।

ਰਾਇਟਰਜ਼ ਅਤੇ 'ਦਿ ਵਾਲ ਸਟਰੀਟ ਜਰਨਲ' ਨੂੰ ਭੇਜੇ ਈਮੇਲ ਵਿੱਚ ਐਸੋਸੀਏਸ਼ਨ ਨੇ ਕਿਹਾ ਹੈ, 'ਸਾਡੇ ਧਿਆਨ ਵਿੱਚ ਆਇਆ ਹੈ ਕਿ ਕੌਮਾਂਤਰੀ ਮੀਡੀਆ ਦੇ ਕੁਝ ਹਿੱਸੇ ਵਾਰ-ਵਾਰ ਚੋਣਵੀਂ ਅਤੇ ਗੈਰ-ਪ੍ਰਮਾਣਤ ਰਿਪੋਰਟਿੰਗ ਰਾਹੀਂ ਸਿੱਟੇ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ। ਅਜਿਹੀਆਂ ਕਾਰਵਾਈਆਂ ਗੈਰ-ਜ਼ਿੰਮੇਵਾਰਾਨਾ ਹਨ, ਖਾਸ ਕਰਕੇ ਉਦੋਂ ਜਦੋਂ ਜਾਂਚ ਦਾ ਅਮਲ ਜਾਰੀ ਹੈ।' ਐਸੋਸੀਏਸ਼ਨ ਦੇ ਪ੍ਰਧਾਨ ਸੀ ਐੱਸ ਰੰਧਾਵਾ ਨੇ ਕਿਹਾ, 'ਹਾਲਾਂਕਿ ਇਸ ਵੱਡੇ ਹਾਦਸੇ ਨੇ ਲੋਕਾਂ ਦਾ ਧਿਆਨ ਖਿੱਚਿਆ ਹੈ, ਪਰ ਇਹ ਸਮਝਣ ਦੀ ਲੋੜ ਹੈ ਕਿ ਇਹ ਖਾਸ ਕਰਕੇ ਬੇਬੁਨਿਆਦ ਤੱਥਾਂ ਦੇ ਅਧਾਰ 'ਤੇ ਭਾਰਤੀ ਹਵਾਬਾਜ਼ੀ ਉਦਯੋਗ ਦੀ ਸੁਰੱਖਿਆ ਪ੍ਰਤੀ ਜਨਤਕ ਚਿੰਤਾ ਜਾਂ ਗੁੱਸਾ ਪੈਦਾ ਕਰਨ ਦਾ ਸਮਾਂ ਨਹੀਂ।'

ਜੈ ਮਾਤਾ ਦੀ ਜੈ ਮਾਤਾ ਦੀ
ਚਿੰਤਪੁਰਨੀ ਮਾਤਾ ਦੇ ਮੇਲੇ 'ਤੇ ਮੰਗੂਵਾਲ ਬੈਰੀਅਰ 'ਤੇ ਭੋਗਪੁਰ ਵਾਸੀਆਂ ਦੀ ਸਰਾਂ ਹੈ, ਜਿਸ ਦਾ ਪੱਕਾ ਲੈਂਟਰ ਵਾਲਾ ਹਾਲ ਹੈ, ਜਿਸ ਦਾ ਵਾਇਆ ਦਸ ਹਜ਼ਾਰ ਸਕੇਅਰ ਫੁੱਟ ਹੈ। ਜੇਕਰ ਕਿਸੇ ਵੀ ਸੇਵਾਦਾਰ ਨੇ ਮੇਲੇ 'ਤੇ ਲੰਗਰ ਲਗਾਉਣਾ ਹੈ ਤਾਂ ਹੇਠ ਲਿਖੇ ਨੰਬਰ 'ਤੇ ਸੰਪਰਕ ਕਰ ਸਕਦਾ ਹੈ।
ਪੱਪੂ ਸੇਵਾਦਾਰ : 98143-75023

## ਅੱਜ-ਨਾਮਾ

ਫਸ ਗਈ ਫੇਰ ਦਵਾਈਆਂ ਦੀ ਖੇਪ ਭਾਰੀ,
ਸੈਂਪਲ ਹੋਏ ਨਾ ਟੈੱਸਟ ਵਿੱਚ ਪਾਸ ਮੀਆਂ।
ਹੋਏ ਈ ਜਿਹੜੀ ਦਵਾਈ ਦੇ ਫੇਲ੍ਹ ਸੈਂਪਲ,
ਕਹਿੰਦੇ ਰਹੇ ਉਹ ਬਹੁਤ ਆ ਖਾਸ ਮੀਆਂ।
ਕੈਂਸਰ ਤੀਕ ਉਹ ਕਹਿਣ ਇਲਾਜ ਕਰਨਾ,
ਐਵੇਂ ਈ ਰਹੇ ਬੰਨ੍ਹਾਉਂਦੇ ਸੀ ਆਸ ਮੀਆਂ।
ਇਨ੍ਹਾਂ ਹੀ ਠੱਗਾਂ ਨੇ ਮਾਲ ਕਮਾਉਣ ਖਾਤਰ,
ਕੀਤੜੀ ਭਾਰਤ ਦੀ ਦਿੱਖ ਆ ਨਾਸ ਮੀਆਂ।
ਫੜੀਦੇ ਰਹਿੰਦੇ ਆ ਚੋਰ ਇਹ ਕਈ ਵਾਰੀ,
ਛੁੱਟਦੇ ਜਦ ਚੋਰ, ਹੈਰਾਨ ਆ ਲੋਕ ਮੀਆਂ।
ਕੁੱਤੀ ਚੋਰਾਂ ਨਾਲ ਏਥੇ ਜਦ ਰਲੀ ਰਹਿੰਦੀ,
ਤਾਂਹੀ ਫਿਰ ਲੱਗੇ ਨਾ ਧੰਦੇ ਨੂੰ ਰੋਕ ਮੀਆਂ।

-ਤੀਸ ਮਾਰ ਖਾਂ

## ਐਡਵੋਕੇਟ ਸ਼ੁਗਲੀ ਦੀ ਪੁਸਤਕ 'ਸਵਰਗ ਦਾ ਸਿਰਨਾਵਾਂ' ਦੀ ਘੁੰਡ ਚੁਕਾਈ



**ਜਲੰਧਰ (ਗਿਆਨ ਸੈਦਪੁਰੀ)**

ਸ਼ਨੀਵਾਰ ਦੇਸ਼ ਭਗਤ ਯਾਦਗਾਰ ਕੰਪਲੈਕਸ ਵਿੱਚ ਬਣੇ ਵਿਸ਼ਨੂ ਗਣੇਸ਼ ਪਿੰਗਲੇ ਹਾਲ ਵਿੱਚ ਸ਼ੁਗਲੀ ਪਰਵਾਰ ਅਤੇ ਸਾਹਿਤਕ ਅਤੇ ਸੱਭਿਆਚਾਰਕ ਸੰਸਥਾ ਫੁਲਕਾਰੀ (ਰਜਿ.) ਵੱਲੋਂ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੀ ਪੁਸਤਕ 'ਸਵਰਗ ਦਾ ਸਿਰਨਾਵਾਂ' ਦੀ ਘੁੰਡ ਚੁਕਾਈ ਮੌਕੇ ਵੱਖ-ਵੱਖ ਅਦੀਬਾਂ ਨੇ ਕਿਤਾਬ ਅਤੇ ਲੇਖਕ ਬਾਰੇ ਵਿਸਥਾਰ ਨਾਲ ਵਿਚਾਰ-ਚਰਚਾ ਕੀਤੀ। ਸਮਾਗਮ ਦੀ ਪ੍ਰਧਾਨਗੀ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ, ਸੁਰਜੀਤ ਜੱਜ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਬੀਬੀ ਮਹਿੰਦਰ ਕੌਰ ਸ਼ੁਗਲੀ, ਚਰੰਜੀ ਲਾਲ ਕੰਗਣੀਵਾਲ, ਸਤਨਾਮ ਸਿੰਘ ਮਾਣਕ, ਸਤਨਾਮ ਚਾਨਾ, ਐਡਵੋਕੇਟ ਅਦਿੱਤਿਆ ਜੈਨ ਤੇ ਪ੍ਰਿੰਸੀਪਲ ਜਸਪਾਲ ਸਿੰਘ ਰੰਧਾਵਾ ਨੇ ਕੀਤੀ।

ਵਿਚਾਰ-ਚਰਚਾ ਦੀ ਸ਼ੁਰੂਆਤ ਰਾਕੇਸ਼ ਸ਼ਾਂਤੀ ਦੂਤ ਨੇ ਕੀਤੀ। ਐਡਵੋਕੇਟ ਨਵਜੋਤ ਸਿੰਘ ਨੇ ਚਰਚਾ ਨੂੰ ਅੱਗੇ ਤੋਰਦਿਆਂ ਕਿਹਾ ਕਿ ਗੁਰਮੀਤ ਸਿੰਘ ਸ਼ੁਗਲੀ ਨੇ ਆਪਣੀ ਕਿਤਾਬ ਵਿੱਚ 'ਸਵਰਗ ਦੇ ਸਿਰਨਾਵੇਂ' ਦੀ ਪ੍ਰੀਭਾਸ਼ਾ ਬਾ-ਕਮਾਲ ਤਰੀਕੇ ਨਾਲ ਕੀਤੀ ਹੈ।

ਕਾਮਰੇਡ ਬੰਤ ਬਰਾੜ, ਸਤਨਾਮ ਸਿੰਘ ਮਾਣਕ, ਸਤਨਾਮ ਚਾਨਾ, ਸਵਰਨ ਸਿੰਘ ਟਹਿਣਾ, ਪ੍ਰਿੰਸੀਪਲ ਜਸਪਾਲ ਸਿੰਘ ਰੰਧਾਵਾ, ਐਡਵੋਕੇਟ ਪਰਮਿੰਦਰ ਸਿੰਘ, ਗੁਰਪ੍ਰੀਤ ਸਿੰਘ ਕਾਹਲੋਂ, ਐਡਵੋਕੇਟ ਨੀਰਜ ਕੌਸ਼ਿਕ ਤੇ ਐਡਵੋਕੇਟ ਅਦਿੱਤਿਆ ਜੈਨ ਆਦਿ ਨੇ ਆਪੋ-ਆਪਣੇ ਹਿੱਸੇ ਦੇ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੀ ਸ਼ਖ਼ਸੀਅਤ ਬਾਰੇ ਮੁੱਲਵਾਨ ਗੱਲਾਂ ਕੀਤੀਆਂ। ਕਿਤਾਬ ਦੀ ਸਮਗਰੀ ਬਾਰੇ ਵੀ ਵਿਚਾਰ ਪੇਸ਼ ਕੀਤੇ ਗਏ।

ਇਸ ਦੌਰਾਨ 'ਸਵਰਗ ਦਾ ਸਿਰਨਾਵਾਂ' ਰਿਲੀਜ਼ ਕੀਤੀ ਗਈ। ਸਾਹਿਤਕ ਤੇ ਸੱਭਿਆਚਾਰਕ ਸੰਸਥਾ ਦੇ ਪ੍ਰਧਾਨ ਤੇ ਗਜ਼ਲਗੋ ਸੁਰਜੀਤ ਜੱਜ ਨੇ ਕਾਵਿਕ ਮਹੌਲ ਸਿਰਜਦਿਆਂ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ, ਉਨ੍ਹਾ ਦੀ ਕਿਤਾਬ ਅਤੇ ਆਪਣੀ ਸੰਸਥਾ ਬਾਰੇ ਜਾਣਕਾਰੀ ਸਾਂਝੀ ਕੀਤੀ।

ਸਟੇਜ ਸਕੱਤਰ ਦੇ ਫਰਜ਼ ਨਿਭਾਉਂਦਿਆਂ ਬੀਰ ਰਹੀਮਪੁਰੀ ਨੇ ਗੁਰਮੀਤ ਸਿੰਘ ਸ਼ੁਗਲੀ ਦੀ ਮਾਣਮੱਤੀ ਸ਼ਖ਼ਸੀਅਤ ਬਾਰੇ ਖੂਬਸੂਰਤ ਢੰਗ ਨਾਲ ਪੇਸ਼ਕਾਰੀ ਕੀਤੀ। ਐਡਵੋਕੇਟ ਸ਼ੁਗਲੀ ਦੇ ਪੁੱਤਰ ਐਡਵੋਕੇਟ ਰਜਿੰਦਰ ਮੰਡ ਨੇ ਸਭ ਦਾ ਧੰਨਵਾਦ ਕੀਤਾ। ਧੰਨਵਾਦੀ ਸ਼ਬਦ ਬੋਲਣ ਲੱਗਿਆਂ ਉਹ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਗਏ।

## ਠਾਕਰੇ ਸਿਰਫ ਬ੍ਰਾਂਡ ਨਹੀਂ, ਮਰਾਠੀ ਗੌਰਵ ਦੀ ਪਛਾਣ ਹੈ : ਊਧਵ

**ਮੁੰਬਈ** : ਸ਼ਿਵ ਸੈਨਾ (ਯੂ ਬੀ ਟੀ) ਦੇ ਮੁਖੀ ਊਧਵ ਠਾਕਰੇ ਨੇ ਕਿਹਾ ਹੈ ਕਿ (ਬਾਲਾ ਸਾਹਿਬ) ਠਾਕਰੇ ਸਿਰਫ ਇੱਕ ਬ੍ਰਾਂਡ ਨਹੀਂ ਹਨ, ਸਗੋਂ ਮਹਾਰਾਸ਼ਟਰ, ਮਰਾਠੀ ਮਨੂਆਂ ਅਤੇ ਹਿੰਦੂ ਗੌਰਵ ਦੀ ਪਛਾਣ ਹਨ, ਪਰ ਕੁਝ ਲੋਕ ਇਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸ਼ਿਵ ਸੈਨਾ (ਯੂ ਬੀ ਟੀ) ਦੇ ਮੁੱਖ ਰੋਜ਼ਨਾਮਚੇ 'ਸਾਮਨਾ' ਨਾਲ ਇੱਕ ਇੰਟਰਵਿਊ ਵਿੱਚ ਸਾਬਕਾ ਮੁੱਖ ਮੰਤਰੀ ਨੇ ਚੋਣ ਕਮਿਸ਼ਨ 'ਤੇ ਹਮਲਾਵਰ ਹੁੰਦਿਆਂ ਕਿਹਾ ਕਿ ਕਮਿਸ਼ਨ ਉਨ੍ਹਾ ਦੀ ਪਾਰਟੀ ਦੇ ਚੋਣ ਨਿਸ਼ਾਨ ਨੂੰ ਫਰੀਜ਼ ਕਰ ਸਕਦਾ ਹੈ ਜਾਂ ਕਿਸੇ ਹੋਰ ਨੂੰ ਦੇ ਸਕਦਾ ਹੈ, ਪਰ ਉਸ ਨੂੰ (ਕਮਿਸ਼ਨ ਨੂੰ) ਉਨ੍ਹਾ ਦੇ ਦਾਦਾ ਕੇਸ਼ਵ ਠਾਕਰੇ ਅਤੇ ਪਿਤਾ ਸੰਸਥਾਪਕ ਬਾਲ ਠਾਕਰੇ ਵੱਲੋਂ ਰੱਖਿਆ ਪਾਰਟੀ ਦਾ ਨਾਂਅ ਕਿਸੇ ਹੋਰ ਨੂੰ ਦੇਣ ਦਾ ਕੋਈ ਅਧਿਕਾਰ ਨਹੀਂ।

ਊਧਵ ਠਾਕਰੇ ਨੇ ਕਿਹਾ, 'ਮਰਾਠੀ ਮਿੱਟੀ ਵਿੱਚ ਸਾਡੀਆਂ ਡੂੰਘੀਆਂ ਜੜ੍ਹਾਂ ਕਈ ਪੀੜ੍ਹੀਆਂ ਪੁਰਾਣੀਆਂ ਹਨ। ਮੇਰੇ ਦਾਦਾ ਜੀ ਅਤੇ ਸ਼ਿਵ ਸੈਨਾ ਮੁਖੀ (ਬਾਲ ਠਾਕਰੇ) ਦੇ ਸਮੇਂ ਤੋਂ ਹੀ ਮਰਾਠੀ ਮਨੂਆਂ ਨਾਲ ਸੰਬੰਧ ਮਜ਼ਬੂਤ ਹਨ। ਹੁਣ, ਮੈਂ ਉੱਥੇ ਹਾਂ, ਆਦਿੱਤਿਆ (ਠਾਕਰੇ) ਉੱਥੇ ਹਨ ਅਤੇ ਇੱਥੋਂ ਤੱਕ ਕਿ (ਮਨਸੇ ਮੁਖੀ) ਰਾਜ ਵੀ ਆ ਗਏ ਹਨ।' ਸਨਿੱਚਰਵਾਰ ਨੂੰ ਪ੍ਰਕਾਸ਼ਤ ਅਤੇ ਪਾਰਟੀ ਆਗੂ ਤੇ ਰਾਜ ਸਭਾ ਮੈਂਬਰ ਸੰਜੇ ਰਾਊਤ ਨਾਲ ਕੀਤੀ ਇੰਟਰਵਿਊ ਦੇ ਪਹਿਲੇ ਹਿੱਸੇ ਵਿੱਚ ਉਨ੍ਹਾ ਜ਼ੋਰ ਦੇ ਕੇ ਕਿਹਾ, 'ਠਾਕਰੇ ਦਾ ਮਤਲਬ ਨਿਰੰਤਰ ਸੰਘਰਸ਼ ਹੈ।'

ਊਧਵ ਠਾਕਰੇ ਅਤੇ ਉਨ੍ਹਾ ਦੇ ਚਚੇਰੇ ਭਰਾ ਮਹਾਰਾਸ਼ਟਰ ਨਵ-ਨਿਰਮਾਣ ਸੈਨਾ (ਮਨਸੇ) ਦੇ ਮੁਖੀ ਰਾਜ ਠਾਕਰੇ ਇੱਕ ਸੰਯੁਕਤ ਮੋਰਚਾ ਬਣਾਉਣ ਲਈ 'ਠਾਕਰੇ ਬ੍ਰਾਂਡ' ਸ਼ਬਦ ਦੀ ਵਰਤੋਂ ਕਰਦੇ ਰਹੇ ਹਨ। ਸ਼ਿਵ ਸੈਨਾ (ਯੂ ਬੀ ਟੀ) ਮੁਖੀ ਨੇ ਭਾਜਪਾ 'ਤੇ ਲੁਕਵੇਂ ਰੂਪ 'ਚ ਤਨਜ਼ ਕੱਸਦਿਆਂ ਕਿਹਾ, 'ਠਾਕਰੇ ਸਿਰਫ ਇੱਕ ਬ੍ਰਾਂਡ ਨਹੀਂ

• ਬਾਕੀ ਸਫਾ 2 'ਤੇ

## ਨਸ਼ਾ ਮੁਕਤ ਪੰਜਾਬ ਦਾ ਟੀਚਾ ਸਿਰਫ਼ ਇੱਕਜੁੱਟ ਯਤਨਾਂ ਨਾਲ ਹੀ ਸੰਭਵ : ਰਹਿਮਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਨੇ ਸਥਾਨਕ ਕਾਲੀ ਮਾਤਾ ਮੰਦਰ ਤੇ ਲੇਬਰ ਸ਼ੈੱਡ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ ਹਰ ਪਿੰਡ ਤੇ ਵਾਰਡ ਨੂੰ ਨਸ਼ਾ ਮੁਕਤ ਬਣਾਉਣ ਵੱਲ ਕਦਮ ਚੁੱਕਣਾ ਹੈ।ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਬੇਮਿਸਾਲ ਸਫਲਤਾ ਮਿਲੀ ਹੈ।ਹਜ਼ਾਰਾਂ ਨਸ਼ਾ ਤਸਕਰ ਤੇ ਅਪਰਾਧੀ ਫੜੇ ਗਏ।ਹਜ਼ਾਰਾਂ ਲੋਕਾਂ ਵਿਰੁੱਧ ਕੇਸ ਦਰਜ ਕੀਤੇ ਗਏ ਤੇ ਨਾਜਾਇਜ਼ ਕਬਜ਼ੇ ਵਾਲੀਆਂ ਜ਼ਮੀਨਾਂ 'ਤੇ ਬਣਾਈਆਂ ਗਈਆਂ ਦਰਜਨਾਂ ਇਮਾਰਤਾਂ ਨੂੰ ਢਾਹ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਸਰਕਾਰ ਨੇ ਮੰਗ ਤੇ ਸਪਲਾਈ ਦੋਵਾਂ ਨੂੰ ਰੋਕਣ ਲਈ ਦੋਹਰੀ ਰਣਨੀਤੀ ਨਾਲ ਕੰਮ ਕਰ ਰਹੀ ਹੈ।ਇੱਕ ਪਾਸੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਗਈ ਤੇ ਦੂਜੇ ਪਾਸੇ ਨਸ਼ੇ ਦੀ ਲਤ ਤੋਂ ਪੀੜਤ ਲੋਕਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਵਧੀਆ ਇਲਾਜ ਦਿੱਤਾ ਗਿਆ ਤੇ ਨਸ਼ੇ ਤੋਂ ਛੁਟਕਾਰਾ ਪਾਉਣ ਲਈ ਹਰ ਤਰ੍ਹਾਂ ਦੀ ਮਦਦ ਦਿੱਤੀ ਗਈ। ਉਨ੍ਹਾਂ ਹੋਰ ਕਿਹਾ ਕਿ ਕੋਈ ਵੀ ਮੁਹਿੰਮ ਉਦੋਂ ਤੱਕ ਸਫਲ ਨਹੀਂ ਮੰਨੀ ਜਾ ਸਕਦੀ ਜਦੋਂ ਤੱਕ ਉਸ ਵਿੱਚ ਆਮ ਲੋਕਾਂ ਦੀ ਭਾਗੀਦਾਰੀ ਯਕੀਨੀ ਨਹੀਂ ਬਣਾਈ ਜਾਂਦੀ।ਇਸ ਲਈ ਨਸ਼ਾ ਮੁਕਤ ਪੰਜਾਬ ਦਾ ਟੀਚਾ ਸਿਰਫ਼ ਇੱਕਜੁੱਟ ਯਤਨਾਂ ਨਾਲ ਹੀ ਸੰਭਵ ਹੈ। ਸਾਡਾ ਕਰਤਵ ਬਣ ਜਾਂਦਾ ਹੈ ਕਿ ਅਸੀਂ ਵੀ ਸਰਕਾਰ ਵੱਲੋਂ ਅਤੇ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੀ ਇਸ ਮੁਹਿੰਮ ਵਿੱਚ ਡੱਟ ਕੇ ਸਾਥ ਦੇਈਏ।

## ਕਾਂਗਰਸ ਨੇ ਹਮੇਸ਼ਾ ਦੇਸ਼ ਤੇ ਪੰਜਾਬ ਦੇ ਹਿੱਤਾਂ ਨੂੰ ਅੱਗੇ ਰੱਖਿਆ : ਭੱਟੀਆਂ



**ਪਟਿਆਲਾ, ਸਨੌਰ (ਰਾਜਿੰਦਰ ਥਿੰਦ)**-ਆਲ ਇੰਡੀਆ ਕਿਸਾਨ ਕਾਂਗਰਸ ਦੇ ਆਗੂ ਬੈਂਕਫਿਕੋ ਦੇ ਸਾਬਕਾ ਚੇਅਰਮੈਨ ਚੌਧਰੀ ਨਿਰਮਲ ਭੱਟੀਆਂ ਨੇ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਦੇਸ਼ ਤੇ ਪੰਜਾਬ ਦੇ ਹਿੱਤਾਂ ਨੂੰ ਅੱਗੇ ਰੱਖਿਆ ਹੈ।ਅੱਜ ਭਾਜਪਾ ਵੱਲੋਂ ਜਿਹੜਾ ਦੇਸ਼ ਭਗਤੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਦੋਂ ਦੇਸ਼ ਅਜ਼ਾਦ ਹੋਇਆ ਤਾਂ ਦੇਸ਼ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਸਨ।ਕਾਂਗਰਸ ਨੇ ਜਿੱਥੇ ਦੇਸ਼ ਨੂੰ ਆਤਮ ਨਿਰਭਰ ਬਣਾਇਆ, ਉੱਥੇ ਹਰੀ ਕ੍ਰਾਂਤੀ ਦੇ ਜ਼ਰੀਏ ਦੇਸ਼ ਨੂੰ ਅਨਾਜ ਪੱਖੋਂ ਆਤਮ-ਨਿਰਭਰ ਬਣਾਇਆ।ਉਨ੍ਹਾ ਕਿਹਾ ਭਾਖੜਾ ਡੈਮ ਤੋਂ ਲੈ ਕੇ ਪੀ.ਜੀ.ਆਈ., ਏਮਜ਼ ਤੇ ਵੱਡੇ ਸਿਹਤ, ਸਿੱਖਿਆ ਦੇ ਕੇਂਦਰ ਕਾਂਗਰਸ ਨੇ ਸਥਾਪਤ ਕੀਤੇ।ਇਸ ਦੇ ਨਾਲ ਹੀ ਦੇਸ਼ ਨੂੰ ਵਿਗਿਆਨ ਦੇ ਖੇਤਰ ਤੋਂ ਲੈ ਕੇ ਖੇਡਾਂ ਤੇ ਉਤਪਾਦ ਦੇ ਖੇਤਰ 'ਚ ਦੁਨੀਆ ਦੇ ਵੱਡੇ ਦੇਸ਼ਾਂ ਦੀ ਗਿਣਤੀ 'ਚ ਸ਼ਾਮਲ ਕਰਵਾਇਆ।ਉਨ੍ਹਾਂ ਕਿਹਾ ਕਿ ਕਾਂਗਰਸ ਉਹ ਪਾਰਟੀ ਹੈ, ਜਿਸ ਨੇ ਆਪਣੇ ਸਵਾਰਥ ਲਈ ਕਦੇ ਦੇਸ਼ ਨੂੰ ਨਹੀਂ ਵੰਡਿਆ, ਸਗੋਂ ਤਰੱਕੀ ਹੀ ਕੀਤੀ ਹੈ। ਅੱਜ ਦੇਸ਼ ਇਹ ਸਾਰਾ ਕੁਝ ਸਮਝ ਰਿਹਾ ਹੈ ਤੇ ਰਾਹੁਲ ਗਾਂਧੀ ਦੀ ਅਗਵਾਈ ਹੇਠ ਦੇਸ਼ ਮੁੜ ਤੋਂ ਇਕਜੁੱਟ ਹੋ ਗਿਆ ਹੈ।ਸਾਲ 2029 ਵਿੱਚ ਜਿੱਥੇ ਦੇਸ਼ 'ਚ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਦੀ ਸਰਕਾਰ ਬਣੇਗੀ, ਉੱਥੇ ਇਸ ਦਾ ਮੁੱਢ ਸਾਲ 2027 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾ ਕੇ ਬੰਨ੍ਹਿਆਂ ਜਾਵੇਗਾ।ਉਨ੍ਹਾਂ ਕਿਹਾ ਕਿ ਕਾਂਗਰਸ ਹੀ ਇਕੋ-ਇਕ ਅਜਿਹੀ ਪਾਰਟੀ ਹੈ, ਜਿਹੜੀ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲ ਸਕਦੀ ਹੈ।ਇਸ ਸਮੇਂ ਕਾਗਰਸੀ ਆਗੂ ਨਰੇਸ਼ ਦੁੱਗਲ, ਹਰਵਿੰਦਰ ਨਿੰਪੀ, ਗੁਰਮੀਤ ਬਾਵਾ ਹਾਜ਼ਰ ਸਨ।

## ਮਾਲ ਵਿਭਾਗ ਪੇਂਡੂ ਚੌਕੀਦਾਰ ਯੂਨੀਅਨ ਦੀ ਮੀਟਿੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਲ ਵਿਭਾਗ ਪੇਂਡੂ ਚੌਕੀਦਾਰ ਯੂਨੀਅਨ ਤਹਿਸੀਲ ਸਮਰਾਲਾ ਦੀ ਮੀਟਿੰਗ ਮਾਛੀਵਾੜਾ ਸਾਹਿਬ ਵਿਖੇ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਜਗਰਾਉਂ ਤਹਿਸੀਲ ਦੇ ਪ੍ਰਧਾਨ ਲਛਮਣ ਸਿੰਘ ਡੱਲਾ, ਜਗਦੀਸ ਸਿੰਘ ਅਟਾਰੀ ਚਮਕੌਰ ਸਾਹਿਬ, ਮਲੌਦ ਤਹਿਸੀਲ ਦੇ ਪ੍ਰਧਾਨ ਗੁਰਮੇਲ ਸਿੰਘ, ਮੋਰਿੰਡਾ ਤਹਿਸੀਲ ਦੇ ਪ੍ਰਧਾਨ ਰਤਨ ਪਾਲ ਤੇ ਬਟਾਲਾ ਦੇ ਤਹਿਸੀਲ ਪ੍ਰਧਾਨ ਬਿੰਦਰ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਪੇਂਡੂ ਚੌਕੀਦਾਰਾਂ ਦੀਆਂ ਜਾਇਜ਼ ਮੰਗਾਂ ਤੇ ਦਰਪੇਸ਼ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਛਿੰਦਰਪਾਲ ਗੜ੍ਹੀ ਬੇਟ, ਚੰਦ ਰਾਮ ਚਕਲੀ ਆਦਲ, ਸਤਨਾਮ ਸਿੰਘ ਭੌਰਲਾ ਬੇਟ, ਗੁਰਨਾਮ ਸਿੰਘ ਕੱਚਾ ਬੁਰਜ, ਜਗਦੀਸ਼ ਸਿੰਘ ਅਟਾਰੀ, ਸੱਜਣ ਸਿੰਘ ਮੰਗਲ, ਮੇਹਰ ਸਿੰਘ, ਜੱਗਾ ਸਿੰਘ ਚਮਕੌਰ ਸਾਹਿਬ, ਬਲਦੇਵ ਸਿੰਘ ਬੁਰਜ ਸ਼ੇਰਪੁਰ, ਗੁਰਪਾਲ ਸਿੰਘ ਝਾੜ ਸਾਹਿਬ, ਦੇਵ ਸਿੰਘ ਸ਼ੇਰਗੜ੍ਹ, ਸੋਹਣ ਸਿੰਘ ਚੱਕ ਲੋਹਟ, ਜੀਤ ਰਾਮ ਧਨੂੰਰ, ਬੁੱਧ ਸਿੰਘ ਮੰਡ ਜੋਧਵਾਲ, ਗੁਰਮੇਲ ਸਿੰਘ ਮੁਗਲੇਵਾਲ, ਗੁਰਦੀਪ ਸਿੰਘ ਮਿੱਠੇਵਾਲ, ਚਰਨਜੀਤ ਸਿੰਘ ਚੱਕ ਸ਼ੰਭੂ, ਗਰੀਬ ਦਾਸ, ਸੋਹਣ ਸਿੰਘ ਗੌਂਸਗੜ੍ਹ, ਦੌਲਤ ਸਿੰਘ ਹਾਂਸ ਕਲਾਂ, ਕਰਨਵੀਰ ਸਿੰਘ ਰਹੀਮਾਬਾਦ, ਹਰਭਜਨ ਸਿੰਘ ਜੁਲਫਗੜ੍ਹ ਆਦਿ ਸ਼ਾਮਲ ਸਨ।

## ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਦੇ ਕਾਰਕੁਨ ਅੱਜ ਦੀ ਕਨਵੈਨਸ਼ਨ 'ਚ ਲੈਣਗੇ ਹਿੱਸਾ : ਆਗੂ



**ਭੀਖੀ (ਧਰਮਵੀਰ ਸ਼ਰਮਾ)**-ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਦੇ ਬਲਾਕ ਪ੍ਰਧਾਨ ਦਿਨੇਸ਼ ਸੋਨੀ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਘਰਾਂਗਣਾ ਨੇ ਕਿਹਾ ਕਿ ਸੂਬਾ ਸਰਕਾਰ ਉਦਯੋਗਿਕ ਤੇ ਵਪਾਰਕ ਘਰਾਣਿਆਂ ਦੀ ਪਿੱਠੂ ਬਣੀ ਹੋਈ ਹੈ ਅਤੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਖੂੰਜੇ ਲਗਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖਿਲਾਫ 20 ਜੁਲਾਈ ਨੂੰ ਬਠਿੰਡਾ ਵਿਖੇ ਸਾਂਝੇ ਮਜ਼ਦੂਰ ਫਰੰਟ ਦੀ, ਜੋ ਕਨਵੈਨਸ਼ਨ ਰੱਖੀ ਗਈ ਹੈ, ਉਸ ਵਿੱਚ ਮਜ਼ਦੂਰ ਮੁਕਤੀ ਮੋਰਚਾ ਦੇ ਕਾਰਕੁਨ ਵਧ ਚੜ੍ਹ ਕੇ ਹਿੱਸਾ ਲੈਣਗੇ।ਇਸ ਮੌਕੇ ਦਿਨੇਸ਼ ਸੋਨੀ ਨੇ ਕਿਹਾ ਕਿ ਪੰਚਾਇਤੀ ਜ਼ਮੀਨਾਂ ਵਿੱਚ ਮਜ਼ਦੂਰਾਂ ਦੇ ਹਿੱਸੇ ਦੀ ਜ਼ਮੀਨ ਮਜ਼ਦੂਰਾਂ ਨੂੰ ਵੰਡੀ ਜਾਵੇ ਤੇ ਮਨਰੇਗਾ ਮਜ਼ਦੂਰਾਂ ਨੂੰ ਘੱਟੋ ਘੱਟ 200 ਦਿਨ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇ ਅਤੇ ਉਜਰਤ 700 ਰੁਪਏ ਪ੍ਰਤੀ ਦਿਹਾੜੀ ਕੀਤੀ ਜਾਵੇ।ਉਨ੍ਹਾਂ ਮੰਗ ਕੀਤੀ ਕਿ ਵਧਦੀ ਮਹਿੰਗਾਈ ਨੂੰ ਦੇਖਦੇ ਹੋਏ ਬੁਢਾਪਾ ਪੈਨਸ਼ਨ 5000 ਰੁਪਏ ਕੀਤੀ ਜਾਵੇ।ਇਸ ਮੌਕੇ ਨਰਿੰਦਰ ਸਿੰਘ ਖੀਵਾ, ਰਘੁਵੀਰ ਸਿੰਘ, ਜਸਵੰਤ ਸਿੰਘ ਭੀਖੀ, ਬੂਟਾ ਸਿੰਘ ਭੁਪਾਲ, ਬਲਵੀਰ ਸਿੰਘ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

## ਮੁੱਖ ਅਧਿਆਪਕ ਮਨਦੀਪ ਸਿੰਘ ਜ਼ੋਨਲ ਪ੍ਰਧਾਨ ਨਿਯੁਕਤ



**ਬਠਿੰਡਾ (ਰਾਜੀਵ ਗੋਇਲ)**-ਭਗਤਾ ਬਲਾਕ ਵਿੱਚ ਆਪਣੀ ਵੱਖਰੀ ਛਾਪ ਬਣਾਉਣ ਵਾਲੇ ਸਰਕਾਰੀ ਹਾਈ ਸਕੂਲ ਰਾਜਗੜ੍ਹ ਦੇ ਮੁੱਖ ਅਧਿਆਪਕ ਮਨਦੀਪ ਸਿੰਘ ਭਗਤਾ ਜ਼ੋਨ ਟੂਰਨਾਮੈਂਟ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਹੈ।ਇਸ ਸਬੰਧੀ ਇੱਕ ਹੰਗਾਮੀ ਮੀਟਿੰਗ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਮਮਤਾ ਖੁਰਾਨਾ ਤੇ ਸਪੋਰਟਸ ਕੋਆਰਡੀਨੇਟਰ ਜਸਵੀਰ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਕੋਠਾਗੁਰੂ ਵਿਖੇ ਹੋਈ, ਜਿੱਥੇ ਹੋਰ ਵੀ ਅਧਿਆਪਕਾਂ ਵੱਲੋਂ ਸ਼ਿਰਕਤ ਕਰਦੇ ਹੋਏ ਜ਼ੋਨਲ ਪ੍ਰਧਾਨ ਨੂੰ ਮੁਬਾਰਕਬਾਦ ਦਿੱਤੀ ਗਈ।ਮੀਟਿੰਗ ਵਿੱਚ ਸਰਵਸੰਮਤੀ ਨਾਲ ਜ਼ੋਨ ਸਕੱਤਰ ਸ਼੍ਰੀਮਤੀ ਸਵਰਨਜੀਤ ਕੌਰ ਮਲੂਕਾ, ਸਹਾਇਕ ਸਕੱਤਰ ਸੁਰਿੰਦਰਪਾਲ ਸਿੰਘ ਭੋਡੀਪੁਰਾ, ਵਿੱਤ ਸਕੱਤਰ ਮਨਪ੍ਰੀਤ ਸਿੰਘ ਸਲਾਬਤਪੁਰਾ, ਮੈਂਬਰ ਹਰਜੀਤ ਸਿੰਘ ਦਿਆਲਪੁਰਾ ਭਾਈਕਾ, ਅੰਮ੍ਰਿਤਪਾਲ ਸਿੰਘ ਗੁੰਮਟੀ, ਕਰਮਜੀਤ ਕੌਰ ਕਲਿਆਣ ਸੁੱਖਾ, ਕਿਰਨਜੀਤ ਕੌਰ ਆਕਲੀਆ ਜਲਾਲ ਦੀ ਚੋਣ ਹੋਈ।ਇਸ ਤੋਂ ਇਲਾਵਾ ਟੈਕਨੀਕਲ ਕਮੇਟੀ, ਰਿਕਾਰਡ ਤੇ ਰਿਜਲਟ ਕਮੇਟੀ, ਰਿਫਰੈਸ਼ਮੈਂਟ ਕਮੇਟੀ, ਪ੍ਰੈੱਸ ਕਮੇਟੀ ਆਦਿ ਦੀ ਚੋਣ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜ਼ੋਨ ਪ੍ਰਧਾਨ ਨੇ ਕਮੇਟੀ ਮੈਂਬਰਾਂ ਨਾਲ ਖੇਡਾਂ ਨੂੰ ਵਧੀਆ ਤੇ ਯੋਜਨਾਬੱਧ ਤਰੀਕੇ ਨਾਲ ਕਰਵਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ।ਇਸੇ ਦੌਰਾਨ ਪ੍ਰਿੰਸੀਪਲ ਰਕੇਸ਼ ਕੁਮਾਰ ਵੱਲੋਂ ਵੀ ਖੇਡਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਸਬੰਧੀ ਆਪਣਾ ਪੂਰਨ ਯੋਗਦਾਨ ਦੇਣ ਦਾ ਵਾਅਦਾ ਕੀਤਾ।

## ਅਲਾਇੰਸ ਸਕੂਲ ਦੇ ਕੇਸਾਧਾਰੀ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ




**ਜੈਤੋ (ਸਤੀਸ਼ ਕੁਮਾਰ ਭੀਗੀ)**-ਭਾਈ ਤਾਰੂ ਸਿੰਘ ਦਿਵਸ ਦੇ ਮੌਕੇ ਗੁਰਦੁਆਰਾ ਗੁਰੂ ਕੀ ਢਾਬ ਵਿਖੇ ਇੱਕ ਵਿਸ਼ੇਸ਼ ਸਮਾਰੋਹ ਕੀਤਾ ਗਿਆ, ਜਿਸ ਵਿੱਚ ਕੇਸਾਧਾਰੀ (ਸਿੱਖ ਪਛਾਣ) ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਸਮਾਗਮ ਦਾ ਉਦੇਸ਼ ਸਿੱਖ ਕਦਰਾਂ-ਕੀਮਤਾਂ ਤੇ ਪ੍ਰੰਪਰਾਵਾਂ ਨੂੰ ਉਤਸ਼ਾਹਤ ਕਰਨਾ ਤੇ ਬੱਚਿਆਂ ਵਿੱਚ ਆਪਣੀ ਧਾਰਮਿਕ ਪਛਾਣ ਬਾਰੇ ਮਾਣ ਦੀ ਭਾਵਨਾ ਪੈਦਾ ਕਰਨਾ ਹੈ।ਅਲਾਇੰਸ ਇੰਟਰਨੈਸ਼ਨਲ ਸਕੂਲ ਜੈਤੋ ਦੇ ਵਿਦਿਆਰਥੀਆਂ ਨੇ ਸਮਾਗਮ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚ ਗੁਰਨੂਰ ਸਿੰਘ, ਸਾਹਿਲਪ੍ਰੀਤ ਸਿੰਘ, ਪ੍ਰਤੀਕ ਸਿੰਘ, ਨਵਜੋਤ ਸਿੰਘ, ਹਰਜੋਤ ਸਿੰਘ, ਜਸ਼ਮਨ ਸਿੰਘ, ਅਰਸ਼ਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਅਭਿਜੋਤ ਸਿੰਘ, ਗੁਰਸਾਹਿਬ ਸਿੰਘ ਸ਼ਾਮਲ ਸਨ।ਸਰਬੱਤ ਕਾ ਭਲਾ ਦੀ ਭਾਵਨਾ ਨੂੰ ਸਮਰਪਤ ਸਮਾਗਮ ਸਾਰੇ ਭਾਗੀਦਾਰਾਂ ਲਈ ਇੱਕ ਪ੍ਰੇਰਨਾਦਾਇਕ ਅਨੁਭਵ ਸੀ।

## ਕੰਬਾਈਨ ਨਿਰਮਾਤਾ ਇੰਡਸਟਰੀ ਖਿਲਾਫ ਕਿਸਾਨ ਯੂਨੀਅਨ ਸਿੱਧੂਪੁਰ ਵੱਲੋਂ ਧਰਨਾ



**ਨਾਭਾ (ਵਰਿੰਦਰ ਵਰਮਾ)**

ਸਥਾਨਕ ਕੰਬਾਈਨ ਨਿਰਮਾਤਾ ਇੰਡਸਟਰੀ ਨਿਊ ਦੇਵ ਨਾਮ ਦੀ ਕੰਪਨੀ ਦੇ ਗੇਟ ਅੱਗੇ ਕਿਸਾਨਾਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਅਗਵਾਈ ਹੇਠ ਧਰਨਾ ਲਗਾਇਆ ਗਿਆ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਬਲਾਕ ਪ੍ਰਧਾਨ ਜੋਰਾਵਰ ਸਿੰਘ ਨੇ ਦੱਸਿਆ ਕਿ ਨਾਭਾ ਦੀ ਨਿਊ ਦੇਵ ਐਗਰੋ ਇੰਡਸਟਰੀ ਨਾਮ ਦੀ ਕੰਬਾਈਨ ਨਿਰਮਾਤਾ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਗੁਰਪ੍ਰੀਤ ਸਿੰਘ ਵੱਲੋਂ ਕੰਬਾਈਨ ਖ਼ੀਦਣ ਵਾਲੇ ਹਰਿਆਣਾ, ਉੱਤਰ ਪ੍ਰਦੇਸ਼ ਤੇ ਫਿਰੋਜ਼ਪੁਰ ਦੇ ਵਾਸੀ ਕਿਸਾਨਾਂ ਨਾਲ ਕੰਬਾਈਨ ਦੀ ਪੂਰੀ ਪੇਮੈਂਟ ਲੈਣ ਦੇ ਬਾਵਜੂਦ ਕੰਬਾਈਨ ਨਾ ਦੇ ਕੇ ਵੱਡੀ ਧੋਖਾਧੜੀ ਕੀਤੀ ਗਈ ਹੈ, ਜੋ ਕਿ ਅਤੀ ਗੰਭੀਰ ਮਾਮਲਾ ਸਾਹਮਣੇ ਆਇਆ ਹੈ।ਉਨ੍ਹਾਂ ਕਿਹਾ ਕਿ ਅਜਿਹੇ ਧੋਖਾਧੜੀ ਕਰਨ ਵਾਲੇ ਲੋਕਾਂ ਖਿਲਾਫ ਪ੍ਰਸ਼ਾਸਨ ਵੱਲੋਂ ਸਖਤ ਤੋਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ।ਇਸ ਸਬੰਧੀ ਪੀੜਤ ਕਿਸਾਨ ਪ੍ਰਵੇਸ਼ ਵਾਸੀ ਪਾਨੀਪਤ ਹਰਿਆਣਾ ਤੋਂ 20 ਲੱਖ ਰੁਪਏ, ਅਕੇਸੀ ਕੁਮਾਰ ਜ਼ਿਲ੍ਹਾ ਗਾਜੀਪੁਰ ਯੂਪੀ ਤੋਂ 24 ਲੱਖ, ਅਬਗਰ ਅਹਿਮਦ ਵਾਸੀ ਜ਼ਿਲ੍ਹਾ ਬਰੇਲੀ ਯੂਪੀ ਤੋਂ 21 ਲੱਖ ਰੁਪਏ ਲੈਣ ਦੇ ਬਾਵਜੂਦ ਦੇਵ ਇੰਡਸਟਰੀ ਦੇ ਮਾਲਕ ਗੁਰਪ੍ਰੀਤ ਸਿੰਘ ਵੱਲੋਂ ਉਕਤ ਕਿਸਾਨਾਂ ਨੂੰ ਕੰਬਾਈਨ ਨਹੀਂ ਦਿੱਤੀ ਗਈ।ਉਨ੍ਹਾਂ ਦੋਸ਼ ਲਾਉਂਦਿਆਂ ਕਿਹਾ ਕਿ ਕਈ ਮਹੀਨੇ ਬੀਤ ਜਾਣ ਤੋਂ ਉਪਰੰਤ ਵੀ ਸਾਨੂੰ ਕੰਬਾਈਨਾਂ ਨਹੀਂ ਦਿੱਤੀਆਂ ਗਈਆਂ ਹਨ, ਜਦਕਿ ਕੰਬਾਈਨ ਦੀਆਂ ਪੇਮੈਂਟਾਂ ਅਸੀਂ ਪਹਿਲਾਂ ਦੇ ਚੁੱਕੇ ਹਾਂ, ਜਿਨ੍ਹਾਂ 'ਚ ਕੁੱਝ ਲੋਨ ਕਰਵਾਇਆ ਸੀ ਤੇ ਕੁੱਝ ਨਕਦ ਦਿੱਤੀ ਸੀ।ਇੱਕ ਕੰਬਾਈਨ ਖ਼ੀਦਦਾਰ ਨੇ ਦੱਸਿਆ ਕਿ ਅਸੀਂ ਡੇਢ ਸਾਲ ਪਹਿਲਾਂ ਕੰਬਾਈਨ ਦੀ ਪੇਮੈਂਟ ਬੈਂਕ ਲੋਨ ਰਾਹੀਂ ਦੇ ਚੁੱਕੇ ਹਾਂ ਤੇ ਲੋਨ ਦੀ ਕਿਸ਼ਤ ਵੀ ਭਰ ਚੁੱਕੇ ਹਾਂ ਅਤੇ ਦੂਸਰੀ ਕਿਸ਼ਤ ਭਰਨ ਲਈ ਬੈਂਕ ਵੱਲੋਂ ਸਾਨੂੰ ਨੋਟਿਸ ਆ ਰਹੇ ਹਨ, ਪ੍ਰੰਤੂ ਸਾਨੂੰ ਹਾਲੇ ਤੱਕ ਕੰਬਾਈਨ ਦੀ ਸਿਰਫ ਆਰ ਸੀ ਹੀ ਪ੍ਰਾਪਤ ਹੋਈ ਹੈ, ਕੰਬਾਈਨ ਨਹੀਂ, ਜਿਸ ਲਈ ਸਾਨੂੰ ਵਾਰ-ਵਾਰ ਕੰਬਾਈਨ ਦੇਣ ਲਈ ਤਾਰੀਖ ਤੇ ਤਾਰੀਖ ਦਿੱਤੀ ਜਾ ਰਹੀ ਹੈ, ਜਦੋਂ ਵੀ ਅਸੀਂ ਕੰਬਾਈਨ ਲੈਣ ਲਈ ਆਉਂਦੇ ਹਾਂ ਤਾਂ ਕੰਬਾਈਨ ਫੈਕਟਰੀ ਦੇ ਮਾਲਕ ਗੁਰਪ੍ਰੀਤ ਸਿੰਘ ਵੱਲੋਂ ਲਾਰੇਬਾਜ਼ੀ ਕੀਤੀ ਜਾਂਦੀ ਹੈ।ਕੰਬਾਈਨ ਸਮੇਂ ਸਿਰ ਨਾ ਮਿਲਣ ਕਾਰਨ ਸਾਡਾ ਸੀਜ਼ਨ ਵੀ ਮਰ ਗਿਆ ਹੈ ਅਤੇ ਵਿਆਜ ਵੀ ਜੇਬ ਵਿੱਚੋਂ ਭਰਨਾ ਪੈ ਰਿਹਾ ਹੈ। ਅਸੀਂ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਸਾਡੇ ਦਿੱਤੇ ਗਏ ਪੈਸੇ ਸਮੇਤ ਵਿਆਜ ਦਿਵਾਏ ਜਾਣ ਤੇ ਮਾਲਕ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।

ਜਦੋਂ ਇਸ ਸਬੰਧੀ ਮਾਲਕ ਗੁਰਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਆਪਣਾ ਪੱਖ ਰੱਖਦਿਆਂ ਮੰਨਿਆ ਕਿ ਮੈਂ ਕੰਬਾਈਨ ਦੇਣ ਲਈ ਤਿਆਰ ਹਾਂ, ਮੇਰੇ ਕੋਲ ਪੈਸੇ ਆਇਆਂ ਨੂੰ ਦੋ-ਤਿੰਨ ਮਹੀਨੇ ਹੋਏ ਹਨ।ਕੰਬਾਈਨ ਤਿਆਰ ਕਰਨ ਨੂੰ ਕਈ ਵਾਰ ਸਮਾਂ ਲੱਗ ਜਾਂਦਾ ਹੈ।ਉਨ੍ਹਾਂ ਕਿਹਾ ਕਿ ਮੈਂ ਕੰਬਾਈਨ ਦੇਣ ਨੂੰ ਤਿਆਰ ਹਾਂ, ਮੈਨੂੰ ਕੁੱਝ ਸਮਾਂ ਹੋਰ ਦਿੱਤਾ ਜਾਵੇ।

ਇਸ ਮਾਮਲੇ ਸਬੰਧੀ ਜਦੋਂ ਮੌਕੇ 'ਤੇ ਪਹੁੰਚੇ ਚੌਕੀ ਇੰਚਾਰਜ ਪਵਿੱਤਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਦੋਵਾਂ ਧਿਰਾਂ ਵਿਚਕਾਰ ਸਮਝੌਤੇ ਸਬੰਧੀ ਗੱਲਬਾਤ ਚੱਲ ਰਹੀ ਹੈ, ਜੇਕਰ ਮਾਮਲਾ ਨਾ ਨਿਪਟਿਆ ਤਾਂ ਜਾਂਚ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਸਨੀ ਦੇ ਆਤਮ-ਹੱਤਿਆ ਮਾਮਲੇ 'ਚ ਪਿੰਡ ਵਾਸੀਆਂ ਵੱਲੋਂ ਥਾਣੇ ਅੱਗੇ ਧਰਨਾ

### ਮੁਕੱਦਮਾ ਦਰਜ ਕਰਨ ਲਈ ਕੀਤੀ ਨਾਅਰੇਬਾਜ਼ੀ



**ਬਰੇਟਾ (ਰੀਤਵਾਲ)**-ਨੇੜਲੇ ਪਿੰਡ ਧਰਮਪੁਰਾ ਦੇ ਇੱਕ ਨੌਜਵਾਨ ਸਨੀ ਸਿੰਘ ਪੁੱਤਰ ਤਾਰਾ ਸਿੰਘ ਦੇ ਭਾਖੜਾ ਨਹਿਰ ਵਿੱਚ ਛਾਲ ਮਾਰ ਕੇ ਆਤਮਾ ਹੱਤਿਆ ਕਰਨ 'ਤੇ ਹਰਿਆਣਾ ਪੁਲਸ ਨੇ ਕਾਰਵਾਈ ਕਰਦਿਆਂ ਮ੍ਰਿਤਕ ਦੀ ਲਾਸ਼ ਵਾਰਿਸਾਂ ਦੇ ਹਵਾਲੇ ਕਰ ਦਿੱਤੀ ਹੈ।ਸਨੀ ਦੇ ਪਿਤਾ ਤਾਰਾ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ 13 ਜੁਲਾਈ ਨੂੰ ਸਨੀ ਸਿੰਘ ਘਰੋਂ ਲਾਪਤਾ ਹੋ ਗਿਆ ਸੀ, ਜਿਸ ਦੀ ਗੁੰਮਸ਼ੁਦਗੀ ਦੀ ਦਰਖਾਸਤ ਉਸੇ ਦਿਨ ਹੀ ਪੁਲਸ ਥਾਣਾ ਬਰੇਟਾ ਵਿਖੇ ਦਿੱਤੀ ਗਈ ਸੀ, ਪ੍ਰੰਤੂ 16 ਜੁਲਾਈ ਨੂੰ ਭਾਖੜਾ ਨਹਿਰ ਮੇਨ ਬਰਾਂਚ ਚਾਂਦਪੁਰਾ ਹੈੱਡ ਤਹਿਸੀਲ ਟੋਹਾਣਾ (ਫਤਿਹਾਬਾਦ) ਹਰਿਆਣਾ ਤੋਂ ਉਸ ਦੀ ਲਾਸ਼ ਮਿਲੀ।ਜਦੋਂ ਪਰਵਾਰ ਤੇ ਪਿੰਡ ਵਾਸੀਆਂ ਨੇ ਸਨੀ ਦੀ ਮ੍ਰਿਤਕ ਦੇਹ ਦੇਖਦੇ ਹੋਏ ਕਿਹਾ ਕਿ ਉਸ ਦੇ ਦੋਨੋਂ ਹੱਥ ਰੱਸੀ ਨਾਲ ਬੰਨ੍ਹੇ ਤੇ ਇੱਕ ਅੱਖ 'ਤੇ ਸੱਟ ਦੇ ਡੂੰਘੇ ਨਿਸ਼ਾਨ ਮਿਲੇ ਤਾਂ ਉਨ੍ਹਾਂ ਕਿਹਾ ਕਿ ਇਹ ਆਤਮਹੱਤਿਆ ਨਹੀਂ ਹੈ, ਬਲਕਿ ਕਤਲ ਦਾ ਮਾਮਲਾ ਹੈ।ਇਸ ਸੰਬੰਧੀ ਜਦੋਂ ਪਿੰਡ ਦੀ ਪੰਚਾਇਤ ਤੇ ਕਿਸਾਨ ਆਗੂਆਂ ਨੇ ਥਾਣਾ ਜਾਖਲ (ਫਤਿਹਾਬਾਦ) ਦੀ ਪੁਲਸ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਅਸੀਂ ਆਪਣੀ ਕਾਰਵਾਈ ਕਰਦਿਆਂ ਪੋਸਟਮਾਰਟਮ ਕਰਵਾ ਕੇ ਲਾਸ਼ ਨੂੰ ਵਾਰਿਸਾਂ ਦੇ ਹਵਾਲੇ ਕਰ ਦਿੱਤਾ ਹੈ ਅਤੇ ਜੇਕਰ ਕੋਈ ਮੁਕੱਦਮਾ ਦਰਜ ਕਰਵਾਉਣਾ ਹੈ ਤਾਂ ਆਪਣੇ ਪੰਜਾਬ ਦੀ ਪੁਲਸ ਨੂੰ ਮਿਲ ਲਓ।ਇਸ ਮਾਮਲੇ ਸਬੰਧੀ ਪਿੰਡ ਧਰਮਪੁਰਾ ਦੇ ਸਰਪੰਚ ਸੁਖਜਿੰਦਰ ਸਿੰਘ ਕਾਲਾ, ਪੰਚ ਤੇ ਕਿਸਾਨ ਆਗੂ ਤਰਸੇਮ ਸਿੰਘ, ਸਾਬਕਾ ਸਰਪੰਚ ਦਰਸ਼ਨ ਸਿੰਘ ਤੇ ਕਿਸਾਨ ਆਗੂ ਵਸਾਵਾ ਸਿੰਘ ਪੰਚਾਇਤ ਸਮੇਤ ਬਰੇਟਾ ਦੇ ਥਾਣਾ ਵਿਖੇ ਪੁਲਸ ਨੂੰ ਮਿਲਣ 'ਤੇ ਉਨ੍ਹਾਂ ਕਿਹਾ ਕਿ ਇਹ ਵਾਕਿਆ ਹਰਿਆਣਾ ਪੁਲਸ ਅਧੀਨ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਕਿਸਾਨ ਆਗੂ ਤਰਸੇਮ ਸਿੰਘ ਨੇ ਕਿਹਾ ਕਿ ਪਰਵਾਰ ਨੇ 13 ਜੁਲਾਈ ਨੂੰ ਹੀ ਬਰੇਟਾ ਪੁਲਸ ਥਾਣਾ ਵਿਖੇ ਗੁੰਮਸ਼ੁਦਗੀ ਦੀ ਰਿਪੋਰਟ ਲਿਖਵਾ ਦਿੱਤੀ ਸੀ ਤੇ ਇਸ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ 'ਤੇ ਮੁਕੱਦਮਾ ਦਰਜ ਕੀਤਾ ਜਾਵੇ, ਪ੍ਰੰਤੂ ਜਦੋਂ ਪੁਲਸ ਨੇ ਕੋਈ ਸੁਣਵਾਈ ਨਾ ਕੀਤੀ ਤਾਂ ਪਰਵਾਰ ਤੇ ਪਿੰਡ ਵਾਸੀਆਂ ਨੇ ਭਾਰੀ ਗਿਣਤੀ ਵਿੱਚ ਬਰੇਟਾ ਥਾਣੇ ਅੱਗੇ ਧਰਨਾ ਲਗਾ ਦਿੱਤਾ।ਧਰਨਾ ਲੱਗਣ 'ਤੇ ਡੀਐੱਸਪੀ ਬੁਢਲਾਡਾ ਸਿਕੰਦਰ ਸਿੰਘ ਬਰੇਟਾ ਥਾਣੇ ਪਹੁੰਚ ਗਏ ਤੇ ਪੁਲਸ ਹਰਕਤ ਵਿੱਚ ਆ ਗਈ।ਪਿੰਡ ਵਾਸੀਆਂ ਦੇ ਰੋਹ ਅੱਗੇ ਪੁਲਸ ਨੂੰ ਮੁਕੱਦਮਾ ਕਰਨ ਲਈ ਮਜਬੂਰ ਹੋਣਾ ਪਿਆ ਅਤੇ ਥਾਣਾ ਮੁਖੀ ਪੱਤਰਕਾਰਾਂ ਨਾਲ ਗੱਲਬਾਤ ਕਰਨ ਲਈ ਟਾਲ ਮਟੋਲ ਹੀ ਕਰਦੇ ਰਹੇ।ਆਖਰ ਮ੍ਰਿਤਕ ਦੇ ਚਾਚਾ ਹਾਕਮ ਸਿੰਘ ਦੇ ਬਿਆਨਾਂ 'ਤੇ ਤਿੰਨ ਵਿਅਕਤੀਆਂ ਵਿਰੁੱਧ ਕਤਲ ਦਾ ਮੁਕੱਦਮਾ ਦਰਜ ਕੀਤਾ ਗਿਆ।ਥਾਣੇ ਦੇ ਮੁਨਸ਼ੀ ਅਮਨ ਨੇ ਦੱਸਿਆ ਕਿ ਤਿੰਨੇ ਆਰੋਪੀ ਅਜੇ ਗ੍ਰਿਫਤਾਰੀ ਤੋਂ ਬਾਹਰ ਹਨ। ਇਸ ਮੌਕੇ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਮਫਲ ਸਿੰਘ ਚੱਕ ਅਲੀਸ਼ੇਰ, ਜ਼ਿਲ੍ਹਾ ਕਮੇਟੀ ਮੈਂਬਰ ਤਰਸੇਮ ਸਿੰਘ, ਬਲਾਕ ਪ੍ਰਧਾਨ ਦਰਸ਼ਨ ਸਿੰਘ ਮਘਾਣੀਆਂ, ਸਾਬਕਾ ਪੰਚ ਮਹਿੰਦਰ ਸਿੰਘ ਨਿੱਕਾ ਤੇ ਭਾਰੀ ਗਿਣਤੀ ਵਿੱਚ ਪਿੰਡ ਦੀਆਂ ਔਰਤਾਂ ਤੇ ਮਰਦ ਹਾਜ਼ਰ ਸਨ।

## ਗਾਜੀਪੁਰ 'ਚ ਇੱਕੋ ਰਾਤ 22 ਮੋਟਰਾਂ ਦੀਆਂ ਤਾਰਾਂ ਚੋਰੀ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬੀਤੀ ਰਾਤ ਸਮਾਣਾ ਦੇ ਨੇੜਲੇ ਪਿੰਡ ਗਾਜ਼ੀਪੁਰ ਵਿਖੇ ਇਕੋ ਰਾਤ 22 ਮੋਟਰਾਂ ਦੀਆਂ ਤਾਰਾਂ ਤੇ ਕਈ ਮੋਟਰਾਂ ਨਾਲ ਸਟਾਰਟਰ ਨੂੰ ਚੋਰਾਂ ਵੱਲੋਂ ਚੋਰੀ ਕਰ ਲਿਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦੇ ਸਰਪੰਚ ਸੁਰਜੀਤ ਸਿੰਘ ਗੁਰਾਇਆ ਨੇ ਦੱਸਿਆ ਕਿ ਰਾਤ ਨੂੰ ਕਰੀਬ 22 ਮੋਟਰਾਂ ਦੀਆਂ ਕੇਬਲ ਤਾਰਾਂ ਚੋਰਾਂ ਵੱਲੋਂ ਚੋਰੀ ਕਰ ਲਈਆਂ ਗਈਆਂ ਹਨ ਤੇ ਕੁਝ ਮੋਟਰਾਂ ਦੇ ਸਟਾਰਟਰ ਵੀ ਚੋਰੀ ਕੀਤੇ ਗਏ ਹਨ, ਜਿਸ ਸਬੰਧੀ ਪੁਲਸ ਪ੍ਰਸ਼ਾਸਨ ਨੂੰ ਸ਼ਿਕਾਇਤ ਕੀਤੀ ਤਾਂ ਪੁਲਸ ਪ੍ਰਸ਼ਾਸਨ ਦਾ ਇੱਕ ਹੀ ਮੁਲਾਜ਼ਮ ਫੋਨ ਕਰਨ ਤੋਂ ਬਹੁਤ ਦੇਰ ਬਾਅਦ ਵਿੱਚ ਪਹੁੰਚਿਆ ਹੈ, ਜਿਸ ਨੂੰ ਲੇਟ ਆਉਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਆਪਣੀ ਅਸਮਰਥਾ ਪ੍ਰਗਟਾਉਂਦਿਆਂ ਕਿਹਾ ਕਿ ਥਾਣੇ ਵਿੱਚ ਪੁਲਸ ਮੁਲਾਜ਼ਮ ਬਹੁਤ ਘੱਟ ਹਨ, ਜੋ ਸਾਰੇ ਡਿਊਟੀਆਂ 'ਤੇ ਗਏ ਹੋਏ ਹਨ, ਮੇਰੀ 8 ਵਜੇ ਡਿਊਟੀ ਸਮਾਪਤ ਹੈ, ਪਰ ਫਿਰ ਵੀ ਮੈਂ ਤੁਹਾਡੀ ਸ਼ਿਕਾਇਤ ਸੁਣਨ ਲਈ ਪਿੰਡ ਪਹੁੰਚਿਆ ਹਾਂ।ਸਰਪੰਚ ਸੁਰਜੀਤ ਸਿੰਘ ਗੁਰਾਇਆ ਨੇ ਸਥਾਨਕ ਵਿਧਾਇਕ ਤੇ ਮੁੱਖ ਮੰਤਰੀ ਪੰਜਾਬ ਨੂੰ ਬੇਨਤੀ ਕੀਤੀ ਹੈ ਕਿ ਥਾਣਿਆਂ ਵਿੱਚ ਪੁਲਸ ਮੁਲਾਜ਼ਮ ਵਧਾਏ ਜਾਣ ਤਾਂ ਜੋ ਚੋਰੀਆਂ ਤੇ ਨਸ਼ਿਆਂ ਦੀ ਤਸਕਰੀ ਦੀ ਰੋਕਥਾਮ ਹੋ ਸਕੇ।ਜਦੋਂ ਇਸ ਸਬੰਧੀ ਥਾਣਾ ਸਦਰ ਦੇ ਇੰਚਾਰਜ ਨਾਲ ਫੋਨ 'ਤੇ ਗੱਲ ਹੋਈ ਤਾਂ ਉਨ੍ਹਾਂ ਕਿਹਾ ਕਿ ਤਾਰਾਂ ਚੋਰੀ ਹੋਣ ਸਬੰਧੀ ਸਾਨੂੰ ਸੂਚਨਾ ਮਿਲ ਗਈ ਹੈ, ਪ੍ਰੰਤੂ ਅਜੇ ਪਿੰਡ ਵਾਲਿਆਂ ਨੇ ਪੁਲਸ ਪਾਸ ਕੋਈ ਸ਼ਿਕਾਇਤ ਦਰਜ ਨਹੀਂ ਕਰਾਈ। ਸ਼ਿਕਾਇਤ ਲਿਖਾਉਂਦਿਆਂ ਹੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਸੀ ਸੀ ਟੀ ਵੀ ਕੈਮਰੇ ਖੰਗਾਲਣ ਉਪਰੰਤ ਚੋਰਾਂ ਨੂੰ ਜਲਦੀ ਫੜ ਲਿਆ ਜਾਵੇਗਾ। ਰਾਤ ਨੂੰ ਚੋਰੀਆਂ ਨਾ ਹੋਣ ਇਸ ਲਈ ਪੁਲਸ ਦੀ ਰਾਤ ਸਮੇਂ ਗਸਤ ਵਧਾ ਦਿੱਤੀ ਗਈ ਹੈ।

## ਅਰਬਨ ਸਟੇਟ ਪਟਿਆਲਾ 'ਚ ਪਾਣੀ ਨਿਕਾਸੀ ਦੇ ਮਾੜੇ ਪ੍ਰਬੰਧ

### ਰਾਜਪੁਰਾ-ਸਰਹਿੰਦ ਬਾਈਪਾਸ 'ਤੇ ਬਣੀਆਂ ਪੁਲੀਆਂ ਦੇ ਰਾਹ ਬੰਦ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਅਰਬਨ ਅਸਟੇਟ ਵਿੱਚ ਨਾਕਸ ਨਿਕਾਸੀ ਪ੍ਰਬੰਧਾਂ ਕਾਰਨ ਹੜ੍ਹਾਂ ਦਾ ਖ਼ਤਰਾ ਹੈ ਤੇ ਇੱਥੇ ਰਾਜਪੁਰਾ ਰੋਡ ਤੋਂ ਸਰਹਿੰਦ ਰੋਡ ਤੱਕ ਜਾ ਰਹੀ ਬਾਈਪਾਸ ਦੇ ਹੇਠਾਂ ਬਣਾਈਆਂ ਪੁਲੀਆਂ ਦੇ ਰਾਹ ਬੰਦ ਹੋਣ ਕਾਰਨ ਪਾਣੀ ਦੀ ਨਿਕਾਸੀ ਮੁਸ਼ਕਲ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿਛਲੇ ਸਾਲ ਜਦੋਂ ਹੜ੍ਹ ਆਏ ਸੀ ਤਾਂ ਅਰਬਨ ਅਸਟੇਟ ਵਿੱਚ 3 ਤੋਂ 6 ਫੁੱਟ ਤੱਕ ਪਾਣੀ ਭਰ ਗਿਆ ਸੀ, ਜਿਸ ਕਰ ਕੇ ਪੌਸ਼ ਇਲਾਕੇ ਅਰਬਨ ਅਸਟੇਟ ਵਾਸੀਆਂ ਦੀਆਂ ਕਾਰਾਂ, ਐੱਲਈਡੀ, ਵਾਸ਼ਿੰਗ ਮਸ਼ੀਨ, ਬੈੱਡ, ਸੋਫ਼ੇ ਸੈੱਟ ਆਦਿ ਲੱਖਾਂ ਰੁਪਏ ਦਾ ਸਾਮਾਨ ਖ਼ਰਾਬ ਹੋ ਗਿਆ ਸੀ।ਹੜ੍ਹ ਦਾ ਏਨਾ ਪਾਣੀ ਅਰਬਨ ਅਸਟੇਟ ਵਿੱਚ ਭਰਨ ਦਾ ਕਾਰਨ ਸੀ ਕਿ ਸੜਕ ਹੇਠਾਂ ਬਣੀਆਂ ਪੁਲੀਆਂ ਰਾਹੀਂ ਪਾਣੀ ਨਹੀਂ ਸੀ ਲੰਘ ਰਿਹਾ ਤੇ ਉੱਚੀ ਸੜਕ ਅੱਗੇ ਡਾਫ ਲੱਗ ਗਈ ਸੀ।ਹਾਲਾਤ ਇਸ ਵੇਲੇ ਵੀ ਨਹੀਂ ਬਦਲੇ।ਸੜਕ ਹੇਠਾਂ ਪਾਣੀ ਦੀ ਨਿਕਾਸੀ ਲਈ ਬਣੀਆਂ ਪੁਲੀਆਂ ਦੇ ਰਸਤੇ ਬੰਦ ਹਨ।ਲੋਕਾਂ ਵੱਲੋਂ ਕੀਤੇ ਨਾਜਾਇਜ਼ ਕਬਜ਼ੇ ਤੇ ਪ੍ਰਸ਼ਾਸਨ ਦੀ ਅਣਦੇਖੀ ਇਸ ਦਾ ਮੁੱਖ ਕਾਰਨ ਹੈ।ਖੇਤਰ ਦੇ ਵਸਨੀਕ ਡਾ. ਬਲਵਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਜੇਕਰ ਇਸ ਵਾਰੀ ਹੜ੍ਹ ਆ ਜਾਂਦੇ ਹਨ ਤਾਂ ਪਾਣੀ ਦੀ ਨਿਕਾਸੀ ਨਾ ਹੋਣ ਕਰਕੇ ਇਸ ਵਾਰ ਵੀ ਪਹਿਲਾਂ ਵਾਲੇ ਹੀ ਹਾਲਾਤ ਹੋਣਗੇ।ਨਿਰੰਜਣ ਸਿੰਘ ਨੇ ਕਿਹਾ ਕਿ ਪਿਛਲੇ ਸਾਲ ਵੀ ਉਨ੍ਹਾਂ ਦਾ ਬਹੁਤ ਨੁਕਸਾਨ ਹੋਇਆ ਸੀ।ਪ੍ਰਸ਼ਾਸਨ ਨੇ ਪਾਣੀ ਦੇ ਲੰਘਣ ਲਈ ਰਸਤਾ ਨਹੀਂ ਬਣਾਇਆ ਤਾਂ ਇਸ ਵਾਰ ਵੀ ਹਾਲ ਮਾੜਾ ਹੋ ਸਕਦਾ ਹੈ।ਪਟਿਆਲਾ ਦੇ ਡੀ ਸੀ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਉਨ੍ਹਾਂ ਨੇ ਨਾਲਿਆਂ ਤੇ ਪੁਲੀਆਂ ਦੀ ਸਫ਼ਾਈ ਕਰਨ ਦੇ ਹੁਕਮ ਦਿੱਤੇ ਹਨ, ਪਰ ਜੇਕਰ ਕੋਈ ਕਮੀ ਰਹਿ ਗਈ ਹੈ ਤਾਂ ਉਸ ਦੀ ਜਾਂਚ ਕਰਕੇ ਉਹ ਸਹੀ ਕਰਵਾਈ ਜਾਵੇਗੀ, ਕਿਉਂਕਿ ਪਟਿਆਲਾ ਵਾਸੀਆਂ ਦੀ ਸੰਭਾਲ ਤੇ ਸੁਰੱਖਿਆ ਉਨ੍ਹਾਂ ਦਾ ਫ਼ਰਜ਼ ਹੈ।

## ਸਿਹਤ ਵਿਭਾਗ ਵੱਲੋਂ ਟੀ ਬੀ ਜਾਗਰੂਕਤਾ ਕੈਂਪ



**ਸਮਰਾਲਾ (ਸੁਰਜੀਤ ਸਿੰਘ)**-ਪ੍ਰਧਾਨ ਮੰਤਰੀ ਟੀ. ਬੀ. ਮੁਕਤ ਅਭਿਆਨ ਤਹਿਤ ਨੇੜਲੇ ਪਿੰਡ ਰਾਮਪੁਰ ਵਿੱਚ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਟੀ.ਬੀ. ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਮੁਹਿੰਮ ਦੀ ਸ਼ੁਰੂਆਤ ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਤੇ ਜ਼ਿਲ੍ਹਾ ਟੀ.ਬੀ. ਅਫਸਰ ਡਾ. ਆਸ਼ੀਸ਼ ਚਾਵਲਾ ਦੀ ਅਗਵਾਈ ਹੇਠ ਹੋਈ।ਕੈਂਪ ਵਿੱਚ ਪਹੁੰਚੇ ਦੋਰਾਹਾ ਤੋਂ ਵਿਧਾਇਕ ਤੇ ਪਿੰਡ ਦੇ ਸਰਪੰਚ ਨੇ ਸਿਹਤ ਟੀਮ ਦੀ ਹੌਸਲਾ ਅਫਜ਼ਾਈ ਕੀਤੀ ਤੇ ਲੋਕਾਂ ਨੂੰ ਵੱਧ ਤੋਂ ਵੱਧ ਟੈਸਟ ਕਰਵਾਉਣ ਦੀ ਅਪੀਲ ਕੀਤੀ।ਮੁਫ਼ਤ ਐਕਸ-ਰੇ, ਸਾਈਟਬ ਟੈਸਟ ਤੇ ਖੰਘ ਦੇ ਨਮੂਨੇ ਇਕੱਠੇ ਕਰਕੇ ਟੀ.ਬੀ. ਦੀ ਜਾਂਚ ਕੀਤੀ ਗਈ।ਕੁੱਲ 125 ਲੋਕਾਂ ਦੇ ਐਕਸ-ਰੇ ਕੀਤੇ ਗਏ, ਜੋ ਖ਼ਾਸ ਕਰਕੇ ਆਬਾਦੀ ਦੇ ਸੰਵੇਦਨਸ਼ੀਲ ਤੇ ਗਰੀਬ ਵਰਗਾਂ 'ਤੇ ਕੇਂਦਰਤ ਸਨ।ਡਾ. ਆਸ਼ੀਸ਼ ਚਾਵਲਾ ਨੇ ਦੱਸਿਆ ਕਿ ਟੀ.ਬੀ. ਰੋਗ ਦੇ ਲੱਛਣਾਂ ਬਾਰੇ ਜਾਗਰੂਕਤਾ ਫੈਲਾਉਣ ਤੇ ਰੋਗ ਦੀ ਸ਼ੁਰੂਆਤੀ ਪੜਾਅ 'ਤੇ ਪਛਾਣ ਕਰਨਾ ਬਹੁਤ ਜ਼ਰੂਰੀ ਹੈ, ਤਾਂ ਜੋ ਤੁਰੰਤ ਇਲਾਜ ਦੇ ਨਾਲ ਰੋਗ ਨੂੰ ਫੈਲਣ ਤੋਂ ਰੋਕਿਆ ਜਾ ਸਕੇ।ਇਹ ਕੈਂਪ ਸਿਹਤ ਵਿਭਾਗ ਦੀ ਉਸ ਕੋਸ਼ਿਸ਼ ਦਾ ਹਿੱਸਾ ਹੈ, ਜਿਸ ਰਾਹੀਂ 2025 ਤੱਕ ਭਾਰਤ ਨੂੰ ਟੀ.ਬੀ. ਮੁਕਤ ਬਣਾਉਣ ਦਾ ਟੀਚਾ ਹੈ।

## ਕ੍ਰਿਸ਼ਨਾ ਕਾਲਜ ਰੱਲੀ ਦਾ ਐੱਮ ਏ ਪੰਜਾਬੀ ਦਾ ਨਤੀਜਾ 100 ਫ਼ੀਸਦੀ




**ਬਰੇਟਾ (ਰੀਤਵਾਲ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਤ ਕ੍ਰਿਸ਼ਨਾ ਕਾਲਜ ਆਫ਼ ਹਾਇਰ ਐਜੂਕੇਸ਼ਨ ਰੱਲੀ ਦਾ ਨਤੀਜਾ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਾਨਦਾਰ ਰਿਹਾ ਹੈ।ਐੱਮ.ਏ. ਪੰਜਾਬੀ ਸਮੈਸਟਰ ਤੀਜਾ ਦਸੰਬਰ 2024 ਦਾ ਨਤੀਜਾ ਇਸ ਵਾਰ ਜ਼ਿਆਦਾ ਦਿਲਚਸਪ ਰਿਹਾ, ਕਿਉਂਕਿ ਸਾਰੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਿੱਚ ਸਿਰਫ ਲੜਕੀਆਂ ਹੀ ਸਫਲ ਹੋਈਆਂ ਹਨ।ਸੰਦੀਪ ਕੌਰ ਨੇ 8.40. ਸੀ.ਜੀ.ਪੀ.ਏ. ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਕੁਲਵੀਰ ਕੌਰ, ਅਰਸ਼ਦੀਪ ਕੌਰ ਤੇ ਸਰਬਜੀਤ ਕੌਰ ਨੇ 8.20 ਸੀ.ਜੀ.ਪੀ.ਏ. ਪ੍ਰਾਪਤ ਕਰਕੇ ਦੂਸਰਾ ਸਥਾਨ ਪ੍ਰਾਪਤ ਕੀਤਾ।ਜ਼ਿਆਦਾਤਰ ਵਿਦਿਆਰਥੀਆਂ ਨੇ 8.0. ਸੀ.ਜੀ.ਪੀ.ਏ. ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਇਨ੍ਹਾਂ ਵਿਦਿਆਰਥੀਆਂ ਨੂੰ ਪੰਜਾਬੀ ਵਿਭਾਗ ਤੇ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸਰਬਜੀਤ ਸਿੰਘ ਸਰਾਂ ਤੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਹਰਦੀਪ ਸਿੰਘ ਪ੍ਰੋ. ਕਮਲਦੀਪ ਕੌਰ, ਪ੍ਰੋ. ਸਿਮਰਜੀਤ ਕੌਰ ਤੇ ਪ੍ਰੋ. ਗੁਰਮੀਤ ਕੌਰ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਪ੍ਰਕਾਸ਼ ਕੌਰ ਢਿੱਲੋਂ ਨੇ ਕਿਹਾ ਕਿ ਪੰਜਾਬੀ ਵਿਭਾਗ ਕਾਲਜ ਦਾ ਸਿਰਕੱਢ ਵਿਭਾਗ ਹੈ, ਜੋ ਵਿੱਦਿਅਕ ਤੇ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਹਮੇਸ਼ਾ ਸਰਗਰਮ ਰਹਿੰਦਾ ਹੈ।ਇਸ ਮੌਕੇ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਕਮਲ ਸਿੰਗਲਾ, ਚੇਅਰਮੈਨ ਸ੍ਰੀ ਸੁਖਵਿੰਦਰ ਸਿੰਘ ਚਹਿਲ, ਸਕੱਤਰ ਸੱਤਪਾਲ ਸਿੰਘ ਚਹਿਲ ਤੇ ਪ੍ਰਧਾਨ ਡਾ. ਵਿਜੈ ਸਿੰਗਲਾ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਮੁਬਾਰਕਬਾਦ ਦਿੱਤੀ।

## ਏਮਜ਼ ਦੇ ਮਰੀਜ਼ਾਂ ਨੂੰ ਸਹੂਲਤਾਂ ਦੇਣ ਵਾਲੇ ਗੁਰੂਘਰ ਦੀ ਕੇਨਰਾ ਬੈਂਕ ਵੱਲੋਂ ਨਿਲਾਮੀ



**ਬਠਿੰਡਾ (ਬਖਤੌਰ ਢਿੱਲੋਂ)**

ਏਮਜ਼ ਹਸਪਤਾਲ ਬਠਿੰਡਾ ਦੇ ਬਿਲਕੁੱਲ ਨਾਲ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਸਹੂਲਤਾਂ ਮੁਹੱਈਆ ਕਰਨ ਲਈ ਉਸਾਰੇ ਗੁਰਦੁਆਰਾ ਸਰਬੱਤ ਦਾ ਭਲਾ ਦੀ ਦੋ ਏਕੜ ਜ਼ਮੀਨ ਕੇਨਰਾ ਬੈਂਕ ਵੱਲੋਂ ਇੱਕ ਵਿਅਕਤੀ ਮਨਜੀਤ ਸਿੰਘ ਜੌੜਾਂ ਨੂੰ ਨਿਲਾਮੀ ਰਾਹੀਂ ਵੇਚ ਦੇਣ ਮਾਮਲਾ ਸਾਹਮਣੇ ਆਇਆ। ਇਸ ਜ਼ਮੀਨ ਦੇ ਕਬਜ਼ਾ ਵਾਰੰਟ ਜਾਰੀ ਹੋਣ ਦੀ ਖ਼ਬਰ ਮਿਲਦੇ ਹੀ ਇਲਾਕੇ ਦੇ ਲੋਕ ਇਕੱਠੇ ਹੋਣ ਲੱਗ ਪਏ ਹਨ। ਇਹ ਗੁਰਦੁਆਰਾ ਏਮਜ਼ ਦੀ ਕੰਧ ਦੇ ਨਾਲ ਲਗਦੀ ਜ਼ਮੀਨ ਵਿੱਚ ਉਸਾਰਿਆ ਗਿਆ ਹੈ, ਜਿੱਥੇ ਮਰੀਜ਼ਾਂ ਤੇ ਵਾਰਸਾਂ ਲਈ ਲੰਗਰ ਤਿਆਰ ਕਰਕੇ ਵਰਤਾਇਆ ਜਾਂਦਾ ਹੈ, ਰੋਜ਼ਾਨਾ ਕਰੀਬ ਦਸ ਹਜ਼ਾਰ ਲੋਕ ਲੰਗਰ ਛਕਦੇ ਹਨ। ਇਸ ਤੋਂ ਇਲਾਵਾ ਮਰੀਜ਼ਾਂ ਦੇ ਰਹਿਣ, ਨਹਾਉਣ ਲਈ ਪ੍ਰਬੰਧ ਕੀਤਾ ਹੋਇਆ ਹੈ। ਕੈਂਸਰ ਕਾਰਨ ਕੀਮੋ ਲੱਗਣ ਵਾਲੇ ਮਰੀਜ਼ਾਂ ਲਈ ਏ ਸੀ ਕਮਰੇ ਉਪਲੱਬਧ ਹਨ ਤੇ ਇੱਕ ਸੌ ਤੋਂ ਵੱਧ ਕਮਰਿਆਂ ਦੀ ਸਰਾਂ ਉਸਾਰੀ ਅਧੀਨ ਹੈ। ਇਹ ਗੁਰਦੁਆਰਾ ਸਾਹਿਬ ਵਾਲੀ ਜ਼ਮੀਨ ਮੁੱਖ ਸੇਵਾਦਾਰ ਸੁਬੇਗ ਸਿੰਘ ਦੀ ਸੀ, ਜਿਨ੍ਹਾਂ ਪਰਵਾਰ 'ਤੇ ਵਾਪਰੀਆਂ ਦੁਰਘਟਨਾਵਾਂ ਤੋਂ ਬਾਅਦ ਮਰੀਜ਼ਾਂ ਨੂੰ ਸਹੂਲਤਾਂ ਮੁਹੱਈਆ ਕਰਨ ਲਈ ਇਹ ਗੁਰਦੁਆਰਾ ਉਸਾਰਿਆ ਹੈ ਅਤੇ ਉਹ ਖ਼ੁਦ ਆਪਣੇ ਹੱਥੀਂ ਸੇਵਾ ਕਰਦੇ ਹਨ। ਏਮਜ਼ ਹਸਪਤਾਲ ਬਣਨ ਤੋਂ ਪਹਿਲਾਂ ਸੁਬੇਗ ਸਿੰਘ ਦੀ ਇੱਕ ਰੂੰ ਦੀ ਫੈਕਟਰੀ ਹੋਇਆ ਕਰਦੀ ਸੀ, ਜਿਸ ਦੀ ਕੇਨਰਾ ਬੈਂਕ ਤੋਂ ਕਰਾਪ ਲਿਮਟ ਬਣੀ ਹੋਈ ਸੀ। ਇਸ ਲਿਮਟ ਦਾ ਬਹਾਨਾ ਬਣਾ ਕੇ ਕੇਨਰਾ ਬੈਂਕ ਨੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਦੀ ਪਰਦੇ ਨਾਲ ਆਨਲਾਈਨ ਨਿਲਾਮੀ ਕਰਕੇ ਮਨਜੀਤ ਸਿੰਘ ਜੌੜਾ ਦੇ ਨਾਂ ਕਰਵਾ ਦਿੱਤੀ।ਬੀਤੇ ਦਿਨੀਂ ਆਸ-ਪਾਸ ਦੇ ਪਿੰਡਾਂ ਵਿੱਚ ਇਹ ਖ਼ਬਰ ਫੈਲਦਿਆਂ ਕਿ ਗੁਰਦੁਆਰਾ ਸਾਹਿਬ ਦੀ ਜਗ੍ਹਾ ਦੇ ਕਬਜ਼ਾ ਵਾਰੰਟ ਤਿਆਰ ਹੋ ਗਏ ਹਨ, ਲੋਕ ਰਾਖੀ ਲਈ ਇਕੱਤਰ ਹੋਣ ਲੱਗ ਪਏ। ਜਦੋਂ ਪੱਤਰਕਾਰਾਂ ਦੀ ਟੀਮ ਮੌਕੇ 'ਤੇ ਪਹੁੰਚੀ ਤਾਂ ਸੈਂਕੜੇ ਲੋਕ, ਜਿਨ੍ਹਾਂ ਵਿੱਚ ਕਿਸਾਨ ਯੂਨੀਅਨਾਂ ਦੇ ਵਰਕਰ ਵੀ ਸ਼ਾਮਲ ਸਨ, ਗੁਰਦੁਆਰਾ ਸਾਹਿਬ ਵਿੱਚ ਪਹੁੰਚ ਚੁੱਕੇ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਸੇਵਾਦਾਰ ਸੁਬੇਗ ਸਿੰਘ ਨੇ ਕਿਹਾ ਕਿ ਉਹ ਇਸ ਲੋਕ ਭਲੇ ਦੇ ਕਾਰਜ ਲਈ ਇਸ ਮਾਮਲੇ 'ਤੇ ਲੋਕਾਂ ਦੀ ਹਾਜ਼ਰੀ ਵਿੱਚ ਗੱਲ ਕਰਨ ਲਈ ਤਿਆਰ ਹਨ ਅਤੇ ਜੇਕਰ ਬੈਂਕ ਦੀ ਰਕਮ ਬਣਦੀ ਹੈ ਤਾਂ ਉਹ ਨਿਲਾਮੀ ਨਾਲੋਂ ਵੱਧ ਰਕਮ ਦੇਣ ਲਈ ਵੀ ਗੱਲਬਾਤ ਰਾਹੀਂ ਨਿਬੇੜਾ ਕਰ ਸਕਦੇ ਹਨ। ਉੱਥੇ ਹਾਜ਼ਰ ਲੋਕਾਂ ਦਾ ਕਹਿਣਾ ਸੀ ਕਿ ਦੁਖੀ ਲੋਕਾਂ ਨੂੰ ਸਹੂਲਤਾਂ ਮੁਹੱਈਆ ਕਰਨ ਵਾਲੇ ਗੁਰੂਘਰ 'ਤੇ ਕੀਤੀ ਜਾਣ ਵਾਲੀ ਕਿਸੇ ਵੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ...ਸ.ਫ਼ਾ 1 ਦੇ ਬਾਕੀ

### ਠਾਕਰੇ ਸਿਰਫ ਬ੍ਰਾਂਡ...

ਹਨ। ਇਹ ਮਰਾਠੀ ਮਨੂਆਂ, ਮਹਾਰਾਸ਼ਟਰ ਅਤੇ ਹਿੰਦੂ ਸਵੈਮਾਨ ਦੀ ਪਛਾਣ ਹੈ। ਕੁਝ ਲੋਕਾਂ ਨੇ ਇਸ ਪਛਾਣ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਹੈ। ਬਹੁਤ ਸਾਰੇ ਅਜਿਹਾ ਕਰਨ ਆਏ, ਪਰ ਉਹ ਖੁਦ ਮਿਟ ਗਏ।'

ਜੂਨ 2022 ਵਿੱਚ ਏਕਨਾਥ ਸ਼ਿੰਦੇ ਅਤੇ ਪਾਰਟੀ (ਸ਼ਿਵ ਸੈਨਾ) ਦੇ 39 ਵਿਧਾਇਕਾਂ ਵੱਲੋਂ ਲੀਡਰਸ਼ਿਪ ਵਿਰੁੱਧ ਬਗਾਵਤ ਕਰਨ ਤੋਂ ਬਾਅਦ ਸ਼ਿਵ ਸੈਨਾ ਦੋਫਾੜ ਹੋ ਗਈ, ਜਿਸ ਕਾਰਨ ਉਧਵ ਠਾਕਰੇ ਦੀ ਅਗਵਾਈ ਵਾਲੀ ਮਹਾਂ ਵਿਕਾਸ ਅਘਾੜੀ ਸਰਕਾਰ ਡਿੱਗ ਗਈ। ਇਸ ਤੋਂ ਬਾਅਦ ਸ਼ਿੰਦੇ ਨੇ ਸਰਕਾਰ ਬਣਾਉਣ ਲਈ ਭਾਜਪਾ ਨਾਲ ਹੱਥ ਮਿਲਾਇਆ ਅਤੇ ਮੁੱਖ ਮੰਤਰੀ ਬਣੇ। ਉਪ ਮੁੱਖ ਮੰਤਰੀ ਅਤੇ ਸ਼ਿਵ ਸੈਨਾ ਮੁਖੀ ਏਕਨਾਥ ਸ਼ਿੰਦੇ 'ਤੇ ਚੁਟਕੀ ਲੈਂਦਿਆਂ ਊਧਵ ਠਾਕਰੇ ਨੇ ਕਿਹਾ ਕਿ ਕੁਝ ਵੀ ਚੋਰੀ ਕੀਤਾ ਜਾ ਸਕਦਾ ਹੈ, ਪਰ ਨਾਂਅ ਕਿਵੇਂ ਚੋਰੀ ਕਰੋਗੇ। ਠਾਕਰੇ ਨੇ ਕਿਹਾ, 'ਤੁਸੀਂ ਕਿਸੇ ਪਾਰਟੀ ਦਾ ਚੋਣ ਨਿਸ਼ਾਨ ਚੋਰੀ ਕਰ ਸਕਦੇ ਹੋ, ਪਰ ਤੁਸੀਂ ਲੋਕਾਂ ਦੇ ਪਰਵਾਰ ਲਈ ਪਿਆਰ ਅਤੇ ਵਿਸ਼ਵਾਸ ਨੂੰ ਕਿਵੇਂ ਚੋਰੀ ਕਰ ਸਕਦੇ ਹੋ? ' ਉਨ੍ਹਾ ਚੋਣ ਕਮਿਸ਼ਨ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਉਹ ਉਨ੍ਹਾਂ ਦੀ ਪਾਰਟੀ ਦਾ ਚੋਣ ਨਿਸ਼ਾਨ ਨਹੀਂ ਖੋਹ ਸਕਦਾ, ਕਿਉਂਕਿ ਸੰਵਿਧਾਨ ਅਨੁਸਾਰ ਉਨ੍ਹਾ ਦੀ ਪਾਰਟੀ ਨੇ ਕੁਝ ਗਲਤ ਨਹੀਂ ਕੀਤਾ।

### ਪਾਰਟੀ ਕਾਂਗਰਸ ਦੀ ...

ਲਿਆਉਣ ਲਈ ਖੇਤ ਮਜ਼ਦੂਰਾਂ ਨੇ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਹਰਾ ਇਨਕਲਾਬ ਤਾਂ ਆ ਗਿਆ, ਜੋ ਦੇਸ਼ ਦੀ ਅੰਨ ਆਤਮ-ਨਿਰਭਰਤਾ ਲਈ ਵਰਦਾਨ ਸਾਬਿਤ ਹੋਇਆ, ਪਰ ਖੇਤ ਮਜ਼ਦੂਰ ਹਾਸ਼ੀਆਗ੍ਰਸਤ ਹੀ ਰਿਹਾ। ਕਾਮਰੇਡ ਗੋਰੀਆ ਨੇ ਮਰਹੂਮ ਮਜ਼ਦੂਰ ਆਗੂ ਨਾਗੋਕੇ ਨੂੰ ਯਾਦ ਕਰਦਿਆਂ ਪੰਜਾਬ ਦੀ ਮਾਣਮੱਤੀ ਮਜ਼ਦੂਰ ਲਹਿਰ ਦਾ ਵਿਸਥਾਰ ਨਾਲ ਵਰਨਣ ਕੀਤਾ।

ਚੰਡੀਗੜ੍ਹ ਵਿੱਚ ਹੋ ਰਹੀ ਪਾਰਟੀ ਕਾਂਗਰਸ ਦਾ ਜ਼ਿਕਰ ਕਰਦਿਆਂ ਉਹਨਾ ਕਿਹਾ ਕਿ ਇਹ ਉਸ ਸਮੇਂ ਹੋ ਰਹੀ ਹੈ, ਜਦੋਂ ਪੂਰਾ ਸੰਸਾਰ ਸਿਆਸੀ, ਸਮਾਜੀ, ਆਰਥਿਕ ਅਤੇ ਲੋਕਤੰਤਰੀ ਸੰਕਟ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਅਜਿਹੇ ਦੌਰ ਵਿੱਚ ਇਸ ਦੀ ਇਤਿਹਾਸਿਕ ਮਹੱਤਤਾ ਵਧੇਰੇ ਵਧ ਗਈ ਹੈ। ਉਹਨਾ ਕਿਹਾ ਕਿ ਇਸ ਦੀ ਸਫਲਤਾ ਲਈ ਪੰਜਾਬ ਖੇਤ ਮਜ਼ਦੂਰ ਸਭਾ ਪੂਰਾ ਤਾਣ ਲਾਵੇਗੀ।

ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ 21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿੱਚ ਹੋ ਰਹੀ ਪਾਰਟੀ ਕਾਂਗਰਸ ਦੇ ਮੱਦੇਨਜ਼ਰ ਭਾਰਤੀ ਕਮਿਊਨਿਸਟ ਪਾਰਟੀ ਅਤੇ ਇਸ ਨਾਲ ਸੰਬੰਧਤ ਅਵਾਮੀ ਜਥੇਬੰਦੀਆਂ ਪੂਰੀ ਤਰ੍ਹਾਂ ਸਰਗਰਮੀ ਦੇ ਰੌਂਅ ਵਿੱਚ ਨਜ਼ਰ ਆ ਰਹੀਆਂ ਹਨ। ਪੰਜਾਬ ਖੇਤ ਮਜ਼ਦੂਰ ਸਭਾ ਦੀ ਅੱਜ ਦੀ ਕਨਵੈਨਸ਼ਨ ਪਾਰਟੀ ਕਾਂਗਰਸ ਨੂੰ ਸਮਰਪਿਤ ਹੈ। ਪਾਰਟੀ ਕਾਂਗਰਸ ਨਾਲ ਸੰਬੰਧਤ ਮੁਹਾਲੀ ਰੈਲੀ ਲਈ ਮਜ਼ਦੂਰ ਵਰਗ ਪੂਰੇ ਉਤਸ਼ਾਹ ਵਿੱਚ ਹੈ। ਕਨਵੈਨਸ਼ਨ ਦਾ ਉਤਸ਼ਾਹੀ ਮਾਹੌਲ ਇਸ ਗੱਲ ਦਾ ਗਵਾਹ ਹੈ।

ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦੀ ਗੱਲ ਕਰਦਿਆਂ ਸਰਹਾਲੀ ਕਲਾਂ ਨੇ ਕਿਹਾ ਕਿ ਇਹਨਾਂ ਦਾ ਸਭ ਤੋਂ ਵੱਧ ਮਾਰੂ ਅਸਰ ਖੇਤ ਮਜ਼ਦੂਰਾਂ 'ਤੇ ਪੈ ਰਿਹਾ ਹੈ। ਉਹਨਾ ਦੇਸ਼ ਭਰ ਵਿੱਚ ਸਮਾਜਿਕ ਤੇ ਆਰਥਿਕ ਅੱਤਿਆਚਾਰਾਂ ਦੀ ਗੱਲ ਕਰਦਿਆਂ ਪੰਜਾਬ ਦੇ ਦਾਨ ਸਿੰਘ ਵਾਲਾ ਅਤੇ ਚੰਦ ਭਾਨ ਪਿੰਡ ਵਿੱਚ ਮਜ਼ਦੂਰ ਵਰਗ ਦੇ ਘਰਾਂ ਨੂੰ ਬੰਬਾਂ ਨਾਲ ਢਾਹੁਣ ਅਤੇ ਉਹਨਾਂ ਦੇ ਮਾਰੂ ਹਥਿਆਰਾਂ ਨਾਲ ਕੀਤੇ ਹਮਲਿਆਂ ਦਾ ਉਚੇਚ ਨਾਲ ਜ਼ਿਕਰ ਕੀਤਾ। ਸਰਹਾਲੀ ਕਲਾਂ ਨੇ ਕਿਹਾ ਕਿ ਗੁਰੂਆਂ, ਪੀਰਾਂ ਦੀ ਧਰਤੀ ਪੰਜਾਬ ਵਿੱਚ ਵੀ ਕਈ ਥਾਈਂ ਔਰਤਾਂ ਦੀ ਅਜ਼ਮਤ ਰੋਲਣ ਦੀਆਂ ਘਟਨਾਵਾਂ ਵੀ ਵਾਪਰ ਰਹੀਆਂ ਹਨ। ਇਹ ਵਰਤਾਰਾ ਰੋਕਣ ਲਈ ਅਸਰਦਾਰ ਢੰਗ ਬਣਾਏ ਜਾਣ ਦੀ ਜ਼ਰੂਰਤ ਹੈ।

ਮਜ਼ਦੂਰ ਆਗੂ ਨੇ ਮਨਰੇਗਾ ਸਕੀਮ ਦੀ ਗੱਲ ਕਰਦਿਆਂ ਕਿਹਾ ਕਿ ਇਹ ਸਕੀਮ ਮਜ਼ਦੂਰ ਵਰਗ ਲਈ ਕੁਝ ਸਹਾਰਾ ਹੈ, ਪਰ ਇਸ ਦੇ ਬਜਟ ਵਿੱਚ ਲਗਾਤਾਰ ਕੱਟ ਲਾ ਕੇ ਇਸ ਨੂੰ ਵੀ ਲੰਗੜਾ ਕੀਤਾ ਜਾ ਰਿਹਾ ਹੈ। ਉਹਨਾ ਮਜ਼ਦੂਰ ਵਰਗ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਦਾ ਵਰਨਣ ਕਰਦਿਆਂ ਇਨ੍ਹਾਂ ਦੇ ਹੱਲ ਲਈ ਸੰਘਰਸ਼ ਦਾ ਪਿੜ ਮੱਲਣ ਦਾ ਜ਼ੋਰਦਾਰ ਹੋਕਾ ਦਿੱਤਾ।ਕੁੱਲ ਹਿੰਦ ਕਿਸਾਨ ਸਭਾ ਦੇ ਕਾਰਜਕਾਰੀ ਪ੍ਰਧਾਨ ਮਹਾਂਵੀਰ ਸਿੰਘ ਪੱਟੀ ਨੇ ਕਾਮਯਾਬ ਕਨਵੈਨਸ਼ਨ ਦੀ ਵਧਾਈ ਦਿੰਦਿਆਂ ਕਿਹਾ ਕਿ ਇਹ ਆਪਣੇ ਥਾਂ ਹਾਂ-ਪੱਖੀ ਗੱਲ ਹੈ ਕਿ ਪੰਜਾਬ ਖੇਤ ਮਜ਼ਦੂਰ ਸਭਾ ਦੀ ਵਾਗਡੋਰ ਪੜ੍ਹੇ-ਲਿਖੇ ਤੇ ਸਮਰਪਿਤ ਆਗੂਆਂ ਦੇ ਹੱਥ ਵਿੱਚ ਹੈ।

ਕਿਸਾਨ ਸਭਾ ਦੇ ਸੂਬਾਈ ਆਗੂ ਲਖਬੀਰ ਸਿੰਘ ਨਿਜ਼ਾਮਪੁਰ ਨੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸੁਚੇਤ ਰਹਿਣ ਦਾ ਸੱਦਾ ਦਿੰਦਿਆਂ ਕਿਹਾ ਕਿ ਹਾਕਮਾਂ ਦੇ ਪੰਜਾਬ ਦੇ ਖੇਤ ਖੋਹਣ ਦੇ ਮਨਸੂਬਿਆਂ ਵਿੱਚ ਕੋਈ ਢਿੱਲ ਨਹੀਂ ਆਈ। ਨਿਜ਼ਾਮਪੁਰ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਨਹੁੰ-ਮਾਸ ਦੇ ਰਿਸ਼ਤੇ ਦੀ ਵੀ ਗੱਲ ਕੀਤੀ। ਕਨਵੈਨਸ਼ਨ ਨੂੰ ਕੁਲਬੀਰ ਸਿੰਘ ਕਸੇਲ, ਗਿਆਨ ਸਿੰਘ ਸੈਦਪੁਰੀ, ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਅਤੇ ਮੰਗਲ ਸਿੰਘ ਖਜਾਲਾ ਨੇ ਵੀ ਸੰਬੋਧਨ ਕੀਤਾ। ਕਨਵੈਨਸ਼ਨ ਉਪਰੰਤ ਬਾਜ਼ਾਰਾਂ ਵਿੱਚ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।ਹੋਰਨਾਂ ਤੋਂ ਇਲਾਵਾ ਬਿਜਲੀ ਕਾਮਿਆਂ ਦੀ ਆਗੂ ਬਲਜਿੰਦਰ ਕੌਰ ਭੱਟੀ, ਮੇਜਰ ਸਿੰਘ ਦਾਰਾਪੁਰ, ਸੁਖਦੇਵ ਭਲਾਈਪੁਰ, ਚਰਨ ਜਲਾਲਾਬਾਦ, ਲਾਲ ਸਿੰਘ ਵਲਟੋਹਾ, ਗੁਰਵਿੰਦਰ ਸਿੰਘ ਬਾਕੀਪੁਰ, ਮਨਪ੍ਰੀਤ ਬਾਕੀਪੁਰ, ਸਰਵਣ ਸਿੰਘ ਕਿਰਤੋਵਾਲ, ਸਰਬਜੀਤ ਕੌਰ ਕਿਰਤੋਵਾਲ, ਬਲਜਿੰਦਰ ਸਿੰਘ ਸਰਹਾਲੀ ਕਲਾਂ, ਪਰਮਜੀਤ ਕੌਰ, ਸੀਮਾ ਸਰਹਾਲੀ ਕਲਾ, ਬਲਵਿੰਦਰ ਸਿੰਘ ਕੋਟ ਧਰਮ ਚੰਦ ਕਲਾਂ, ਸਾਜਨਦੀਪ ਤਰਨ ਤਾਰਨ, ਜਸਪਾਲ ਸਿੰਘ ਫਤਿਆਬਾਦ, ਅਮਨਦੀਪ ਸਿੰਘ ਭੱਠਲ, ਸਤਨਾਮ ਸਿੰਘ ਸੇਰੋਂ, ਰਾਜਵਿੰਦਰ ਕੌਰ ਕੰਬੋ ਢਾਏ ਵਾਲਾ, ਅੰਜੂ ਰਾਣੀ ਘੁਰਕਵਿੰਡ, ਹੀਰਾ ਸਿੰਘ ਖਡੂਰ ਸਾਹਿਬ, ਨਰਿੰਦਰਪਾਲ ਸਿੰਘ ਖਡੂਰ ਸਾਹਿਬ, ਮਨਜੀਤ ਕੌਰ ਕਡਿਆਲਾ, ਸਤਨਾਮ ਸਿੰਘ ਗਿੱਲ, ਨਿਰਮਲ ਸਿੰਘ ਵੜੈਚ, ਸਖਦੇਵ ਸਿੰਘ ਮੂਸੇ, ਗੁਰਦੀਪ ਸਿੰਘ ਸੁਰਸਿੰਘ, ਸਰਬਜੀਤ ਕੌਰ ਕਲੇਰ, ਰਤਨ ਸਿੰਘ ਫੈਲੋਕੇ, ਬਲਜਿੰਦਰ ਕੌਰ ਪੱਟੀ, ਬੂਟਾ ਸਿੰਘ ਦਾਰਾਪੁਰ, ਪੱਪਾ ਮਸੀਹ ਚੂਸਲੇਵੜ, ਰਾਜਵਿੰਦਰ ਕੌਰ ਨੌਸ਼ਹਿਰਾ ਪਨੂੰਆਂ, ਜਸਬੀਰ ਸਿੰਘ ਵੈਰੋਵਾਲ ਬਾਵਿਆਂ ਤੇ ਕੁਲਵੰਤ ਸਿੰਘ ਲਾਲਪੁਰ ਆਦਿ ਮੌਜੂਦ ਸਨ।

## ਨਗਰ ਕੌਂਸਲ ਨੇ ਘਰ-ਘਰ ਜਾ ਕੇ ਪਾਣੀ ਦੇ ਸੈਂਪਲ ਲਏ


**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨਗਰ ਕੌਂਸਲ ਮਾਛੀਵਾੜਾ ਸਾਹਿਬ ਵੱਲੋਂ ਸ਼ਹਿਰ ਵਿੱਚ ਵੱਖ ਵੱਖ ਥਾਵਾਂ 'ਤੇ ਘਰ-ਘਰ ਜਾ ਕੇ ਪਾਣੀ ਦੇ ਸੈਂਪਲ ਲਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਯੋਗ ਰਹਿਨੁਮਾਈ ਹੇਠ ਕਾਰਜ ਸਾਧਕ ਅਫ਼ਸਰ ਹਰਨਰਿੰਦਰ ਸਿੰਘ ਤੇ ਸਮੂਹ ਕੌਂਸਲਰਾਂ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗਰਮੀ ਤੇ ਬਰਸਾਤ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਵੱਖ-ਵੱਖ ਵਾਰਡਾਂ ਵਿੱਚ ਘਰ-ਘਰ ਜਾ ਕੇ ਪਾਣੀ ਦੇ ਸੈਂਪਲ ਲਏ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਾਣੀ ਦੇ ਸੈਂਪਲਾਂ ਦੀ ਗੁਣਵੱਤਾ ਐੱਚ2 ਐੱਸ ਵੀਅਲਸ (ਸਟਰਿਪ ਵਿਧੀ) ਦੀ ਮੱਦਦ ਨਾਲ ਚੈੱਕ ਕੀਤੀ ਜਾਣੀ ਹੈ। ਪ੍ਰਧਾਨ ਕੁੰਦਰਾ ਨੇ ਕਿਹਾ ਕਿ ਇਸ ਸਬੰਧੀ ਨਗਰ ਕੌਂਸਲ ਵੱਲੋਂ 4 ਟੀਮਾਂ ਗਠਿਤ ਕੀਤੀਆਂ ਗਈਆਂ ਹਨ, ਜੋ ਪਾਣੀ ਦੇ ਸੈਂਪਲ ਇਕੱਠੇ ਕਰ ਰਹੀਆਂ ਹਨ। ਇਸ ਮੌਕੇ ਲੇਖਾਕਾਰ ਸੰਜੀਵ ਕੁਮਾਰ, ਸੈਨੇਟਰੀ ਇੰਸਪੈਕਟਰ ਸੁਖਦੇਵ ਸਿੰਘ, ਰੋਹਿਤ ਜੈਨ, ਰਾਜ ਕੁਮਾਰ, ਜਗਵੀਰ ਸਿੰਘ, ਭੁਪਿੰਦਰ ਸਿੰਘ, ਮਨੋਜ ਕੁਮਾਰ, ਮੇਜਰ ਸਿੰਘ, ਰਾਹੁਲ ਢਿੱਲੋਂ, ਲਾਭ ਸਿੰਘ, ਚਰਨਜੀਤ ਸਿੰਘ, ਹਰਵਿੰਦਰ ਕੌਰ, ਗਰਿਮਾ, ਗਗਨਪ੍ਰੀਤ ਕੌਰ, ਸੁਮਨ ਕੌਰ, ਹਰਮਨਪ੍ਰੀਤ ਕੌਰ ਹਾਜ਼ਰ ਸਨ।

## ਏ ਐੱਸ ਆਈ ਗੁਰਤੇਜ ਸਿੰਘ ਬਣੇ ਸਬ-ਇੰਸਪੈਕਟਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਪੁਲਸ ਵਿੱਚ ਤਾਇਨਾਤ ਏ.ਐੱਸ.ਆਈ. ਗੁਰਤੇਜ ਸਿੰਘ, ਜੋ ਕਿ ਇੰਚਾਰਜ ਦੋਦਾ ਵਿਖੇ ਆਪਣੀ ਡਿਊਟੀ ਨਿਭਾਅ ਰਹੇ ਹਨ, ਨੂੰ ਵਧੀਆ ਡਿਊਟੀ ਕਰਨ 'ਤੇ ਸਭ ਇੰਸਪੈਕਟਰ ਪੱਦਉਨਤ ਕੀਤਾ ਗਿਆ।ਇਸ ਮੌਕੇ ਤਰੱਕੀ ਦੇ ਸਟਾਰ ਐੱਸ.ਐੱਸ.ਪੀ. ਸ਼੍ਰੀ ਮੁਕਤਸਰ ਸਾਹਿਬ ਵੱਲੋਂ ਲਗਾਏ ਗਏ।

## ਸਕੂਲ 'ਚ ਬੱਚਿਆਂ ਨੂੰ ਫਿਲਮ ਵਿਖਾਈ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਬੱਚਿਆਂ ਨੂੰ ਸਕੂਲ ਵਿੱਚ ਸਿਨਮੇ ਵਰਗਾ ਮਾਹੌਲ ਬਣਾ ਕੇ ਫਿਲਮ ਵਿਖਾਈ ਗਈ।ਅੱਜ ਦੇ ਨਵੇਂ ਤੇ ਰੁਚਿਕਰ ਢੰਗ ਨਾਲ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸਕੂਲ ਵਿੱਚ ਇੱਕ ਵਿਸ਼ੇਸ਼ ਗਤੀਵਿਧੀ ਕਰਵਾਈ ਗਈ, ਜਿਸ ਅਧੀਨ ਸਿਨੇਮੇ ਵਰਗਾ ਵਿਸ਼ੇਸ਼ ਮਾਹੌਲ ਤਿਆਰ ਕਰਕੇ ਵਿਦਿਆਰਥੀਆਂ ਨੂੰ ਮਨੋਰੰਜਨ ਆਤਮਿਕ ਤੇ ਸਿੱਖਣ ਯੋਗ ਫਿਲਮ ਦਿਖਾਈ ਗਈ।ਸਕੂਲ ਦੇ ਐਕਟੀਵਿਟੀ ਕਮਰੇ ਨੂੰ ਥੀਏਟਰ ਵਾਂਗ ਸਜਾਇਆ ਗਿਆ।ਪ੍ਰੋਜੈਕਟਰ ਆਡੀਓ ਸਿਸਟਮ, ਹਨੇਰਕਾਰੀ ਬੈਠਕਾਂ ਤੇ ਹਨੇਰੀ ਵਾਤਾਵਰਨ ਅਤੇ ਖਾਣ-ਪੀਣ ਦਾ ਸਾਮਾਨ ਨੇ ਬੱਚਿਆਂ ਨੂੰ ਇੱਕ ਅਸਲੀ ਸਿਨੇਮੇ ਦਾ ਅਨੁਭਵ ਦਿੱਤਾ।ਬੱਚਿਆਂ ਨੇ ਬੜੇ ਹੀ ਉਤਸ਼ਾਹ ਨਾਲ ਫਿਲਮ ਦਾ ਆਨੰਦ ਮਾਣਿਆ।ਇਸ ਗਤੀਵਿਧੀ ਰਾਹੀਂ ਨਾ ਸਿਰਫ ਉਨ੍ਹਾਂ ਨੂੰ ਮਨੋਰੰਜਨ ਮਿਲਿਆ, ਸਗੋਂ ਉਨ੍ਹਾਂ ਫਿਲਮ ਰਾਹੀਂ ਸਮਾਜਿਕ ਜ਼ਿੰਮੇਵਾਰੀਆਂ ਬਾਰੇ ਵੀ ਸਿੱਖਿਆ ਪ੍ਰਾਪਤ ਕੀਤੀ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਦੱਸਿਆ ਕਿ ਇਨ੍ਹਾਂ ਤਰੀਕਿਆਂ ਰਾਹੀਂ ਸਿੱਖਣ ਦੀ ਪ੍ਰਕਿਰਿਆ ਨਿਰਸ ਨਹੀਂ ਰਹਿੰਦੀ ਤੇ ਵਿਦਿਆਰਥੀਆਂ ਵਿੱਚ ਨਵੀਨਤਾ ਲਈ ਰੁਝਾਨ ਵੱਧਦਾ ਹੈ। ਅਗਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੀਆਂ ਹੋਰ ਰੌਚਕ ਤੇ ਸਿੱਖਣ ਯੋਗ ਗਤੀਵਿਧੀਆਂ ਕਰਵਾਈਆਂ ਜਾਣਗੀਆਂ।

## ਜੇ ਐੱਮ ਐੱਸ ਨੇ ਲਵਾਇਆ ਆਸਟ੍ਰੇਲੀਆ ਦਾ ਵਿਜ਼ਿਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ-ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਵੱਲੋਂ ਬਹੁਤ ਹੀ ਘੱਟ ਉਮਰ ਵਾਲਿਆਂ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਸੁਖਦੇਵ ਸਿੰਘ ਬਰਾੜ ਤੇ ਵੀਰਪਾਲ ਕੌਰ ਬਰਾੜ ਵਾਸੀ ਲੰਗੇਆਣਾ ਦਾ ਆਸਟ੍ਰੇਲੀਆ ਦਾ ਵਿਜ਼ਿਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਉਨ੍ਹਾ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਆਸਟ੍ਰੇਲੀਆ ਦਾ ਵਿਜ਼ਿਟਰ ਵੀਜ਼ਾ ਪ੍ਰਾਪਤ ਹੋਇਆ ਹੈ। ਦੱਸਣਯੋਗ ਹੈ ਕਿ ਮਾਹਿਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖ਼ਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਸੰਸਥਾ ਦੀ ਐੱਮ ਡੀ ਅਮ੍ਰਿਤਪਾਲ ਕੌਰ ਮਾਨ ਤੇ ਸਟਾਫ ਮੈਂਬਰ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਲੱਗੀਆਂ ਕਾਪੀਆਂ ਸੌਂਪਦੇ ਹੋਏ ਵਧਾਈ ਦਿੱਤੀ।

ਨਵਾਂ ਜ਼ਮਾਨਾ ਪੋਸਟ ਬਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਵਿਧਾਇਕ ਰੰਧਾਵਾ ਵੱਲੋਂ ਲੋਕਾਂ ਨੂੰ ਨਸ਼ਾ ਵੇਚਣ ਵਾਲਿਆਂ ਦੀ ਜਾਣਕਾਰੀ ਪੁਲਸ ਨੂੰ ਦੇਣ ਦੀ ਅਪੀਲ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਨਸ਼ਾ ਮੁਕਤੀ ਯਾਤਰਾ ਲੋਕ ਲਹਿਰ



ਬਣ ਰਹੀ ਹੈ ਅਤੇ ਲੋਕਾਂ ਦੇ ਸਹਿਯੋਗ ਨਾਲ ਸੂਬੇ ਵਿਚੋਂ ਨਸ਼ਿਆਂ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾਵੇਗਾ।ਇਹ ਐਲਾਨ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀਤੀ ਸ਼ਾਮ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਮਾਲੇਵਾਲ, ਅਲਾਵਲਵਾਲ, ਕੋਟ ਮੌਲਵੀ, ਵੀਰਾਨ ਕੋਟਲੀ, ਪਰਾਚਾ, ਪੱਬਾਂਰਾਲੀ ਖੁਰਦ, ਹਕੀਮਬੇਗ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਕੀਤੀਆਂ ਜਾਗਰੂਕਤਾ ਸਭਾਵਾਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨਸ਼ਿਆਂ ਨੂੰ ਮੁਕੰਮਲ ਤੌਰ 'ਤੇ ਖਤਮ ਕਰਨ ਲਈ ਪੂਰੀ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਵੱਡੇ ਪੱਧਰ ਤੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਜੇਲ ਭੇਜਿਆ ਗਿਆ ਹੈ ਅਤੇ ਨਸ਼ਾ ਵੇਚ ਕੇ ਬਣਾਈਆਂ ਉਨ੍ਹਾਂ ਦੀ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਹਿ-ਢੇਰੀ ਕੀਤਾ ਗਿਆ ਹੈ।ਵਿਧਾਇਕ ਰੰਧਾਵਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਨਜ਼ਦੀਕ ਕੋਈ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।ਜੇਕਰ ਕੋਈ ਨਸ਼ੇ ਤੋਂ ਪੀੜਤ ਹੈ ਤਾਂ ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ, ਸਰਕਾਰ ਵੱਲੋਂ ਉਸਦਾ ਮੁਫਤ ਇਲਾਜ ਕਰਕੇ ਨਸ਼ਾ ਛੁਡਾਇਆ ਜਾਵੇਗਾ ਅਤੇ ਨਾਲ ਹੀ ਉਸਦਾ ਪੁਨਰਵਾਸ ਵੀ ਕੀਤਾ ਜਾਵੇਗਾ।ਇਸ ਮੌਕੇ ਡੀਐੱਸਪੀ ਜੋਗਾ ਸਿੰਘ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਮਨਦੀਪ ਕੌਰ, ਐਸਐੱਚਓ ਸਤਪਾਲ ਸਿੰਘ, ਨਸ਼ਾ ਛਡਾਊ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਪਲਵਿੰਦਰ ਸਿੰਘ ਘਣੀਆਂ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਰਾਜਾ ਮੱਲੀ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਪੀਐੱਨਬੀ ਜੀ. ਟੀ. ਰੋਡ ਬਰਾਂਚ ਗੁਰਦਾਸਪੁਰ ਲੋਕਾਂ ਨੂੰ ਵਧੀਆ ਸੇਵਾਵਾਂ ਦੇਣ ਲਈ ਵਚਨਬੱਧ : ਚੀਫ਼ ਮੈਨੇਜਰ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਨੈਸ਼ਨਲ ਬੈਂਕ ਜੀ. ਟੀ. ਰੋਡ ਬਰਾਂਚ ਗੁਰਦਾਸਪੁਰ ਦਿਨ-ਬ-ਦਿਨ ਸੰਜੀਤ ਕੁਮਾਰ ਸਰਕਲ ਹੈਡ ਪਠਾਨਕੋਟ ਦੀ ਅਗਵਾਈ ਤੇ ਨਰਿੰਦਰ ਕੁਮਾਰ ਸ਼੍ਰੀਵਾਸਤਵ ਚੀਫ ਮੈਨੇਜਰ ਦੀ ਦੇਖ-ਰੇਖ ਹੇਠ ਤਰੱਕੀ ਵੱਲ ਵੱਧ ਰਿਹਾ ਹੈ।ਇਹ ਬਰਾਂਚ ਗੁਰਦਾਸਪੁਰ ਸ਼ਹਿਰ ਦੀ ਸਭ ਤੋਂ ਪੁਰਾਣੀ ਬ੍ਰਾਂਚ ਹੈ ਅਤੇ ਇੱਥੇ ਗ੍ਰਾਹਕਾਂ ਦੀ ਹਰ ਮੁਸ਼ਕਿਲ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਂਦਾ ਹੈ।ਬਰਾਂਚ ਦੀ ਕਾਰਗੁਜ਼ਾਰੀ ਸਬੰਧੀ ਜਾਣਕਾਰੀ ਦਿੰਦੇ ਹੋਏ ਚੀਫ ਮੈਨੇਜਰ ਨਰਿੰਦਰ ਕੁਮਾਰ ਨੇ ਦੱਸਿਆ ਕਿ ਬੈਂਕ ਕਰਮਚਾਰੀਆਂ ਦੇ ਚੰਗੇ ਵਿਵਹਾਰ ਕਾਰਨ ਇੱਥੇ 27 ਹਜ਼ਾਰ ਦੇ ਕਰੀਬ ਖਾਤਾਧਾਰਕ ਬੈਂਕ ਨਾਲ ਜੁੜੇ ਹੋਏ ਹਨ।ਉਨ੍ਹਾਂ ਦੱਸਿਆ ਕਿ ਸੰਜੀਤ ਕੁਮਾਰ ਸਰਕਲ ਹੈਡ ਦੀ ਰਹਿਨੁਮਾਈ ਹੇਠ ਇਸ ਵੇਲੇ ਬੈਂਕ ਵਿਚ 232 ਕਰੋੜ ਰੁਪਏ ਜਮ੍ਹਾਂ ਹਨ ਜਦਕਿ ਉਨ੍ਹਾਂ ਦੇ



ਜੁਆਇਨ ਕਰਨ ਤੋਂ ਪਹਿਲਾਂ 210 ਕਰੋੜ ਰੁਪਏ ਜਮ੍ਹਾਂ ਸਨ।ਐਡਵਾਂਸ ਸਬੰਧੀ ਉਨ੍ਹਾਂ ਦੱਸਿਆ ਕਿ 48 ਕਰੋੜ ਰੁਪਏ ਦੇ ਕਰੀਬ ਕਰਜ਼ੇ ਦਿੱਤੇ ਗਏ ਹਨ ਜਿਸ ਵਿੱਚ ਖੇਤੀਬਾੜੀ ਸੈਕਟਰ ਵਜੋਂ ਲਗਭਗ 5 ਕਰੋੜ ਰੁਪਏ ਅਤੇ ਵਪਾਰ ਸਬੰਧੀ 43 ਕਰੋੜ ਰੁਪਏ ਦਿੱਤੇ ਹੋਏ ਹਨ। ਉਨ੍ਹਾਂ ਦੱਸਿਆ ਕਿ ਬੈਂਕ ਨਾਲ 7500 ਦੇ ਕਰੀਬ ਪੈਨਸ਼ਨਰ ਖਾਤਾਧਾਰਕ ਜੁੜੇ ਹੋਏ ਹਨ। ਇਸ ਤੋਂ ਇਲਾਵਾ ਬੈਂਕ ਵਿਖੇ ਇਕ ਏਟੀਐਮ. ਲੱਗਾ ਹੋਇਆ ਹੈ।ਬੈਂਕ ਵੱਲੋਂ ਲੋਕਾਂ ਦੀ ਸਹੂਲਤ ਵਾਸਤੇ ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸਵਾਸਥ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ, ਏਟੀਐਮ ਕਾਰਡ ਰਿਨਿਊਵੇਂਸ ਆਦਿ ਦੀਆਂ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਹਨ।ਉਨ੍ਹਾਂ ਦੱਸਿਆ ਕਿ ਖਾਤਾਧਾਰਕਾਂ ਨੂੰ ਘੱਟ-ਘੱਟ ਬਕਾਇਆ ਰਕਮ ਰੱਖਣ 'ਤੇ ਕੋਈ ਚਾਰਜ ਨਹੀਂ ਲੱਗਦਾ। ਇਸ ਤੋਂ ਇਲਾਵਾ ਹਾਦਸੇ ਸਬੰਧੀ ਬੀਮਾ ਕਵਰ ਕੀਤਾ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਏਅਰਪੋਰਟ ਲਾਉਂਜ ਸਬੰਧੀ ਸਹੂਲਤ ਵੀ ਦਿੱਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਮੈਨੇਜਰ ਸ਼ਿਵ ਦਿਆਲ, ਸੀਨੀਅਰ ਮੈਨੇਜਰ ਜਯੋਤੀ ਭਾਟੀਆ, ਮੈਨੇਜਰ ਦਲਜੀਤ ਕੁਮਾਰ, ਮੈਨੇਜਰ ਕੁਲਦੀਪ ਕੌਰ, ਅਨੁਰਾਗ ਬੈਂਸ, ਪ੍ਰੀਤੋ ਦੇਵੀ, ਹਰਜਿੰਦਰ ਸਿੰਘ, ਸੋਨੀਆ ਦੇਵੀ, ਪਵਨ ਕੁਮਾਰ, ਪ੍ਰਿਤਪਾਲ ਸਿੰਘ, ਰੇਖਾ ਰਾਣੀ ਤੇ ਮੰਗਲ ਪ੍ਰਸ਼ਾਦ ਆਦਿ ਬੈਂਕ ਕਰਮਚਾਰੀ ਹਾਜ਼ਰ ਸਨ।

# ਪੰਜਾਬ ਸਰਕਾਰ ਨੇ ਨਹਿਰੀ ਪਾਣੀ ਦੀ ਵਰਤੋਂ 'ਚ ਤਿੰਨ ਗੁਣਾ ਵਾਧਾ ਕੀਤਾ : ਈ ਟੀ ਓ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਜੰਡਿਆਲਾ ਗੁਰੂ ਵਿਖੇ ਨਹਿਰੀ ਵਿਭਾਗ ਦੇ ਰੈਸਟ ਹਾਊਸ ਦੀ ਇਮਾਰਤ ਦੀ ਰੈਨੋਵੇਸ਼ਨ ਦੇ ਕੰਮਾਂ ਦਾ ਉਦਘਾਟਨ ਕਰਦਿਆਂ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਸਾਡੀ ਸਰਕਾਰ ਨੇ



ਨਹਿਰੀ ਪਾਣੀ ਦੀ ਵਰਤੋਂ ਜੋ ਕਿ ਲਗਭਗ ਬੰਦ ਹੋ ਚੁੱਕੀ ਸੀ, ਵਿੱਚ ਤਿੰਨ ਗੁਣਾ ਵਾਧਾ ਕੀਤਾ ਹੈ। ਉਨ੍ਹਾਂ ਦੱਸਿਆ ਕਿ 2022 ਤੱਕ ਕੇਵਲ 21 ਫੀਸਦੀ ਖੇਤਾਂ ਤੱਕ ਨਹਿਰੀ ਪਾਣੀ ਪਹੁੰਚ ਰਿਹਾ ਸੀ ਜਦ ਕਿ ਹੁਣ ਅਸੀਂ ਨਹਿਰਾਂ ਸੂਇਆਂ, ਖਾਲਿਆਂ ਦੀ ਮੁਰੰਮਤ ਕਰਕੇ 63 ਫੀਸਦੀ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਕਿਸਾਨਾਂ ਨੂੰ ਫਾਇਦਾ ਹੋਇਆ ਹੈ, ਉੱਥੇ ਹੀ ਜ਼ਮੀਨ ਹੇਠਲਾ ਪਾਣੀ ਬਚਿਆ ਹੈ ਅਤੇ ਦੂਸਰਾ ਜ਼ਮੀਨ ਵਿੱਚੋਂ ਪਾਣੀ ਕੱਢਣ ਲਈ ਕੀਤੀ ਜਾਂਦੀ ਬਿਜਲੀ ਦੀ ਵਰਤੋਂ ਘੱਟ ਹੋਈ ਹੈ।ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਅੰਗਰੇਜ਼ਾਂ ਵੱਲੋਂ ਬਣਾਇਆ ਗਿਆ ਨਹਿਰੀ ਪਾਣੀ ਦਾ ਇਹ ਸਿਸਟਮ ਉਨ੍ਹਾਂ ਦੇ ਜਾਣ ਤੋਂ ਬਾਅਦ ਸਰਕਾਰਾਂ ਨੇ ਇੰਨਾ ਕੁ ਅੱਖੋਂ ਪਰੋਖੇ ਕਰ ਦਿੱਤਾ ਕਿ ਸਾਡੇ ਕਿਸਾਨ ਨਹਿਰੀ ਪਾਣੀ ਹੋਰ ਸੂਏ ਵਰਤਣ ਲੱਗ ਪਏ ਅਤੇ ਅਸੀਂ ਜ਼ਮੀਨ ਹੇਠੋਂ ਪਾਣੀ ਕੱਢ ਕੇ ਕੰਮ ਚਲਾਉਣ ਲੱਗ ਪਏ।ਉਨ੍ਹਾਂ ਕਿਹਾ ਕਿ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਬਾਰਾ ਇਸ ਵਿਭਾਗ ਨਾਲ ਲੈ ਕੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣਾ ਸ਼ੁਰੂ ਕੀਤਾ ਹੈ ਅਤੇ ਆਸ ਹੈ ਕਿ ਅਗਲੇ ਸਾਲ ਅਸੀਂ 90 ਫੀਸਦੀ ਖੇਤਾਂ ਨੂੰ ਕਵਰ ਕਰ ਲਵਾਂਗੇ।

# ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਲੋਕਾਂ ਦੇ ਭਰਵੇਂ ਸਹਿਯੋਗ ਦੀ ਲੋੜ : ਐਡ. ਅਮਰਪਾਲ ਸਿੰਘ

**ਸ੍ਰੀ ਹਰਗੋਬਿੰਦਪੁਰ ਸਾਹਿਬ (ਡਾ. ਮਲਵਿੰਦਰ ਸਿੰਘ)**- ਪੰਜਾਬ ਸਰਕਾਰ ਵੱਲੋਂ ਰਾਜ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਪੜਾਅ ਤਹਿਤ ਨਸ਼ਾ ਮੁਕਤੀ ਯਾਤਰਾ



ਯਾਤਰਾਵਾਂ ਤਹਿਤ ਵਿਧਾਇਕ ਐਡਵੋਕੈਟ ਅਮਰਪਾਲ ਸਿੰਘ ਕਿਸ਼ਨਕੋਟ ਦੀ ਅਗਵਾਈ ਹੇਠ ਪਿੰਡ ਆਦੋਵਾਲੀ, ਲੱਡੂਭਾਣਾ ਅਤੇ ਸੇਖਵਾਂ ਵਿਖੇ ਸਮਾਗਮ ਕਰਵਾਏ ਗਏ।ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਨਸ਼ੇ ਵਿਰੁੱਧ ਲੜਾਈ ਨੂੰ ਲੋਕ ਲਹਿਰ ਬਣਾਉਣਾ ਹੈ, ਕਿਉਂਕਿ ਲੋਕਾਂ ਦੇ ਸਹਿਯੋਗ ਨਾਲ ਹੀ ਰਾਜ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਗਈ ਇਸ ਲੜਾਈ ਨੂੰ ਨਿਰਣਾਇਕ ਅੰਜਾਮ ਤੱਕ ਪਹੁੰਚਾਇਆ ਜਾ ਸਕਦਾ ਹੈ।ਉਨ੍ਹਾਂ ਨੇ ਕਿਹਾ ਕਿ ਸਮਾਜ ਦਾ ਹਰ ਵਰਗ, ਪੰਚਾਇਤ, ਮਾਤਾ-ਪਿਤਾ ਇਸ ਅੰਦੋਲਨ ਨਾਲ ਜੁੜਨ ਤਾਂ ਜੋ ਨਸ਼ੇ ਦੇ ਦੈਂਤ ਨੂੰ ਹਰਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਨਸ਼ੇ ਦੇ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ ਲੋਕਾਂ ਦੇ ਸਹਿਯੋਗ ਨਾਲ ਲੋਕ ਲਹਿਰ ਬਣ ਰਹੀ ਹੈ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਜ਼ੀਰੋ ਟਾਲਰੈਂਸ ਨੀਤੀ 'ਤੇ ਕੰਮ ਕਰ ਰਹੀ ਹੈ ਅਤੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਜੇਕਰ ਕੋਈ ਨਸ਼ਾ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਜ਼ਰੂਰ ਹੋਵੇਗੀ ਅਤੇ ਕਿਸੇ ਨੂੰ ਵੀ ਨਹੀ ਬਖ਼ਸ਼ਿਆ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਲੜਾਈ ਪਿੰਡ-ਪਿੰਡ ਤੋਂ ਸ਼ੁਰੂ ਹੋ ਚੁੱਕੀ ਹੈ, ਜਿਸ ਤਹਿਤ ਹਰੇਕ ਪਿੰਡ ਵਾਸੀ ਆਪਣੇ ਪਿੰਡ ਦਾ ਪਹਿਰੇਦਾਰ ਬਣਕੇ ਕੰਮ ਕਰ ਰਿਹਾ ਹੈ।ਇਸ ਮੌਕੇ ਸਰਪੰਚ ਦਿਲਬਾਗ ਸਿੰਘ, ਮਨਜੀਤ ਸਿੰਘ ਹਰਦਾਨ, ਪੀ. ਏ. ਸੁਖਦੇਵ ਸਿੰਘ ਰੋਮੀ, ਪੀ. ਏ. ਰਾਜੂ ਭਿੰਡਰ, ਸਾਬਕਾ ਸਰਪੰਚ ਨਰਿੰਦਰ ਨਿੰਦੀ ਘੁਮਾਣ, ਐਕਸ ਚੇਅਰਮੈਨ ਕੁਲਵੰਤ ਬੀਰ ਘੁਮਾਣ, ਜ਼ਿਲ੍ਹਾ ਸੋਸ਼ਲ ਮੀਡੀਆ ਇੰਚਾਰਜ ਪਰਮਬੀਰ ਰਾਣਾ, ਸੈਕਟਰੀ ਸੋਸ਼ਲ ਮੀਡੀਆ ਜੋਨੀ ਘੁਮਾਣ, ਹਨੀ ਦਿਉਲ, ਭਰਾਤ ਅਮਰੀਕ ਗੋਲਡੀ, ਜੱਜ ਸੰਦਲਪੁਰ, ਸਰਪੰਚ ਲਾਡੀ ਨੂਰਪੁਰ, ਸਰਪੰਚ ਗੁਰਮੀਤ ਸਿੰਘ ਚੋਲਚੱਕ, ਮਾਸਟਰ ਸੁਖਦੇਵ ਸਿੰਘ ਕਦੋਹਾ ਆਦਿ ਹਾਜ਼ਰ ਸਨ।

# ਦੋ ਰੋਜ਼ਾ ਰਾਜ ਪੱਧਰੀ ਨਾਸ਼ਪਾਤੀ ਮੁਕਾਬਲੇ 'ਚ ਅੰਮ੍ਰਿਤਸਰ ਦੇ ਕਿਸਾਨਾਂ ਨੇ ਬਾਜ਼ੀ ਮਾਰੀ

## ● ਪੰਜਾਬ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਲਈ ਕਰ ਰਹੀ ਹੈ ਠੋਸ ਉਪਰਾਲੇ : ਭਗਤ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ, ਕਮਲੇਸ਼)**— ਬਾਗਬਾਨੀ ਵਿਭਾਗ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮਹਾਰਾਜਾ ਫਾਰਮ ਵਿਖੇ ਸ਼ੈਲਿੰਦਰ ਕੌਰ ਆਈ. ਐੱਫ. ਐੱਸ. ਡਾਇਰੈਕਟਰ ਬਾਗਬਾਨੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦੋ ਰੋਜ਼ਾ ਰਾਜ ਪੱਧਰੀ ਨਾਸ਼ਪਾਤੀ ਦਾ ਸ਼ੋਅ ਅਤੇ ਸੈਮੀਨਾਰ ਲਗਾਇਆ ਗਿਆ ਜਿਸ ਵਿੱਚ ਮਹਿੰਦਰ ਭਗਤ ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੰਗਰਾਮੀ ਅਤੇ ਬਾਗਬਾਨੀ ਮੰਤਰੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਇਸ ਸ਼ੋਅ ਦਾ ਉਦਘਾਟਨ ਕੀਤਾ।ਤਜਿੰਦਰ ਸਿੰਘ ਸੰਧੂ ਡਿਪਟੀ ਡਾਇਰੈਕਟਰ ਬਾਗਬਾਨੀ ਅੰਮ੍ਰਿਤਸਰ ਵੱਲੋਂ ਦੱਸਿਆ ਗਿਆ ਕਿ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਬਾਗਬਾਨਾਂ ਵੱਲੋਂ ਵਧੀਆ ਮਿਆਰ ਅਤੇ ਉਚ ਗੁਣਵੱਤਾ ਦੇ ਨਾਸ਼ਪਾਤੀ ਫਲ ਅਤੇ ਫਲਾਂ ਤੋਂ ਤਿਆਰ ਫਲ ਪਦਾਰਥਾਂ ਦੀਆਂ 714 ਰੱਖੀਆਂ ਐਂਟਰੀਆਂ ਦਾ ਮੁਕਾਬਲਾ ਕਰਵਾਇਆ ਗਿਆ ਅਤੇ ਜੇਤੂਆਂ ਨੂੰ ਪਹਿਲੇ ਅਤੇ ਦੂਸਰੇ ਦਰਜੇ ਦੇ ਇਨਾਮ ਮੁੱਖ ਮਹਿਮਾਨ ਵੱਲੋਂ ਦਿੱਤੇ ਗਏ।ਇਸ ਵਿੱਚ ਜ਼ਿਲ੍ਹਾ ਅੰਮ੍ਰਿਤਸਰ 28 ਇਨਾਮ ਪ੍ਰਾਪਤ ਕਰਕੇ ਪਹਿਲੇ ਨੰਬਰ ਤੇ ਰਿਹਾ।ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਅਤੇ



ਬਾਗਬਾਨਾਂ ਨੂੰ ਨਾਸ਼ਪਾਤੀ ਦੀ ਕਾਸ਼ਤ ਅਤੇ ਮੰਡੀਕਰਨ ਬਾਰੇ ਪੀਏਯੂ ਲੁਧਿਆਣਾ ਤੋਂ ਆਏ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਗਈ।ਇਸ ਮੌਕੇ ਬਾਗਬਾਨਾਂ ਵੱਲੋਂ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਬਾਗਬਾਨੀ ਮੰਤਰੀ ਅਤੇ ਡਾਇਰੈਕਟਰ ਬਾਗਬਾਨੀ ਦੇ ਧਿਆਨ ਵਿੱਚ ਲਿਆਂਦਾ ਗਿਆ ਜਿਸ ਦਾ ਉਨ੍ਹਾਂ ਵੱਲੋਂ ਜਲਦ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ ਗਿਆ।ਸ਼੍ਰੀ ਭਗਤ ਨੇ ਕਿਸਾਨਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਰਾਜ ਦੇ ਵਿਕਾਸ ਲਈ ਕਿਸਾਨਾਂ ਦੀ ਆਮਦਨ ਵਧਾਉਣ ਲਈ ਠੋਸ ਉਪਰਾਲੇ ਕਰ ਰਹੀ ਹੈ ਅਤੇ ਅੱਜ ਦਾ ਇਹ ਨਾਸ਼ਪਾਤੀ ਮੁਕਾਬਲਾ ਵੀ ਇਨ੍ਹਾਂ ਉਪਰਾਲਿਆਂ ਦਾ ਇੱਕ ਹਿੱਸਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਇਸ ਵਾਰ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਵਿੱਚ ਕਾਮਯਾਬ ਰਹੀ ਹੈ ਅਤੇ ਕਿਸ ਨਾਲ ਬਾਗਬਾਨੀ ਨੂੰ ਵੱਡਾ ਬੁਲਾਰਾ ਮਿਲਿਆ ਹੈ।ਇਸ ਮੌਕੇ ਸਮਾਗਮ ਵਿੱਚ ਐੱਸਡੀਐੱਮ ਗੁਰਸਿਮਰਨ ਸਿੰਘ ਢਿੱਲੋਂ, ਜਤਿੰਦਰ ਸਿੰਘ ਸੰਧੂ ਸਹਾਇਕ ਡਾਇਰੈਕਟਰ ਬਾਗਬਾਨੀ, ਸੁਖਪਾਲ ਸਿੰਘ, ਹਰਵਿੰਦਰ ਸਿੰਘ, ਤੇਜਬੀਰ ਸਿੰਘ, ਕਿਰਨਬੀਰ ਕੌਰ, ਹਰਪ੍ਰੀਤ ਕੌਰ (ਸਾਰੇ ਬਾਗਬਾਨੀ ਵਿਕਾਸ ਅਫਸਰ) ਅਤੇ ਮਨਿਸਟੀਰੀਅਲ ਅਤੇ ਫੀਲਡ ਸਟਾਫ ਵੱਲੋਂ ਸਮਾਗਮ ਨੂੰ ਕਾਮਯਾਬ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਗਿਆ।

# ਪੀਰ ਬਾਬਾ ਖਾਕੀ ਸ਼ਾਹ ਦਾ ਸਾਲਾਨਾ ਮੇਲਾ ਧੂਮਧਾਮ ਨਾਲ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪੰਜਾਬ ਭਰ ਦੇ ਮੇਲਿਆਂ 'ਚ ਸ਼ੁਮਾਰ ਮਾਝੇ ਦੀ ਧਰਤੀ ਤੇ ਪਿੰਡ ਸੋਹਲ ਜ਼ਿਲਾ ਤਰਨਤਾਰਨ ਵਿਖੇ ਸਥਿਤ ਪੀਰ ਬਾਬਾ ਖਾਕੀ ਸ਼ਾਹ ਦੀ ਦਰਗਾਹ 'ਤੇ ਲੱਗਣ



ਵਾਲਾ ਪ੍ਰਸਿੱਧ ਦੋ ਰੋਜ਼ਾ ਸਾਲਾਨਾ ਮੇਲਾ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ ਗਿਆ।ਬਾਬਾ ਖਾਕੀ ਸ਼ਾਹ ਦੀ ਸਾਬਕਾ ਪ੍ਰਬੰਧਕ ਮੇਲਾ ਕਮੇਟੀ ਦੇ ਸਾਬਕਾ ਪ੍ਰਧਾਨ ਆੜ੍ਹਤੀ ਗੁਰਦੇਵ ਸਿੰਘ ਰਿੰਟੂ ਸੋਹਲ, ਸਾਬਕਾ ਸਰਪੰਚ ਸਰਵਣ ਸਿੰਘ ਸੋਹਲ, ਗੁਰਜੀਤ ਸਿੰਘ ਬਿੱਟੂ ਸੋਹਲ, ਬਿੰਦਰ ਸਿੰਘ ਸੋਹਲ ਮੈਂਬਰ, ਗੁਰਭਾਗ ਸਿੰਘ ਸੋਹਲ, ਸ਼ੈਲੀ ਸੋਹਲ, ਡਾ. ਸੁਖਰਾਜ ਸਿੰਘ ਸੋਹਲ, ਆੜ੍ਹਤੀ ਪ੍ਰੇਮ ਸਿੰਘ ਸੋਹਲ, ਆੜ੍ਹਤੀ ਸਤਿੰਦਰਪਾਲ ਸਿੰਘ ਸੋਹਲ, ਹਰਜਿੰਦਰ ਸਿੰਘ ਮੈਂਬਰ, ਗੁਰਸੇਵਕ ਸਿੰਘ ਸਾਬਕਾ ਮੈਂਬਰ, ਸਰਵਣ ਸੁਨਿਆਰਾ, ਯਾਦਵਿੰਦਰ ਸਿੰਘ ਸੋਹਲ ਆਦਿ ਵੱਲੋਂ ਪਵਿੱਤਰ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ।ਇਸ ਮੌਕੇ ਸਾਬਕਾ ਪ੍ਰਧਾਨ ਗੁਰਦੇਵ ਸਿੰਘ ਰਿੰਟੂ ਸੋਹਲ ਨੇ ਕਿਹਾ ਕਿ ਪੀਰ ਫ਼ਕੀਰ ਸਾਡੇ ਸਾਰਿਆਂ ਦੇ ਸਾਂਝੇ ਹਨ ਤੇ ਇਨ੍ਹਾਂ ਦੇ ਮਨਾਏ ਜਾਣ ਵਾਲੇ ਮੇਲੇ ਸਾਡੀ ਅਥਾਹ ਸ਼ਰਧਾ ਭਾਵਨਾ ਤੇ ਸਾਂਝੀਵਾਲਤਾ ਦੇ ਪ੍ਰਤੀਕ ਹਨ।ਸਾਨੂੰ ਹਮੇਸ਼ਾ ਰਲ ਮਿਲ ਕੇ ਮੇਲੇ ਮਨਾਉਣੇ ਚਾਹੀਦੇ ਹਨ।ਗੁਰਦੇਵ ਸਿੰਘ ਰਿੰਟੂ ਸੋਹਲ ਸਮੇਤ ਸਮੂਹ ਸਾਬਕਾ ਮੇਲਾ ਕਮੇਟੀ ਮੈਂਬਰਾਂ ਨੇ ਮੇਲਾ ਸੁਚੱਜੇ ਢੰਗ ਨਾਲ ਮਨਾਏ ਜਾਣ 'ਤੇ ਮੌਜੂਦਾ ਮੇਲਾ ਕਮੇਟੀ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

# ਪਿੰਡ ਨੀਵਾਂ ਧਕਾਲਾ ਵਿਖੇ ਬਣੀ ਬੱਸ ਸ਼ੈੱਡ ਦੀ ਹਾਲਤ ਖਸਤਾ ਹੋਣ ਕਾਰਨ ਸਵਾਰੀਆਂ ਨੂੰ ਪ੍ਰੇਸ਼ਾਨੀ

**ਗੁਰਦਾਸਪੁਰ (ਜਨਕ ਮਹਾਜਨ)**- ਦੀਨਾਨਗਰ ਤੋਂ ਗਾਹਲੜੀ ਵਿਚਕਾਰ ਪੈਂਦੇ ਪਿੰਡ ਨੀਵਾਂ ਧਕਾਲਾ ਵਿਖੇ ਸੜਕ ਕੰਢੇ ਬਣੇ ਬੱਸ ਸ਼ੈੱਡ ਦੀ ਹਾਲਤ ਖਸਤਾ ਹੋਣ ਕਾਰਨ ਇਲਾਕਾ ਵਾਸੀਆਂ




ਵਿਚ ਸੰਬੰਧਿਤ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਸੜਕਾਂ ਕੰਢੇ ਲੋਕਾਂ ਦੀ ਸਹੂਲਤ ਵਾਸਤੇ ਬੱਸਾਂ ਦੇ ਇੰਤਜ਼ਾਰ ਕਰਨ ਲਈ ਗਰਮੀ, ਮੀਂਹ ਤੋਂ ਬਚਣ ਲਈ ਬੱਸ ਸ਼ੈੱਡ ਬਣਾਏ ਹਨ ਜਿਨ੍ਹਾਂ ਵਿਚ ਲੋਕ ਬੈਠ ਕੇ ਬੱਸਾਂ ਦਾ ਇੰਤਜ਼ਾਰ ਕਰਦੇ ਹਨ। ਪਿੰਡ ਨੀਵਾਂ ਧਕਾਲਾ ਵਿਖੇ ਸੜਕ ਕੰਢੇ ਬਣੇ ਬੱਸ ਸ਼ੈਡ ਦੇ ਅੰਦਰ ਬੈਠਣ ਵਾਲੀ ਸਲੈਬ ਟੁੱਟ ਭੱਜ ਗਈ ਹੈ ਜਿਸ ਕਾਰਨ ਲੋਕਾਂ ਨੂੰ ਬੈਠਣ ਵਿਚ ਮੁਸ਼ਕਿਲ ਪੇਸ਼ ਆ ਰਹੀ ਹੈ ਅਤੇ ਬੱਸਾਂ ਦਾ ਇੰਤਜ਼ਾਰ ਕਾਫੀ ਸਮਾਂ ਸ਼ੈਡ ਵਿਚਕਾਰ ਖੜੇ ਹੋ ਕੇ ਕਰਨਾ ਪੈਂਦਾ ਹੈ ਜਿਸ ਕਾਰਨ ਬਜ਼ੁਰਗ, ਔਰਤ ਬੱਚਿਆਂ ਆਦਿ ਤੋਂ ਇਲਾਵਾ ਗਰਭਵਤੀ ਮਹਿਲਾਵਾਂ ਨੂੰ ਕਾਫੀ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੇ ਸੰਬੰਧਿਤ ਵਿਭਾਗ ਪਾਸੋਂ ਮੰਗ ਵੀ ਕੀਤੀ ਕਿ ਨੀਵਾਂ ਧਕਾਲਾ ਸੜਕ ਕੰਢੇ ਬਣੇ ਬੱਸ ਸ਼ੈਡ ਦੀ ਟੁੱਟੀ ਸਲੈਬ ਅਤੇ ਹੋਰ ਨੇੜੇ ਤੇੜੇ ਪਿੰਡਾਂ ਵਿਖੇ ਬਣੇ ਬੱਸ ਸ਼ੈੱਡਾਂ ਦੀ ਹਾਲਤ ਸੁਧਾਰੀ ਜਾਵੇ ਤਾਂ ਜੋ ਲੋਕ ਇਸ ਦਾ ਫਾਇਦਾ ਲੈ ਸਕਣ।

# ਸਕੋਡਾ ਆਟੋ ਨੇ ਭਾਰਤ 'ਚ 300 ਦਾ ਅੰਕੜਾ ਪਾਰ ਕੀਤਾ

**ਜਲੰਧਰ** : ਸਕੋਡਾ ਆਟੋ ਭਾਰਤ ਵਿੱਚ ਆਪਣੀ 25 ਸਾਲਾਂ ਦੀ ਵਿਰਾਸਤ ਅਤੇ ਵਿਸ਼ਵ ਪੱਧਰ 'ਤੇ 130 ਸਾਲਾਂ ਦਾ ਜਸ਼ਨ ਮਨਾਉਂਦੇ ਹੋਏ ਨਵੀਆਂ ਉੱਚਾਈਆਂ ਛੂਹ ਰਿਹਾ ਹੈ।ਇਸ ਮਹੀਨੇ ਦੇ ਸ਼ੁਰੂ ਵਿੱਚ ਬ੍ਰਾਂਡ ਨੇ 2025 ਦੀ ਪਹਿਲੀ ਛਿਮਾਹੀ ਵਿੱਚ ਆਪਣੀ ਹੁਣ ਤੱਕ ਦੀ ਸਭ ਤੋਂ ਵੱਧ ਛਿਮਾਹੀ ਵਿਕਰੀ ਪ੍ਰਾਪਤ ਕੀਤੀ।ਇੱਕ ਹੋਰ ਮੀਲ ਪੱਥਰ ਵਿੱਚ ਕੰਪਨੀ ਨੇ ਹੁਣ 300 ਗਾਹਕ ਸੰਪਰਕ ਬਿੰਦੂਆਂ ਦੇ ਅੰਕੜੇ ਨੂੰ ਪਾਰ ਕਰ ਲਿਆ ਹੈ, ਭਾਰਤ ਦੇ 172 ਸ਼ਹਿਰਾਂ ਵਿੱਚ ਗਾਹਕਾਂ ਦੀ ਸੇਵਾ ਕਰ ਰਿਹਾ ਹੈ।ਇੱਕ ਬੇਮਿਸਾਲ ਗਾਹਕ ਅਨੁਭਵ ਪ੍ਰਦਾਨ ਕਰਨਾ ਸਕੋਡਾ ਆਟੋ ਦੀ ਭਾਰਤ ਵਿਕਾਸ ਰਣਨੀਤੀ ਦਾ ਮੂਲ ਹੈ।ਤੇਜ਼ ਨੈੱਟਵਰਕ ਵਿਸਥਾਰ ਅਤੇ ਬ੍ਰਾਂਡ ਦੁਆਰਾ ਭਾਰਤ ਭਰ ਵਿੱਚ ਬਣਾਈ ਜਾ ਰਹੀ ਮਜ਼ਬੂਤ ਗਤੀ ਇਸਨੂੰ ਭਲੀਭਾਂਤ ਦਰਸਾਉਂਦੀ ਹੈ।ਇਸ ਪ੍ਰਾਪਤੀ ਤੇ ਟਿੱਪਣੀ ਕਰਦੇ ਹੋਏ ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਡਾਇਰੈਕਟਰ ਆਸ਼ੀਸ਼ ਗੁਪਤਾ ਨੇ ਕਿਹਾ ਕਿ ਸਾਡਾ ਵਧਦਾ ਨੈੱਟਵਰਕ ਸਾਡੇ ਉਤਪਾਦ ਰੇਂਜ ਨੂੰ ਗਾਹਕਾਂ ਲਈ ਵਧੇਰੇ ਪਹੁੰਚਯੋਗ ਬਣਾਉਂਦਾ ਹੈ, ਜਦੋਂਕਿ ਦੇਸ਼ ਭਰ ਵਿੱਚ ਇਕਸਾਰ ਗੁਣਵੱਤਾ ਦੇ ਨਾਲ ਬਿਹਤਰ, ਤੇਜ਼ ਸੇਵਾ ਪ੍ਰਦਾਨ ਕਰਦਾ ਹੈ।

# ਡੇਂਗੂ ਅਤੇ ਚਿਕਨਗੁਨੀਆ ਤੋਂ ਬਚਣ ਲਈ ਲੋਕਾਂ ਨੂੰ ਘਰ-ਘਰ ਕੀਤਾ ਜਾਗਰੂਕ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਜ਼ਿਲ੍ਹਾ ਐਪੀਮੋਲੋਜਿਸਟ, ਡਾ. ਗੁਰਪ੍ਰੀਤ ਕੌਰ ਅਤੇ ਐੱਸਐੱਮਓ ਡਾਕਟਰ ਲਖਵਿੰਦਰ ਸਿੰਘ ਫਤਿਹਗੜ੍ਹ ਚੂੜੀਆਂ ਦੀਆਂ ਹਦਾਇਤਾਂ ਤੇ ਕਸਬਾ ਫਤਿਹਗੜ੍ਹ ਚੂੜੀਆਂ ਵਿਖੇ ਘਰ-ਘਰ ਤੇ ਦੁਕਾਨਦਾਰਾਂ ਨੂੰ ਜਾਗਰੂਕ ਕੀਤਾ ਕਿ ਡੇਂਗੂ ਅਤੇ ਚਿਕਨਗੁਨੀਆ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਬਿਮਾਰੀਆਂ ਫੈਲਦੀਆਂ ਹਨ, ਜਿਸ ਨਾਲ ਤੇਜ਼ ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਦੇ ਦਾਣੇ, ਮਸੂੜਿਆਂ ਅਤੇ ਨੱਕ ਵਿੱਚੋਂ ਖੂਨ ਦਾ ਵਗਣਾ, ਜੋੜਾਂ ਦਾ ਦਰਦ, ਸੋਜ ਅਤੇ ਖਾਰਸ਼ ਹੋਣ ਸਬੰਧੀ ਬਿਮਾਰੀਆਂ ਹੁੰਦੀਆਂ ਹਨ।ਲੋਕਾਂ ਨੂੰ ਦੱਸਿਆ ਕਿ ਕੂਲਰਾਂ, ਗਮਲਿਆਂ, ਫਰਿਜਾਂ ਦੀਆਂ ਟਰੇਆਂ ਅਤੇ ਹੋਰ ਭਾਂਡਿਆਂ ਅਤੇ ਡਰਮਾਂ ਵਿੱਚ ਪਾਣੀ ਜਮ੍ਹਾ ਨਾ ਹੋਣ ਦਿਓ ਅਤੇ ਹਫਤੇ 'ਚ ਇੱਕ ਵਾਰ ਇਨ੍ਹਾਂ ਨੂੰ ਸਾਫ ਕਰਕੇ ਰੱਖੋ।ਲੋਕ ਆਪਣੇ ਤੇ ਆਪਣੇ ਬੱਚਿਆਂ ਨੂੰ ਪੂਰੇ ਕੱਪੜੇ ਪਵਾਉਣ ਤਾਂ ਜੋ ਮੱਛਰ ਕੱਟ ਨਾ ਸਕੇ।ਇਸ ਮੌਕੇ ਬਲਾਕ ਫਤਿਹਗੜ੍ਹ ਚੂੜੀਆਂ ਤੋਂ ਇੰਚਾਰਜ ਡਾਕਟਰ ਕੁਲਵਿੰਦਰ ਕੌਰ ਐਪੀਡੀਮੋਲੋਜਿਸਟ, ਦਵਿੰਦਰ ਸਿੰਘ ਹੈਲਥ ਸੁਪਰਵਾਈਜ਼ਰ, ਰਜਿੰਦਰ ਸਿੰਘ, ਪ੍ਰਗਟ ਸਿੰਘ, ਗੁਰਵਿੰਦਰ ਸਿੰਘ ਹੈਲਥ ਵਰਕਰ, ਗੁਰਮੇਜ ਸਿੰਘ, ਸੁਖਰਾਜ ਸਿੰਘ, ਡਾ. ਰਾਜ ਕੁਮਾਰ, ਸੁਰਜਨ ਸਿੰਘ ਅਤੇ ਪਰਮ ਗੋਰਾਇਆ ਲੈਬ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਅੰਮ੍ਰਿਤਸਰ ਵਿਖੇ ਨਵੇਂ ਇਨਫਰਮੇਸ਼ਨ ਤੇ ਕਾਊਂਸਲਿੰਗ ਸੈਂਟਰ ਦਾ ਉਦਘਾਟਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਗੁਣਵੱਤਾ ਭਰਪੂਰ ਉੱਚ ਸਿੱਖਿਆ ਤੱਕ ਪਹੁੰਚ ਵਧਾਉਣ ਵੱਲ ਇੱਕ ਵੱਡਾ ਕਦਮ ਚੁੱਕਦੇ ਹੋਏ, ਦੇਸ਼ ਭਗਤ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਆਪਣੇ ਨਵੇਂ ਇਨਫਰਮੇਸ਼ਨ ਅਤੇ ਕਾਂਊਸਲਿੰਗ ਸੈਂਟਰ (ਆਈਸੀਸੀ ਦਾ ਉਦਘਾਟਨ ਕੀਤਾ ਹੈ ਜਿਸ ਦਾ ਰਣਨੀਤਕ ਵਿਸਥਾਰ ਦਾ ਉਦੇਸ਼ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਲਚਕਦਾਰ ਅਤੇ ਵਿਸ਼ਵ ਪੱਧਰ 'ਤੇ ਸੰਬੰਧਿਤ ਅਕਾਦਮਿਕ ਵਿਕਲਪਾਂ ਦੀ ਭਾਲ ਕਰਨ ਵਾਲੇ ਇੱਕ ਕੇਂਦਰੀਕ੍ਰਿਤ ਹੱਬ ਵਜੋਂ ਸੇਵਾ ਕਰਨਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕਿਹਾ ਕਿ ਨਵਾਂ ਲਾਂਚ ਕੀਤਾ ਗਿਆ ਡੀਬੀਯੂ ਆਈਸੀਸੀ ਅੰਮ੍ਰਿਤਸਰ ਰੈਗੂਲਰ ਡਿਗਰੀ ਪ੍ਰੋਗਰਾਮ, ਆਨਲਾਈਨ ਲਰਨਿੰਗ ਕੋਰਸ, ਓਪਨ ਐਂਡ ਡਿਸਟੈਂਸ ਲਰਨਿੰਗ (ਓਡੀਐਲ), ਅਤੇ ਡੀਬੀਯੂ ਅਮਰੀਕਾਸ ਇੰਟਰਨੈਸ਼ਨਲ ਐਜੂਕੇਸ਼ਨ ਟਰੈਕ ਸਮੇਤ ਕਈ ਤਰ੍ਹਾਂ ਦੇ




ਪ੍ਰੋਗਰਾਮਾਂ ਵਿੱਚ ਮਾਹਿਰ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰੇਗਾ।ਅਤਿ-ਆਧੁਨਿਕ ਬੁਨਿਆਦੀ ਢਾਂਚੇ ਅਤੇ ਤਜਰਬੇਕਾਰ ਅਕਾਦਮਿਕ ਸਲਾਹਕਾਰਾਂ ਦੀ ਇੱਕ ਟੀਮ ਨਾਲ ਲੈਸ, ਅੰਮ੍ਰਿਤਸਰ ਕੇਂਦਰ ਸਿਖਿਆਰਥੀਆਂ ਨੂੰ ਵਿਅਕਤੀਗਤ ਸਲਾਹ, ਵਿਸਤ੍ਰਿਤ ਪ੍ਰੋਗਰਾਮ ਸੂਝ, ਦਾਖਲਾ ਸਹਾਇਤਾ ਅਤੇ ਕਰੀਅਰ ਯੋਜਨਾਬੰਦੀ ਸੇਵਾਵਾਂ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ।ਇਸ ਮੌਕੇ ਬੋਲਦਿਆਂ ਡਾ. ਹਰਸ਼ ਸਦਾਵਰਤੀ ਨੇ ਕਿਹਾ ਕਿ ਡੀਬੀਯੂ ਦੀ ਸਮਾਵੇਸ਼ ਪ੍ਰਤੀ ਵਿਆਪਕ ਵਚਨਬੱਧਤਾ ਇਸਦੇ ਸਕਾਲਰਸ਼ਿਪ ਪ੍ਰੋਗਰਾਮਾਂ ਦੀ ਸ਼੍ਰੇਣੀ ਵਿੱਚ ਝਲਕਦੀ ਹੈ, ਜੋ ਹੋਣਹਾਰ ਵਿਦਿਆਰਥੀਆਂ, ਖਿਡਾਰੀਆਂ, ਅਪਾਹਜ ਵਿਦਿਆਰਥੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦੇ ਹਨ। ਡੀਬੀਯੂ ਆਈਸੀਸੀ ਹੁਣ ਦੂਜੀ ਮੰਜ਼ਿਲ, ਐੱਸਸੀਓ 122, ਵਿਸ਼ਾਲ ਮੈਗਾ ਮਾਰਟ ਦੇ ਨੇੜੇ, ਬੀ-ਬਲਾਕ, ਰਣਜੀਤ ਐਵੇਨਿਊ, ਅੰਮ੍ਰਿਤਸਰ ਵਿਖੇ ਜਨਤਾ ਲਈ ਖੁੱਲ੍ਹਾ ਹੈ ਅਤੇ ਅਕਾਦਮਿਕ ਸਲਾਹ-ਮਸ਼ਵਰੇ ਲਈ ਵਾਕ-ਇਨ ਅਤੇ ਮੁਲਾਕਾਤਾਂ ਦਾ ਸਵਾਗਤ ਕਰਦਾ ਹੈ। ਇਸ ਦੌਰਾਨ ਡੀਬੀਯੂ ਦੇ ਜਨਰਲ ਮੈਨੇਜਰ ਤਾਰਾ ਚੰਦ ਸੈਣੀ ਸਮੇਤ ਪਤਵੰਤੇ ਸੱਜਣ ਮੌਜੂਦ ਸਨ।

# ਖਾਣ-ਪੀਣ ਵਾਲੀਆਂ ਰੇਹੜੀਆਂ ਦੀ ਚੈਕਿੰਗ ਦੌਰਾਨ 5 ਚਲਾਨ ਕੱਟੇ

**ਬਟਾਲਾ (ਡਾ. ਮਲਵਿੰਦਰ ਸਿੰਘ)**- ਨਗਰ ਨਿਗਮ ਬਟਾਲਾ ਦੇ ਕਮਿਸ਼ਨਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਗਰ ਨਿਗਮ ਵੱਲੋਂ ਗਠਿਤ ਕੀਤੀ ਗਈ ਟੀਮ ਵੱਲੋਂ ਸਮਾਧ ਰੋਡ, ਆਰ.



ਆਰ. ਬਾਵਾ ਕਾਲਜ ਨੇੜੇ ਅਤੇ ਪਹਾੜੀ ਗੇਟ ਤੇ ਖਾਣ ਪੀਣ ਵਾਲੀਆਂ ਰੇਹੜੀਆਂ ਦੀ ਚੈਕਿੰਗ ਕੀਤੀ ਗਈ।ਚੈਕਿੰਗ ਦੌਰਾਨ ਜਿਨ੍ਹਾਂ ਰੇਹੜੀਆਂ ਵਾਲਿਆਂ ਦੇ ਸਿਰ ਤੇ ਟੋਪੀ ਨਹੀਂ ਪਾਈ ਗਈ ਅਤੇ ਨਾ ਹੀ ਹੱਥਾਂ ਵਿਚ ਦਸਤਾਨੇ ਪਾਏ ਹੋਏ ਸੀ ਉਨ੍ਹਾਂ ਰੇਹੜੀਆਂ ਵਾਲਿਆਂ ਦੇ 5 ਚਲਾਨ ਕੀਤੇ ਗਏ। ਇਸ ਮੌਕੇ ਪ੍ਰਭਜੋਤ ਕੌਰ ਆਈਈਸੀ ਵੱਲੋਂ ਰੇਹੜੀਆਂ, ਹੋਟਲਾਂ, ਢਾਬੇ ਅਤੇ ਰੈਸਟੋਰੈਂਟ ਵਾਲਿਆਂ ਨੂੰ ਅਪੀਲ ਕੀਤੀ ਗਈ ਕਿ ਇਹ ਆਪਣੇ ਕਰਮਚਾਰੀਆਂ ਦੇ ਮੈਡੀਕਲ ਕਰਵਾਉਣੇ ਯਕੀਨੀ ਬਣਾਉਣ। ਤਾਂ ਕਰਮਚਾਰੀਆਂ ਦੇ ਸਿਰ ਢੱਕੇ ਹੋਣ ਤਾਂ ਜੋ ਖਾਣ-ਪੀਣ ਵਾਲੀਆਂ ਵਸਤਾਂ ਵਿੱਚ ਵਾਲ ਨਾ ਪੈਣ ਅਤੇ ਹੱਥਾਂ ਵਿਚ ਦਸਤਾਨੇ ਪਾਉਣੇ ਜ਼ਰੂਰੀ ਹਨ ।ਇਸਦੇ ਨਾਲ-ਨਾਲ ਰਸੋਈ ਦੀ ਸਾਫ-ਸਫਾਈ ਅਤੇ ਆਲੇ ਦੁਆਲੇ ਦੀ ਸਾਫ ਸਫਾਈ ਦਾ ਧਿਆਨ ਰੱਖਣ।ਇਸ ਮੌਕੇ ਕੁਲਦੀਪ ਸਿੰਘ, ਅਜੇ ਕੁਮਾਰ ਮੋਟੀਵੇਟਰ, ਸਵਰੂਪ ਸਿੰਘ ਅਤੇ ਹਰੀ ਨਰਾਇਣ ਹਾਜ਼ਰ ਸਨ।

# ਸੰਤ ਬਾਬਾ ਸੁੱਖਾ ਸਿੰਘ ਵੱਲੋਂ ਪ੍ਰੀਤ ਹਸਪਤਾਲ ਨੂੰ ਅਸ਼ੀਰਵਾਦ, ਤਰੱਕੀ ਲਈ ਕੀਤੀ ਅਰਦਾਸ



**ਤਰਨਤਾਰਨ (ਪ੍ਰਿਤਪਾਲ ਸਿੰਘ)**- ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਸੁੱਖਾ ਸਿੰਘ ਸੰਗਤਾਂ ਸਮੇਤ ਪ੍ਰੀਤ ਹਸਪਤਾਲ, ਸਰਹਾਲੀ ਰੋਡ ਤਰਨਤਾਰਨ ਵਿਖੇ ਪਹੁੰਚੇ।ਉਨ੍ਹਾਂ ਨੇ ਹਸਪਤਾਲ ਦੇ ਕਰਤਾ ਡਾ. ਗੁਰਪ੍ਰੀਤ ਸਿੰਘ ਨੂੰ ਆਧੁਨਿਕ ਤਕਨੀਕ ਨਾਲ ਬਣੇ ਨਵੇਂ ਪ੍ਰਬੰਧਾਂ ਲਈ ਵਧਾਈ ਦਿੱਤੀ ਅਤੇ ਹਸਪਤਾਲ ਦੀ ਤਰੱਕੀ ਲਈ ਅਰਦਾਸ ਕੀਤੀ।ਹਸਪਤਾਲ ਦੇ ਮਾਲਕ ਡਾ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪ੍ਰੀਤ ਹਸਪਤਾਲ 25 ਬੈਡਾਂ ਵਾਲਾ ਹੈ, ਜਿੱਥੇ 24 ਘੰਟੇ ਤਕ ਸਟਾਫ ਅਤੇ ਡਾਕਟਰਾਂ ਦੀ ਟੀਮ ਮੌਜੂਦ ਰਹਿੰਦੀ ਹੈ।ਹਸਪਤਾਲ ਵਿੱਚ ਐਮਰਜੈਂਸੀ, ਆਈਸੀਯੂ ਅਤੇ ਮਾਤਾ-ਬੱਚਾ ਸੰਭਾਲ ਯੂਨਿਟ ਸਮੇਤ ਹੋਰ ਆਧੁਨਿਕ ਸਹੂਲਤਾਂ ਉਪਲਬਧ ਹਨ।ਉਨ੍ਹਾਂ ਕਿਹਾ ਕਿ ਘੱਟ ਦਰਾਂ ਤੇ ਮੈਡੀਕਲ ਸੇਵਾਵਾਂ ਅਤੇ ਦਵਾਈਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਬਿਜਲੀ, ਪਾਣੀ ਤੇ ਸਾਫ਼-ਸਫ਼ਾਈ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ। ਡਾ. ਗੁਰਪ੍ਰੀਤ ਸਿੰਘ ਨੇ ਇਹ ਵੀ ਦੱਸਿਆ ਕਿ ਭਵਿੱਖ ਵਿੱਚ ਹੋਰ ਤਕਨੀਕਾਂ ਅਤੇ ਸਹੂਲਤਾਂ ਜੋੜ ਕੇ ਇਸ ਹਸਪਤਾਲ ਨੂੰ ਇਲਾਕੇ ਦਾ ਸਰਬਉੱਤਮ ਮੈਡੀਕਲ ਸੈਂਟਰ ਬਣਾਉਣ ਦਾ ਟੀਚਾ ਹੈ।

# ਹੈਰੋਇਨ ਤੇ ਨਸ਼ੇ ਦੀਆਂ ਗੋਲੀਆਂ ਸਮੇਤ 2 ਨੌਜਵਾਨ ਕਾਬੂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਥਾਣਾ ਧਾਰੀਵਾਲ ਦੀ ਪੁਲਸ ਨੇ 8 ਗ੍ਰਾਮ ਹੈਰੋਇਨ ਸਮੇਤ ਇਕ ਨੌਜਵਾਨ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਥਾਣਾ ਧਾਰੀਵਾਲ ਐੱਸਐੱਚਓ ਇੰਸਪੈਕਟਰ ਹਰਪਾਲ ਸਿੰਘ ਨੇ ਦੱਸਿਆ ਕਿ ਏਐੱਸਆਈ ਬਲਬੀਰ ਸਿੰਘ ਨੇ ਪੁਲਸ ਪਾਰਟੀ ਸਮੇਤ ਭੈੜੇ ਪੁਰਸ਼ਾਂ ਦੀ ਤਲਾਸ਼ ਦੇ ਸਬੰਧ ਵਿੱਚ ਸ਼ਹਿਰ ਦੇ ਬਾਹਰਵਾਰ ਨੈਸ਼ਨਲ ਹਾਈਵੇ ਬਾਈਪਾਸ ਖੁੰਡਾ ਪੁਲ ਹੇਠਾਂ ਲਗਾਏ ਨਾਕੇ ਦੌਰਾਨ ਸ਼ੱਕ ਦੇ ਅਧਾਰ 'ਤੇ ਇਕ ਨੌਜਵਾਨ ਨੂੰ ਕਾਬੂ ਕਰਕੇ ਤਲਾਸ਼ੀ ਲੈਣ 'ਤੇ ਉਸ ਕੋਲੋਂ 8 ਗ੍ਰਾਮ ਹੈਰੋਇਨ ਬਾਰਮਦ ਹੋਈ। ਮੁਲਜ਼ਮ ਦੀ ਪਛਾਣ ਰੰਜਤ ਕੁਮਾਰ ਪੁੱਤਰ ਰਜੇਸ਼ ਕੁਮਾਰ ਵਾਸੀ ਗੋਪਾਲ ਨਗਰ ਗਲੀ ਗੰਡਾ ਸਿੰਘ ਧਾਰੀਵਾਲ ਵਜੋਂ ਹੋਈ। ਮੁਲਜ਼ਮ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ। ਇਸੇ ਤਰ੍ਹਾਂ ਥਾਣਾ ਘੁੰਮਣ ਕਲਾਂ ਦੀ ਪੁਲਸ ਨੇ ਇਕ ਨੌਜਵਾਨ ਨੂੰ 45 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਥਾਣਾ ਘੁੰਮਣ ਕਲਾਂ ਦੇ ਏਐੱਸਆਈ ਗੁਰਦੀਪ ਸਿੰਘ ਨੇ ਪਿੰਡ ਦੂਲਾ ਨੰਗਲ ਦੇ ਛੱਪੜ ਕੋਲ ਇਕ ਨੌਜਵਾਨ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ 45 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਮੁਲਜ਼ਮ ਦੀ ਪਛਾਣ ਹਰਮਨਦੀਪ ਸਿੰਘ ਪੁੱਤਰ ਹਜ਼ੂਰਾ ਸਿੰਘ ਵਾਸੀ ਸਹਾਰੀ ਵਜੋਂ ਹੋਈ। ਪੁਲਸ ਨੇ ਮੁਲਜ਼ਮ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

# ਖ਼ੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਟੀਮ ਨੇ ਵੱਖ-ਵੱਖ ਪਿੰਡਾਂ 'ਚ ਝੋਨੇ ਦੀ ਫ਼ਸਲ ਦਾ ਲਿਆ ਜਾਇਜ਼ਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਜ਼ਿਲ੍ਹਾ ਗੁਰਦਾਸਪੁਰ ਵਿਚ ਝੋਨੇ ਅਤੇ ਬਾਸਮਤੀ ਦੀ ਲਵਾਈ ਦਾ ਕੰਮ ਤਕਰੀਬਨ ਮੁਕੰਮਲ ਹੋ ਚੁੱਕਾ ਹੈ ਅਤੇ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਵਿਚ ਕੀੜੇ ਅਤੇ ਬਿਮਾਰੀਆਂ ਦੇ ਹਮਲੇ ਪ੍ਰਤੀ ਸੁਚੇਤ ਰਹਿੰਦਿਆਂ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ।ਪਿੰਡ ਭਾਗੋਕਾਵਾਂ ਦੇ ਕਿਸਾਨ ਸਰਬਜੀਤ ਸਿੰਘ ਅਤੇ ਰਣਜੀਤ ਸਿੰਘ ਦੀ ਝੋਨੇ ਦੀ ਫ਼ਸਲ ਦਾ ਜਾਇਜ਼ਾ ਲੈਂਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾਕਟਰ ਅਮਰੀਕ ਸਿੰਘ ਨੇ ਦੱਸਿਆ ਕਿ ਝੋਨੇ ਦੀ ਫ਼ਸਲ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਨੁਕਸਾਨ ਪਹੁੰਚਾਉਂਦੀਆਂ ਹਨ ਜਿਨ੍ਹਾਂ ਵਿਚੋਂ ਝੋਨੇ ਦੇ ਬੌਣੇ ਬੂਟਿਆਂ ਦਾ ਰੋਗ ਅਜਿਹਾ ਰੋਗ ਹੈ ਜਿਸ ਪ੍ਰਤੀ ਕਿਸਾਨਾਂ ਨੂੰ ਵਧੇਰੇ ਸੁਚੇਤ ਹੋਣ ਦੀ ਜ਼ਰੂਰਤ ਹੈ।ਉਨ੍ਹਾਂ ਦਸਿਆ ਕਿ ਇਹ ਰੋਗ 2022 ਦੌਰਾਨ ਪੰਜਾਬ ਵਿੱਚ ਪਹਿਲੀ ਵਾਰ ਦੇਖਿਆ ਗਿਆ ਸੀ ਅਤੇ ਪੰਜਾਬ ਵਿੱਚ ਇਸ ਰੋਗ ਨਾਲ ਤਕਰੀਬਨ 34000 ਹੈਕਟੇਅਰ ਰਕਬਾ ਪ੍ਰਭਾਵਤ ਹੋਇਆ ਸੀ ।ਉਨ੍ਹਾਂ ਦਸਿਆ ਕਿ ਜ਼ਿਲੇ ਦੇ ਕਈ ਪਿੰਡਾਂ ਤੋਂ ਕਿਸਾਨਾਂ ਦੇ ਫੋਨ ਆ ਰਹੇ ਹਨ ਕਿ ਝੋਨੇ ਦੀ ਫ਼ਸਲ ਵਿਚ ਕੁਝ ਬੂਟੇ ਗਿੱਠੇ ਰਹਿ ਰਹੇ ਹਨ।ਉਨ੍ਹਾਂ ਦਸਿਆ ਕਿ ਬੂਟਿਆਂ ਦਾ ਮਧਰਾ ਰਹਿ ਜਾਣਾ ਝੋਨੇ ਦਾ ਇੱਕ ਨਵਾਂ ਵਿਸ਼ਾਣੂੰ ਰੋਗ ਹੈ ਜੋ ਕਿ ਝੋਨੇ ਦੇ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਪ੍ਰਭਾਵਤ ਬੂਟੇ ਤੋਂ ਸਿਹਤਮੰਦ ਬੂਟੇ ਤੱਕ ਫੈਲ਼ਦਾ ਹੈ। ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ, ਉਨ੍ਹਾਂ ਦੇ ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ।ਉਨ੍ਹਾਂ ਦਸਿਆ ਕਿ ਝੋਨੇ ਦੀ ਫ਼ਸਲ ਵਿਚ ਇਸ ਸੰਭਾਵਿਤ ਬਿਮਾਰੀ ਦੇ ਚਿੰਨ ਨਜ਼ਰ ਆਉਣ ਤੇ ਨਜ਼ਦੀਕੀ ਖ਼ੇਤੀਬਾੜੀ ਅਧਿਕਾਰੀਆਂ, ਕ੍ਰਿਸ਼ੀ ਵਿਗਿਆਨ ਕੇਂਦਰ ਜਾਂ ਪੀਏਯੂ ਦੇ ਖੇਤੀ ਮਾਹਿਰਾਂ ਨਾਲ ਸੰਪਰਕ ਕਰਨਾ ਚਾਹੀਦਾ ਅਤੇ ਕਿਸੇ ਦੇ ਕਹਿਣ ਤੇ ਕੋਈ ਛਿੜਕਾਅ ਨਹੀਂ ਕਰਨਾ ਚਾਹੀਦਾ।



# ਵਧੀਕ ਡਿਪਟੀ ਕਮਿਸ਼ਨਰ ਬੇਦੀ ਵੱਲੋਂ ਗੁਰਦਾਸਪੁਰ ਸ਼ਹਿਰ 'ਚ ਸਫ਼ਾਈ ਵਿਵਸਥਾ ਦਾ ਮੁਆਇਨਾ

**ਗੁਰਦਾਸਪੁਰ (ਜਨਕ ਮਹਾਜਨ)** ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵਲੋਂ ਗੁਰਦਾਸਪੁਰ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਦਾ ਜਾਇਜ਼ਾ ਲਿਆ ਗਿਆ।



ਨਗਰ ਕੌਂਸਲ ਗੁਰਦਾਸਪੁਰ ਤੋਂ ਸ਼ੁਰੂ ਹੋ ਕੇ ਵਧੀਕ ਡਿਪਟੀ ਕਮਿਸ਼ਨਰ ਨੇ ਗੁਰਦਾਸਪੁਰ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ, ਮੱਛੀ ਮਾਰਕਿਟ, ਹਨੂਮਾਨ ਚੌਂਕ, ਗੀਤਾ ਭਵਨ ਰੋਡ, ਡਾਕਖ਼ਾਨਾ ਚੌਂਕ ਅਤੇ ਜਹਾਜ਼ ਚੌਂਕ ਵਿੱਚ ਸਫ਼ਾਈ ਕਰਮਚਾਰੀਆਂ ਵੱਲੋਂ ਕੀਤੀ ਜਾ ਰਹੀ ਸਫ਼ਾਈ ਦਾ ਮੁਆਇਨਾ ਕੀਤਾ। ਉਨ੍ਹਾਂ ਸਫ਼ਾਈ ਕਰਮੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਸਫ਼ਾਈ ਕਰਮੀਂ ਆਪਣੀਆਂ ਬੀਟਾਂ ਵਿੱਚ ਰੋਜ਼ਾਨਾ ਸਫ਼ਾਈ ਕਰਨ ਅਤੇ ਘਰਾਂ ਵਿੱਚੋਂ ਸੁੱਕਾ ਤੇ ਗਿੱਲਾ ਕੂੜਾ ਵੱਖ-ਵੱਖ ਕੁਲੈਕਟ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਫ਼ਾਈ ਵਿੱਚ ਕੋਈ ਵੀ ਕੁਤਾਹੀ ਜਾਂ ਢਿੱਲ-ਮੱਠ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸ਼ਹਿਰ ਦੀ ਸਫ਼ਾਈ ਵਿੱਚ ਪੂਰਾ ਸਹਿਯੋਗ ਕਰਨ ਅਤੇ ਸੜਕਾਂ ਕਿਨਾਰੇ ਕੂੜਾ ਬਿਲਕੁਲ ਨਾ ਸੁੱਟਿਆ ਜਾਵੇ। ਉਨ੍ਹਾਂ ਕਿਹਾ ਕਿ ਜ਼ਿੰਮੇਵਾਰ ਨਾਗਰਿਕ ਬਣਦੇ ਹੋਏ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕੀਤੀ ਜਾਵੇ। ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਦੇ ਬਜ਼ਾਰਾਂ ਵਿੱਚ ਹੋਏ ਨਜਾਇਜ਼ ਕਬਜ਼ਿਆਂ ਨੂੰ ਦੂਰ ਕੀਤਾ ਜਾਵੇ ਤਾਂ ਜੋ ਆਵਾਜਾਈ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।

# ਕਾਂਗਰਸ ਪਾਰਟੀ ਲੈਂਡ ਪੂਲਿੰਗ ਸਕੀਮ ਅਧੀਨ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਨਹੀਂ ਹੋਣ ਦੇਵੇਗੀ : ਸੁੱਖ ਸਰਕਾਰੀਆ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੈਂਡ ਪੂਲਿੰਗ ਸਕੀਮ ਅਧੀਨ ਕਿਸਾਨਾਂ ਦੀਆਂ ਜ਼ਮੀਨਾਂ ਤੇ ਧੱਕੇ ਨਾਲ ਕੀਤੇ ਜਾ ਰਹੇ ਕਬਜ਼ੇ ਦਾ ਕਾਂਗਰਸ ਪਾਰਟੀ ਡਟ ਕੇ ਵਿਰੋਧ ਕਰਦੀ ਹੈ।



ਆਪ ਸਰਕਾਰ ਲੋਕਾਂ ਨੂੰ ਗੁੰਮਰਾਹ ਕਰਕੇ, ਚਾਰ ਗੁਣਾ ਮੁਨਾਫ਼ੇ ਦਾ ਝੂਠਾ ਲਾਲਚ ਦੇ ਕੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਹੜੱਪਣਾ ਚਾਹੁੰਦੀ ਹੈ।ਸਰਕਾਰ ਵੱਲੋਂ ਕੀਤੀ ਜਾ ਰਹੀ ਇੱਸ ਧੱਕੇਸ਼ਾਹੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਕਾਂਗਰਸ ਪਾਰਟੀ ਲੈਂਡ ਪੂਲਿੰਗ ਸਕੀਮ ਅਧੀਨ ਕਿਸਾਨਾਂ ਦੀਆਂ ਜ਼ਮੀਨਾਂ ਤੇ ਕਿਸੇ ਵੀ ਹਾਲਤ ਵਿੱਚ ਕਬਜ਼ਾ ਨਹੀਂ ਹੋਣ ਦੇਵੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਮੰਤਰੀ ਪੰਜਾਬ ਅਤੇ ਹਲਕਾ ਰਾਜਾ ਸਾਂਸੀ ਦੇ ਮੌਜੂਦਾ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਨੇ ਪਿੰਡ ਚੇਤਨਪੁਰਾ ਵਿਖੇ ਉੱਘੇ ਕਾਂਗਰਸੀ ਆਗੂ ਅਮਰੀਕ ਸਿੰਘ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਪਹਿਲਾਂ ਵੀ ਕਿਸਾਨਾਂ ਨਾਲ ਚੱਟਾਨ ਵਾਂਗ ਖੜਦੀ ਰਹੀ ਹੈ ਅਤੇ ਅੱਜ ਵੀ ਖੜ੍ਹੀ ਹੈ।ਪਾਰਟੀ ਕਿਸਾਨਾਂ ਦੇ ਹੱਕ ਵਿੱਚ ਹਰ ਤਰਾਂ ਦੀ ਲੜਾਈ ਲੜਨ ਨੂੰ ਤਿਆਰ ਹੈ।ਇਸ ਮੌਕੇ ਦਿਲਰਾਜ ਸਰਕਾਰੀਆ, ਸੁਖਬੀਰ ਸਿੰਘ ਸੁੱਖ ਧਾਲੀਵਾਲ, ਐਡਵੋਕੇਟ ਮਨਦੀਪ ਸਿੰਘ ਮੁਹਾਰ, ਮੈਂਬਰ ਪੰਚਾਇਤ ਅਰਜਨ ਸਿੰਘ, ਮੈਂਬਰ ਪੰਚਾਇਤ ਭੁਪਿੰਦਰ ਸਿੰਘ, ਦਰਸ਼ਨ ਸਿੰਘ, ਸੁਵਿੰਦਰ ਸਿੰਘ, ਸਾਬਕਾ ਸਰਪੰਚ ਸੁਖਵੰਤ ਸਿੰਘ ਚੇਤਨਪੁਰਾ, ਬਲਵੰਤ ਸਿੰਘ, ਅਰਜਨ ਸਿੰਘ, ਜਸਵੰਤ ਸਿੰਘ, ਮਲੂਕ ਸਿੰਘ ਅਤੇ ਅਮਰਜੀਤ ਸਿੰਘ ਗਿੱਲ ਹਾਜ਼ਰ ਸਨ।

# ਅੱਠਵੇਂ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਸੈਮੀਨਾਰ ਆਯੋਜਿਤ




**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਧਰਮ ਪ੍ਰਚਾਰ ਕਮੇਟੀ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ ਉਲੀਕੇ ਗਏ 12 ਜੁਲਾਈ ਤੋਂ ਲੈ ਕੇ 19 ਜੁਲਾਈ ਤੱਕ ਦੇ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੜੀਵਾਰ ਪ੍ਰੋਗਰਾਮਾਂ ਤਹਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ ਵਿਖੇ ਧਾਰਮਿਕ ਸੈਮੀਨਾਰ ਦਾ ਅਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਸਕੂਲੀ ਵਿਦਿਆਰਥਣਾਂ ਵੱਲੋ ਗੁਰੂ ਸਾਹਿਬ ਨਾਲ ਸੰਬੰਧਿਤ ਕਵਿਤਾ ਅਤੇ ਉਨ੍ਹਾਂ ਦੀ ਸੇਵਾ ਭਾਵਨਾ ਵਾਲੀ ਸਖਸ਼ੀਅਤ ਨੂੰ ਉਜਾਗਰ ਕਰਦੇ ਹੋਏ ਰੋਲ ਪਲੇਅ ਕੀਤਾ ਗਿਆ।ਇਸ ਮੌਕੇ ਉਚੇਚੇ ਤੌਰ ਤੇ ਪਹੁੰਚੀਆਂ ਹੋਈਆਂ ਸ਼ਖਸ਼ੀਅਤਾਂ ਨੂੰ ਮੈਂਬਰ ਇੰਚਾਰਜ ਐਡਵੋਕੇਟ ਸ. ਇੰਦਰਜੀਤ ਸਿੰਘ ਅੜੀ ਅਤੇ ਸਕੂਲ ਪ੍ਰਿੰਸੀਪਲ ਮੁਕਤਾ ਤ੍ਰੇਹਨ ਵੱਲੋਂ ਸਿਰਪਾਓ ਨਾਲ ਸਨਮਾਨਿਤ ਕੀਤਾ ਗਿਆ।ਸਕੂਲ ਪ੍ਰਬੰਧਕੀ ਕਮੇਟੀ, ਪ੍ਰਿੰਸੀਪਲ ਅਤੇ ਸਟਾਫ ਵੱਲੋਂ ਹਮੇਸ਼ਾ ਧਾਰਮਿਕ ਗਤੀਵਿਧੀਆਂ ਵਿੱਚ ਸਹਿਯੋਗ ਕਰਨ ਹਿੱਤ ਸਹਿਜ ਪਾਠ ਸੇਵਾ ਸੋਸਾਇਟੀ ਦੇ ਮੈਂਬਰ ਰਾਜਪਾਲ ਸਿੰਘ ਅਤੇ ਰਣਜੋਧ ਸਿੰਘ ਵੱਲੋਂ ਸਕੂਲ ਪ੍ਰਬੰਧਕ ਕਮੇਟੀ ਮੈਂਬਰ ਇੰਦਰਜੀਤ ਸਿੰਘ ਅੜੀ ਅਤੇ ਪ੍ਰਿੰਸੀਪਲ ਮੁਕਤਾ ਤ੍ਰੇਹਨ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਸੈਮੀਨਾਰ ਵਿੱਚ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੇ ਵਧ-ਚੜ੍ਹ ਕੇ ਸ਼ਿਰਕਤ ਕੀਤੀ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਸਾਰਥਿਕ ਨਤੀਜਿਆਂ ਵਜੋਂ ਲੱਖਾਂ ਰੁਪਏ ਖਰਚ ਕਰਕੇ ਡੰਕੀ ਰੂਟ ਰਾਹੀਂ ਹੁੰਦਾ ਪ੍ਰਵਾਸ ਰੁਕਿਆ : ਧਾਲੀਵਾਲ

**ਅਜਨਾਲਾ/ਅੰਮ੍ਰਿਤਸਰ, 18 ਜੁਲਾਈ (ਸੁਖਤਿੰਦਰ ਸਿੰਘ ਰਾਜੂ)**-ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਹਲਕੇ ਦੇ ਡਿਆਲ ਭੜੰਗ, ਕੋਟਲਾ ਕਾਜ਼ੀਆਂ, ਉਰਧਨ, ਸੁਧਾਰ , ਨਾਨੋਕੇ, ਮਾਕੋਵਾਲ, ਜੱਸੜ

## ● ਹਲਕਾ ਅਜਨਾਲਾ ਦੇ ਪਿੰਡਾਂ ਸਣੇ ਸੂਬੇ ਭਰ ਦੇ 400 ਪਿੰਡ ਹੋਏ ਸਵੈ ਇੱਛਾ ਨਾਲ ਨਸ਼ਾ ਮੁਕਤ

ਪਿੰਡਾਂ 'ਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾਵਾਂ ਦੌਰਾਨ ਹੋਈਆਂ ਭਰਵੀਆਂ ਜਨਤਕ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਪੰਜਾਬ ਵਾਸੀ ਆਪ ਮੁਹਾਰੇ ਸਰਗਰਮ ਹਿੱਸਾ ਬਣ ਕੇ ਸਾਬਕਾ ਅਕਾਲੀ ਭਾਜਪਾ ਤੇ ਕਾਂਗਰਸ ਸਰਕਾਰਾਂ ਵਲੋਂ ਨਸ਼ਿਆਂ ਦੇ ਕਰੂਰ ਗੰਦੇ ਧੰਦੇ ਨਾਲ ਪੰਜਾਬ ਨੂੰ ਕੀਤੇ ਕਲੰਕਿਤ ਵਰਤਾਰੇ ਤੋਂ ਮੁਕਤੀ ਪਾਉਣ ਲਈ ਨਸ਼ਾ ਮੁਕਤੀ ਯਾਤਰਾਵਾਂ ਨੂੰ ਭਰਵਾਂ ਹੁੰਗਾਰਾ ਦੇ ਰਹੇ ਹਨ।23 ਹਜ਼ਾਰ ਦੇ ਕਰੀਬ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਸਾਢੇ 11 ਹਜ਼ਾਰ ਕਰੋੜ ਰੁਪਏ ਡਰੱਗ ਮਨੀ, ਕਰੋੜਾਂ ਰੁਪਏ ਮੁੱਲ ਦੇ ਨਸ਼ੀਲੇ ਪਦਾਰਥ ਬਰਾਮਦ ਕਰਨ ਸਮੇਤ ਤਸਕਰਾਂ ਵਲੋਂ ਡਰੱਗ ਮਨੀ ਨਾਲ ਬਣਾਈਆਂ ਜਾਇਦਾਦਾਂ ਨੂੰ ਜ਼ਬਤ ਤੇ ਉਸਾਰੀਆਂ ਨੂੰ ਢਹਿ ਢੇਰੀ ਕਰਨ 'ਚ ਕੋਈ ਲਿਹਾਜ਼ਦਾਰੀ




ਨਹੀਂ ਵਰਤੀ ਜਾ ਰਹੀ। ਵਿਧਾਇਕ ਸ. ਧਾਲੀਵਾਲ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਅਮਨ ਪਸੰਦ ਪੇਂਡੂ ਤੇ ਸ਼ਹਿਰੀ ਨਾਗਰਿਕਾਂ ਨੂੰ ਅੱਜ ਕਿਤੇ ਵੀ ਨਸ਼ਾ ਤਸਕਰ ਤੇ ਉਹਨਾਂ ਦੇ ਸਮਰਥਕ ਨਹੀਂ ਦਿਖਾਈ ਦੇ ਰਹੇ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮਾਵਾਂ, ਭੈਣਾਂ ਤੇ ਹੋਰ ਸਾਕ ਸਬੰਧੀ ਅਸੀਸਾਂ ਦੇ ਕੇ ਅਤੇ ਅਰਦਾਸਾਂ ਕਰਕੇ ਸੂਬਾ ਮਾਨ ਸਰਕਾਰ ਦੀ ਚੜ੍ਹਦੀ ਕਲਾ ਮੰਗ ਰਹੇ ਹਨ।ਕਿਉਂਕਿ ਨਸ਼ਿਆਂ 'ਚ ਗ੍ਰਸਿਤ ਹੋ ਰਹੀ ਮੌਜੂਦਾ, ਨਵੀਂ ਤੇ ਭਵਿੱਖੀ ਤੀਸਰੀ ਪੀੜ੍ਹੀ ਨੂੰ ਨਸ਼ਿਆਂ ਦੇ ਕੋਹੜ ਤੋਂ ਮੁਕਤ ਰੱਖਣ ਲਈ ਨਸ਼ਿਆਂ ਦੇ ਅੱਤਵਾਦ ਦੀ ਜੜ੍ਹ ਪੁੱਟਣ ਲਈ ਸਰਕਾਰ ਕੰਮ ਕਰ ਰਹੀ ਹੈ। ਨਸ਼ਿਆਂ ਦਾ ਧੰਦਾ ਰੁਕਣ ਕਾਰਣ ਪੰਜਾਬ 'ਚੋਂ 30-40 ਲੱਖ ਰੁਪਏ ਖਰਚ ਕਰਕੇ ਕਾਨੂੰਨੀ, ਗੈਰ ਕਾਨੂੰਨੀ, ਬਦਨਾਮ ਤੇ ਖ਼ਤਰਨਾਕ ਰਸਤਿਆਂ ਡੰਕੀ ਰਾਹੀਂ ਨੌਜੁਆਨ ਧੀਆਂ ਪੁੱਤਰਾਂ ਦੀ ਜ਼ਿੰਦਗੀ ਦਾ ਰਿਸਕ ਲੈ ਕੇ ਬਾਹਰਲੇ ਦੇਸ਼ਾਂ ਨੂੰ ਭੇਜਣ ਵਾਲੇ ਮਾਪਿਆਂ ਨੂੰ ਵੱਡੀ ਰਾਹਤ ਮਿਲੀ ਹੈ।ਸਾਬਕਾ ਕੈਬਨਿਟ ਮੰਤਰੀ ਸ: ਧਾਲੀਵਾਲ ਨੇ ਦਾਅਵਾ ਕੀਤਾ ਕਿ ਅਕਾਲੀਆਂ, ਕਾਂਗਰਸੀਆਂ ਤੇ ਭਾਜਪਾਈਆਂ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਵਿਰੋਧ ਨੂੰ ਉਦੋਂ ਆਪਣੇ ਆਪ ਹੀ ਲੋਕਾਂ ਵਲੋਂ ਮੂੰਹ ਤੋੜਵਾਂ ਜੁਆਬ ਮਿਲ ਰਿਹਾ ਹੈ।ਪੰਜਾਬ ਭਰ 'ਚ ਵੀ ਨਸ਼ਾ ਛੱਡਣ ਲਈ ਨਸ਼ਾ ਛੁਡਾਊ ਕੇਂਦਰਾਂ 'ਚ ਦਾਖਲ ਹੋਣ ਦੀ ਗਿਣਤੀ ਪਹਿਲਾਂ ਨਾਲੋਂ ਕਈ ਗੁਣਾ ਵੱਧ ਗਈ ਹੈ।ਪੰਜਾਬ ਭਰ 'ਚ 400 ਪਿੰਡ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਗਏ ਹਨ, ਜਿਸ 'ਚ ਵਿਧਾਨ ਸਭਾ ਅਜਨਾਲਾ ਦੇ ਪਿੰਡ ਵੀ ਸ਼ਾਮਲ ਹਨ ।ਉਨ੍ਹਾਂ ਸਪੱਸ਼ਟ ਕੀਤਾ ਕਿ ਮਾਨ ਸਰਕਾਰ ਪੰਜਾਬ ਦੇ ਸਾਰੇ ਪਿੰਡਾਂ ਤੇ ਸ਼ਹਿਰਾਂ ਨੂੰ ਨਸ਼ਾ ਮੁਕਤ ਕਰਕੇ ਹੀ ਦਮ ਲਏਗੀ।ਰੈਲੀਆਂ 'ਚ ਤਹਿਸੀਲ ਪੱਧਰੀ ਸਿਵਲ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਗ੍ਰਾਮ ਪੰਚਾਇਤਾਂ ਤੇ ਮੋਹਤਬਰ ਵੱਡੀ ਗਿਣਤੀ 'ਚ ਮੌਜੂਦ ਸਨ।

## 40 ਪਿੰਡਾਂ 'ਚ 17.50 ਕਰੋੜ ਨਾਲ ਬਣਨਗੇ ਖੇਡ ਮੈਦਾਨ



**ਜਲਾਲਾਬਾਦ (ਜੀਤ ਕੁਮਾਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹਲਕਾ ਜਲਾਲਾਬਾਦ ਨੂੰ ਵੱਡਾ ਤੋਹਫ਼ਾ ਦਿੱਤਾ ਹੈ। ਵਿਧਾਨ ਸਭਾ ਹਲਕੇ ਦੇ ਜਲਾਲਾਬਾਦ ਤੇ ਅਰਨੀਵਾਲਾ ਬਲਾਕਾਂ ਵਿੱਚ ਕੁੱਲ 40 ਪਿੰਡਾਂ ਵਿਚ ਖੇਡ ਮੈਦਾਨ ਬਣਾਏ ਜਾਣਗੇ। ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਇਨ੍ਹਾਂ ਦੇ ਨਿਰਮਾਣ 'ਤੇ 17.50 ਕਰੋੜ ਰੁਪਏ ਖਰਚ ਕੀਤੇ ਜਾਣਗੇ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਨੌਜਵਾਨ ਕਿਸੇ ਵੀ ਰਾਜ ਦੀ ਪੂੰਜੀ ਹੁੰਦੇ ਹਨ, ਪਰ ਪਿਛਲੀਆਂ ਸਰਕਾਰਾਂ ਦੀਆਂ ਨਾਕਾਮੀਆਂ ਕਾਰਨ ਨੌਜਵਾਨਾਂ ਵਿੱਚ ਵਧ ਰਹੀ ਬੇਰੁਜ਼ਗਾਰੀ ਕਾਰਨ ਸਾਡਾ ਇਹ ਵਰਗ ਭਟਕਣਾ ਦਾ ਸ਼ਿਕਾਰ ਸੀ। ਹੁਣ ਜਦੋਂ ਤੋਂ ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਸਰਕਾਰ ਬਣੀ ਹੈ, ਇਸ ਸਰਕਾਰ ਵੱਲੋਂ ਨੌਜਵਾਨਾਂ ਦੇ ਸਰਬਪੱਖੀ ਲਈ ਉਪਰਾਲੇ ਵਿੱਢੇ ਗਏ ਹਨ। ਇੱਕ ਪਾਸੇ ਸਿੱਖਿਆ ਤੰਤਰ ਮਜ਼ਬੂਤ ਕੀਤਾ ਗਿਆ ਹੈ, ਦੂਜੇ ਪਾਸੇ ਵੱਡੇ ਪੱਧਰ 'ਤੇ ਸਰਕਾਰੀ ਨੌਕਰੀਆਂ ਲਈ ਭਰਤੀ ਕੀਤੀ ਗਈ ਹੈ ਅਤੇ ਨੌਜਵਾਨਾਂ ਨੂੰ ਮਾੜੀਆਂ ਅਲਾਮਤਾਂ ਤੋਂ ਬਚਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਆਰੰਭ ਕੀਤਾ ਗਿਆ ਹੈ। ਵਿਧਾਇਕ ਨੇ ਕਿਹਾ ਕਿ ਇਹ ਖੇਡ ਮੈਦਾਨ ਖਿਡਾਰੀਆਂ ਲਈ ਨਰਸਰੀਆਂ ਦਾ ਕੰਮ ਕਰਨਗੇ ਤੇ ਇੱਥੋਂ ਹੀ ਵੱਡੇ ਖਿਡਾਰੀ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਜਦ ਜੀਵਨ ਦੇ ਮੁੱਢਲੇ ਪੱਧਰ 'ਤੇ ਹੀ ਸਾਡੇ ਬੱਚਿਆਂ ਨੂੰ ਉਨ੍ਹਾਂ ਦੇ ਪਿੰਡ ਵਿਚ ਹੀ ਤਿਆਰੀ ਲਈ ਖੇਡ ਮੈਦਾਨ ਮਿਲਣਗੇ ਤਾਂ ਉਨ੍ਹਾਂ ਦਾ ਹੁਨਰ ਹੋਰ ਵੀ ਨਿਖਰ ਕੇ ਸਾਹਮਣੇ ਆਵੇਗਾ ਅਤੇ ਇਹ ਸਾਡੇ ਪੰਜਾਬ ਦਾ ਨਾਂਅ ਰੌਸ਼ਨ ਕਰਨਗੇ।

## ਐੱਸ ਡੀ ਐੱਮ ਨੇ ਪਾਣੀ ਦੀ ਪਾਈਪ ਲਾਈਨ ਦੇ ਕੰਮ ਦੀ ਸਮੀਖਿਆ ਲਈ ਕੀਤਾ ਦੌਰਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਆਦੇਸ਼ 'ਤੇ ਐਸ ਡੀ ਐਮ ਗੁਰਦੇਵ ਸਿੰਘ ਨੇ ਜੇਲ੍ਹ ਰੋਡ ਅਤੇ ਸ੍ਰੀ ਦੁੱਖ ਨਿਵਾਰਨ ਸਾਹਿਬ ਨੇੜੇ ਟ੍ਰੈਫਿਕ ਦੀ ਸਥਿਤੀ ਅਤੇ ਐਲ ਐਂਡ ਟੀ ਪਾਈਪ ਲਾਈਨ ਦੇ ਕੰਮ ਦੀ ਸਮੀਖਿਆ ਲਈ ਦੌਰਾ ਕੀਤਾ।ਉਹਨਾਂ ਪਾਣੀ ਦੀ ਪਾਈਪ ਲਾਈਨ ਨੂੰ ਟੋਰੈਂਟ ਗੈਸ ਪਾਈਪ ਲਾਈਨ ਦੇ ਨਾਲ ਨਾਲ ਪਵਿੱਤਰ ਹੰਸਲੀ ਨੂੰ ਪਾਰ ਕਰਨ ਦਾ ਮੌਕਾ ਵੀ ਦੇਖਿਆ। ਉਹਨਾਂ ਕਿਹਾ ਕਿ ਇਸ ਦੌਰੇ ਦਾ ਮੁੱਖ ਉਦੇਸ਼ ਇਲਾਕੇ ਵਿੱਚ ਚੱਲ ਰਹੇ ਕੰਮ ਕਾਰਨ ਟ੍ਰੈਫਿਕ ਵਿੱਚ ਪੈਦਾ ਹੋ ਰਹੀਆਂ ਸਮੱਸਿਆਵਾਂ ਦਾ ਹੱਲ ਕਰਨਾ ਅਤੇ ਕੰਮ ਨੂੰ ਨਿਰਧਾਰਿਤ ਸਮੇਂ ਵਿੱਚ ਮੁਕੰਮਲ ਕਰਵਾਉਣਾ ਹੈ।ਉਹਨਾਂ ਕਿਹਾ ਕਿ ਟ੍ਰੈਫਿਕ ਬੰਦ ਹੋਣ ਕਾਰਨ ਇਲਾਕੇ ਦੇ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨਾਲ ਆਮ ਜਨਤਾ ਦੇ ਰੋਜ਼ਾਨਾ ਜੀਵਨ 'ਚ , ਸਕੂਲੀ ਬੱਚਿਆਂ ਦੇ ਸਕੂਲ ਜਾਣ, ਕਾਰੋਬਾਰੀ ਅਤੇ ਆਮ ਆਵਾਜਾਈ ਵਿੱਚ ਰੁਕਾਵਟ ਆ ਰਹੀ ਹੈ , ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵੱਲੋਂ ਇਸ ਮਸਲੇ ਨੂੰ ਹੱਲ ਕਰਨ ਲਈ ਜ਼ੋਰਦਾਰ ਕਦਮ ਚੁੱਕੇ ਜਾ ਰਹੇ ਹਨ। ਐਸ.ਡੀ.ਐਮ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਪਾਣੀ ਦੀ ਪਾਈਪ ਲਾਈਨ ਦੇ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ ਤਾਂ ਜੋ ਬੰਦ ਹੋਈ ਟ੍ਰੈਫਿਕ ਲੇਨ ਨੂੰ ਫਿਰ ਖੋਲ੍ਹਿਆ ਜਾ ਸਕੇ। ਐਸ.ਡੀ.ਐਮ. ਨੇ ਕੰਮ ਦੀ ਸਪੀਡ ਵਧਾਉਣ ਅਤੇ ਸਰਕਾਰੀ ਨਿਰਦੇਸ਼ਾਂ ਦਾ ਪਾਲਣਾ ਕਰਨ ਦੀ ਹਦਾਇਤ ਵੀ ਕੀਤੀ । ਉਹਨਾ ਕਿਹਾ ਕਿ ਇਸ ਕੰਮ ਨੂੰ ਜਲਦ ਮੁਕੰਮਲ ਕੀਤਾ ਜਾਵੇ ਤਾਂ ਜੋ ਆਮ ਜਨਤਾ ਨੂੰ ਆਰਾਮਦਾਇਕ ਆਵਾਜਾਈ ਮੁਹੱਈਆ ਕਰਵਾਈ ਜਾ ਸਕੇ ।ਇਸ ਮੌਕੇ ਐਕਸੀਅਨ ਸੀਵਰੇਜ ਬੋਰਡ ਵਿਕਾਸ ਧਵਨ, ਐਸ.ਡੀ.ਓ. ਹਨੀਸ਼ ਕੁਮਾਰ, ਕੰਸਟਰਕਸ਼ਨ ਮੈਨੇਜਰ ਐਲ.ਐਨ.ਟੀ. ਟੋਰੈਂਟ ਗੈਸ ਦੇ ਪ੍ਰਤੀਨਿਧ ਸੰਜੀਵ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ ।

## ਅੰਤਰਰਾਸ਼ਟਰੀ ਨਿਆਂ ਦਿਵਸ ਮੌਕੇ ਸਕੂਲਾਂ 'ਚ ਸੈਮੀਨਾਰ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਸ਼ਵ ਅੰਤਰ-ਰਾਸ਼ਟਰੀ ਨਿਆਂ ਦਿਵਸ, ਜੋ ਹਰ ਸਾਲ 17 ਜੁਲਾਈ ਨੂੰ ਮਨਾਇਆ ਜਾਂਦਾ ਹੈ, ਦਾ ਮੁੱਖ ਮੰਤਵ ਅੰਤਰਰਾਸ਼ਟਰੀ ਅਪਰਾਧਾਂ ਦੇ ਪੀੜਤਾਂ ਲਈ ਨਿਆਂ ਨੂੰ ਉਤਸ਼ਾਹਤ ਕਰਨ ਲਈ ਸਾਰਿਆਂ ਨੂੰ ਇਕਜੁਟ ਕਰਨਾ ਹੈ।ਇਸ ਦਿਨ ਦੀ ਮਹੱਤਤਾ ਬਾਰੇ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨਾ ਅੱਜ ਦੇ ਸਮੇਂ ਦੀ ਲੋੜ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਅਸ਼ੋਕ ਚੌਹਾਨ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗਤਪੁਰ ਸੋਢੀਆਂ ਤੇ ਸਰਕਾਰੀ ਹਾਈ ਸਕੂਲ ਮਾਧੋਪੁਰ ਵਿਖੇ ਸੈਮੀਨਾਰ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਚੁਣੌਤੀਆਂ ਨਾਲ ਨਜਿੱਠਣ ਲਈ ਸਹਿਯੋਗ ਅਤੇ ਭਾਈਵਾਲੀ ਉੱਤੇ ਜ਼ੋਰ ਦੇਣਾ ਚਾਹੀਦਾ ਹੈ, ਕਿਉਂਕਿ ਏਕਤਾ ਵਿੱਚ ਹੀ ਬਲ ਹੈ।ਸਕੱਤਰ ਨੇ ਵਧ ਰਹੀ ਨਸ਼ਿਆਂ ਦੀ ਸਮਾਜਿਕ ਬੁਰਾਈ ਨੂੰ ਰੋਕਣ ਵਾਸਤੇ ਸਖ਼ਤ ਕਦਮ ਚੁੱਕਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਬੁਰੀ ਆਦਤ ਤੋਂ ਬਚਾਉਣ ਲਈ ਖੇਡਾਂ ਤੇ ਹੋਰ ਉਸਾਰੂ ਗਤੀਵਿਧੀਆਂ ਵੱਲ ਉਤਸ਼ਾਹਤ ਕਰਨਾ ਜ਼ਰੂਰੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਗਤੀਵਿਧੀਆਂ ਬਾਰੇ ਵਿਸਥਾਰ ਪੂਰਵਕ ਜਾਣੂ ਕਰਾਇਆ।ਇਸ ਮੌਕੇ ਸ੍ਰੀ ਅਸ਼ੋਕ ਕੁਮਾਰ ਚੌਹਾਨ ਨੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਹੇਠ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਚੱਲ ਰਹੀ ਰੁੱਖ ਲਾਉਣ ਦੀ ਮੁਹਿੰਮ ਤਹਿਤ ਸਰਕਾਰੀ ਹਾਈ ਸਕੂਲ ਮਾਧੋਪੁਰ ਵਿਖੇ ਪੌਦੇ ਲਾ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਤ ਕੀਤਾ ਤੇ ਕਿਹਾ ਕਿ ਇਸ ਮੁਹਿੰਮ ਦੇ ਤਹਿਤ ਵਾਤਾਵਰਨ ਦੀ ਸੰਭਾਲ ਵਿੱਚ ਸੰਜੀਦਾ ਹੋ ਕੇ ਸਾਨੂੰ ਸਾਰਿਆਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।

## ਅਧਿਆਪਕਾਂ ਦਾ ਦੋ ਰੋਜ਼ਾ ਜਾਗਰੂਕਤਾ ਸੈਮੀਨਾਰ ਲਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਸਬੰਧੀ ਸਿੱਖਿਆ ਵਿਭਾਗ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਜਸਪਾਲ ਮੋਂਗਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਜਿੰਦਰ ਕੁਮਾਰ ਸੋਨੀ, ਡਾਈਟ ਪ੍ਰਿੰਸੀਪਲ ਸੰਜੀਵ ਕੁਮਾਰ ਤੇ ਅਕਾਦਮਿਕ ਸਹਾਇਕ ਗਰੁੱਪ ਡੀ.ਆਰ.ਸੀ. ਗੁਰਮੇਲ ਸਿੰਘ ਸਾਗੂ ਤੇ ਮੈਡਮ ਡਾ. ਦੀਪਿਕਾ ਗਰਗ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਨਸ਼ਾ ਵਿਰੋਧੀ ਜਾਗਰੂਕਤਾ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ ਤਾਂ ਜੁ ਅਧਿਆਪਕ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਕੇ ਨਸ਼ਿਆਂ ਤੋਂ ਬਚਾ ਸਕਣ। ਇਸ ਸਬੰਧ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਸ੍ਰੀ ਮੁਕਤਸਰ ਸਾਹਿਬ, ਸਸਸਸ (ਕੁ) ਮਲੋਟ, ਸਸਸਸ (ਮੁ) ਅਬੁਲ ਖੁਰਾਣਾ, ਸਸਸਸ (ਕੁ) ਗਿੱਦੜਬਾਹਾ ਵਿਖੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਬਲਾਕਾਂ ਦੇ ਸਾਰੇ ਸਕੂਲਾਂ ਦੇ ਅਧਿਆਪਕਾਂ ਦਾ ਦੋ ਦਿਨਾ ਟ੍ਰੇਨਿੰਗ ਸੈਮੀਨਾਰ ਲਗਾਇਆ ਗਿਆ। ਜ਼ਿਲ੍ਹਾ ਰਿਸੋਰਸ ਪਰਸਨ ਗੁਰਮੇਲ ਸਿੰਘ ਸਾਗੂ ਨੇ ਦੱਸਿਆ ਕਿ ਇਸ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਜਸਪਾਲ ਮੋਂਗਾ ਨੇ ਸ਼ਮੂਲੀਅਤ ਕਰਦੇ ਹੋਏ ਅਧਿਆਪਕਾਂ ਨੂੰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਜਿੰਦਰ ਕੁਮਾਰ ਸੋਨੀ ਨੇ ਮੁਹਿੰਮ ਨੂੰ ਸਫਲ ਬਣਾਉਣ ਲਈ ਪੂਰਜ਼ੋਰ ਹੰਭਲਾ ਮਾਰਨ ਲਈ ਅਧਿਆਪਕਾਂ ਨੂੰ ਅਪੀਲ ਕੀਤੀ।

## ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਪੈਨਸ਼ਨਰਜ਼ ਐਸੋ: ਦੀ ਮੀਟਿੰਗ ਹੋਈ



**ਮੋਗਾ (ਇਕਬਾਲ ਸਿੰਘ ਖਹਿਰਾ)**-ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਪੈਨਸ਼ਨਰਜ਼ ਐਸੋਸੀਏਸ਼ਨ ਸਬ ਡਵੀਜ਼ਨ ਦੇ ਪੈਨਸ਼ਨਰਜ਼ ਆਗੂਆਂ ਨੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ (ਜੇ.ਸੀ) ਪੰਜਾਬ ਦੇ ਸੂਬਾ ਪ੍ਰਧਾਨ ਕਰਮ ਸਿੰਘ ਗਿੱਲ ਦੀ ਅਗਵਾਈ ਵਿੱਚ ਭਰੋਸਾ ਪ੍ਰਗਟ ਕਰਦਿਆਂ ਤੇ ਜੱਥੇਬੰਦੀ ਦੀ ਸਮਝ ਨਾਲ ਸਹਿਮਤੀ ਪ੍ਰਗਟਾਉਂਦਿਆਂ ਆਉਂਦੇ ਸਮੇਂ ਜਥੇਬੰਦਕ ਤੌਰ 'ਤੇ ਉਨ੍ਹਾਂ ਨਾਲ ਚੱਲਣ ਦਾ ਫੈਸਲਾ ਕੀਤਾ। ਜ਼ਿਲ੍ਹੇ ਦੇ ਪ੍ਰੈਸ ਸਕੱਤਰ ਗਿਆਨ ਸਿੰਘ ਸਾਬਕਾ ਡੀ.ਪੀ.ਆਰ.ਓ ਨੇ ਦੱਸਿਆ ਕਿ ਧੂਰੀ ਸਬ ਡਵੀਜ਼ਨ ਦੇ ਸਾਰੇ ਚਾਰ ਸੌ ਮੈਂਬਰਾਂ ਨੇ ਆਗੂਆਂ ਨਾਲ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਸੂਬਾ ਪੱਧਰ ਤੇ ਭਜਨ ਸਿੰਘ ਗਿੱਲ ਸੂਬਾ ਪ੍ਰਧਾਨ ਅਤੇ ਸੁਰਿੰਦਰ ਰਾਮ ਕੁੱਸਾ ਸੂਬਾ ਜਨਰਲ ਸਕੱਤਰ, ਰਣਜੀਤ ਸਿੰਘ ਤਰਖਾਣ ਮਾਜਰਾ, ਹਰਚੰਦ ਸਿੰਘ ਸੂਬਾ ਮੀਤ ਪ੍ਰਧਾਨ ਦੀ ਹਾਜ਼ਰੀ ਵਿੱਚ ਆਉਣ ਵਾਲੇ ਸਮੇਂ 'ਚ ਜਥੇਬੰਦਕ ਸੰਘਰਸ਼ਾਂ ਤੇ ਸਰਗਰਮੀਆਂ ਵਿੱਚ ਸੂਬਾ ਕਮੇਟੀ ਨਾਲ ਮਿਲ ਕੇ ਸਾਂਝੇ ਸੰਘਰਸ਼ਾਂ ਵਿੱਚ ਸਰਗਰਮ ਰੋਲ ਅਦਾ ਕਰਨ ਦਾ ਫੈਸਲਾ ਕੀਤਾ।ਇਸ ਮੌਕੇ ਕੁਲਵੰਤ ਸਿੰਘ ਸੀਨੀਅਰ ਆਗੂ, ਦਿਆਲ ਸਿੰਘ ਧੂਰੀ, ਕਰਮ ਸਿੰਘ ਮਾਨ, ਹਰਚਰਨ ਸਿੰਘ ਸਾਬਕਾ ਪ੍ਰਧਾਨ, ਬੁੱਧ ਸਿੰਘ ਇਨਸਪੈਕਟਰ ਪੰਜਾਬ ਪੁਲੀਸ, ਰਾਮ ਗੋਪਾਲ ਤੇ ਹਰਦੇਵ ਸਿੰਘ ਜਵੰਧਾ ਸਾਬਕਾ ਮਨੇਜਰ ਬਿੱਕਰ ਸਿੰਘ ਮਾਛੀਕੇ, ਪ੍ਰਿਆ ਕਾਂਤ ਸ਼ਾਸਤਰੀ, ਗੁਰਦੀਪ ਸਿੰਘ, ਕੁਲਵੰਤ ਸਿੰਘ ਰਤਿਹ ਸਾਬਕਾ ਮਨੇਜਰ ਤੇ ਹਰਬੰਸ ਸਿੰਘ ਸੇਖੋਂ ਆਦਿ ਸੂਬਾ ਆਗੂ ਸ਼ਾਮਲ ਹੋਏ।ਸਬ ਡਵੀਜ਼ਨ ਆਗੂਆਂ ਤੇ ਸਮੂਹ ਸੂਬਾ ਕਮੇਟੀ ਮੈਂਬਰਾਂ ਨੇ ਪੰਜਾਬ ਸਰਕਾਰ ਦੁਆਰਾ ਸਾਂਝਾ ਫਰੰਟ ਦੇ ਆਗੂਆਂ ਨੂੰ ਮੀਟਿੰਗਾਂ ਦਿੱਤੀਆਂ ਤਰੀਕਾਂ ਦੇ ਕੇ ਮੀਟਿੰਗਾਂ ਨੂੰ ਵਾਰ-ਵਾਰ ਟਾਲਣ ਤੇ ਮੀਟਿੰਗਾਂ ਨਾ ਕਰਨ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ।

# ਅੰਗਹੀਣਾਂ ਤੇ ਵਿਧਵਾਵਾਂ ਵੱਲੋਂ ਮੰਗਾਂ ਨੂੰ ਲੈ ਕੇ ਡੀ ਸੀ ਦਫ਼ਤਰ ਅੱਗੇ ਧਰਨਾ

### ਤਹਿਸੀਲਦਾਰ ਨੂੰ ਡੀ ਸੀ ਦੇ ਨਾਂਅ ਸੌਂਪਿਆ ਮੰਗ ਪੱਤਰ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਏਕਤਾ ਹੈਂਡੀਕੈਪਡ ਐਂਡ ਵਿਧਵਾ ਵੈੱਲਫੇਅਰ ਸੁਸਾਇਟੀ ਮਾਲੇਰਕੋਟਲਾ ਵੱਲੋਂ ਆਪਣੀਆਂ ਮੰਗਾਂ ਮਨਵਾਉਣ ਲਈ ਸੂਬਾਈ ਪ੍ਰਧਾਨ ਮਹਿਮੂਦ ਅਹਿਮਦ ਥਿੰਦ ਦੀ ਪ੍ਰਧਾਨਗੀ ਹੇਠ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ।ਧਰਨੇ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮਹਿਮੂਦ ਅਹਿਮਦ ਥਿੰਦ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਚੋਣਾਂ ਦੌਰਾਨ ਜੋ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਦਿਵਿਆਂਗਜਨਾਂ ਤੇ ਵਿਧਵਾ ਔਰਤਾਂ ਦੀ ਪੈਨਸ਼ਨ 1500 ਰੁਪਏ ਤੋਂ ਵਧਾ ਕੇ 2500 ਕੀਤੀ ਜਾਵੇਗੀ, ਪਰ ਸਰਕਾਰ ਦੇ ਸਾਢੇ ਤਿੰਨ ਸਾਲ ਦਾ ਸਮਾਂ ਬੀਤ ਜਾਣ 'ਤੇ ਵੀ ਪੈਨਸ਼ਨ 'ਚ ਕੋਈ ਵਾਧਾ ਨਹੀਂ ਕੀਤਾ।ਇਸ ਲਈ ਮਜਬੂਰ ਹੋ ਕੇ ਦਿਵਿਆਂਗ ਵਿਅਕਤੀਆਂ ਵੱਲੋਂ ਧਰਨਾ ਲਗਾ ਕੇ ਸਰਕਾਰ ਤੋਂ ਮੰਗ ਕੀਤੀ ਕਿ ਜਲਦ ਤੋਂ ਜਲਦ ਪੈਨਸ਼ਨ 'ਚ ਵਾਧਾ ਕਰਕੇ ਦਿਵਿਆਂਗ ਵਿਅਕਤੀਆਂ ਤੇ ਵਿਧਵਾ ਔਰਤਾਂ ਨਾਲ ਕੀਤਾ ਗਿਆ ਵਾਅਦਾ ਪੂਰਾ ਕਰੇ। ਸੁਸਾਇਟੀ ਦੇ ਵਫ਼ਦ ਨੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਮੰਗ ਕੀਤੀ ਕਿ ਸਰਕਾਰ ਵੱਲੋਂ ਅਲੱਗ ਤੋਂ ਦਿਵਿਆਂਗਜਨ ਮੰਤਰਾਲਾ ਬਣਾਇਆ ਜਾਵੇ, ਪੰਚਾਇਤੀ ਰਾਜ, ਨਗਰ ਕੌਂਸਲ, ਨਗਰ ਨਿਗਮ, ਵਿਧਾਨ ਸਭਾ ਤੇ ਲੋਕ ਸਭਾ ਦੀਆਂ ਚੋਣਾਂ ਦੌਰਾਨ ਦਿਵਿਆਂਗ ਵਿਅਕਤੀਆਂ ਲਈ ਸੀਟਾਂ 'ਚ ਰਾਖਵਾਕਰਨ ਦਾ ਬਿੱਲ ਪਾਸ ਕੀਤਾ ਜਾਵੇ, ਸਰਕਾਰੀ ਤੇ ਪ੍ਰਾਈਵੇਟ ਵਿਭਾਗਾਂ 'ਚ ਦਿਵਿਆਂਗਜਨਾਂ ਦੀਆਂ ਜੋ ਅਸਾਮੀਆ ਖਾਲੀ ਹਨ, ਉਨ੍ਹਾਂ ਨੂੰ ਜਲਦ ਪੂਰਾ ਕੀਤਾ ਜਾਵੇ, ਦਿਵਿਆਂਗਾਂ ਲਈ ਵਿਸ਼ੇਸ਼ ਖੇਡ ਸਕੂਲ ਸਥਾਪਤ ਕੀਤੇ ਜਾਣ, ਰਾਜ 'ਚ ਸਲਾਹਕਾਰ ਸਮਿਤੀ ਦਾ ਗਠਨ ਕੀਤਾ ਜਾਵੇ ਤੇ ਦਿਵਿਆਂਗ ਅਧਿਕਾਰ ਅਧਿਨਿਯਮ ਨੂੰ ਪੂਰਨ ਰੂਪ 'ਚ ਲਾਗੂ ਕੀਤਾ ਜਾਵੇ ਆਦਿ। ਜਾਣਕਾਰੀ ਅਨੁਸਾਰ ਇਹ ਧਰਨਾ ਲਗਾਤਾਰ ਢਾਈ ਘੰਟੇ ਚਲਦਾ ਰਿਹਾ।ਇਸ ਦੌਰਾਨ ਜਦੋਂ ਕੋਈ ਪ੍ਰਸ਼ਾਸਨਕ ਅਧਿਕਾਰੀ ਮੰਗ ਪੱਤਰ ਲੈਣ ਨਹੀਂ ਪਹੁੰਚਿਆ ਤਾਂ ਧਰਨਾਕਾਰੀਆਂ ਨੇ ਸੜਕ 'ਤੇ ਜਾਮ ਲਾ ਦਿੱਤਾ।ਸੜਕ ਜਾਮ ਕਰਨ ਤੋਂ ਬਾਅਦ ਹੀ ਦਸ ਮਿੰਟਾਂ 'ਚ ਹੀ ਤਹਿਸੀਲਦਾਰ ਮੰਗ ਪੱਤਰ ਲੈਣ ਲਈ ਪਹੁੰਚ ਗਈ।ਤਹਿਸੀਲਦਾਰ ਵੱਲੋਂ ਮੰਗ ਪੱਤਰ ਲੈਣ ਤੋਂ ਬਾਅਦ ਧਰਨਾ ਚੁੱਕ ਦਿੱਤਾ ਗਿਆ।ਇਸ ਮੌਕੇ ਮੁਹੰਮਦ ਜਾਹਿਦ ਮੀਤ ਪ੍ਰਧਾਨ, ਸ਼ਮੀਮ ਬੁਖਾਰੀ ਪ੍ਰੈੱਸ ਸਕੱਤਰ, ਇਮਰਾਨ ਪ੍ਰਚਾਰ ਸਕੱਤਰ, ਫਕੀਰ ਮੁਹੰਮਦ ਜੁਆਇੰਟ ਸਕੱਤਰ, ਯਾਸਮੀਨ, ਅਫਰਾਜ ਅਲੀ, ਆਦਿਲ, ਮੁਹੰਮਦ ਸ਼ਕੀਲ, ਪਰਮਜੀਤ ਸਿੰਘ, ਸ਼ਬੀਨਾ, ਸਾਜ਼ੀਆ, ਰਜ਼ੀਆ, ਬਿੱਲਾ ਖਾਂ, ਇਲਿਆਸ, ਮੁਹੰਮਦ ਸ਼ਕੀਲ ਬੇਰੀ ਵਾਲਾ, ਅਬਦੁਲ ਗੱਫਾਰ, ਸਮੀਨਾ ਆਦਿ ਤੋਂ ਇਲਾਵਾ ਭਾਰੀ ਗਿਣਤੀ 'ਚ ਮੈਂਬਰ ਹਾਜ਼ਰ ਸਨ।

## ਮਹਿਲਾ ਨਾਲ ਛੇੜਛਾੜ ਦੇ ਦੋਸ਼ 'ਚ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਅਧੀਨ ਆਉਂਦੇ ਪਿੰਡ ਝੋਕ ਹਰੀਹਰ ਵਿਖੇ ਇੱਕ ਮਹਿਲਾ ਨਾਲ ਛੇੜਛਾੜ ਕਰਨ ਦੇ ਦੋਸ਼ ਵਿੱਚ ਥਾਣਾ ਕੁੱਲਗੜ੍ਹੀ ਪੁਲਸ ਨੇ ਇੱਕ ਵਿਅਕਤੀ ਖਿਲਾਫ 333, 74 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਹਿਲਾ ਨੇ ਦੱਸਿਆ ਕਿ 4 ਜੁਲਾਈ 2025 ਨੂੰ 4 ਵਜੇ ਰਸ਼ਪਾਲ ਸਿੰਘ ਪੁੱਤਰ ਸਮੇਤ ਮਹਿੰਦਰ ਸਿੰਘ ਵਾਸੀ ਝੋਕ ਹਰੀਹਰ ਆਪਣੇ ਦੋਸਤ ਜਿਉਣ ਤੇ ਗੋਰਾ ਪੁੱਤਰਾਨ ਗੁਰਮੇਲ ਸਿੰਘ ਨਾਲ ਮੋਟਰਸਾਈਕਲ 'ਤੇ ਮਹਿਲਾ ਦੇ ਘਰ ਆਇਆ। ਰਸ਼ਪਾਲ ਸਿੰਘ ਦੇ ਦੋਵੇਂ ਦੋਸਤ ਮੁੰਡਿਆਂ ਲਾਲ ਗੱਲਾਂਬਾਤਾਂ ਕਰਦੇ ਘਰ ਦੇ ਬਾਹਰ ਖੜੇ ਹੋ ਗਏ। ਰਸ਼ਪਾਲ ਸਿੰਘ ਮਹਿਲਾ ਦੇ ਘਰ ਆਇਆ ਤੇ ਉਸ ਨਾਲ ਜ਼ਬਰਦਸਤੀ ਕਰਨ ਲੱਗ ਪਿਆ। ਮਹਿਲਾ ਨੇ ਦੱਸਿਆ ਕਿ ਮਾੜੀ ਨੀਯਤ ਨਾਲ ਉਸ ਨਾਲ ਟੱਚ ਕੀਤਾ ਤਾਂ ਉਸ ਨੇ ਉੱਚੀ ਉੱਚੀ ਰੌਲਾ ਪਾਇਆ ਤੇ ਵਿਰੋਧ ਕੀਤਾ। ਮਹਿਲਾ ਨੇ ਦੱਸਿਆ ਕਿ ਰੌਲਾ ਸੁਣ ਕੇ ਰਸ਼ਪਾਲ ਸਿੰਘ ਉਸ ਦੇ ਘਰੋਂ ਭੱਜ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਜੀਤ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਰਸ਼ਪਾਲ ਸਿੰਘ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਦੇਸੀ ਪਿਸਟਲ ਸਮੇਤ ਮੈਗਜ਼ੀਨ ਮੁਲਜ਼ਮ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ ਇਕ ਦੇਸੀ ਪਿਸਟਲ ਸਮੇਤ ਮੈਗਜ਼ੀਨ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬੱਸ ਸਟੈਂਡ ਫਿਰੋਜ਼ਪੁਰ ਕੈਂਟ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਹਰਸ਼ ਪੁੱਤਰ ਅਜੈ ਕੁਮਾਰ ਉਰਫ ਰਾਜਾ ਵਾਸੀ ਕਿਰਾਏਦਾਰ ਰਜਿੰਦਰ ਸਿੰਘ ਸਾਈਆਂ ਵਾਲੀ ਦੀ ਕੋਠੀ ਝੋਕ ਰੋਡ ਫਿਰੋਜ਼ਪੁਰ ਕੈਂਟ ਪਾਸ ਦੇਸੀ ਪਿਸਟਲ ਹੈ, ਜੋ ਅੱਜ ਆਪਣੀ ਪਹਿਨੀ ਪੈਂਟ ਦੀ ਖੱਬੀ ਡੱਬ ਵਿੱਚ ਲੈ ਕੇ ਮਨੋਹਰ ਲਾਲ ਸਕੂਲ ਸਾਹਮਣੇ ਜਾਂਦੇ ਕੱਚੇ ਰਸਤੇ 'ਤੇ ਖੜਾ ਹੈ। ਜੇਕਰ ਉਸ 'ਤੇ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਦੇਸੀ ਪਿਸਟਲ ਸਮੇਤ ਕਾਬੂ ਆ ਸਕਦਾ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ 'ਤੇ ਛਾਪੇਮਾਰੀ ਕਰਕੇ ਉਸ ਕੋਲੋਂ ਇਕ ਦੇਸੀ ਪਿਸਟਲ ਸਮੇਤ ਮੈਗਜ਼ੀਨ ਬਰਾਮਦ ਕੀਤਾ। ਪੁਲਸ ਨੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਲੋਕ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਵਾਲਿਆਂ ਤੋਂ ਸੁਚੇਤ ਰਹਿਣ : ਡਾ. ਬਲਬੀਰ ਸਿੰਘ

### ਸਿਹਤ ਮੰਤਰੀ ਨੇ ਦਿਵਿਆਂਗ 231 ਲਾਭਪਾਤਰੀਆਂ ਨੂੰ ਸਹਾਇਕ ਉਪਕਰਨ ਵੰਡੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪੰਜਾਬ ਵਾਸੀਆਂ ਨੂੰ ਸੁਚੇਤ ਕਰਦਿਆਂ ਆਖਿਆ ਕਿ ਕੁੱਝ ਲੋਕ ਪੰਜਾਬ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦੇ ਹਨ, ਜਿਸ ਲਈ ਪੰਜਾਬੀਆਂ ਨੂੰ ਅਜਿਹੇ ਲੋਕਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਡਾ. ਬਲਬੀਰ ਸਿੰਘ ਨੇ ਇੱਥੇ ਪੰਚਾਇਤ ਭਵਨ ਵਿਖੇ 'ਅਲਿਮਕੋ' (ਆਰਟੀਫਿਸ਼ੀਅਲ ਲਿੰਬਸ ਮੈਨੂਫੈਕਚਰਿੰਗ ਕਾਰਪੋਰੇਸ਼ਨ ਆਫ ਇੰਡੀਆ) ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 25.51 ਲੱਖ ਰੁਪਏ ਦੀ ਲਾਗਤ ਨਾਲ 231 ਦਿਵਿਆਂਗ ਲਾਭਪਾਤਰੀਆਂ ਲਈ ਸਹਾਇਕ ਉਪਕਰਣ ਵੰਡ ਪ੍ਰੋਗਰਾਮ ਦੌਰਾਨ ਕਿਹਾ ਕਿ ਜਿਹੜੀਆਂ ਪਾਰਟੀਆਂ ਦੇ ਆਗੂਆਂ ਨੇ ਪਹਿਲਾਂ ਪੰਜਾਬ ਦਾ ਮਾਹੌਲ ਖਰਾਬ ਕੀਤਾ ਸੀ, ਹੁਣ ਓਹੋ ਦੂਜਿਆਂ ਨੂੰ ਨਸੀਹਤਾਂ ਦੇ ਰਹੇ ਹਨ। ਸਿਹਤ ਮੰਤਰੀ ਨੇ ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਦਿਵਿਆਂਗ ਵਿਅਕਤੀਆਂ ਨੂੰ ਸਰਕਾਰੀ ਸਹੂਲਤਾਂ ਤੇ ਸਕੀਮਾਂ ਦਾ ਲਾਭ ਪਹੁੰਚਾਉਣ ਲਈ ਵਚਨਬੱਧ ਹੈ, ਜਿਸ ਲਈ ਉਹ ਆਪਣੇ ਆਪ ਨੂੰ ਬੇਸਹਾਰਾ ਮਹਿਸੂਸ ਨਾ ਕਰਨ।ਡਾ. ਬਲਬੀਰ ਸਿੰਘ ਨੇ ਕਿਹਾ ਕਿ ਬੱਚਿਆਂ ਤੋਂ ਭੀਖ ਮੰਗਵਾਉਣ ਦੀ ਬੁਰਾਈ ਨੂੰ ਰੋਕਣ ਲਈ ਜਿਹੜੇ ਭਿਖਾਰੀ ਬੱਚਿਆਂ ਤੋਂ ਭੀਖ ਮੰਗਵਾਉਂਦੇ ਹਨ, ਉਨ੍ਹਾਂ ਦਾ ਡੀ.ਐੱਨ.ਏ. ਟੈਸਟ ਵੀ ਪਟਿਆਲਾ ਵਿਖੇ ਬਹੁਤ ਜਲਦ ਸ਼ੁਰੂ ਹੋਵੇਗਾ।ਉਨ੍ਹਾਂ ਕਿਹਾ ਕਿ ਦਿਵਿਆਂਗ ਵਿਅਕਤੀਆਂ ਦੇ ਰੋਜ਼ਾਨਾ ਜੀਵਨ ਤੇ ਗਤੀਸ਼ੀਲਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਉਪਕਰਨ ਜਿਵੇਂ ਇਲੈਕਟਰਿਕ ਟ੍ਰਾਈਸਾਈਕਲ, ਕੰਨਾਂ ਦੀਆਂ ਮਸ਼ੀਨਾਂ, ਟ੍ਰਾਈਸਾਈਕਲਾਂ ਤੇ ਸਟਿੱਕਾਂ ਦੀ ਵੰਡ ਕੀਤੀ ਗਈ ਹੈ।ਡਾ. ਬਲਬੀਰ ਸਿੰਘ ਨੇ ਵਲੰਟੀਅਰਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਰਕਾਰ ਹਰੇਕ ਲੋੜਵੰਦ ਵਿਅਕਤੀ ਦੀ ਬਾਂਹ ਫੜੇਗੀ ਤੇ ਹਰ ਤਰ੍ਹਾਂ ਦੀ ਮਦਦ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਦਸਵੰਧ ਕੱਢ ਕੇ ਲੋੜਵੰਦਾਂ ਦੀ ਸਹਾਇਤਾ ਜ਼ਰੂਰ ਕਰਨੀ ਚਾਹੀਦੀ ਹੈ।

## ਐੱਸ ਆਰ ਐੱਸ ਸਕੂਲ 'ਚ ਜਰਨਲਿਸਟ ਪ੍ਰੈੱਸ ਕਲੱਬ ਦੇ ਸਹਿਯੋਗ ਨਾਲ ਪੌਦੇ ਲਗਾਏ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਪ੍ਰਕਾਸ਼ ਉਤਸਵ ਨੂੰ ਸਮਰਪਤ ਵਣ ਮਹਾਂਉਤਸਵ ਦੇ ਚਲਦਿਆਂ ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਵੱਲੋਂ ਐੱਸ ਆਰ ਐੱਸ ਵਿੱਦਿਆਪੀਠ ਦੇ ਸਹਿਯੋਗ ਨਾਲ ਸਕੂਲ ਅੰਦਰ ਵੱਡੀ ਗਿਣਤੀ ਵਿੱਚ ਫ਼ਲ ਤੇ ਛਾਂਦਾਰ ਪੌਦੇ ਲਗਾ ਕੇ ਵਣ ਮਹਾਂਉਤਸਵ ਦੀ ਸ਼ੁਰੂਆਤ ਕੀਤੀ। ਇਸ ਮੌਕੇ ਅਮਨਪ੍ਰੀਤ ਸਿੰਘ ਵਣ ਵਿਭਾਗ ਮੰਡਲ ਅਫ਼ਸਰ ਪਟਿਆਲਾ ਮੁੱਖ ਮਹਿਮਾਨ ਵਜੋਂ ਤੇ ਵਿਸ਼ੇਸ਼ ਮਹਿਮਾਨ ਵਜੋਂ ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਸ਼ਾਮਲ ਹੋਏ ਇਸ ਮੌਕੇ ਬੋਲਦਿਆਂ ਮੈਡਮ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਵਣ ਵਿਭਾਗ, ਐੱਸ ਆਰ ਐੱਸ ਵਿੱਦਿਆਪੀਠ ਤੇ ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਵੱਲੋਂ ਇਹ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਾਵਨ ਦਾ ਮਹੀਨਾ ਚੱਲ ਰਿਹਾ ਹੈ।ਇਹ ਪੌਦੇ ਲਗਾਉਣ ਦਾ ਇੱਕ ਉਪਯੁਕਤ ਮੌਸਮ ਹੈ।ਉਨ੍ਹਾਂ ਕਿਹਾ ਕਿ ਇਸ ਮਹੀਨੇ ਨੂੰਹਾਂ-ਧੀਆਂ ਦਾ ਇੱਕ ਵਿਸ਼ੇਸ਼ ਤਿਉਹਾਰ ਤੀਆਂ ਵੀ ਮਨਾਇਆ ਜਾਂਦਾ ਹੈ।ਤੀਆਂ ਮੌਕੇ ਇਕੱਤਰ ਹੋਈਆਂ ਨੂੰਹਾਂ-ਧੀਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ, ਤਾਂ ਜੋ ਇਹ ਤਿਉਹਾਰ ਹੋਰ ਸਾਰਥਿਕ ਹੋ ਸਕੇ।ਇਸ ਮੌਕੇ ਜਰਨਲਿਸਟ ਪ੍ਰੈੱਸ ਕਲੱਬ ਦੇ ਪ੍ਰਧਾਨ ਪ੍ਰੀਤਮ ਸਿੰਘ ਨਾਗੀ ਤੇ ਐੱਸ ਆਰ ਐੱਸ ਸਕੂਲ ਦੇ ਵਾਇਸ ਚੇਅਰਮੈਨ ਮੈਡਮ ਸਮਿਧਾ ਸਿੰਗਲਾ ਨੇ ਕਿਹਾ ਕਿ ਸਾਨੂੰ ਜਿੰਨਾ ਸੰਭਵ ਹੋ ਸਕੇ ਪੌਦੇ ਲਗਾਉਣੇ ਚਾਹੀਦੇ ਹਨ, ਤਾਂ ਜੋ ਸਾਨੂੰ ਪ੍ਰਦੂਸ਼ਣ ਰਹਿਤ ਵਾਤਾਵਰਨ ਮਿਲ ਸਕੇ।ਇਸ ਮੌਕੇ ਜਸਵਿੰਦਰ ਸਿੰਘ ਰੰਧਾਵਾ, ਵਣ ਵਿਭਾਗ ਅਫਸਰ ਗੁਰਪ੍ਰੀਤ ਵੇਦਵਾਨ, ਚਮਕੌਰ ਸਿੰਘ ਮੋਤੀ ਫਾਰਮ, ਸਾਹਿਬ ਸਿੰਘ, ਕੁਲਵਿੰਦਰ ਸਿੰਘ ਪੁਰੀ, ਸੁਭਾਸ਼ ਪਾਠਕ, ਦਿਵਾਨ ਥਰੇਜਾ, ਦੀਪਕ ਸ਼ਰਮਾ, ਟਿੰਕਾ ਗਾਜੇਵਾਸ, ਵਿਜੇ ਮਿੱਤਲ, ਨਵੀਨ ਸਿੰਗਲਾ ਆਦਿ ਹਾਜ਼ਰ ਸਨ।

## ਅੱਧਾ ਕਿੱਲੋ ਅਫੀਮ ਸਮੇਤ ਨਸ਼ਾ ਤਸਕਰ ਕਾਬੂ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਰੀਦਕੋਟ ਦੇ ਨਿਰਦੇਸ਼ਾਂ ਅਧੀਨ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾ ਖਿਲਾਫ ਕਾਰਵਾਈ ਕਰਦਿਆਂ ਸੀ.ਆਈ.ਏ. ਸਟਾਫ ਜੈਤੋ ਨੇ ਨਸ਼ੇ ਦੀ ਤਸਕਰੀ ਵਿੱਚ ਸ਼ਾਮਲ ਇੱਕ ਵਿਅਕਤੀ ਨੂੰ ਅੱਧਾ ਕਿੱਲੋ ਅਫੀਮ ਸਮੇਤ ਗ੍ਰਿਫ਼ਤਾਰ ਕੀਤਾ ਹੈ।ਇਹ ਜਾਣਕਾਰੀ ਸ੍ਰੀ ਅਰੁਣ ਮੁੰਡਣ ਡੀ.ਐੱਸ.ਪੀ. (ਇੰਨਵੈਸਟੀਗੇਸ਼ਨ) ਫਰੀਦਕੋਟ ਵੱਲੋਂ ਸ਼ੁੱਕਰਵਾਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਸਾਂਝੀ ਕੀਤੀ ਗਈ।ਗ੍ਰਿਫ਼ਤਾਰ ਦੋਸ਼ੀ ਦੀ ਪਛਾਣ ਬੰਸੀ ਲਾਲ ਪੁੱਤਰ ਚੋਖਾ ਰਾਮ ਵਜੋਂ ਹੋਈ ਹੈ, ਜੋ ਰਾਜਸਥਾਨ ਦੇ ਜ਼ਿਲ੍ਹਾ ਜੋਧਪੁਰ ਦੇ ਢਾਕੋ ਕੀ ਢਾਣੀ ਪਿੰਡ ਕਪਾਰੜਾ ਦਾ ਨਿਵਾਸੀ ਹੈ।ਉਨ੍ਹਾਂ ਦੱਸਿਆ ਕਿ ਥਾਣੇਦਾਰ ਗੁਰਲਾਲ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਜੈਤੋ ਪੁਲਸ ਪਾਰਟੀ ਸਮੇਤ ਇਲਾਕੇ ਦੀ ਗਸ਼ਤ ਦੌਰਾਨ ਪੁਲ ਸੂਆ ਬਠਿੰਡਾ ਰੋਡ ਜੈਤੋ ਵਿਖੇ ਮੌਜੂਦ ਸੀ ਤਾਂ ਦੋਸ਼ੀ ਬੰਸੀ ਲਾਲ ਜੋ ਕਿ ਕਾਲੇ ਰੰਗ ਦੀ ਕਿੱਟ ਬੈਗ ਫੜੀ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਤੇਜ਼ਕਦਮੀ ਹੋ ਤੁਰਿਆ, ਜਿਸ ਦੀ ਸ਼ੱਕ ਦੀ ਬਿਨਾਅ 'ਤੇ ਕਿੱਟ ਦੀ ਤਲਾਸ਼ੀ ਕੀਤੀ ਤਾਂ ਉਸ ਵਿੱਚੋਂ 500 ਗ੍ਰਾਮ ਅਫੀਮ ਬ੍ਰਾਮਦ ਹੋਈ।ਇਸ ਸਬੰਧੀ ਥਾਣਾ ਜੈਤੋ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

## ਪਲੇਸਮੈਂਟ ਕੈਂਪ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਰੋਜ਼ਗਾਰ ਅਫ਼ਸਰ ਕੰਵਲਪੁਨਿਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸ੍ਰੀ ਮੁਕਤਸਰ ਸਾਹਿਬ ਵਿਖੇ 21 ਜੁਲਾਈ 2025 ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਇਸ ਪਲੇਸਮੈਂਟ ਕੈਂਪ ਵਿੱਚ ਅਰਲੀਸਕਿੱਲ ਪ੍ਰਾਈਵੇਟ ਲਿਮੀ. ਕੰਪਨੀ ਵੱਲੋਂ ਵੱਖ-ਵੱਖ 70 ਅਸਾਮੀਆਂ ਲਈ ਇੰਟਰਵਿਊ ਲਈ ਜਾਣੀ ਹੈ, ਇਸ ਇੰਟਰਵਿਊ ਲਈ ਲੜਕੇ ਤੇ ਲੜਕੀਆਂ ਦੋਵੇਂ ਭਾਗ ਲੈ ਸਕਦੇ ਹਨ।ਇੰਟਰਵਿਊ ਲਈ ਲੜਕਿਆਂ ਲਈ ਘੱਟ ਤੋਂ ਘੱਟ ਵਿੱਦਿਅਕ ਯੋਗਤਾ 10ਵੀਂ ਪਾਸ ਤੇ ਲੜਕੀਆਂ ਲਈ ਘੱਟ ਤੋਂ ਘੱਟ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਪਾਸ ਹੈ।ਕੈਂਪ ਵਿੱਚ ਭਾਗ ਲੈਣ ਲਈ ਘੱਟ ਤੋਂ ਘੱਟ ਉਮਰ 19 ਤੋਂ 30 ਸਾਲ ਹੋਣੀ ਜ਼ਰੂਰੀ ਹੈ।ਦਲਜੀਤ ਸਿੰਘ ਬਰਾੜ ਪਲੇਸਮੈਂਟ ਅਫਸਰ ਨੇ ਦੱਸਿਆ ਕਿ ਪ੍ਰਾਰਥੀ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਸਮੇਂ ਆਪਣੇ ਵਿੱਦਿਅਕ ਯੋਗਤਾ ਦੇ ਦਸਤਾਵੇਜ਼, ਰਜ਼ਿਊਮ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਆਦਿ ਅਸਲ ਤੇ ਉਨ੍ਹਾਂ ਦੀ ਫੋਟੋ ਕਾਪੀ ਸੈੱਟ ਨਾਲ ਲੈ ਕੇ ਆਉਣ।

# ਪੰਜਾਬ 'ਚੋਂ ਨਸ਼ਿਆਂ ਦਾ ਹੋਵੇਗਾ ਮੁਕੰਮਲ ਖ਼ਾਤਮਾ, ਕਾਰਵਾਈ ਜਾਰੀ : ਖੁੱਡੀਆਂ

### ਖੁੱਡੀਆਂ ਗੁਲਾਬ ਸਿੰਘ, ਖੁੱਡੀਆਂ ਮਹਾਂ ਸਿੰਘ ਤੇ ਥਰਾਜਵਾਲਾ 'ਚ ਜਾਗਰੂਕਤਾ ਸਮਾਗਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਦਾ ਸੱਦਾ ਦਿੰਦੇ ਹੋਏ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕੈਬਨਿਟ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਨੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਹਲਕਾ ਲੰਬੀ ਦੇ ਪਿੰਡ ਖੁੱਡੀਆਂ ਗੁਲਾਬ ਸਿੰਘ, ਖੁੱਡੀਆਂ ਮਹਾ ਸਿੰਘ ਤੇ ਥਰਾਜਵਾਲਾ ਵਿੱਚ ਨਸ਼ਾ ਮੁਕਤੀ ਯਾਤਰਾ ਦੌਰਾਨ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਬੋਲਦਿਆਂ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਵਿੱਢੀ ਗਈ ਲੜਾਈ ਤਹਿਤ ਸੂਬੇ ਵਿੱਚੋਂ ਨਸ਼ਿਆਂ ਨੂੰ ਹਰ ਹੀਲੇ ਖਤਮ ਕੀਤਾ ਜਾਵੇਗਾ ਤੇ ਇਸੇ ਅਹਿਦ ਤਹਿਤ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਲਗਾਤਾਰ ਜਾਰੀ ਹੈ।ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਪਿੰਡ ਥਰਾਜਵਾਲਾ ਵਿਖੇ ਸਾਫ ਪੀਣਯੋਗ ਪਾਣੀ ਦੀ ਸੁਖਾਲੀ ਉਪਲਬਧਤਾ ਲਈ ਨਵੇਂ ਆਰ. ਓ. ਪਲਾਂਟ ਦਾ ਵੀ ਉਦਘਾਟਨ ਕੀਤਾ ਗਿਆ।ਨਸ਼ਾ ਮੁਕਤੀ ਯਾਤਰਾ ਦਾ ਮੰਤਵ ਸਾਂਝਾ ਕਰਦਿਆਂ ਕੈਬਨਿਟ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ, ਵਾਰਡਾਂ, ਗਲੀ, ਮੁਹੱਲਿਆਂ ਵਿੱਚ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਤੇ ਨਸ਼ਾ ਤਸਕਰਾਂ ਸਬੰਧੀ ਸੂਚਨਾ ਪੁਲਸ ਨੂੰ ਦੇਣ ਤਾਂ ਜੋ ਉਨ੍ਹਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾ ਸਕੇ।

ਕੈਬਨਿਟ ਮੰਤਰੀ ਨੇ ਪੇਂਡੂ ਸੁਰੱਖਿਆ ਕਮੇਟੀਆਂ, ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਪਿੰਡਾਂ ਦੇ ਪਹਿਰੇਦਾਰ ਵਜੋਂ ਕੰਮ ਕਰਕੇ ਨਸ਼ਿਆਂ 'ਚ ਗ੍ਰਸਤ ਲੋਕਾਂ ਦੇ ਇਲਾਜ ਤੇ ਪੁਨਰਵਾਸ ਲਈ ਸਰਕਾਰ ਦਾ ਸਹਿਯੋਗ ਕਰਨ ਤਾਂ ਜੋ ਅਜਿਹੇ ਲੋਕਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਨਵਾਂ ਜੀਵਨ ਦਿੱਤਾ ਜਾ ਸਕੇ।ਉਨ੍ਹਾਂ ਕਿਹਾ ਕਿ ਅੱਜ ਪਿੰਡ-ਪਿੰਡ ਜਾ ਕੇ ਸਾਡੀ ਨੌਜਵਾਨੀ ਨੂੰ ਬਚਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਨਿਰਣਾਇਕ ਲੜਾਈ ਵਿੱਢੀ ਗਈ ਹੈ, ਜਿਸ ਵਿੱਚ ਲੋਕਾਂ ਦਾ ਸਾਥ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਅਸੀਂ ਨਸ਼ਿਆਂ ਦੀ ਇਸ ਭੈੜੀ ਅਲਾਮਤ ਤੋਂ ਛੁਟਕਾਰਾ ਪਾ ਸਕਦੇ ਹਾਂ।

# ਡਿਸਟ੍ਰਿਕ ਰਾਈਫਲ ਸ਼ੂਟਿੰਗ ਐਸੋਸੀਏਸ਼ਨ ਵੱਲੋਂ ਸ਼ੂਟਿੰਗ ਮੁਕਾਬਲੇ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਬੀਤੇ ਦਿਨੀਂ ਡਿਸਟ੍ਰਿਕ ਰਾਈਫਲ ਸ਼ੂਟਿੰਗ ਐਸੋਸੀਏਸ਼ਨ ਫਰੀਦਕੋਟ ਵੱਲੋਂ ਓਪਨ ਡਿਸਟ੍ਰਿਕ ਸ਼ੂਟਿੰਗ ਮੁਕਾਬਲੇ ਕਰਵਾਏ ਗਏ।ਇਹ ਮੁਕਾਬਲੇ ਸੀਨੀਅਰ, ਜੂਨੀਅਰ, ਯੂਥ ਤੇ ਸਬ-ਯੂਥ ਵੱਖ-ਵੱਖ ਵਰਗਾਂ ਵਿੱਚ ਬਾਬਾ ਫਰੀਦ ਸ਼ੂਟਿੰਗ ਰੇਂਜ ਵਿਖੇ ਪ੍ਰੈਜ਼ੀਡੈਂਟ ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਹੇਠ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਫਰੀਦਕੋਟ ਜ਼ਿਲ੍ਹੇ ਦੇ ਲਗਭਗ 100 ਵਿਦਿਆਰਥੀਆਂ ਨੇ 10 ਮੀਟਰ ਏਅਰ ਰਾਈਫਲ ਤੇ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਸੀਨੀਅਰ ਕੈਟਾਗਿਰੀ 'ਚੋਂ 10 ਮੀਟਰ ਏਅਰ ਪਿਸਟਲ ਲੜਕੇ (ਐੱਨ. ਆਰ) 'ਚੋਂ ਦਿਲਜੋਤ ਸਿੰਘ ਬਰਾੜ ਨੇ ਗੋਲਡ, ਰਜਤ ਕੁਮਾਰ ਨੇ ਸਿਲਵਰ, ਮਨਦੀਪ ਸਿੰਘ ਨੇ ਬ੍ਰੌਨਜ਼ ਮੈਡਲ ਤੇ ਲੜਕੀਆਂ 'ਚੋਂ ਅੰਕਿਤਾ ਗੋਲਡ ਤੇ ਜਸ਼ਨਦੀਪ ਕੌਰ ਨੇ ਸਿਲਵਰ ਮੈਡਲ ਹਾਸਲ ਕੀਤਾ। 10 ਮੀਟਰ ਏਅਰ ਰਾਈਫਲ (ਐੱਨ ਆਰ) 'ਚੋਂ ਅੰਮ੍ਰਿਤਪਾਲ ਸਿੰਘ ਗੋਲਡ ਤੇ ਲੜਕੀਆਂ 'ਚੋਂ ਏਕਮਵੀਰ ਕੌਰ ਨੇ ਗੋਲਡ ਤੇ ਮਹਿਕਪ੍ਰੀਤ ਕੌਰ ਨੇ ਸਿਲਵਰ ਮੈਡਲ ਹਾਸਲ ਕੀਤਾ।

ਇਸੇ ਤਰ੍ਹਾਂ ਜੂਨੀਅਰ ਕੈਟਾਗਿਰੀ 'ਚੋਂ ਦੀਪਇੰਦਰ ਸਿੰਘ ਨੇ ਗੋਲਡ, ਜੋਤਪਾਲ ਸਿੰਘ ਸਿਲਵਰ ਤੇ ਗੁਰਨਿਵਾਜ ਸਿੰਘ ਨੇ ਬ੍ਰੌਨਜ਼ ਮੈਡਲ ਤੇ ਲੜਕੀਆਂ 'ਚੋਂ ਹਰਸਿਮਰਤ ਕੌਰ ਨੇ ਗੋਲਡ ਤੇ ਸ਼੍ਰੀ ਪ੍ਰਭਾ ਨੇ ਸਿਲਵਰ ਮੈਡਲ ਹਾਸਲ ਕੀਤਾ।ਏਅਰ ਰਾਈਫਲ ਜੂਨੀਅਰ ਲੜਕਿਆਂ 'ਚੋਂ ਅੰਮ੍ਰਿਤਪਾਲ ਸਿੰਘ ਨੇ ਗੋਲਡ, ਰਜਨੀਸ਼ ਕੁਮਾਰ ਨੇ ਸਿਲਵਰ ਤੇ ਲੜਕੀਆਂ 'ਚੋਂ ਏਕਮਵੀਰ ਕੌਰ ਨੇ ਗੋਲਡ ਤੇ ਪਵਨਪ੍ਰੀਤ ਕੌਰ ਨੇ ਸਿਲਵਰ ਮੈਡਲ ਹਾਸਲ ਕੀਤਾ। ਯੂਥ 10 ਮੀਟਰ ਏਅਰ ਪਿਸਟਲ ਲੜਕਿਆਂ 'ਚੋਂ ਗੀਤਾਂਸ਼ ਸਿੰਗਲਾ ਨੇ ਗੋਲਡ, ਦੀਪਇੰਦਰ ਸਿੰਘ ਨੇ ਸਿਲਵਰ, ਵਿਸਮਾਦਦੀਪ ਸਿੰਘ ਨੇ ਬ੍ਰੌਨਜ਼ ਮੈਡਲ ਹਾਸਲ ਕੀਤਾ ਤੇ ਲੜਕੀਆਂ 'ਚੋਂ ਸੁਖਮਨਜੀਤ ਕੌਰ ਨੇ ਗੋਲਡ, ਆਂਚਲ ਨੇ ਸਿਲਵਰ ਤੇ ਗਗਨਦੀਪ ਕੌਰ ਨੇ ਬ੍ਰੌਨਜ਼ ਮੈਡਲ ਹਾਸਲ ਕੀਤਾ ਤੇ 10 ਮੀਟਰ ਏਅਰ ਰਾਈਫਲ 'ਚੋਂ ਅਰਮਾਨ ਸਿੰਘ ਗੋਲਡ, ਅੰਮ੍ਰਿਤਪਾਲ ਸਿੰਘ ਨੇ ਸਿਲਵਰ ਤੇ ਸ਼ੇਰਵੀਰ ਸਿੰਘ ਨੇ ਬ੍ਰੌਨਜ਼ ਮੈਡਲ ਹਾਸਲ ਕੀਤਾ ਤੇ ਲੜਕੀਆਂ 'ਚੋਂ ਏਕਮਵੀਰ ਕੌਰ ਨੇ ਗੋਲਡ, ਤਨਵੀਰ ਕੌਰ ਨੇ ਸਿਲਵਰ, ਐਸ਼ਵੀਰ ਕੌਰ ਨਾ ਬ੍ਰਨੋਜ਼ ਮੈਡਲ ਹਾਸਲ ਕੀਤਾ।ਸਬ-ਯੂਥ ਕੈਟਾਗਿਰੀ ਦੇ ਲੜਕਿਆਂ ਚੋਂ ਅਭੀਰਾਜ ਸਿੰਘ ਨੇ ਗੋਲਡ, ਅਰਮਾਨਪ੍ਰੀਤ ਸਿੰਘ ਨੇ ਸਿਲਵਰ ਤੇ ਸਾਹਿਬਪ੍ਰੀਤ ਸਿੰਘ ਨੇ ਬ੍ਰੌਨਜ਼ ਮੈਡਲ ਹਾਸਲ ਕੀਤਾ ਤੇ ਲੜਕੀਆਂ 'ਚੋਂ ਗੁਰਵਿਰਵਾਨਪ੍ਰੀਤ ਕੌਰ ਨੇ ਗੋਲਡ, ਏਕਮ ਕੌਰ ਨੇ ਸਿਲਵਰ ਤੇ ਐਲਵੀਰ ਕੌਰ ਨੇ ਬ੍ਰੌਨਜ਼ ਮੈਡਲ ਹਾਸਲ ਕੀਤਾ ਤੇ ਏਅਰ ਰਾਈਫਲ 'ਚੋਂ ਕਨਵਰਜੋਤ ਸਿੰਘ ਨੇ ਗੋਲਡ, ਗੁਰਕਿਰਤ ਸਿੰਘ ਨੇ ਸਿਲਵਰ ਤੇ ਮਨਤੇਗ ਸਿੰਘ ਨੇ ਬ੍ਰੌਨਜ਼ ਮੈਡਲ ਹਾਸਲ ਕੀਤਾ ਤੇ ਲੜਕੀਆਂ 'ਚੋਂ ਏਕਮਵੀਰ ਕੌਰ ਨੇ ਗੋਲਡ ਮੈਡਲ ਹਾਸਲ ਕੀਤਾ।ਆਈ. ਐੱਸ. ਐੱਸ. ਐੱਫ. ਕੈਟਾਗਿਰੀ ਵਿੱਚ ਏਅਰ ਰਾਈਫਲ ਯੂਥ ਲੜਕਿਆਂ 'ਚੋਂ ਗੋਪੇਸ਼ ਕੁਮਾਰ ਨੇ ਗੋਲਡ, ਜੂਨੀਅਰ ਕੈਟਾਗਿਰੀ 'ਚੋਂ ਅਰਸ਼ਦੀਪ ਸਿੰਘ ਨੇ ਗੋਲਡ ਤੇ ਲੜਕੀਆਂ ਦੀ ਯੂਥ ਕੈਟਾਗੀਰੀ 'ਚੋਂ ਸ਼ਾਹੀਨ ਕੌਰ ਨੇ ਗੋਲਡ ਤੇ ਜੂਨੀਅਰ ਕੈਟਾਗਿਰੀ 'ਚੋਂ ਅਵਨੀਤ ਕੌਰ ਨੇ ਗੋਲਡ ਮੈਡਲ ਹਾਸਲ ਕੀਤਾ।

ਡਿਸਟਿਕ ਰਾਈਫਲ ਸ਼ੂਟਿੰਗ ਐਸੋਸੀਏਸ਼ਨ ਦੇ ਪ੍ਰੈਜ਼ੀਡੈਂਟ ਸਿਮਰਜੀਤ ਸਿੰਘ ਸੇਖੋਂ ਦੇ ਨਾਲ ਹਰਬੀਰ ਸਿੰਘ ਰੋਮਾਣਾ ਵਾਈਸ ਪ੍ਰੈਜ਼ੀਡੈਂਟ ਡੀ.ਆਰ.ਐੱਸ. ਏ., ਜਤਿੰਦਰ ਸਿੰਘ ਰੋਮਾਣਾ ਜਨਰਲ ਸੈਕਟਰੀ, ਸ਼ਿਵ ਕਰਤਾਰ ਸਿੰਘ ਸੇਖੋਂ ਸੈਕਟਰੀ ਡੀ.ਆਰ.ਐੱਸ. ਏ., ਅਮਰਜੀਤ ਸਿੰਘ ਬਰਾੜ, ਕਰਨਬੀਰ ਸਿੰਘ ਸੇਖੋਂ ਤੇ ਗੁਰਜਾਪ ਸਿੰਘ ਸੇਖੋਂ ਫਾਊਂਡਰ ਮੈਂਬਰ ਡੀ.ਆਰ.ਐੱਸ.ਏ., ਬਲਜਿੰਦਰ ਸਿੰਘ ਡੀ. ਐੱਸ. ਓ., ਨਿਰਮਲ ਸਿੰਘ ਦਿਓਲ ਪ੍ਰੈਜ਼ੀਡੈਂਟ ਡਿਸਟ੍ਰਿਕ ਵਾਲੀਬਾਲ ਐਸੋਸੀਏਸ਼ਨ, ਮਿਸਿਜ਼ ਸੁਖਰਾਜ ਕੌਰ ਸ਼ੂਟਿੰਗ ਕੋਚ ਖੇਡ ਵਿਭਾਗ ਫਰੀਦਕੋਟ ਮੌਜੂਦ ਸਨ।ਇਸ ਮੌਕੇ ਐਸੋਸੀਏਸ਼ਨ ਵੱਲੋਂ ਫਰੀਦਕੋਟ ਦੇ ਨੈਸ਼ਨਲ ਸ਼ੂਟਰਜ਼ ਸ੍ਰ. ਜਗਵਿਜੈ ਪ੍ਰਤਾਪ ਸਿੰਘ ਸੇਖੋਂ ਤੇ ਮਿਸ ਈਬਾਦਤ ਕੌਰ ਸੇਖੋਂ ਨੂੰ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ।

## ਈਕੋ ਕਲੱਬ ਨੇ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਪੌਦੇ ਲਾਏ




**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਭੁੱਚੋ ਖੁਰਦ ਦੇ ਈਕੋ ਕਲੱਬ ਨੇ ਭਾਰਤ ਸਰਕਾਰ ਦੁਆਰਾ ਸਮਰਥਤ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਦੇ ਤਹਿਤ ਪੌਦੇ ਲਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ, ਜਿਸ ਵਿੱਚ ਸਕੂਲ ਦੇ ਆਲੇ ਦੁਆਲੇ ਪਿੰਡ ਅਤੇ ਪੰਚਾਇਤੀ ਥਾਵਾਂ 'ਤੇ ਕਈ ਕਿਸਮਾਂ ਦੇ ਪੌਦੇ ਲਾਏ ਗਏ। ਸਮਾਗਮ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ, ਜੋ ਵਾਤਾਵਰਨ ਸਥਿਰਤਾ ਤੇ ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹਤ ਕਰਨ ਪ੍ਰਤੀ ਸਕੂਲ ਦੇ ਸਮਰਪਣ ਨੂੰ ਦਰਸਾਉਂਦੀ ਹੈ। ਇਸ ਮੌਕੇ ਬੱਚਿਆਂ ਨੂੰ ਆਪਣੀਆਂ ਮਾਵਾਂ ਦੇ ਨਾਂਅ 'ਤੇ ਘਰ ਵਿੱਚ ਪੌਦੇ ਲਾਉਣ ਲਈ ਵੰਡੇ ਗਏ, ਜੋ ਜੀਵਨ ਦੇ ਪਾਲਣ-ਪੋਸ਼ਣ ਵਿੱਚ ਮਾਂਵਾਂ ਦੀ ਭੂਮਿਕਾ ਦਾ ਸਨਮਾਨ ਕਰਨ ਤੇ ਵਾਤਾਵਰਨ ਸੰਭਾਲ ਦੀ ਵਧ ਰਹੀ ਜ਼ਰੂਰਤ ਨੂੰ ਪੂਰਾ ਕਰਨ ਦੇ ਪ੍ਰਤੀਕਾਤਮਕ ਯਤਨ ਵਜੋਂ ਹਨ। ਸਕੂਲ ਦੇ ਐਮ. ਡੀ. ਪ੍ਰੋਫੈਸਰ ਐਮ.ਐਲ. ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਬੱਚਿਆਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਦਿਆਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਵਾਤਾਵਰਣ ਦੀ ਰੱਖਿਆ ਕਰਨਾ ਹੈ।

## ਨਸ਼ਾ ਮੁਕਤੀ ਯਾਤਰਾ ਦੇ ਦੂਜੇ ਪੜਾਅ ਤਹਿਤ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੂਬੇ ਵਿੱਚ ਚੱਲ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਅਹਿਮ ਹਿੱਸੇ ਵਜੋਂ ਨਸ਼ਾ ਮੁਕਤੀ ਯਾਤਰਾ ਦੂਜੇ ਪੜਾਅ ਵਿੱਚ ਪੁੱਜ ਗਈ ਹੈ ਅਤੇ ਇਸੇ ਕੜੀ ਤਹਿਤ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਅੱਜ ਕਈ ਪਿੰਡਾਂ ਵਿੱਚ ਜਨ ਸਭਾਵਾਂ ਨੂੰ ਸੰਬੋਧਨ ਕੀਤਾ ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ।ਵਿਧਾਇਕ ਐਡਵੋਕੇਟ ਰਾਏ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦੌਰਾਨ ਲੋਕਾਂ ਦੀ ਭਰਵੀਂ ਸ਼ਮੂਲੀਅਤ ਨੇ ਇਹ ਸਾਬਤ ਕੀਤਾ ਹੈ ਕਿ ਸੂਬੇ 'ਚ ਨਸ਼ਿਆਂ ਦੇ ਖਾਤਮੇ ਦੀ ਮੁਹਿੰਮ ਜੋਸ਼ੋ ਖਰੋਸ਼ ਨਾਲ ਲਾਗੂ ਕੀਤੀ ਜਾ ਰਹੀ ਹੈ ਤੇ ਜਨ ਸਮੂਹ, ਨਸ਼ਾ ਤਸਕਰਾਂ ਦੇ ਮੁਕੰਮਲ ਖਾਤਮੇ ਲਈ ਸਰਕਾਰ ਦਾ ਸਹਿਯੋਗ ਦੇ ਰਿਹਾ ਹੈ।ਉਨ੍ਹਾਂ ਪਿੰਡ ਪੰਜੋਲਾ, ਬਹਿਲੋਲਪੁਰ, ਪੋਲਾ ਤੇ ਮੀਆਂਪੁਰ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਜਾਗਰੂਕਤਾ ਪ੍ਰੋਗਰਾਮਾਂ ਨੂੰ ਸੰਬੋਧਨ ਕੀਤਾ। ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਰੋਜ਼ਾਨਾ ਦੇ ਆਧਾਰ 'ਤੇ ਪਿੰਡਾਂ ਵਿੱਚ ਅਜਿਹੇ ਪ੍ਰੋਗਰਾਮ ਜਾਰੀ ਰੱਖੇ ਜਾਣਗੇ ਤੇ ਲੋਕਾਂ ਤੋਂ ਮਿਲੀ ਫੀਡਬੈਕ ਦੇ ਆਧਾਰ 'ਤੇ ਹਲਕਾ ਫ਼ਤਹਿਗੜ੍ਹ ਸਾਹਿਬ ਨੂੰ ਸੌ ਫੀਸਦੀ ਨਸ਼ਾ ਮੁਕਤ ਕੀਤਾ ਜਾ ਰਿਹਾ ਹੈ।ਇਨ੍ਹਾਂ ਪ੍ਰੋਗਰਾਮਾਂ ਦੌਰਾਨ ਸਿਹਤ ਵਿਭਾਗ, ਪੁਲਸ ਵਿਭਾਗ, ਪੰਚਾਇਤੀ ਵਿਭਾਗ ਤੋਂ ਵੀ ਬੁਲਾਰੇ ਸੰਬੋਧਨ ਕਰ ਰਹੇ ਹਨ ਤੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਨਸ਼ਿਆਂ ਦੀ ਦਲਦਲ ਵਿੱਚ ਫਸੇ ਪੀੜਤਾਂ ਨੂੰ ਵੀ ਮਿਆਰੀ ਇਲਾਜ ਮੁਹੱਈਆ ਕਰਾ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਾਇਆ ਜਾ ਰਿਹਾ ਹੈ।ਐਡਵੋਕੇਟ ਰਾਏ ਨੇ ਕਿਹਾ ਕਿ ਹਰ ਪਿੰਡ ਨੂੰ ਨਸ਼ਿਆਂ ਦੀ ਮਾਰੂ ਸਮਾਜਿਕ ਬੁਰਾਈ ਤੋਂ ਬਚਾਉਣਾ ਹੈ ਅਤੇ ਇਹ ਮੁਹਿੰਮ ਤੇਜ਼ੀ ਨਾਲ ਸਫ਼ਲਤਾ ਵੱਲ ਵਧ ਰਹੀ ਹੈ।ਉਨ੍ਹਾਂ ਕਿਹਾ ਕਿ ਮਾੜੇ ਅਨਸਰਾਂ ਨੂੰ ਸਲਾਖਾਂ ਪਿੱਛੇ ਪੁਚਾਉਣ ਵਿੱਚ ਪੰਜਾਬ ਪੁਲਿਸ ਨਿਰੰਤਰ ਜੁਟੀ ਹੋਈ ਹੈ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆਏ ਹਨ।

## ਪਟੇਲ ਕਾਲਜ 'ਚ ਐੱਨ ਸੀ ਸੀ ਆਰਮੀ ਵਿੰਗ ਨੇ ਬੂਟੇ ਲਗਾਏ




**ਰਾਜਪੁਰਾ (ਰਮੇਸ਼ ਕਟਾਰੀਆ)**-ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਵਿਖੇ 5 ਪੰਜਾਬ ਬਟਾਲੀਅਨ ਐੱਨ.ਸੀ.ਸੀ. ਪਟਿਆਲਾ ਤੋਂ ਕਰਨਲ ਸੰਦੀਪ ਰਾਏ ਲੈਫਟੀਨੈਂਟ ਡਾ. ਜੈਦੀਪ ਸਿੰਘ ਤੇ ਹੌਲਦਾਰ ਹਰਦੀਪ ਸਿੰਘ ਦੀ ਅਗਵਾਈ ਵਿੱਚ ਕਾਲਜ ਵਿੱਚ 100 ਦੇ ਕਰੀਬ ਫ਼ਲਦਾਰ ਤੇ ਛਾਂਦਾਰ ਬੂਟੇ ਲਗਾਏ। ਪਟੇਲ ਮੈਨੇਜਮੈਂਟ ਸੋਸਾਇਟੀ ਦੇ ਪ੍ਰਧਾਨ ਦੇਵਕੀ ਨੰਦਨ, ਵਾਈਸ ਪ੍ਰਧਾਨ ਹਰਪ੍ਰੀਤ ਸਿੰਘ ਦੂਆ, ਜਨਰਲ ਸੈਕਰੇਟਰੀ ਅਮਨਜੋਤ ਸਿੰਘ, ਫ਼ਾਇਨਾਂਸ ਸੈਕਰੇਟਰੀ ਰਿਤੇਸ਼ ਬਾਂਸਲ ਤੇ ਸੈਕਰੇਟਰੀ ਵਿਜੇ ਆਰਿਆ ਨੇ ਉੱਚੇਚੇ ਤੌਰ 'ਤੇ ਇਸ ਸਮਾਰੋਹ ਵਿੱਚ ਸ਼ਿਰਕਤ ਕੀਤੀ। ਆਏ ਹੋਏ ਮਹਿਮਾਨਾਂ ਨੇ ਪ੍ਰਿੰਸੀਪਲ, ਸਟਾਫ਼ ਤੇ ਬੱਚਿਆਂ ਨੂੰ ਇਸ ਮਹਾਨ ਸਮਾਜਿਕ-ਵਾਤਾਵਰਨਿਕ ਭਲਾਈ ਦੇ ਕੰਮ ਲਈ ਮੁਬਾਰਕਾਂ ਦਿੱਤੀਆਂ। ਉਨ੍ਹਾਂ ਸਾਰਿਆਂ ਨੇ ਸਟਾਫ਼ ਤੇ ਬੱਚਿਆਂ ਨੂੰ ਵਾਤਾਵਰਣ ਨੂੰ ਸਾਫ਼ ਸੁਥਰਾ ਬਣਾਉਣ ਦੇ ਮਕਸਦ ਨਾਲ ਹੋਰ ਵੀ ਖ਼ਾਲੀ ਥਾਵਾਂ 'ਤੇ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਨੇ ਆਏ ਹੋਏ ਆਰਮੀ ਅਫ਼ਸਰਾਂ ਤੇ ਮੈਨੇਜਮੈਂਟ ਸੋਸਾਇਟੀ ਦੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ।

## ਬੀਬਾ ਬਾਦਲ ਨੇ ਸਾਬਕਾ ਕੌਂਸਲਰ ਨਾਲ ਕੀਤਾ ਦੁੱਖ ਸਾਂਝਾ



**ਭੀਖੀ (ਧਰਮਵੀਰ ਸ਼ਰਮਾ)**-ਸਾਬਕਾ ਕੇਂਦਰੀ ਮੰਤਰੀ ਤੇ ਲੋਕ ਸਭਾ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਭੀਖੀ ਵਿਖੇ ਪਿਛਲੇ ਦਿਨੀਂ ਸਾਬਕਾ ਕੌਂਸਲਰ ਰਾਮਪਾਲ ਦੀ ਮਾਤਾ ਕੇਸਰੀ ਦੇਵੀ ਦੇ ਸਦੀਵੀਂ ਵਿਛੋੜੇ 'ਤੇ ਉਨ੍ਹਾਂ ਦੇ ਪਰਵਾਰ ਨਾਲ ਅਫਸੋਸ ਪ੍ਰਗਟ ਕੀਤਾ।ਇਸ ਮੌਕੇ ਸੰਸਦ ਮੈਂਬਰ ਨੇ ਕਿਹਾ ਕਿ ਰਾਮਪਾਲ ਸ਼੍ਰੋਮਣੀ ਅਕਾਲੀ ਦਲ ਦਾ ਸਮਰਪਤ ਵਰਕਰ ਹੈ।ਉਨ੍ਹਾਂ ਹਮੇਸ਼ਾ ਮਿਹਨਤ ਤੇ ਲਗਨ ਨਾਲ ਸਮਾਜ ਸੇਵਾ ਦਾ ਕਾਰਜ ਕਰ ਰਹੇ ਹਨ।ਅਜਿਹਾ ਉਨ੍ਹਾਂ ਦੇ ਮਾਤਾ ਵੱਲੋਂ ਦਿੱਤੇ ਸੰਸਕਾਰਾਂ ਸਦਕਾ ਹੈ। ਇਸ ਮੌਕੇ ਉਨ੍ਹਾਂ ਨਾਲ ਹਲਕਾ ਇੰਚਾਰਜ ਪ੍ਰੇਮ ਕੁਮਾਰ ਅਰੋੜਾ, ਜ਼ਿਲ੍ਹਾ ਪ੍ਰਧਾਨ ਦਿਹਾਤੀ ਬਲਵੀਰ ਸਿੰਘ ਬੀਰੋਕੇ, ਚਿਤਵੰਤ ਕੌਰ ਸਮਾਓਂ, ਕਰਮਜੀਤ ਕੌਰ ਸਮਾਓਂ, ਕੁਲਸ਼ੇਰ ਸਿੰਘ ਰੂਬਲ, ਬਲਜੀਤ ਸਿੰਘ ਅਤਲਾ, ਜੀਵਨ ਸਿੰਗਲਾ, ਲਖਵੀਰ ਸਿੰਘ ਸੀਰਾ ਕੋਟੜਾ, ਜੈ ਸਿੰਘ, ਰਾਮ ਪ੍ਰਸ਼ਾਦ, ਘਣਸ਼ਿਆਮ, ਸੱਤਪਾਲ ਸਾਮਰੀਆ, ਪੇਂਟਰ ਰਾਮਪਾਲ ਪਾਲੀ, ਮਧੂ ਬਾਲਾ, ਜਯੋਤੀ, ਸ਼ੀਲਾ ਰਾਣੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਤੇ ਵਾਰਡ ਨਿਵਾਸੀ ਮੌਜੂਦ ਸਨ।

## ਬੀ ਕੇ ਯੂ ਏਕਤਾ ਉਗਰਾਹਾਂ ਦੀ ਇਕਾਈ ਚੱਠੇ ਨਕਟੇ ਦੀ ਚੋਣ



**ਚੀਮਾ ਮੰਡੀ (ਰਵਿੰਦਰ ਚੀਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸਨਾਮ ਦੀ ਪਿੰਡ ਇਕਾਈ ਚੱਠੇ ਨਕਟੇ ਦੀ ਚੋਣ ਬਲਾਕ ਸੁਨਾਮ ਦੇ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਬਲਾਕ ਪ੍ਰੈੱਸ ਸਕੱਤਰ ਸੁਖਪਾਲ ਸਿੰਘ ਮਾਨਕ ਕਣਕਵਾਲ ਤੇ ਯਾਦਵਿੰਦਰ ਸਿੰਘ ਚੱਠਾ ਹਾਜ਼ਰ ਸਨ। ਇਸ ਮੌਕੇ ਆਗੂਆਂ ਨੇ ਕਿਹਾ ਕਿ 25 ਜੁਲਾਈ 2025 ਨੂੰ ਪੁਲਸ ਜਬਰ ਵਿਰੁੱਧ ਡੀ ਸੀ ਹੈੱਡਕੁਆਰਟਰ 'ਤੇ ਧਰਨਾ ਤੇ ਮਾਰਚ ਕੀਤਾ ਜਾਵੇਗਾ, ਜਿਸ ਦੀ ਤਿਆਰੀ ਜੰਗੀ ਪੱਧਰ 'ਤੇ ਚੱਲ ਰਹੀ ਹੈ। ਚੁਣੇ ਗਏ ਅਹੁਦੇਦਾਰਾਂ ਦੇ ਨਾਮ ਪ੍ਰਧਾਨ ਰਘਬੀਰ ਸਿੰਘ, ਸੈਕਟਰੀ ਕੁਲਦੀਪ ਸਿੰਘ, ਖਜ਼ਾਨਚੀ ਸੁਖਬੀਰ ਸਿੰਘ ਚੱਠਾ, ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ, ਮੀਤ ਪ੍ਰਧਾਨ ਰਾਜਵਿੰਦਰ ਸਿੰਘ ਚੱਠਾ, ਸੰਗਠਨ ਸਕੱਤਰ ਜਸਵੀਰ ਜੱਸੀ, ਪ੍ਰਚਾਰ ਸਕੱਤਰ ਸੁੱਖਾ ਸਿੰਘ ਮੌੜ, ਮੁੱਖ ਸਲਾਹਕਾਰ ਰਵਿੰਦਰ ਸਿੰਘ।

## ਖੇਡ ਸਟੇਡੀਅਮਾਂ ਦੀ ਉਸਾਰੀ ਨਾਲ ਨੌਜਵਾਨਾਂ ਲਈ ਖੁੱਲ੍ਹਣਗੇ ਜ਼ਿੰਦਗੀ ਦੇ ਨਵੇਂ ਰਾਹ : ਚੇਅਰਮੈਨ ਸੂਦ



**ਰਾਜਪੁਰਾ (ਰਮੇਸ਼ ਕਟਾਰੀਆ)**-'ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨ ਤੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਜਾਣ ਦੀ ਥਾਂ ਖੇਡਾਂ ਵਾਲੇ ਪਾਸੇ ਮੋੜਨ ਲਈ ਪੰਜਾਬ ਦੇ ਪਿੰਡਾਂ ਵਿੱਚ ਕੌਮਾਂਤਰੀ ਸਹੂਲਤਾਂ ਵਾਲੇ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਲਈ ਜ਼ਿੰਦਗੀ ਦੇ ਨਵੇਂ ਰਾਹ ਖੁੱਲ੍ਹਣਗੇ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਰਾਜਪੁਰਾ ਦੇ ਚੇਅਰਮੈਨ ਦੀਪਕ ਸੂਦ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਕੀਤਾ। ਸ੍ਰੀ ਸੂਦ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਵਿਸ਼ੇਸ਼ ਧਿਆਨ ਦੇ ਰਹੀ ਹੈ, ਇਸੇ ਕਰਕੇ ਹੀ ਸਰਕਾਰ ਵੱਲੋਂ ਪਹਿਲਾਂ ਯੁੱਧ ਨਸ਼ਿਆਂ ਵਿਰੁੱਧ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਹੁਣ ਜਿਸ ਪਿੰਡ ਵਿੱਚ ਵੀ ਪੰਚਾਇਤੀ ਜ਼ਮੀਨ ਮੌਜੂਦ ਹੈ, ਉੱਥੇ ਕੌਮਾਂਤਰੀ ਸਹੂਲਤਾਂ ਵਾਲੇ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ। ਪੇਂਡੂ ਖੇਤਰਾਂ ਵਿੱਚ ਖੇਡ ਸਹੂਲਤਾਂ ਮਿਲਣ ਨਾਲ ਨੌਜਵਾਨ ਖੇਡਾਂ ਵੱਲ ਮੋੜਾ ਕੱਟਣਗੇ। ਉਨ੍ਹਾਂ ਕਿਹਾ ਕਿ ਖੇਡਾਂ ਵੱਲ ਮੋੜਾ ਕੱਟਣ ਨਾਲ ਇੱਕ ਤਾਂ ਪੰਜਾਬ ਕੌਮਾਂਤਰੀ ਪੱਧਰ ਦੇ ਖਿਡਾਰੀ ਪੈਦਾ ਕਰੇਗਾ ਤੇ ਦੂਜਾ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਵਿੱਚ ਖੇਡ ਕੋਟੇ ਦੇ ਰਾਖਵੇਂਕਰਨ ਨਾਲ ਰੁਜ਼ਗਾਰ ਦੇ ਮੌਕੇ ਮਿਲਣਗੇ। ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਵੱਲੋਂ ਸਾਰੇ ਪੰਜਾਬ ਪਹਿਲੇ ਪੜਾਅ ਤਹਿਤ 3083 ਸਟੇਡੀਅਮ ਤੇ ਖੇਡ ਮੈਦਾਨਾਂ ਦਾ ਕੰਮ ਚੱਲ ਰਿਹਾ ਹੈ। ਇਸੇ ਤਰ੍ਹਾਂ ਰਾਜਪੁਰਾ ਦੇ 27 ਪਿੰਡਾਂ ਵਿੱਚ ਵੀ 7 ਕਰੋੜ 62 ਲੱਖ ਰੁਪਏ ਦੀ ਲਾਗਤ ਨਾਲ ਕੌਮਾਂਤਰੀ ਸਹੂਲਤਾਂ ਵਾਲੇ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ।

# ਨਰੇਗਾ ਕਾਮੇ 25 ਨੂੰ ਡੀ ਸੀ ਦਫ਼ਤਰਾਂ ਅੱਗੇ ਦੇਣਗੇ ਰੋਸ ਧਰਨੇ : ਗਦਾਈਆ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਸਮੂਹ ਨਰੇਗਾ ਕਾਮੇਂ 25 ਜੁਲਾਈ ਨੂੰ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ: ਏਟਕ ਦੀ ਅਗਵਾਈ 'ਚ ਦੇਸ਼ ਦੀਆਂ ਮਜ਼ਦੂਰ ਵਿਰੋਧੀ ਸਰਕਾਰਾਂ ਖਿਲਾਫ ਨਰੇਗਾ ਹੱਕ ਖੋਹਣ ਵਿਰੁੱਧ ਬੜੇ ਲੰਮੇ ਸਮੇਂ ਰੋਕੀਆਂ ਉਜ਼ਰਤਾਂ ਨਾ ਦੇਣ 'ਤੇ ਭਰਪੂਰ ਗੁੱਸੇ ਦਾ ਮੁਜ਼ਾਹਰਾ ਕਰਨਗੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ: ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਪਿੰਡ ਗਦਾਈਆ, ਗਲਵੱਟੀ, ਕਕਰਾਲਾ, ਤੁੰਗਾਂ ਵਿਖੇ ਭਰਵੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰਾਂ ਤੇ ਅਫ਼ਸਰਸ਼ਾਹੀ ਵੱਲੋਂ ਨਰੇਗਾ ਹੱਕ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਦੀ ਬਜਾਏ ਪੇਂਡੂ ਕਿਰਤੀਆਂ ਲਈ ਰੋਟੀ ਦੇ ਇਸ ਨਿਗੂਣੇ ਜਿਹੇ ਹੱਕ ਨੂੰ ਖੋਹਣ ਦੀ ਤਿਆਰੀ ਕਰ ਰਹੀਆਂ ਹਨ, ਅਜ਼ਾਦੀ ਤੋਂ 58 ਸਾਲਾਂ ਬਾਅਦ ਨਰੇਗਾ 2005 ਨੇ ਪੇਂਡੂ ਕਾਮਿਆਂ ਨੂੰ 100 ਦਿਨ ਕੰਮ ਦੀ ਗਾਰੰਟੀ ਦਿੱਤੀ, ਪਰ ਹੁਣ ਸਰਕਾਰਾਂ ਬਹਾਨੇਬਾਜ਼ੀ ਨਾਲ ਨਰੇਗਾ ਹੱਕ ਮਾਰ ਰਹੀਆਂ ਹਨ, ਜਿਵੇਂ ਕੰਮ ਪ੍ਰਾਪਤੀ ਵਾਲੇ ਕਾਮਿਆਂ ਨੇ ਅਰਜ਼ੀ ਦੇ ਕੇ ਕੰਮ ਪ੍ਰਾਪਤ ਕਰਨਾ ਹੈ, ਕੰਮ ਗਾਰੰਟੀ ਲਈ ਅਰਜ਼ੀ ਦਰਜ ਹੋਣ 'ਤੇ ਰਸੀਦ ਦੇਣੀ ਹੁੰਦੀ ਹੈ, ਪਰ ਢੀਠ ਅਫਸਰਸ਼ਾਹੀ ਸਰਕਾਰ ਦੇ ਇਸ਼ਾਰੇ 'ਤੇ ਇਹ ਨਹੀਂ ਕਰਦੀ, ਨਰੇਗਾ ਕਾਮੇ ਮਹੀਨਿਆਂ-ਬੱਧੀ ਕੰਮ ਲਈ ਮਾਰੇ ਮਾਰੇ ਫਿਰਦੇ ਹਨ, ਕਾਮਿਆਂ ਤੋਂ ਕੰਮ ਕਰਵਾਉਣ ਤੇ ਹਾਜ਼ਰੀ ਲਾਉਣ ਲਈ ਕਾਮਿਆਂ ਨੇ ਆਪਣੇ ਵਿੱਚੋਂ ਹੀ ਜਮਹੂਰੀ ਤਰੀਕੇ ਨਾਲ ਮੇਟ ਚੁਣਨਾ ਹੁੰਦਾ ਹੈ, ਪਰ ਅਫ਼ਸਰਸ਼ਾਹੀ ਤੇ ਸਰਕਾਰ ਇਸ ਵਿੱਚ ਬੁਰੀ ਤਰ੍ਹਾਂ ਨਾਲ਼ ਧੱਕਾ ਕਰਦੀ ਹੈ, ਸੱਤਾਧਾਰੀ ਧਿਰ ਦੇ ਸਰਪੰਚ ਧੱਕੇਸ਼ਾਹੀ ਕਰਕੇ ਆਪਣੀ ਮਰਜ਼ੀ ਦੇ ਮੇਟ ਲਾ ਦਿੰਦੇ ਹਨ, ਕੰਮ ਵਾਲੀ ਥਾਂ 'ਤੇ ਕਾਨੂੰਨ ਮੁਤਾਬਿਕ ਸਾਰੀਆਂ ਸਹੂਲਤਾਂ ਜਿਵੇਂ ਕਿ ਫਸਟ ਏਡ ਕਿੱਟ, ਸਾਫ ਪੀਣ ਵਾਲਾ ਪਾਣੀ, ਔਰਤਾਂ ਲਈ ਪਖਾਨਾ ਸਹੂਲਤਾਂ ਆਦਿ ਜ਼ਰੂਰੀ ਹਨ, ਪਰ ਨਹੀਂ ਦਿੱਤੀਆਂ ਜਾਂਦੀਆਂ। ਕਾਨੂੰਨ ਅਨੁਸਾਰ ਕਾਮਿਆਂ ਨੂੰ ਕੀਤੇ ਕੰਮ ਦੀ ਉਜ਼ਰਤ ਹਫ਼ਤੇ ਅੰਦਰ ਦੇਣੀ ਹੁੰਦੀ ਹੈ, ਕੰਮ ਕਰਨ ਤੋਂ ਦੋ ਦੋ ਮਹੀਨੇ ਤੱਕ ਉਜ਼ਰਤਾਂ ਨਹੀਂ ਦਿੱਤੀਆਂ ਜਾਂਦੀਆਂ, ਕੇਂਦਰ ਸਰਕਾਰ ਲਗਾਤਾਰ ਕੇਂਦਰੀ ਬੱਜਟ ਘਟਾ ਰਹੀ ਹੈ, ਜਿਸ ਕਰਕੇ ਕਾਮਿਆਂ ਨੂੰ 100 ਦਿਨ ਕੰਮ ਪ੍ਰਾਪਤ ਕਰਨਾ ਬਹੁਤ ਔਖਾ ਹੁੰਦਾ ਹੈ। ਉਨ੍ਹਾ ਕਿਹਾ ਕਿ ਇਸ ਲਈ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ: ਏਟਕ ਸਰਕਾਰ ਤੋਂ ਮੰਗ ਕਰਦੀ ਹੈ ਕਿ ਹਰ ਖ਼ੇਤਰ 'ਚ ਵੱਧ ਰਹੇ ਮਸ਼ੀਨੀਕਰਨ ਨੂੰ ਧਿਆਨ 'ਚ ਰੱਖਦਿਆਂ ਕੰਮ ਦੇ ਦਿਨ 200 ਕੀਤੇ ਜਾਣ ਤੇ ਵਧਦੀ ਮਹਿੰਗਾਈ ਨੂੰ ਧਿਆਨ 'ਚ ਰੱਖਦਿਆਂ ਦਿਹਾੜੀ 1000 ਰੁਪਏ ਕੀਤੀ ਜਾਵੇ, ਕਿਉਂਕਿ ਦੇਸ਼ ਦੀਆਂ ਟਰੇਡ ਯੂਨੀਅਨਾਂ ਕਾਮਿਆਂ ਲਈ ਮਹੀਨਾ ਵਾਰ ਵੇਤਨ 26000 ਦੀ ਮੰਗ ਕਰ ਰਹੀਆਂ ਹਨ। ਨਰੇਗਾ ਕਾਮਿਆਂ ਦੇ ਆਗੂ ਨੇ ਅੱਗੇ ਕਿਹਾ ਕਿ ਇਨ੍ਹਾਂ ਮੁਸ਼ਕਲਾਂ ਤੇ ਮੰਗਾਂ ਦੀ ਪ੍ਰਾਪਤੀ ਲਈ ਨਰੇਗਾ ਕਾਮੇ ਸ਼ਾਂਤਮਈ ਢੰਗ ਨਾਲ਼ 25 ਜੁਲਾਈ ਨੂੰ ਧਰਨੇ ਦੇਣਗੇ। ਇਸ ਤੋਂ ਬਾਅਦ ਵੀ ਜੇਕਰ ਸਰਕਾਰਾਂ ਨੇ ਕਾਮਿਆਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਅੰਦੋਲਨ ਤਿੱਖਾ ਕੀਤਾ ਜਾਵੇਗਾ।ਇਨ੍ਹਾਂ ਮੀਟਿੰਗਾਂ ਨੂੰ ਨਰੇਗਾ ਕਾਮਿਆਂ ਦੇ ਆਗੂ ਸੁਖਦੇਵ ਸਿੰਘ ਮੌਲਾ, ਬਲਜੀਤ ਕੌਰ ਗਦਾਈਆ, ਬੱਗਾ ਸਿੰਘ ਗਲਵੱਟੀ, ਗਗਨਦੀਪ ਕੌਰ ਕਕਰਾਲਾ, ਸੀਤਾ ਸਿੰਘ ਕਕਰਾਲਾ, ਲੀਲੂ ਸਿੰਘ, ਜਗਤਾਰ ਸਿੰਘ ਨਾਣਾ, ਜਗਤਾਰ ਸਿੰਘ ਜੱਗੀ ਨੇ ਵੀ ਸੰਬੋਧਨ ਕੀਤਾ।

# ਮੇਰੇ ਭਰਾ ਦੀ ਮੌਤ ਦੇ ਜ਼ਿੰਮੇਵਾਰ ਆੜ੍ਹਤੀਆਂ ਨੂੰ ਜਾਣਬੁੱਝ ਕੇ ਪੁਲਸ ਗ੍ਰਿਫ਼ਤਾਰ ਨਹੀਂ ਕਰ ਰਹੀ : ਮਨਧੀਰ ਰਾਮ

## ਥਾਣਾ ਦਿਆਲਪੁਰਾ ਪੁਲਸ ਨੇ ਸਿਰਫ ਕੇਸ ਦਰਜ ਕਰਕੇ ਕੀਤੀ ਖਾਨਾਪੂਰਤੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪਿੰਡ ਜਲਾਲ ਦੇ ਰਹਿਣ ਵਾਲੇ ਮਨਧੀਰ ਰਾਮ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਥਾਣਾ ਦਿਆਲਪੁਰਾ ਪੁਲਸ 'ਤੇ ਗੰਭੀਰ ਦੋਸ਼ ਲਗਾਏ ਹਨ।ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਸ ਦਾ ਭਰਾ ਜਗਸੀਰ ਰਾਮ ਜੋ ਕਿ ਪਿਛਲੇ 35 ਸਾਲ ਤੋਂ ਸੰਤ ਮਹੇਸ਼ ਮੁਨੀ ਜੀ ਟਰੱਕ ਅਪ੍ਰੇਟਰ ਵੈੱਲਫੇਅਰ ਸੋਸਾਇਟੀ ਭਗਤਾ ਭਾਈਕਾ ਵਿਖੇ ਬਤੌਰ ਮੁਨਸ਼ੀ ਕੰਮਕਾਰ ਕਰਦਾ ਆ ਰਿਹਾ ਸੀ।ਮਨਧੀਰ ਰਾਮ ਨੇ ਦੱਸਿਆ ਕਿ 26 ਅਪ੍ਰੈਲ 2025 ਨੂੰ ਜਲਾਲ ਪਿੰਡ ਦੇ ਆੜ੍ਹਤੀਆਂ ਬੂਟਾ ਸਿੰਘ ਤੇ ਉਸ ਦੇ ਸਾਥੀਆਂ ਨੇ ਟਰੱਕ ਅਪ੍ਰੇਟਰ ਵੈੱਲਫੇਅਰ ਸੋਸਾਇਟੀ ਭਗਤਾ ਭਾਈਕਾ ਦੀ ਪ੍ਰਧਾਨਗੀ ਤੇ ਮੁਨਸ਼ੀ ਅਹੁਦਾ ਹਾਸਲ ਕਰਨ ਲਈ ਉਸ ਸਮੇਂ ਦੇ ਮੌਜੂਦਾ ਪ੍ਰਧਾਨ ਤੇ ਮੁਨਸ਼ੀ ਜਗਸੀਰ ਰਾਮ ਖਿਲਾਫ ਵੈੱਲਫੇਅਰ ਸੁਸਾਇਟੀ ਗੇਟ ਅੱਗੇ ਧਰਨਾ ਲਗਾ ਦਿੱਤਾ ਸੀ।ਇਸ ਦੌਰਾਨ ਉਕਤ ਬੂਟਾ ਸਿੰਘ ਨੇ ਆਪਣੇ ਸਾਥੀ ਰਿਤੇਸ਼ ਕੁਮਾਰ ਉਰਫ਼ ਰਿੰਕੂ, ਦਰਸ਼ਨ ਕੁਮਾਰ, ਪਰਮਜੀਤ ਸਿੰਘ ਪੰਮਾ ਸਮੇਤ ਮੁਨਸ਼ੀ ਜਗਸੀਰ ਰਾਮ ਨੂੰ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ ਸੀ।ਜਦ ਮੇਰੇ ਭਰਾ ਜਗਸੀਰ ਰਾਮ ਨੇ ਉਕਤ ਵਿਅਕਤੀਆਂ ਦਾ ਵਿਰੋਧ ਕੀਤਾ ਤਾਂ ਆੜ੍ਹਤੀਆਂ ਬੂਟਾ ਸਿੰਘ ਪੁੱਤਰ ਬੇਅੰਤ ਸਿੰਘ ਨੇ ਮੇਰੇ ਭਰਾ ਜਗਸੀਰ ਰਾਮ ਨੂੰ ਮੰਦਾਂ ਬੋਲਦੇ ਹੋਏ ਜਲੀਲ ਕੀਤਾ ਤੇ ਕਿਹਾ ਕਿ ਤੈਨੂੰ ਜਾਨੋਂ ਮਾਰ ਕੇ ਤੇਰੀ ਲਾਸ਼ ਖੁਰਦ ਬੁਰਦ ਕਰ ਦੇਵਾਂਗੇ।ਮਨਧੀਰ ਰਾਮ ਨੇ ਦੱਸਿਆ ਕਿ ਜਦ ਉਸ ਦੇ ਭਰਾ ਜਗਸੀਰ ਰਾਮ ਨੂੰ ਉਕਤ ਬੂਟਾ ਸਿੰਘ ਵਗੈਰਾ ਤੇ ਉਸ ਦੇ ਸਾਥੀਆਂ ਨੇ ਜਲੀਲ ਕਰਦੇ ਹੋਏ ਧਮਕੀਆਂ ਦਿੱਤੀਆਂ ਤਾਂ ਉਹ ਇਨ੍ਹਾਂ ਦੇ ਡਰਾਵੇ ਨੂੰ ਸਹਿਣ ਨਹੀਂ ਕਰ ਸਕਿਆ ਸੀ, ਉਕਤ ਵਿਅਕਤੀਆਂ ਕਾਰਨ ਹੀ ਮੇਰਾ ਭਰਾ ਜਗਸੀਰ ਰਾਮ 28 ਅਪ੍ਰੈਲ ਨੂੰ ਬੇਹੋਸ਼ ਹੋ ਗਿਆ ਤਾਂ ਉਸ ਨੂੰ ਕਿਸੇ ਵੀ ਵਿਅਕਤੀਆਂ ਨੇ ਇਲਾਜ ਲਈ ਨਹੀਂ ਚੁੱਕਿਆ, ਜਦ ਕਰੀਬ ਇੱਕ ਘੰਟੇ ਬਾਅਦ ਮੇਰੇ ਭਰਾ ਜਗਸੀਰ ਰਾਮ ਨੂੰ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਇਲਾਜ ਕਰਵਾਉਣ ਲਈ ਹਸਪਤਾਲ ਲੈ ਕੇ ਗਿਆ ਤਾਂ ਉਥੇ ਮੇਰੇ ਭਰਾ ਜਗਸੀਰ ਰਾਮ ਦੀ ਮੌਤ ਹੋ ਗਈ ਸੀ।

ਮਨਧੀਰ ਰਾਮ ਨੇ ਦੱਸਿਆ ਕਿ ਮੇਰੇ ਭਰਾ ਜਗਸੀਰ ਰਾਮ ਦੀ ਮੌਤ ਤੋਂ ਬਾਅਦ ਮੇਰੀ ਭਰਜਾਈ ਹਰਮਨਪ੍ਰੀਤ ਕੌਰ ਵਾਸੀ ਕਾਂਗੜ ਜ਼ਿਲ੍ਹਾ ਬਠਿੰਡਾ ਦੇ ਬਿਆਨ 'ਤੇ ਥਾਣਾ ਦਿਆਲਪੁਰਾ ਪੁਲਸ ਨੇ ਆੜ੍ਹਤੀਆ ਬੂਟਾ ਸਿੰਘ ਪੁੱਤਰ ਬੇਅੰਤ ਸਿੰਘ, ਰਿਤੇਸ਼ ਕੁਮਾਰ ਉਰਫ਼ ਰਿੰਕੂ, ਦਰਸ਼ਨ ਕੁਮਾਰ, ਪਰਮਜੀਤ ਸਿੰਘ ਉਰਫ ਪੰਮਾ ਖਿਲਾਫ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਸੀ।ਮਨਧੀਰ ਰਾਮ ਨੇ ਅੱਗੇ ਦੱਸਿਆ ਕਿ ਥਾਣਾ ਦਿਆਲਪੁਰਾ ਪੁਲਸ ਨੇ ਉਸ ਦੀ ਭਰਜਾਈ ਹਰਮਨਪ੍ਰੀਤ ਕੌਰ ਦੇ ਬਿਆਨ 'ਤੇ ਉਕਤ ਬੂਟਾ ਸਿੰਘ ਤੇ ਉਸ ਦੇ ਸਾਥੀਆਂ ਖਿਲਾਫ ਸਿਰਫ ਕੇਸ ਦਰਜ ਕਰਕੇ ਖਾਨਾਪੂਰਤੀ ਕੀਤੀ ਹੈ ਅਤੇ ਜੋ ਬਣਦੀਆਂ ਧਾਰਾਵਾਂ ਸਨ, ਉਹ ਵੀ ਉਕਤ ਕੇਸ ਵਿੱਚ ਨਹੀਂ ਲਗਾਈਆਂ ਗਈਆਂ ਹਨ।ਮਨਧੀਰ ਰਾਮ ਨੇ ਦੋਸ਼ ਲਗਾਇਆ ਕਿ ਥਾਣਾ ਦਿਆਲਪੁਰਾ ਪੁਲਸ ਉਸ ਦੇ ਭਰਾ ਜਗਸੀਰ ਰਾਮ ਦੀ ਮੌਤ ਦੇ ਜ਼ਿੰਮੇਵਾਰ ਆੜ੍ਹਤੀਆਂ ਬੂਟਾ ਸਿੰਘ ਪੁੱਤਰ ਬੇਅੰਤ ਸਿੰਘ, ਰਿਤੇਸ਼ ਕੁਮਾਰ ਉਰਫ ਰਿੰਕੂ, ਦਰਸ਼ਨ ਕੁਮਾਰ, ਪਰਮਜੀਤ ਸਿੰਘ ਉਰਫ ਪੰਮਾ ਨੂੰ ਜਾਣਬੁੱਝ ਕੇ ਗ੍ਰਿਫਤਾਰ ਨਹੀਂ ਕਰ ਰਹੀ ਹੈ, ਜਦਕਿ ਉਕਤ ਸਾਰੇ ਦੋਸ਼ੀ ਸ਼ਰੇਆਮ ਪਿੰਡ ਜਲਾਲ ਤੇ ਆਸ-ਪਾਸ ਇਲਾਕੇ 'ਚ ਘੁੰਮ ਰਹੇ ਹਨ।ਮਨਧੀਰ ਰਾਮ ਨੇ ਖਦਸ਼ਾ ਜ਼ਾਹਰ ਕੀਤਾ ਕਿ ਉਕਤ ਆੜ੍ਹਤੀਆਂ ਤੋਂ ਮੈਨੂੰ ਤੇ ਮੇਰੀ ਭਰਜਾਈ ਹਰਮਨਪ੍ਰੀਤ ਕੌਰ ਸਮੇਤ ਪੂਰੇ ਪਰਵਾਰ ਨੂੰ ਜਾਨ ਦਾ ਖਤਰਾ ਹੈ, ਜੇਕਰ ਸਾਡਾ ਕੋਈ ਵੀ ਜਾਨੀ-ਮਾਲੀ ਨੁਕਸਾਨ ਹੋਇਆ ਤਾਂ ਉਸ ਦੀ ਜ਼ਿੰਮੇਵਾਰੀ ਉਕਤ ਕੇਸ ਵਿੱਚ ਨਾਮਜ਼ਦ ਆੜ੍ਹੀਆਂ ਬੂਟਾ ਸਿੰਘ ਪੁੱਤਰ ਬੇਅੰਤ ਸਿੰਘ, ਰਿਤੇਸ਼ ਕੁਮਾਰ ਉਰਫ ਰਿੰਕੂ, ਦਰਸ਼ਨ ਕੁਮਾਰ, ਪਰਮਜੀਤ ਸਿੰਘ ਉਰਫ ਪੰਮਾ ਤੇ ਥਾਣਾ ਦਿਆਲਪੁਰਾ ਪੁਲਸ ਦੀ ਹੋਵੇਗੀ।ਮਨਧੀਰ ਰਾਮ ਨੇ ਜ਼ਿਲ੍ਹਾ ਪੁਲਸ ਦੇ ਵੱਡੇ ਅਧਿਕਾਰੀਆਂ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਉਸ ਦੇ ਭਰਾ ਜਗਸੀਰ ਰਾਮ ਦੀ ਮੌਤ ਦੇ ਜ਼ਿੰਮੇਵਾਰ ਆੜ੍ਹਤੀਆਂ ਬੂਟਾ ਸਿੰਘ ਪੁੱਤਰ ਬੇਅੰਤ ਸਿੰਘ, ਰਿਤੇਸ਼ ਕੁਮਾਰ ਉਰਫ ਰਿੰਕੂ, ਦਰਸ਼ਨ ਕੁਮਾਰ, ਪਰਮਜੀਤ ਸਿੰਘ ਉਰਫ ਪੰਮਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।ਜੇਕਰ ਉਕਤ ਦੋਸ਼ੀਆਂ ਨੂੰ ਹਾਲੇ ਵੀ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਉਹ ਆਪਣੇ ਪੂਰੇ ਪਰਵਾਰ ਸਮੇਤ ਮੁੱਖ ਮੰਤਰੀ ਦਫਤਰ ਚੰਡੀਗੜ੍ਹ ਵਿਖੇ ਭੁੱਖ ਹੜਤਾਲ 'ਤੇ ਬੈਠ ਜਾਵੇਗਾ।ਇਸ ਸਬੰਧੀ ਜਦੋਂ ਪੁਲਸ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਾਡਾ ਕੰਮ ਲੜਾਈ ਨੂੰ ਰੋਕਣਾ ਹੈ, ਅਸੀਂ ਉਹ ਕੀਤਾ ਤੇ ਉਸ ਤੋਂ ਵੱਧ ਅਸੀਂ ਕੁਝ ਨਹੀਂ ਕਰ ਸਕਦੇ।

# ਵਪਾਰ ਮੰਡਲ ਦੀ ਮੀਟਿੰਗ 'ਚ ਸਮੱਸਿਆਵਾਂ 'ਤੇ ਚਰਚਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਪਾਰ ਵਪਾਰ ਮੰਡਲ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਪ੍ਰਧਾਨ ਇੰਦਰਜੀਤ ਬਾਂਸਲ ਦੀ ਅਗਵਾਈ ਹੇਠ ਸਿਟੀ ਹੋਟਲ ਵਿਖੇ ਹੋਈ।ਮੀਟਿੰਗ ਦੌਰਾਨ ਵਪਾਰੀ ਵਰਗ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਪੰਜਾਬ ਸਰਕਾਰ ਤੋਂ ਚੋਰੀ, ਅਗਜ਼ਨੀ ਤੇ ਬਰਸਾਤੀ ਪਾਣੀ ਦੀ ਮਾਰ ਹੇਠ ਆਉਣ ਵਾਲੇ ਵਪਾਰੀ ਤੇ ਦੁਕਾਨਦਾਰਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ।ਇਸੇ ਤਰ੍ਹਾਂ ਜੀਐੱਸਟੀ ਸੰਬੰਧੀ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਬੁਲਾਰਿਆਂ ਨੇ ਵਪਾਰੀ ਤੇ ਦੁਕਾਨਦਾਰਾਂ ਭਰਾਵਾਂ ਲਈ ਪੰਜਾਬ ਸਰਕਾਰ ਤੋਂ ਮੁਫ਼ਤ ਸਿੱਖਿਆ ਤੇ ਸਿਹਤ ਸਹੂਲਤ ਮੁਹੱਈਆ ਕਰਵਾਉਣ ਦੀ ਮੰਗ ਕਰਦੇ ਹੋਏ ਕਿਹਾ ਕਿ ਵਪਾਰੀ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਇਹ ਜਿੱਥੇ ਰੋਜ਼ਗਾਰ ਦੇ ਭਰਪੂਰ ਮੌਕੇ ਪੈਦਾ ਕਰਦੇ ਹਨ, ਉਥੇ ਹੀ ਸਰਕਾਰ ਨੂੰ ਟੈਕਸ ਵੀ ਇਕੱਠਾ ਕਰਕੇ ਦਿੰਦੇ ਹਨ।ਇਸ ਦੇ ਬਾਵਜੂਦ ਸਰਕਾਰ ਵੱਲੋਂ ਵਪਾਰੀ ਵਰਗ ਤੇ ਉਨ੍ਹਾਂ ਦੀਆਂ ਮੰਗਾਂ ਨੂੰ ਅਣਦੇਖਿਆਂ ਕੀਤਾ ਜਾਂਦਾ।ਅੰਤ ਵਿੱਚ ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਪਾਰੀ ਨੂੰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ ਉਹ ਵਪਾਰ ਮੰਡਲ ਨਾਲ ਸੰਪਰਕ ਕਰ ਸਕਦਾ।ਅੰਤ ਵਿੱਚ ਜਨਰਲ ਸਕੱਤਰ ਦੇਸ ਰਾਜ ਤਨੇਜਾ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਕਮੇਟੀ ਹੈੱਡ ਕਸ਼ਮੀਰ ਸਿੰਘ, ਬੱਬੂ ਬਾਂਸਲ, ਚੇਅਰਮੈਨ ਅਸ਼ਵਨੀ ਗਿਰਧਰ, ਵਾਇਸ ਚੇਅਰਮੈਨ ਬਾਵਾ ਵਾਟਸ, ਸਰਪ੍ਰਸਤ ਮੇਘਰਾਜ ਦੋਦਾ, ਵਾਇਸ ਪ੍ਰੈਜ਼ੀਡੈਂਟ ਬੰਟੀ ਖੇੜਾ, ਹਰਕ੍ਰਿਸ਼ਨ ਸਿੰਘ ਮੱਕੜ, ਸੰਜੀਵ ਖੇੜਾ, ਸ਼ਗਨ ਲਾਲ ਜੈਨ, ਪੰਜਾਬ ਵਾਇਸ ਪ੍ਰਧਾਨ ਮਨੋਹਰ ਸਿੰਘ ਕੁੰਦਨ, ਜਿਲਾ ਵਾਇਸ ਪ੍ਰਧਾਨ ਗੁਰਪ੍ਰੀਤ ਸਿੰਘ ਗਰੋਵਰ ਅੰਮ੍ਰਿਤ ਲਾਲ ਖੁਰਾਣਾ, ਰਵਿ ਮਿੱਤਲ, ਜ਼ਿਲਾ ਸੈਕਟਰੀ ਰਾਜੇਸ਼ ਕਟਾਰਿਆ ਤੇ ਵੱਖ ਵੱਖ ਐਸੋਸੀਏਸ਼ਨਾਂ ਦੇ ਪ੍ਰਧਾਨ ਮੌਜੂਦ ਸਨ।

## ਕਾਤਰਾਂ

### 5 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫ਼ਤਾਰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਥਾਣਾ ਲੌਂਗੋਵਾਲ ਦੀ ਪੁਲਸ ਨੇ ਦੋ ਵਿਅਕਤੀਆਂ ਨੂੰ 5 ਗ੍ਰਾਮ ਹੈਰੋਇਨ ਬਰਾਮਦ ਕਰਕੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਐੱਸ.ਐੱਚ.ਓ. ਬਲਵੰਤ ਸਿੰਘ ਬਲਿੰਗ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੌਰਾਨ ਦੌਰਾਨ ਪੁਲਸ ਨੂੰ ਮੁਖਬਰ ਵੱਲੋਂ ਦਿੱਤੀ ਗਈ ਇਤਲਾਹ ਅਨੁਸਾਰ ਗੁਰਲਾਲ ਸਿੰਘ ਉਰਫ ਗੁਰਪਾਲ ਸਿੰਘ ਪੁੱਤਰ ਮਲੂਕ ਸਿੰਘ ਵਾਸੀ ਪਿੰਡ ਲੋਹਾਖੇੜਾ, ਜੋਕਿ ਨਸ਼ਾ ਕਰਨ ਦਾ ਆਦੀ ਹੈ, ਨੂੰ ਗੁਰਵਿੰਦਰ ਸਿੰਘ ਉਰਫ ਨੀਟੂ ਪੁੱਤਰ ਗੁਰਜੀਵਨ ਸਿੰਘ ਵਾਸੀ ਸੁਨਾਮੀ ਪੱਤੀ ਲੌਂਗੋਵਾਲ ਹੈਰੋਇਨ ਸਪਲਾਈ ਕਰਦਾ ਹੈ ਅਤੇ ਉਕਤ ਗੁਰਲਾਲ ਸਿੰਘ ਨੂੰ ਨਸ਼ਾ ਕਰਨ ਦੇ ਜੁਰਮ 'ਚ ਤੇ ਗੁਰਵਿੰਦਰ ਸਿੰਘ ਨੂੰ ਹੈਰੋਇਨ ਵੇਚਣ ਤੇ ਰੱਖਣ ਦੇ ਜੁਰਮ ਤਹਿਤ ਕਾਬੂ ਕਰਕੇ ਇਨ੍ਹਾਂ ਤੋਂ 20 ਰੁਪਏ ਦਾ ਨੋਟ, ਸਿਲਵਰ ਪੰਨੀ, ਲਾਈਟਰ ਤੇ 5 ਗ੍ਰਾਮ ਹੈਰੋਇਨ ਬਰਾਮਦ ਕੀਤੀ ਅਤੇ ਮੁਕੱਦਮਾ ਦਰਜ ਕੀਤਾ ਗਿਆ।

### ਐੱਸ ਡੀ ਐੱਮ ਹਰਜੋਤ ਕੌਰ ਨੇ ਅਹੁਦਾ ਸੰਭਾਲਿਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਨਵੇਂ ਤਾਇਨਾਤ ਕੀਤੇ ਐੱਸ ਡੀ ਐੱਮ ਹਰਜੋਤ ਕੌਰ ਨੇ ਸ਼ਨੀਵਾਰ ਆਪਣਾ ਅਹੁਦਾ ਸੰਭਾਲਿਆ ਲਿਆ ਹੈ।ਇਸ ਮੌਕੇ ਪੱਤਰਕਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਦੱਸਿਆ ਕਿ ਸਰਕਾਰ ਦੀਆਂ ਨੀਤੀਆਂ ਨੂੰ ਉਹ ਇੰਨ ਬਿੰਨ ਲਾਗੂ ਕਰਨਗੇ।ਇਮਾਨਦਾਰੀ ਉਨ੍ਹਾਂ ਦਾ ਮੁੱਖ ਉਦੇਸ਼ ਹੈ, ਪਰ ਇਹ ਗੱਲ ਉਹ ਆਪਣੇ ਤੱਕ ਹੀ ਕਹਿ ਸਕਦੇ ਹਨ। ਫਿਰੋਜ਼ਪੁਰ ਸ਼ਹਿਰ ਤੋਂ ਬਦਲ ਕੇ ਆਏ ਹਰਜੋਤ ਕੌਰ ਨੇ ਕਿਹਾ ਕਿ ਉਹ ਪਹਿਲੀ ਵਾਰ ਪਟਿਆਲਾ ਵਿਖੇ ਤਾਇਨਾਤ ਹੋਏ ਹਨ ਅਤੇ ਉਹ ਅਨੰਦਪੁਰ ਸਾਹਿਬ ਵਿਖੇ ਵੀ ਤਾਇਨਾਤ ਰਹਿ ਚੁੱਕੇ ਹਨ।ਸੀਰਤ ਤੋਂ ਸਿਆਣੇ, ਨਿਪੁੰਨ ਤੇ ਡਿਊਟੀ ਦੇ ਪਾਬੰਦ ਦੱਸੇ ਜਾਣ ਵਾਲੇ ਹਰਜੋਤ ਕੌਰ ਸੁਭਾਅ ਪੱਖੋਂ ਨਰਮ ਰਵੱਈਆ ਰੱਖਣ ਵਾਲੇ, ਪ੍ਰਬੰਧ ਦੇ ਪ੍ਰਪੱਕ ਕਹੇ ਜਾਂਦੇ ਹਨ।

### ਨਸ਼ੇ ਦੀਆਂ ਗੋਲੀਆਂ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਨਸ਼ੇ ਦੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮੰਡੀ ਗੋਬਿੰਦਗੜ੍ਹ ਦੀ ਇੱਕ ਪੁਲਸ ਪਾਰਟੀ ਗਸ਼ਤ ਦੇ ਸਬੰਧ 'ਚ ਮੰਡੀ ਗੋਬਿੰਦਗੜ੍ਹ ਦੇ ਕੱਚਾ ਸ਼ਾਂਤੀ ਨਗਰ ਵਾਲੀ ਸੂਆ ਪਟੜੀ ਨਜ਼ਦੀਕ ਮੌਜੂਦ ਸੀ, ਜਿਸ ਦੌਰਾਨ ਪੈਦਲ ਆ ਰਹੇ ਲਵਪ੍ਰੀਤ ਸਿੰਘ ਉਰਫ ਲਵੀ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਉਸ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਦੇ ਕਬਜ਼ੇ 'ਚੋਂ ਨਸ਼ੇ ਦੀਆਂ 90 ਗੋਲੀਆਂ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਅ/ਧ 22 ਐੱਨ.ਡੀ.ਪੀ.ਐੱਸ. ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਲਵਪ੍ਰੀਤ ਸਿੰਘ ਉਰਫ ਲਵੀ ਵਾਸੀ ਪਿੰਡ ਸਲਾਣੀ ਨੂੰ ਗ੍ਰਿਫਤਾਰ ਕਰਕੇ ਸਬ ਇੰਸਪੈਕਟਰ ਧਰਮਪਾਲ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਹਥਿਆਰ ਰਿਕਵਰੀ ਸਮੇਂ ਸ਼ੂਟਰਾਂ ਵੱਲੋਂ ਪੁਲਸ 'ਤੇ ਫਾਇਰਿੰਗ

## ਜਵਾਬੀ ਫਾਇਰਿੰਗ 'ਚ ਸ਼ੂਟਰ ਜ਼ਖਮੀਂ



**ਜਗਰਾਉਂ (ਅਮਿਤ ਖੰਨਾ)**-ਜਗਰਾਉਂ ਨੇੜਲੇ ਪਿੰਡ ਰੂਮੀ ਵਿੱਚ ਪਿਛਲੇ ਦਿਨੀਂ ਸ਼ੋਰੂਮ ਮਾਲਕ 'ਤੇ ਗੋਲੀ ਚਲਾਉਣ ਦੇ ਮਾਮਲੇ 'ਚ ਜਗਰਾਉਂ ਪੁਲਸ ਵੱਲੋਂ ਦੋਵੇਂ ਸ਼ੂਟਰਾਂ ਨੂੰ ਗ੍ਰਿਫਤਾਰ ਕਰ ਲਿਆ।ਇਨ੍ਹਾਂ ਵਿੱਚੋਂ ਬੀਤੀ ਦੇਰ ਰਾਤ ਹਥਿਆਰ ਰਿਕਵਰ ਕਰਵਾਉਣ ਲਈ ਜਗਰਾਉਂ ਪੁਲਸ ਜਦੋਂ ਜਗਰਾਉਂ ਤੋਂ ਪਿੰਡ ਸੋਹੀਆਂ ਲੈ ਕੇ ਪੁੱਜੀ ਤਾਂ ਇਸ ਸ਼ੂਟਰ ਨੇ ਉੱਥੇ ਲਕੋਏ ਪਿਸਟਲ ਨੂੰ ਕੱਢਦਿਆਂ ਪੁਲਸ 'ਤੇ ਦੋ ਫਾਇਰ ਕਰ ਦਿੱਤੇ।ਜਵਾਬੀ ਫਾਇਰ ਵਿੱਚ ਪੁਲਸ ਨੇ ਵੀ ਫਾਇਰ ਕੀਤੇ ਤਾਂ ਇੱਕ ਗੋਲੀ ਸ਼ੂਟਰ ਦੀ ਲੱਤ ਵਿੱਚ ਜਾ ਲੱਗੀ।ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਮੁਖੀ ਡਾਕਟਰ ਅੰਕੁਰ ਗੁਪਤਾ ਨੇ ਦੱਸਿਆ ਕਿ ਬੀਤੀ 5 ਜੁਲਾਈ ਨੂੰ ਜਗਰਾਉਂ ਦੇ ਪਿੰਡ ਰੂਮੀ ਵਿੱਚ ਗੁਰੂ ਨਾਨਕ ਹਾਰਡਵੇਅਰ ਸਟੋਰ ਦੇ ਮਾਲਕ ਦੇ ਗੱਡੀ ਤੇ ਘਰ ਜਾਂਦਿਆਂ ਛੱਜਾਵਾਲ ਮੋੜ 'ਤੇ ਲੁਕੇ ਮੋਟਰਸਾਈਕਲ ਸਵਾਰਾਂ ਚੋਂ ਇੱਕ ਨੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ। ਉਨ੍ਹਾਂ ਵੱਲੋਂ ਸਿਰ ਹੇਠਾਂ ਕਰ ਲੈਣ ਕਾਰਨ ਇਹ ਗੋਲੀ ਕਾਰ ਦੇ ਡਰਾਈਵਰ ਤੇ ਕੰਡਕਟਰ ਸ਼ੀਸ਼ੇ ਪਾਰ ਕਰਦੀ ਲੰਘ ਗਈ।ਇਸ ਮਾਮਲੇ ਵਿੱਚ ਜਗਰਾਉਂ ਪੁਲਸ ਦੀ ਸਪੈਸ਼ਲ ਟੀਮ ਨੇ ਬੀਤੀ ਕੱਲ੍ਹ ਸੰਗਰੂਰ ਦੇ ਪਾਤੜਾਂ ਤੋਂ ਦੋਹੇ ਸ਼ੂਟਰਾਂ ਦੀਪੂ ਸਿੰਘ ਤੇ ਨਾਨਕ ਰਾਮ ਨੂੰ ਗ੍ਰਿਫ਼ਤਾਰ ਕੀਤਾ।ਦੋਵਾਂ ਤੋਂ ਜਗਰਾਉਂ ਸੀਆਈਏ ਸਟਾਫ ਵਿੱਚ ਪੁੱਛਗਿੱਛ ਕੀਤੀ ਜਾ ਰਹੀ ਸੀ, ਜਿਸ ਵਿੱਚ ਨਾਨਕ ਰਾਮ ਨੇ ਜਗਰਾਉਂ ਤੋਂ ਪਿੰਡ ਸੋਹੀਆਂ ਨੂੰ ਜਾਂਦੇ ਕੱਚੇ ਰਸਤੇ 'ਤੇ ਵਾਰਦਾਤ ਸਮੇਂ ਵਰਤਿਆ ਪਿਸਟਲ ਲਕੋਏ ਹੋਣ ਦੀ ਗੱਲ ਕਬੂਲੀ, ਜਿਸ 'ਤੇ ਪੁਲਸ ਪਾਰਟੀ ਦੇਰ ਰਾਤ ਉਸ ਨੂੰ ਉਕਤ ਥਾਂ 'ਤੇ ਲੈ ਕੇ ਪੁੱਜੀ।ਇਸ ਦੌਰਾਨ ਉਸ ਨੇ ਜ਼ਮੀਨ ਵਿੱਚ ਲੁਕੋਇਆ ਪਿਸਤਲ ਕੱਢਿਆ ਤੇ ਹਨੇਰੇ ਦਾ ਫਾਇਦਾ ਚੁੱਕਦਿਆਂ ਪੁਲਸ ਪਾਰਟੀ 'ਤੇ ਦੋ ਫਾਇਰ ਕਰ ਦਿੱਤੇ।ਇਨ੍ਹਾਂ ਵਿੱਚੋਂ ਇੱਕ ਫਾਇਰ ਮੁਲਾਜ਼ਮ ਦੇ ਬਿਲਕੁਲ ਕੋਲ ਦੀ ਲੰਘਿਆ, ਜਦਕਿ ਦੂਸਰਾ ਪੁਲਸ ਦੀ ਇੱਕ ਗੱਡੀ ਵਿੱਚ ਜਾ ਲੱਗਾ।ਇਸ 'ਤੇ ਜਗਰਾਉਂ ਪੁਲਸ ਨੇ ਵੀ ਜਵਾਬ ਵਿੱਚ ਦੋ ਫਾਇਰ ਕੀਤੇ।ਇਨ੍ਹਾਂ 'ਚੋਂ ਇੱਕ ਫਾਇਰ ਉਸ ਦੀ ਲੱਤ ਵਿੱਚ ਲੱਗਾ, ਜਿਸ 'ਤੇ ਨਾਨਕ ਰਾਮ ਨੂੰ ਜ਼ਖ਼ਮੀ ਹਾਲਤ ਵਿੱਚ ਜਗਰਾਉਂ ਸਿਵਲ ਹਸਪਤਾਲ ਭਰਤੀ ਕਰਵਾਇਆ ਗਿਆ।

# ਅਧਿਆਪਕਾਂ ਦੇ ਹੱਕ 'ਚ ਹੋਏ ਫੈਸਲਿਆਂ ਨੂੰ ਜਨਰਲਾਇਜ਼ ਕੀਤਾ ਜਾਵੇ : ਰਾਜੀਵ ਹਾਂਡਾ

## ਸਰਕਾਰ ਵੱਲੋਂ ਅਧਿਆਪਕਾਂ ਦੀਆਂ ਮੰਗਾਂ ਪ੍ਰਤੀ ਧਾਰੀ ਚੁੱਪੀ ਖਿਲਾਫ਼ ਨਾਅਰੇਬਾਜ਼ੀ ■ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਹੀ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਦੇ ਨਾਂਅ ਦਿੱਤਾ ਰੋਸ ਪੱਤਰ



**ਜ਼ੀਰਾ (ਨਰਿੰਦਰ ਅਨੇਜਾ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਫੈਸਲੇ ਅਨੁਸਾਰ ਜ਼ਿਲ੍ਹਾ ਇਕਾਈ ਫ਼ਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਰਾਜੀਵ ਕੁਮਾਰ ਹਾਂਡਾ ਤੇ ਸੂਬਾ ਜਥੇਬੰਦਕ ਸਕੱਤਰ ਬਲਵਿੰਦਰ ਸਿੰਘ ਭੁੱਟੋ ਦੀ ਅਗਵਾਈ ਵਿੱਚ ਅਧਿਆਪਕਾਂ ਦੀਆਂ ਜਾਇਜ਼ ਮੰਗਾਂ-ਮਸਲਿਆਂ ਦੇ ਹੱਲ ਨਾ ਕਰਨ ਦੇ ਰੋਸ ਵਜੋਂ ਪੰਜਾਬ ਸਰਕਾਰ ਖਿਲਾਫ ਜ਼ਬਰਦਸਤ ਨਾਅਰੇਬਾਜ਼ੀ ਕਰਨ ਉਪਰੰਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਫ਼ਿਰੋਜ਼ਪੁਰ ਸ੍ਰੀਮਤੀ ਮੁਨੀਲਾ ਅਰੋੜਾ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਫ਼ਿਰੋਜ਼ਪੁਰ ਸ੍ਰੀਮਤੀ ਸੁਨੀਤਾ ਰਾਹੀਂ ਪੰਜਾਬ ਦੇ ਮੁੱਖ-ਮੰਤਰੀ ਤੇ ਸਿੱਖਿਆ ਮੰਤਰੀ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ।

ਪਹਿਲਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਵੱਡੀ ਗਿਣਤੀ ਵਿੱਚ ਇੱਕਠੇ ਹੋਏ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਬਲਵਿੰਦਰ ਸਿੰਘ ਸੰਧੂ, ਗੁਰਚਰਨ ਸਿੰਘ ਕਲਸੀ ਤੇ ਹਰਪਾਲ ਸਿੰਘ ਸੰਧੂ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਹਰ ਮਹੀਨੇ ਦੀ 1 ਤਰੀਕ ਨੂੰ ਸਾਰੇ ਕਰਮਚਾਰੀਆਂ ਨੂੰ ਤਨਖਾਹ ਦੇਣੀ ਯਕੀਨੀ ਬਣਾਈ ਜਾਵੇ, ਅਧਿਆਪਕਾਂ ਦੇ ਹੱਕ ਵਿੱਚ ਹਾਈਕੋਰਟ ਤੇ ਸੁਪਰੀਮ ਕੋਰਟ ਵੱਲੋਂ ਕੀਤੇ ਫੈਸਲਿਆਂ ਨੂੰ ਜਨਰਲਾਇਜ਼ ਕੀਤਾ ਜਾਵੇ, 5178 ਅਧਿਆਪਕਾਂ ਦੇ ਬਕਾਏ ਜਲਦ ਜਾਰੀ ਕੀਤੇ ਜਾਣ, 8886 ਅਧਿਆਪਕਾਂ ਦੀਆਂ ਛੁੱਟੀਆਂ ਤੇ ਸੀਨੀਆਰਤਾ ਦਾ ਮਸਲਾ ਹੱਲ ਕੀਤਾ ਜਾਵੇ, ਪਾਸ ਹੋਏ ਮੈਡੀਕਲ ਬਿੱਲਾਂ ਲਈ ਬਜਟ ਤੁਰੰਤ ਜਾਰੀ ਕੀਤਾ ਜਾਵੇ, ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਵਿੱਚ ਸਿਆਸੀ ਦਖਲ ਅੰਦਾਜ਼ੀ ਬੰਦ ਕੀਤੀ ਜਾਵੇ, ਅਧਿਆਪਕਾਂ ਤੋਂ ਲਏ ਜਾਂਦੇ ਸਾਰੇ ਗੈਰ-ਵਿੱਦਿਅਕ ਕੰਮ ਬੰਦ ਕੀਤੇ ਜਾਣ, ਸਾਰੇ ਵਰਗਾਂ ਦੀਆਂ ਤਰੱਕੀਆਂ ਕੀਤੀਆਂ ਜਾਣ, ਕੰਪਿਊਟਰ ਅਧਿਆਪਕਾਂ, ਮੈਰੀਟੋਰੀਅਸ ਅਧਿਆਪਕਾਂ, ਐਸੋਸੀਏਟ ਅਧਿਆਪਕਾਂ, ਅਦਾਰਸ਼ ਮਾਡਲ ਸਕੂਲਾਂ ਦੇ ਅਧਿਆਪਕਾਂ ਤੇ ਐੱਨ ਐੱਸ ਕਿਊ ਐੱਫ ਅਧਿਆਪਕਾਂ ਨੂੰ ਰੈਗੂਲਰ ਤਨਖਾਹ ਸਕੇਲਾਂ ਦੇ ਘੇਰੇ ਵਿੱਚ ਲਿਆਂਦਾ ਜਾਵੇ, ਵੱਖ-ਵੱਖ ਕਾਡਰਾਂ ਅਧੀਨ ਭਰਤੀ ਹੋਏ ਅਧਿਆਪਕਾਂ ਤੇ ਪਦ-ਉੱਨਤ ਕੀਤੇ ਲੈਕਚਰਾਰ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਕੇਂਦਰੀ ਸਕੇਲ ਵਾਪਸ ਲਏ ਜਾਣ, ਸੋਧ ਦੇ ਨਾਂਅ 'ਤੇ ਬੰਦ ਕੀਤੇ ਪੇਂਡੂ ਭੱਤੇ ਸਮੇਤ ਸਮੁੱਚੇ ਭੱਤੇ ਬਹਾਲ ਕੀਤੇ ਜਾਣ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ ਆਦਿ।

ਇਸ ਮੌਕੇ ਜਸਵਿੰਦਰ ਸਿੰਘ ਮਮਦੋਟ, ਰਾਜਿੰਦਰ ਸਿੰਘ ਰਾਜਾ, ਭੁਪਿੰਦਰ ਸਿੰਘ, ਗੌਰਵ ਮੁੰਜਾਲ, ਸੁਖਵਿੰਦਰ ਸਿੰਘ, ਸ਼ਹਿਨਾਜ ਨੂਰੁਲਾ, ਬਲਵਿੰਦਰ ਕੌਰ ਬਹਿਲ, ਮਨਜੀਤ ਕੌਰ, ਦੀਪਕ ਕੁਮਾਰ, ਸੰਦੀਪ ਸਹਿਗਲ, ਸੰਦੀਪ ਕੁਮਾਰ ਸਤੇਈ ਵਾਲਾ, ਸੰਜੀਵ ਕੁਮਾਰ, ਮਨਜੀਤ ਸਿੰਘ, ਬਲਵਿੰਦਰ ਸਿੰਘ ਬਿੰਦਾ, ਪ੍ਰੇਮ ਸਿੰਘ, ਪ੍ਰਦੀਪ ਕੁਮਾਰ, ਸੰਜੀਵ ਧਵਨ, ਰੇਸ਼ਮ ਸਿੰਘ, ਚਰਨਜੀਤ ਸਿੰਘ, ਰਮਿੰਦਰ ਸਿੰਘ, ਬਲਜੀਤ ਸਿੰਘ, ਸ਼ਾਮ ਸਿੰਘ, ਰਮਨ ਦੁੱਗਲ, ਅਨੋਖ ਸਿੰਘ, ਸੁਰਜੀਤ ਸਿੰਘ, ਪ੍ਰਿਨੈ ਛਾਬੜਾ, ਗੁਰਮੇਜ ਸਿੰਘ, ਪਰਮਜੀਤ ਸਿੰਘ, ਸੁਰਿੰਦਰ ਸਿੰਘ, ਕੁਲਵੰਤ ਸਿੰਘ, ਅਮਰੀਕ ਸਿੰਘ, ਅਜੈ ਕੁਮਾਰ, ਕੁਲਵਿੰਦਰ ਸਿੰਘ, ਅਧਿਆਪਕ ਮੌਜੂਦ ਸਨ।

# ਕਾਮਰੇਡ ਗੁਰਸ਼ਰਨ ਸਿੰਘ ਨੂੰ ਸਦਮਾ, ਭਤੀਜੇ ਦੀ ਕਰੰਟ ਲੱਗਣ ਨਾਲ ਮੌਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਰਵ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਆਗੂ ਕਾਮਰੇਡ ਗੁਰਸ਼ਰਨ ਸਿੰਘ ਨੂੰ ਉਸ ਵੇਲੇ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਨੌਜਵਾਨ ਭਤੀਜੇ ਰੁਪਿੰਦਰ ਸਿੰਘ ਦੀ ਅਚਾਨਕ ਕਰੰਟ ਲੱਗਣ ਕਾਰਨ ਮੌਤ ਹੋ ਗਈ।ਜ਼ਿਕਰਯੋਗ ਹੈ ਕਿ ਰੁਪਿੰਦਰ ਸਿੰਘ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮੋਗਾ ਦੇ ਸਾਬਕਾ ਆਗੂ ਮਰਹੂਮ ਦਰਸ਼ਨ ਸਿੰਘ ਦੇ ਪੋਤਰੇ ਸਨ।ਇਸ ਮੌਕੇ ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਸਿੰਘ ਭੋਲਾ, ਸਰਵ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਜਗਵਿੰਦਰ ਸਿੰਘ ਕਾਕਾ, ਇੰਦਰਜੀਤ ਸਿੰਘ ਦੀਨਾਂ, ਬੋਹੜ ਸਿੰਘ ਬੁੱਟਰ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ ਜ਼ਿਲ੍ਹਾ ਸਕੱਤਰ ਸਵਰਾਜ ਸਿੰਘ ਖੋਸਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਦੇ ਜਗਸੀਰ ਸਿੰਘ ਖੋਸਾ ਆਦਿ ਆਗੂਆਂ ਨੇ ਕਾਮਰੇਡ ਗੁਰਸ਼ਰਨ ਸਿੰਘ ਤੇ ਉਨ੍ਹਾਂ ਦੇ ਭਰਾ ਸ੍ਰ. ਕੁਲਬੀਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।ਰੁਪਿੰਦਰ ਸਿੰਘ ਦੀ ਅੰਤਿਮ ਅਰਦਾਸ ਤੇ ਪਾਠ ਦਾ ਭੋਗ 20 ਜੁਲਾਈ ਨੂੰ ਗੁਰਦੁਆਰਾ ਸਿੰਘ ਸਭਾ ਫ਼ਤਿਹਗੜ੍ਹ ਪੰਜਤੂਰ ਵਿਖੇ ਪਵੇਗਾ।

# ਏ ਐੱਸ ਆਈ ਗੁਰਤੇਜ ਸਿੰਘ ਨੂੰ ਸਬ-ਇੰਸਪੈਕਟਰ ਬਣਨ 'ਤੇ ਪ੍ਰੈੱਸ ਕਲੱਬ ਵੱਲੋਂ ਸ਼ੁੱਭ-ਕਾਮਨਾਵਾਂ

## ਵਿਸ਼ੇਸ਼ ਮੀਟਿੰਗ ਦੌਰਾਨ ਪ੍ਰੈੱਸ ਕਲੱਬ ਨੇ ਗੁਰਤੇਜ ਸਿੰਘ ਨੂੰ ਕੀਤਾ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਦੋਦਾ ਚੌਕੀ ਵਿਖੇ ਤਾਇਨਾਤ ਏਐੱਸਆਈ ਗੁਰਤੇਜ ਸਿੰਘ ਨੂੰ ਵਧੀਆ ਡਿਊਟੀ ਨਿਭਾਉਣ ਤੇ ਬਿਹਤਰੀਨ ਪੁਲਸ ਸੇਵਾਵਾਂ ਬਦਲੇ ਸਬ ਇੰਸਪੈਕਟਰ ਵਜੋਂ ਪਦਉਨਤ ਕੀਤਾ ਗਿਆ ਹੈ।ਬੀਤੇ ਦਿਨੀਂ ਜਿੱਥੇ ਐੱਸ ਐੱਸ ਪੀ ਡਾ. ਅਖਿਲ ਚੌਧਰੀ, ਗਿੱਦੜਬਾਹਾ ਦੇ ਵਿਧਾਇਕ ਸ੍ਰ. ਹਰਦੀਪ ਸਿੰਘ ਡਿੰਪੀ ਢਿੱਲੋਂ ਤੇ ਸੰਦੀਪ ਸਿੰਘ ਸੰਨੀ ਢਿੱਲੋਂ ਵੱਲੋਂ ਉਨ੍ਹਾਂ ਨੂੰ ਸਟਾਰ ਲਾ ਕੇ ਪਦਉਨਤੀ ਦੀ ਵਧਾਈ ਦਿੱਤੀ ਗਈ।ਉੱਥੇ ਹੀ ਸ਼ਨੀਵਾਰ ਨੂੰ ਦੁਪਹਿਰ ਦੋ ਵਜੇ ਅਬੋਹਰ ਰੋਡ ਸਥਿਤ ਪ੍ਰੈੱਸ ਕਲੱਬ ਦੇ ਆਪਣਾ ਬਿਸਤਰ ਭੰਡਾਰ 'ਤੇ ਬਣੇ ਦਫਤਰ ਵਿਖੇ ਏਐੱਸਆਈ ਗੁਰਤੇਜ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਇਸ ਉਪਲਬਧੀ ਵਜੋਂ ਸਨਮਾਨਤ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਪੁਲਸ ਵਿਭਾਗ 'ਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ।ਪ੍ਰੈੱਸ ਕਲੱਬ ਦੇ ਪ੍ਰਧਾਨ ਦੀਪਕਪਾਲ ਸ਼ਰਮਾ ਨੇ ਕਿਹਾ ਕਿ ਏਐੱਸਆਈ ਗੁਰਤੇਜ ਸਿੰਘ ਇਸ ਨਿਯੁਕਤੀ 'ਤੇ ਮਾਣ ਦੇ ਵਾਕਈ ਹੱਕਦਾਰ ਸਨ, ਕਿਉਂਕਿ ਉਨ੍ਹਾਂ ਅੱਜ ਤੱਕ ਪੁਲਸ ਵਿਭਾਗ 'ਚ ਅਜਿਹੀਆਂ ਸੇਵਾਵਾਂ ਦਿੱਤੀਆਂ ਨੇ, ਜਿਸ ਨੂੰ ਹਰ ਕੋਈ ਸਰਾਹੁੰਦਾ ਹੀ ਹੈ।ਉਹ ਹਰ ਕਿਸੇ ਦੀ ਦੁੱਖ-ਤਕਲੀਫ ਪੁਲਸ ਅਧਿਕਾਰੀ ਵਜੋਂ ਨਹੀਂ ਬਲਕਿ ਇੱਕ ਚੰਗੇ ਅਫਸਰ ਹੋਣ ਦਾ ਸਬੂਤ ਦਿੰਦਿਆਂ ਪਿਆਰ ਤੇ ਆਰਾਮ ਨਾਲ ਸੁਣਦੇ ਹਨ।ਇਸ ਮੌਕੇ ਪ੍ਰੈੱਸ ਕਲੱਬ ਦੇ ਪ੍ਰਧਾਨ ਦੀਪਕਪਾਲ ਸ਼ਰਮਾ ਤੇ ਹੋਰ ਅਹੁਦੇਦਾਰਾਂ ਨੇ ਗੁਰਤੇਜ ਸਿੰਘ ਦਾ ਮੂੰਹ ਮਿੱਠਾ ਕਰਵਾਇਆ ਤੇ ਪਦਉਨਤੀ ਤੇ ਵਧਾਈਆਂ ਦਿੱਤੀਆਂ।

ਇਸ ਮੌਕੇ ਦੋਦਾ ਚੌਕੀ ਦੇ ਏਐੱਸਆਈ ਦਲਬੀਰ ਸਿੰਘ, ਗੌਰਵ ਛਾਬੜਾ, ਪ੍ਰੈੱਸ ਕਲੱਬ ਦੇ ਸਰਪ੍ਰਸਤ ਕਾਲਾ ਸਿੰਘ ਬੇਦੀ, ਵਾਇਸ ਚੇਅਰਮੈਨ ਰਾਜ ਖੁਰਾਣਾ, ਸੀਨੀਅਰ ਮੀਤ ਪ੍ਰਧਾਨ ਕੁਲਦੀਪ ਰਿਣੀ, ਮੀਤ ਪ੍ਰਧਾਨ ਹਰੀਸ਼ ਤਨੇਜਾ, ਕੁਲਭੂਸ਼ਨ ਚਾਵਲਾ, ਨਰਿੰਦਰ ਸਲੂਜਾ, ਜਨਰਲ ਸਕੱਤਰ ਆਦੇਸ਼ ਕੁਮਾਰ ਮੰਨੂ, ਹਰਸਿਮਰਨ ਸਿੰਘ ਕਪੂਰ, ਜਾਇੰਟ ਸਕੱਤਰ ਅਨਮੋਲ ਵੜਿੰਗ, ਸਕੱਤਰ ਜਸਪ੍ਰੀਤ ਮਹਿਰਾ, ਸਬ ਕੈਸ਼ੀਅਰ ਰਵੀ ਅਗਰਵਾਲ, ਜਥੇਬੰਧਕ ਸਕੱਤਰ ਸ਼ਮਿੰਦਰ ਸਿੰਘ ਸੀਟਾ, ਪ੍ਰੈੱਸ ਸਕੱਤਰ ਜਗਦੀਸ਼ ਜੋਸ਼ੀ, ਪ੍ਰਚਾਰ ਸਕੱਤਰ ਜਸਪ੍ਰੀਤ ਬੱਤਰਾ, ਸਰਬਜੀਤ ਸੁਖੀਜਾ ਆਦਿ ਮੌਜੂਦ ਸਨ।

# ਸਕੂਲ ਵੈਨ ਹਾਦਸੇ 'ਚ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ

**ਬਠਿੰਡਾ (ਰਾਜੀਵ ਗੋਇਲ)**



ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਬਰਨਾਲਾ ਰੋਡ 'ਤੇ ਬੇਰੀ ਨਜ਼ਦੀਕ ਸ਼ਨੀਵਾਰ ਸਵੇਰੇ ਵਾਪਰੇ ਇੱਕ ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਬਰਨਾਲਾ ਜ਼ਿਲ੍ਹੇ ਨਾਲ ਸੰਬੰਧਤ ਪਿੰਡ ਮੱਝੂਕੇ ਦਾ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਸਾਹਮਣੇ ਤੋਂ ਆਉਂਦਾ ਹੋਇਆ ਇੱਕ ਨਿੱਜੀ ਸਕੂਲ ਵੈਨ ਨਾਲ ਟਕਰਾ ਗਿਆ ਅਤੇ ਹਾਦਸਾ ਇੰਨਾ ਭਿਆਨਕ ਸੀ ਕਿ ਮੋਟਰਸਾਈਕਲ ਸਵਾਰ ਨੌਜਵਾਨ ਦੇ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ ਅਤੇ ਘਟਨਾ ਸਥਾਨ 'ਤੇ ਕਾਫੀ ਖੂਨ ਬਹਿ ਗਿਆ ਅਤੇ ਜ਼ਖਮੀ ਨੂੰ ਤੁਰੰਤ ਹਸਪਤਾਲ ਭੇਜ ਦਿੱਤਾ ਗਿਆ, ਜਿੱਥੇ ਪਹੁੰਚਦਿਆਂ ਹੀ ਪੀੜਤ ਨੌਜਵਾਨ ਵੱਲੋਂ ਦਮ ਤੋੜ ਦਿੱਤਾ ਗਿਆ।ਉਧਰ ਘਟਨਾ ਸਥਾਨ 'ਤੇ ਪਹੁੰਚਦਿਆਂ ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ ਅਤੇ ਥਾਣਾ ਮੁਖੀ ਦਾ ਕਹਿਣਾ ਸੀ ਕਿ ਘਟਨਾ ਸੰਬੰਧੀ ਜਾਂਚ ਕੀਤੀ ਜਾ ਰਹੀ ਹੈ।

# ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਤਿੰਨ ਰੋਜ਼ਾ ਜ਼ਿਲ੍ਹਾ ਪੱਧਰੀ ਸ਼ੂਟਿੰਗ ਟੂਰਨਾਮੈਂਟ ਸ਼ੁਰੂ



**ਭੀਖੀ (ਗੁਰਿੰਦਰ ਸਿੰਘ ਔਲਖ, ਧਰਮਵੀਰ ਸ਼ਰਮਾ)**

ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਤਿੰਨ ਰੋਜ਼ਾ ਜ਼ਿਲ੍ਹਾ ਸ਼ੂਟਿੰਗ (ਫਾਇਰਿੰਗ) ਟੂਰਨਾਮੈਂਟ ਦੇ ਉਦਘਾਟਨ ਮੌਕੇ ਵਿਸ਼ੇਸ਼ ਸਮਾਗਮ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਡਿਪਟੀ ਇੰਸਪੈਕਟਰ ਜਨਰਲ ਸ੍ਰ. ਹਰਜੀਤ ਸਿੰਘ ਬਠਿੰਡਾ ਉਚੇਚੇ ਤੌਰ 'ਤੇ ਬੱਚਿਆਂ ਦੇ ਰੂਬਰੂ ਹੋਏ ਤੇ ਉਨ੍ਹਾਂ ਦੀਪ ਜਗਾ ਕੇ ਸ਼ੂਟਿੰਗ ਟੂਰਨਾਮੈਂਟ ਦਾ ਉਦਘਾਟਨ ਕੀਤਾ।ਇਸ ਉਦਘਾਟਨੀ ਸਮਾਰੋਹ ਮੌਕੇ ਵਿਸ਼ੇਸ਼ ਮਹਿਮਾਨ ਪ੍ਰੋ: ਪ੍ਰਿਤਪਾਲ ਸ਼ਰਮਾ, ਡੀ. ਐੱਸ. ਪੀ. ਬੂਟਾ ਸਿੰਘ, ਐੱਸ. ਐੱਚ. ਓ. ਸੁਖਜੀਤ ਸਿੰਘ ਨੇ ਵੀ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਸਕੂਲ ਪ੍ਰਿੰਸੀਪਲ ਡਾਕਟਰ ਗਗਨਦੀਪ ਪਰਾਸ਼ਰ ਨੇ ਮੁੱਖ ਮਹਿਮਾਨ ਤੇ ਹੋਰ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦਾ ਵਿੱਦਿਆ ਮੰਦਰ ਵਿੱਚ ਪਹੁੰਚਣ 'ਤੇ ਹਾਰਦਿਕ ਸਵਾਗਤ ਕੀਤਾ ਤੇ ਨਿੱਘੀ ਜੀ ਆਇਆਂ ਕਿਹਾ।ਉਨ੍ਹਾਂ ਕਿਹਾ ਕਿ ਸ਼ੂਟਿੰਗ ਦੇ ਇਹ ਜੂਨੀਅਰ ਤੇ ਸੀਨੀਅਰ ਗਰੁੱਪ ਦੇ ਮੁਕਾਬਲੇ 19 ਜੁਲਾਈ ਤੋਂ 21 ਜੁਲਾਈ 2025 ਤੱਕ ਮੁਕੰਮਲ ਹੋਣੇ ਹਨ।ਉਦਘਾਟਨੀ ਸਮਾਗਮ ਮੌਕੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਹਰਜੀਤ ਸਿੰਘ ਬਠਿੰਡਾ ਨੇ ਬੱਚਿਆਂ ਨੂੰ ਸ਼ੁੱਭ-ਕਾਮਨਾਵਾਂ ਤੇ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਵਰਤਮਾਨ ਸਮਾਂ ਬਹੁਪੱਖੀ ਪ੍ਰਤਿਭਾ ਵਾਲਾ ਹੈ ਤੇ ਸਾਨੂੰ ਵਿਦਿਆਰਥੀ ਜੀਵਨ ਤੋਂ ਹੀ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈਣ ਦੀ ਰੁਚੀ ਵਿਕਸਿਤ ਕਰਨੀ ਚਾਹੀਦੀ ਹੈ।ਸਾਨੂੰ ਜਿੱਤ-ਹਾਰ ਦੀ ਪ੍ਰਵਾਹ ਨਾ ਕਰਦੇ ਹੋਏ ਹਰੇਕ ਗਤੀਵਿਧੀ ਵਿੱਚ ਭਾਗ ਲੈਣਾ ਚਾਹੀਦਾ ਹੈ।ਉਨ੍ਹਾਂ ਵਿੱਦਿਆ ਭਾਰਤੀ ਸੰਸਥਾਵਾਂ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਸਕੂਲ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਉੱਦਮ ਕਰ ਰਹੇ ਹਨ ਤੇ ਸਿੱਖਿਆ ਦੀ ਵੱਖਰੀ ਮਿਸਾਲ ਬਣ ਕੇ ਉੱਭਰ ਰਹੇ ਹਨ।ਬੱਚਿਆਂ ਦੇ ਰੂਬਰੂ ਹੁੰਦਿਆਂ ਪ੍ਰੋ: ਪ੍ਰਿਤਪਾਲ ਸ਼ਰਮਾ (ਉਦਯੋਗਪਤੀ) ਨੇ ਸਾਰੇ ਹੀ ਪ੍ਰਤੀਭਾਗੀਆਂ ਨੂੰ ਸਫਲਤਾ ਤੇ ਪ੍ਰਾਪਤੀਆਂ ਦੇ ਅੰਤਰ ਬਾਰੇ ਸਮਝਾਉਂਦਿਆਂ ਕਿਹਾ ਕਿ ਸਾਡੀਆਂ ਇਹ ਛੋਟੀਆਂ-ਛੋਟੀਆਂ ਪ੍ਰਾਪਤੀਆਂ ਸਾਨੂੰ ਹੱਲਾਸ਼ੇਰੀ ਦਿੰਦੀਆਂ ਹਨ ਅਤੇ ਸਮਾਜ ਦੇ ਹਾਣ ਦਾ ਬਣਾਉਂਦੀਆਂ ਹਨ।ਸਾਡੀ ਅਸਲ ਪ੍ਰਾਪਤੀ ਤਾਂ ਸਮਾਜ ਭਲਾਈ ਦੇ ਕੰਮਾਂ ਵਿੱਚ ਯੋਗਦਾਨ ਪਾਉਣਾ ਹੈ ਤੇ ਸਮਾਜ ਦੇ ਕੰਮ ਆਉਣਾ ਹੈ।ਉਨ੍ਹਾਂ ਵੱਲੋਂ ਵਿੱਦਿਆ ਮੰਦਰ ਵਿਖੇ ਨਵੀਂ ਬਣੀ ਸ਼ੂਟਿੰਗ ਰੇਂਜ ਦੀ ਉੱਨਤੀ ਲਈ ਇੱਕ ਲੱਖ ਇਕਵੰਜਾ ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ ਗਈ।ਬੱਚਿਆਂ ਦੀ ਅਕਾਦਮਿਕ ਹੌਸਲਾ ਅਫ਼ਜ਼ਾਈ ਲਈ ਉਨ੍ਹਾਂ ਨੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਪ੍ਰਤੀ ਵਿਦਿਆਰਥੀ ਗਿਆਰਾਂ ਹਜ਼ਾਰ ਰੁਪਏ ਦੇਣ ਦਾ ਐਲਾਨ ਵੀ ਕੀਤਾ।ਇਸੇ ਦੌਰਾਨ ਵਿੱਦਿਆ ਮੰਦਰ ਦੀਆਂ ਵਿਦਿਆਰਥਣਾਂ ਵੱਲੋਂ ਸੱਭਿਆਚਾਰਕ ਲੋਕ-ਨਾਚ ਵੀ ਪੇਸ਼ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਸ਼ੂਟਿੰਗ ਐਸੋਸੀਏਸ਼ਨ ਦੇ ਸਕੱਤਰ ਸੁਰਿੰਦਰ ਸਿੰਘ, ਮੀਤ ਪ੍ਰਧਾਨ ਅੰਮ੍ਰਿਤ ਢਿੱਲੋਂ, ਸ੍ਰ. ਗੁਰਜੀਤ ਸਿੰਘ ਢਿੱਲੋਂ, ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਜਿੰਦਰ ਪਾਲ, ਪ੍ਰਬੰਧਕ ਅੰਮ੍ਰਿਤ ਲਾਲ, ਵਾਈਸ ਪ੍ਰਧਾਨ ਪ੍ਰਸ਼ੋਤਮ ਮੱਤੀ, ਡਾ: ਮੱਖਣ ਲਾਲ, ਮੈਂਬਰ ਭੂਸ਼ਣ ਕੁਮਾਰ, ਤੁਸ਼ਾਰ ਕੁਮਾਰ, ਗੋਬਿੰਦ ਰਾਮ ਸ਼ਰਮਾ, ਨਰਿੰਦਰ ਸਿੰਘ, ਗੁਰਪ੍ਰੀਤ ਗੋਰਾ ਰਾਮਪੁਰਾ ਫੂਲ, ਰੁਪਿੰਦਰ ਪਟਿਆਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# 25 ਦੀ ਸੰਗਰੂਰ ਰੈਲੀ 'ਚ ਸ਼ਾਮਲ ਹੋਣ ਲਈ ਲੋਕਾਂ ਨੂੰ ਕੀਤਾ ਲਾਮਬੰਦ

## ਸੂਲਰ ਵਿਖੇ ਨਵੀਂ ਇਕਾਈ ਦੀ ਕੀਤੀ ਚੋਣ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਦਿੜ੍ਹਬਾ ਵੱਲੋਂ ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਤੇ ਸੀਨੀਅਰ ਮੀਤ ਪ੍ਰਧਾਨ ਹਰਬੰਸ ਸਿੰਘ ਦਿੜ੍ਹਬਾ ਦੀ ਅਗਵਾਈ ਹੇਠ ਪਿੰਡ ਸੂਲਰ ਵਿਖੇ ਨਵੀਂ ਇਕਾਈ ਦੀ ਚੋਣ ਪਿੰਡ ਦੇ ਸ੍ਰੀ ਅਮਰਦਾਸ ਜੀ ਦੇ ਟਿੱਲੇ 'ਤੇ ਕੀਤੀ ਗਈ, ਜਿਸ ਮੌਕੇ ਦਿੜ੍ਹਬਾ ਬਲਾਕ ਦੇ ਆਗੂ ਹਰਜੀਤ ਸਿੰਘ ਮਹਿਲਾਂ, ਅਮਨਦੀਪ ਸਿੰਘ ਮਹਿਲਾਂ ਤੇ ਚਰਨਜੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਆਗੂਆਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਨਾਲ ਮਿਲ ਕੇ ਕਿਸਾਨਾਂ ਮਜ਼ਦੂਰਾਂ ਦੀ ਕਿਰਤ 'ਤੇ ਹਮਲੇ ਕਰ ਰਹੀਆਂ ਹਨ ਤੇ ਜ਼ਮੀਨਾਂ ਉੱਪਰ ਬੁਰੀ ਨਜ਼ਰ ਰੱਖੀ ਹੋਈ ਹੈ ਅਤੇ ਜੋ ਪੰਜਾਬ ਸਰਕਾਰ ਨੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਉੱਪਰ ਅਣਐਲਾਨੀ ਐਮਰਜੈਂਸੀ ਲਗਾਈ ਹੋਈ ਹੈ, ਉਸ ਨੂੰ ਤੋੜਨ ਲਈ 25 ਜੁਲਾਈ ਨੂੰ ਸੰਗਰੂਰ ਵਿੱਚ ਵੱਡੀ ਕਿਸਾਨ ਮਜ਼ਦੂਰ ਰੈਲੀ ਕੀਤੀ ਜਾ ਰਹੀ ਹੈ, ਉਸ ਵਿੱਚ ਸ਼ਾਮਲ ਹੋਣ ਲਈ ਵੀ ਲੋਕਾਂ ਨੂੰ ਲਾਮਬੰਦ ਕੀਤਾ ਤੇ ਜੋ ਲੁਧਿਆਣਾ ਮੋਗਾ ਜ਼ਿਲ੍ਹੇ ਦੇ ਵਿੱਚ 24,311 ਏਕੜ ਜ਼ਮੀਨ ਸਰਕਾਰ ਅਕਵਾਇਰ ਕਰ ਰਹੀ ਹੈ, ਉਸ ਦੇ ਖ਼ਿਲਾਫ਼ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਮੁੱਲਾਂਪੁਰ ਦਾਖਾਂ ਵਿੱਚ 24 ਅਗਸਤ ਨੂੰ ਵੱਡੀ ਰੈਲੀ ਕੀਤੀ ਜਾਵੇਗੀ, ਉਸ ਲਈ ਵੀ ਲੋਕਾਂ ਨੂੰ ਇੱਕਜੁੱਟ ਹੋਣ ਲਈ ਸੱਦਾ ਦਿੱਤਾ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਬਚਾਉਣ ਲਈ ਆਪਾਂ ਨੂੰ ਇਕੱਠੇ ਹੋਕੇ ਸਰਕਾਰਾਂ ਖਿਲਾਫ ਲੜਾਈ ਲੜਨ ਲਈ ਜਥੇਬੰਦ ਹੋਣਾ ਪੈਣਾ ਹੈ, ਜਿਸ ਲਈ ਅੱਜ ਪਿੰਡ ਇਕਾਈ ਸੂਲਰ ਵਿਖੇ ਜਥੇਬੰਦੀ ਦੇ ਵਿਧਾਨ ਸੰਵਿਧਾਨ ਮੁਤਾਬਕ ਜਥੇਬੰਦੀ ਦੀ ਮੈਂਬਰਸ਼ਿਪ ਪਿੰਡ ਵਿੱਚ ਕੱਟੀ ਗਈ ਸੀ, ਉਸੇ ਹਿਸਾਬ ਪਿੰਡ ਵਿੱਚੋਂ ਸਾਂਝਾ ਇਜਲਾਸ ਬੁਲਾ ਕੇ ਲੋਕਾਂ ਦੀ ਸਰਬਸੰਮਤੀ ਨਾਲ ਪਿੰਡ ਸੂਲਰ ਵਿਖੇ ਜਥੇਬੰਦੀ ਦੀ ਨਵੀਂ ਇਕਾਈ ਦੀ ਚੋਣ ਦੁਬਾਰਾ ਤੋਂ ਕੀਤੀ ਗਈ, ਜਿਸ ਦੇ ਪ੍ਰਧਾਨ ਕੇਵਲ ਸਿੰਘ ਨੂੰ ਚੁਣਿਆ ਗਿਆ ਹੈ, ਜਦਕਿ ਮੀਤ ਪ੍ਰਧਾਨ ਅਮਰੀਕ ਸਿੰਘ, ਜਨਰਲ ਸਕੱਤਰ ਜੀਤ ਸਿੰਘ, ਖਜ਼ਾਨਚੀ ਬਹਾਦਰ ਸਿੰਘ, ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਗੋਗੀ ਤੇ ਪ੍ਰਚਾਰ ਸਕੱਤਰ ਸ਼ਿੰਦਰਪਾਲ ਸਿੰਘ, ਸੰਗਠਨ ਸਕੱਤਰ ਰਾਮ ਸਿੰਘ ਅਹੁਦੇਦਾਰਾਂ ਨੂੰ ਪਿੰਡ ਦੀ ਹਾਜ਼ਰੀ ਵਿੱਚ ਸਰਵਸੰਮਤੀ ਨਾਲ ਚੁਣਿਆ ਗਿਆ। ਚੁਣੀ ਗਈ 29 ਮੈਂਬਰੀ ਕਮੇਟੀ ਤੇ ਸਾਰੇ ਪਿੰਡ ਨੂੰ ਜਥੇਬੰਦੀ ਦੇ ਨਾਲ ਚੱਲਣ ਦਾ ਆਗੂਆਂ ਨੇ ਸੱਦਾ ਦਿੱਤਾ। ਇਸ ਮੌਕੇ ਪਿੰਡ ਇਕਾਈ ਦੇ ਆਗੂਆਂ ਨੇ ਕਿਹਾ ਕਿ ਅਸੀਂ ਜਥੇਬੰਦੀ ਦੇ ਵਿਧਾਨ ਸੰਵਿਧਾਨ 'ਤੇ ਪੂਰਾ ਪਹਿਰਾ ਦੇਵਾਂਗੇ ਤੇ ਜਥੇਬੰਦੀ ਦੇ ਹਰ ਇੱਕ ਪ੍ਰੋਗਰਾਮ ਵਿੱਚ ਪੂਰੀ ਤਨਦੇਹੀ ਨਾਲ ਪਿੰਡ ਦੇ ਸਹਿਯੋਗ ਨਾਲ ਵੱਧ ਚੜ੍ਹ ਕੇ ਮਾਵਾਂ-ਭੈਣਾਂ ਨੂੰ ਕਿਸਾਨਾਂ-ਮਜ਼ਦੂਰਾਂ ਨੂੰ ਨਾਲ ਲੈ ਕੇ ਚੱਲਾਂਗੇ।

# ਥਾਣਾ ਦਿਆਲਪੁਰਾ ਪੁਲਸ ਗੋਲੀ ਚਲਾਉਣ ਵਾਲੇ ਆੜ੍ਹਤੀ ਬੂਟਾ ਸਿੰਘ ਨੂੰ ਬਚਾਉਣ 'ਚ ਲੱਗੀ

## ਆੜ੍ਹਤੀਆ ਸ਼ਰੇਆਮ ਦੇ ਰਿਹੈ ਜਾਨੋਂ ਮਾਰਨ ਦੀਆਂ ਧਮਕੀਆਂ



**ਬਠਿੰਡਾ (ਬਖੌਤਰ ਢਿੱਲੋਂ, ਪਰਵਿੰਦਰਜੀਤ ਸਿੰਘ)**-ਥਾਣਾ ਦਿਆਲਪੁਰਾ ਅਧੀਨ ਆਉਂਦੇ ਪਿੰਡ ਜਲਾਲ ਵਿਖੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਦੂਸਰੀ ਧਿਰ ਵੱਲੋਂ ਖਾਲ ਵਿੱਚ ਮਿੱਟੀ ਪਾ ਕੇ ਜਬਰੀ ਬੰਦ ਕਰਨ ਦੇ ਮਾਮਲੇ ਵਿੱਚ ਜਲਾਲ ਦੇ ਹੀ ਰਹਿਣ ਵਾਲੇ ਆੜ੍ਹਤੀਏ ਬੂਟਾ ਸਿੰਘ ਨੇ ਖਾਲ ਨੂੰ ਚਾਲੂ ਰੱਖਣ ਦੇ ਹੱਕ ਵਿੱਚ ਆਏ ਬਲਕਰਨ ਸਿੰਘ ਵਗੈਰਾ 'ਤੇ ਪੁਲਸ ਪ੍ਰਸ਼ਾਸਨ ਦੀ ਮੌਜੂਦਗੀ ਵਿੱਚ ਆਪਣੇ ਪਿਸਟਲ ਨਾਲ ਗੋਲੀਆਂ ਚਲਾ ਦਿੱਤੀਆਂ।ਉਕਤ ਘਟਨਾ 15 ਜੁਲਾਈ ਦੀ ਦੱਸੀ ਜਾ ਰਹੀ ਹੈ।ਉਕਤ ਘਟਨਾ ਤੋਂ ਬਾਅਦ ਆੜ੍ਹਤੀਆ ਬੂਟਾ ਸਿੰਘ ਸ਼ਰੇਆਮ ਸਾਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਤੇ ਕਹਿ ਰਿਹੈ ਕਿ ਮੇਰੀ ਦਿੱਲੀ ਤੱਕ ਪਹੁੰਚ ਹੈ, ਇਸ ਕਰਕੇ ਬਠਿੰਡਾ ਪੁਲਸ ਮੇਰਾ ਕੁੱਝ ਨਹੀਂ ਵਿਗਾੜ ਸਕਦੀ।ਗੋਲੀਆਂ ਚਲਾਉਣ ਵਾਲੇ ਆੜ੍ਹਤੀਆ ਬੂਟਾ ਸਿੰਘ 'ਤੇ ਉਕਤ ਦੋਸ਼ ਲਗਾਉਂਦੇ ਹੋਏ ਸ਼ਨੀਵਾਰ ਇੱਥੇ ਪ੍ਰੈੱਸ ਕਲੱਬ ਬਠਿੰਡਾ ਵਿਖੈ ਪਹੁੰਚੇ ਜਲਾਲ ਦੇ ਰਹਿਣ ਵਾਲੇ ਪੀੜਤ ਬਲਕਰਨ ਸਿੰਘ ਤੇ ਨਿਹਾਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਸਾਡੀ ਜ਼ਮੀਨ ਨੂੰ ਇੱਕ ਸਰਕਾਰੀ ਖਾਲ ਲੱਗਦਾ ਹੈ, ਜਿਸ ਨੂੰ ਸੋਹਨ ਸਿੰਘ ਵਗੈਰਾ ਨੇ 12 ਜੁਲਾਈ ਨੂੰ ਹੀ ਜਬਰੀ ਆਪਣੇ ਸਾਥੀਆਂ ਨਾਲ ਮਿਲ ਕੇ ਮਿੱਟੀ ਪਾ ਕੇ ਬੰਦ ਕਰ ਦਿੱਤਾ ਸੀ, ਜਦਕਿ ਅਸੀਂ ਉਕਤ ਖਾਲ ਨੂੰ ਪਾਣੀ ਦੀ ਨਿਕਾਸੀ ਲਈ ਚਾਲੂ ਰੱਖਣਾ ਚਾਹੁੰਦੇ ਹਾਂ।ਬਲਕਰਨ ਸਿੰਘ ਤੇ ਨਿਹਾਲ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਸਾਡੇ ਵਿਵਾਦ ਨੂੰ ਪੰਚਾਇਤੀ ਤੌਰ 'ਤੇ ਮੋਹਤਬਰ ਵਿਅਕਤੀਆਂ ਨੇ ਨਿਪਟਾ ਦਿੱਤਾ ਸੀ ਕਿ ਸੋਹਨ ਸਿੰਘ ਵਗੈਰਾ ਖਾਲ ਵਿੱਚ ਪਾਈ ਹੋਈ ਮਿੱਟੀ ਨੂੰ ਕੱਢ ਦੇਣਗੇ ਤੇ ਬਲਕਰਨ ਸਿੰਘ ਵਗੈਰਾ ਖਾਲ ਨੂੰ ਚਾਲੂ ਕਰਨ ਲਈ ਪਾਈਪਾਂ ਪਾ ਦੇਣਗੇ।ਬਲਕਰਨ ਸਿੰਘ ਤੇ ਨਿਹਾਲ ਸਿੰਘ ਨੇ ਅੱਗੇ ਦੱਸਿਆ ਕਿ ਜਦ ਦੋ ਦਿਨ ਤੱਕ ਸੋਹਨ ਸਿੰਘ ਵਗੈਰਾ ਨੇ ਪੰਚਾਇਤੀ ਰਾਜ਼ੀਨਾਮਾ ਨਾ ਮੰਨਿਆ ਤਾਂ ਫਿਰ 15 ਜੁਲਾਈ ਨੂੰ ਪੰਚਾਇਤ ਦੇ ਮੋਹਤਬਰ ਵਿਅਕਤੀਆਂ ਨੇ ਪੁਲਸ ਦੀ ਮੌਜੂਦਗੀ ਵਿੱਚ ਖਾਲ ਨੂੰ ਚਾਲੂ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਸੀ।ਜਦ ਇਸ ਬਾਰੇ ਆੜ੍ਹਤੀਆ ਬੂਟਾ ਸਿੰਘ ਨੂੰ ਪਤਾ ਲੱਗਿਆ ਤਾਂ ਉਹ ਮੌਕੇ 'ਤੇ ਆ ਗਿਆ ਅਤੇ ਪੁਲਸ ਦੀ ਮੌਜੂਦਗੀ ਵਿੱਚ ਆਪਣੇ ਪਿਸਟਲ ਨਾਲ ਕਰੀਬ 3-4 ਹਵਾਈ ਫਾਇਰ ਕਰ ਦਿੱਤੇ ਅਤੇ ਸਾਨੂੰ ਸਾਰਿਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਮੌਕੇ ਤੋਂ ਫਰਾਰ ਹੋ ਗਿਆ।

ਬਲਕਰਨ ਸਿੰਘ ਤੇ ਨਿਹਾਲ ਸਿੰਘ ਨੇ ਦੱਸਿਆ ਕਿ ਇਸ ਘਟਨਾ ਤੋਂ ਉਨ੍ਹਾਂ ਵੱਲੋਂ ਤੁਰੰਤ 100 ਨੰਬਰ 'ਤੇ ਪੁਲਸ ਨੂੰ ਸੂਚਨਾ ਦਿੱਤੀ ਗਈ ਸੀ, ਪਰ ਉਸ ਦੇ ਬਾਵਜੂਦ ਉਕਤ ਬੂਟਾ ਸਿੰਘ ਸ਼ਰੇਆਮ ਪਿੰਡ ਵਿੱਚ ਘੁੰਮ ਰਿਹਾ ਤੇ ਸਾਨੂੰ ਅਸਿੱਧੇ ਤੌਰ 'ਤੇ ਜਾਨੋਂ ਮਾਰਨ ਜਾਂ ਮਰਵਾਉਣ ਦੀਆਂ ਧਮਕੀਆਂ ਦੇ ਰਿਹਾ ਹੈ।ਅਸੀਂ ਇਸ ਬਾਰੇ ਥਾਣਾ ਦਿਆਲਪੁਰਾ ਦੇ ਐੱਸ.ਐੱਚ.ਓ. ਨੂੰ ਕਈ ਵਾਰ ਬੇਨਤੀ ਕੀਤੀ ਕਿ ਉਕਤ ਗੋਲੀਆਂ ਚਲਾਉਣ ਵਾਲੇ ਬੂਟਾ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ, ਪ੍ਰੰਤੂ ਅੱਜ ਤੱਕ ਥਾਣਾ ਦਿਆਲਪੁਰਾ ਪੁਲਸ ਨੇ ਪੁਲਸ ਦੀ ਮੌਜੂਦਗੀ ਵਿੱਚ ਗੋਲੀਆਂ ਚਲਾਉਣ ਵਾਲੇ ਆੜ੍ਹਤੀਆ ਬੂਟਾ ਸਿੰਘ ਖਿਲਾਫ ਕੋਈ ਕੇਸ ਤੱਕ ਦਰਜ ਨਹੀਂ ਕੀਤਾ ਹੈ।ਉਲਟਾ ਪੁਲਸ ਸਾਡੇ ਉੱਪਰ ਇਹ ਕਹਿ ਕਿ ਦਬਾਅ ਪਾ ਰਹੀ ਹੈ ਕਿ ਬੂਟਾ ਸਿੰਘ ਦੀ ਪੁਲਸ ਦੇ ਵੱਡੇ ਅਫਸਰਾਂ ਨਾਲ ਇੱਕ ਗੱਲਬਾਤ ਹੈ, ਇਸ ਕਰਕੇ ਉਸ ਖਿਲਾਫ ਕੋਈ ਕਾਰਵਾਈ ਨਹੀਂ ਹੋ ਸਕਦੀ, ਜਿਸ ਕਰਕੇ ਜੇਕਰ ਤੁਸੀਂ ਰਾਜ਼ੀਨਾਮਾ ਕਰ ਲਵੋ ਤਾਂ ਵਧੀਆ ਰਹੋਗੇ।ਪੀੜਤ ਨਿਹਾਲ ਸਿੰਘ ਨੇ ਦੱਸਿਆ ਕਿ 19 ਜੁਲਾਈ ਨੂੰ ਸਵੇਰੇ ਕਰੀਬ 8 ਵਜੇ ਜਦ ਮੈਂ ਪਿੰਡ ਜਲਾਲ ਵਿੱਚ ਦੁੱਧ ਲੈ ਕੇ ਘਰ ਵੱਲ ਜਾ ਰਿਹਾ ਸੀ ਤਾਂ ਆੜ੍ਹਤੀਆ ਬੂਟਾ ਸਿੰਘ ਨੇ ਆਪਣੇ ਰਿਸ਼ਤੇਦਾਰ ਗੁਰਕਿਰਪਾਲ ਸਿੰਘ ਜ਼ਰੀਏ ਮੇਰੇ 'ਤੇ ਜਾਨਲੇਵਾ ਹਮਲਾ ਕਰਵਾ ਦਿੱਤਾ ਅਤੇ ਬੂਟਾ ਸਿੰਘ ਦੀ ਸ਼ਹਿ 'ਤੇ ਹੀ ਗੁਰਕਿਰਪਾਲ ਸਿੰਘ ਨੇ ਮੇਰੀ ਦਾਹੜੀ ਤੇ ਕੇਸਾਂ ਨੂੰ ਹੱਥ ਪਾ ਲਿਆ, ਮੈਂ ਉਥੋਂ ਕਿਸੇ ਤਰ੍ਹਾਂ ਆਪਣੀ ਜਾਨ ਬਚਾ ਕੇ ਭੱਜਿਆ ਤੇ ਰੌਲਾ ਪਾ ਦਿੱਤਾ, ਜਿਸ ਤੋਂ ਬਾਅਦ ਦੋਸ਼ੀ ਗੁਰਕਿਰਪਾਲ ਸਿੰਘ ਫਰਾਰ ਹੋ ਗਿਆ।ਬਲਕਰਨ ਸਿੰਘ ਤੇ ਨਿਹਾਲ ਸਿੰਘ ਨੇ ਅੱਗੇ ਕਿਹਾ ਕਿ ਜੇਕਰ ਸਾਡਾ ਜਾਂ ਸਾਡੇ ਪਰਵਾਰ ਦੇ ਕਿਸੇ ਵੀ ਮੈਂਬਰ ਦਾ ਕੋਈ ਜਾਨੀ-ਮਾਲੀ ਨੁਕਸਾਨ ਹੋਇਆ ਤਾਂ ਉਸ ਦੀ ਜ਼ਿੰਮੇਵਾਰੀ ਆੜ੍ਹਤੀਆਂ ਬੂਟਾ ਸਿੰਘ, ਗੁਰਕਿਰਪਾਲ ਸਿੰਘ ਤੇ ਥਾਣਾ ਦਿਆਲਪੁਰਾ ਪੁਲਸ ਦੀ ਹੋਵੇਗੀ।ਪੀੜਤਾਂ ਨੇ ਪੁਲਸ ਦੇ ਵੱਡੇ ਅਧਿਕਾਰੀਆਂ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਕਿ ਉਕਤ ਗੋਲੀਆਂ ਚਲਾਉਣ ਵਾਲੇ ਬੂਟਾ ਸਿੰਘ ਤੇ ਦਾਹੜੀ ਕੇਸਾਂ ਨੂੰ ਹੱਥ ਪਾਉਣ ਵਾਲੇ ਗੁਰਕਿਰਪਾਲ ਸਿੰਘ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਕੇ ਦੋਨੋਂ ਮੁਲਜ਼ਮਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਤੇ ਦੋਸ਼ੀ ਬੂਟਾ ਸਿੰਘ ਦਾ ਅਸਲਾ ਲਾਇਸੰਸ ਰੱਦ ਕੀਤਾ ਜਾਵੇ।ਪੀੜਤਾਂ ਨੇ ਇਸ ਤੋਂ ਇਲਾਵਾ ਕਿਹਾ ਕਿ ਸਾਡੀ ਕੋਈ ਵੀ ਸੁਣਵਾਈ ਨਾ ਕਰਨ ਵਾਲੇ ਥਾਣਾ ਦਿਆਲਪੁਰਾ ਦੇ ਪੁਲਸ ਕਰਮਚਾਰੀਆਂ ਖਿਲਾਫ ਵਿਭਾਗੀ ਕਾਰਵਾਈ ਕਰਕੇ ਉਨ੍ਹਾਂ ਨੂੰ ਵੀ ਮੁਅੱਤਲ ਕੀਤਾ ਜਾਵੇ।

20 July Page 6.qxd 7/19/2025 9:32 PM Page 1



# ਨਵੀਂ ਭਰਤੀ ਤੇ ਪਦਉਨਤੀ ਵਾਲੇ ਅਧਿਆਪਕਾਂ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇ : ਜੀ ਟੀ ਯੂ ਪੰਜਾਬ

**ਜਲੰਧਰ (ਰਜੇਸ਼ ਥਾਪਾ)**- ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਰੂਪਨਗਰ ਨੇ ਸੂਬਾਈ ਸੱਦੇ ਅਨੁਸਾਰ ਅੱਜ ਕਰਨੈਲ ਫਿਲੌਰ ਦੀ ਅਗਵਾਈ ਵਿੱਚ ਅਧਿਆਪਕ ਮੰਗਾਂ ਅਤੇ ਮਸਲਿਆਂ ਸੰਬੰਧੀ ਮੰਗ ਪੱਤਰ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ) ਹਰਜਿੰਦਰ ਕੌਰ ਰਾਹੀਂ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਪੰਜਾਬ ਨੂੰ ਭੇਜਿਆ । ਇਸ ਸੰਬਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਮੱਕੜ ਅਤੇ ਪ੍ਰੈਸ ਸਕੱਤਰ ਵੇਦ ਰਾਜ ਜਲੰਧਰ ਨੇ ਦੱਸਿਆ ਕਿ ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਅਧਿਆਪਕਾਂ ਨੂੰ ਤਨਖਾਹਾਂ ਸਮੇਤ ਜੀ ਪੀ ਫੰਡ ਐਡਵਾਂਸ ਅਤੇ ਹੋਰ ਬਿੱਲ ਮਹੀਨੇ ਦੀ ਇੱਕ ਤਰੀਕ ਨੂੰ ਹੀ ਜਾਰੀ ਕਰਨੇ ਯਕੀਨੀ ਬਣਾਏ ਜਾਣ, ਵੱਖ ਵੱਖ ਭਰਤੀਆਂ ਅਤੇ ਅਧਿਆਪਕਾਂ ਦੇ ਹੱਕ 'ਚ ਹੋਏ ਫੈਸਲੇ ਨੂੰ ਜਰਨਲਾਈਜ਼ ਕਰਦਿਆਂ ਅਧਿਆਪਕਾਂ ਦੇ ਉਕਤ ਕੇਸਾਂ ਵਿੱਚ ਬਣਦੇ ਬਕਾਏ ਜਲਦ ਜਾਰੀ ਕੀਤੇ ਜਾਣ, ਰੀਕਾਸਟ ਲਿਸਟਾਂ ਜਿਵੇਂ ਕਿ 3704 ਤੇ 6635 ਤੁਰੰਤ ਰੱਦ ਕੀਤੀਆਂ ਜਾਣ, ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਵਿੱਚ ਸਿਆਸੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ, ਛੁੱਟੀਆਂ ਵਾਲੇ ਦਿਨਾਂ ਦੌਰਾਨ ਅਧਿਆਪਕਾਂ ਤੇ ਸਕੂਲ ਮੁਖੀਆਂ ਤੋਂ ਗੂਗਲ ਫਾਰਮ ਭਰਵਾਉਣੇ ਤੇ ਡਾਕ ਮੰਗਣੀ ਬੰਦ ਕੀਤੀ ਜਾਵੇ, ਈ ਟੀ ਟੀ, ਸੀ ਐਂਡ ਵੀ ਤੋਂ ਮਾਸਟਰ ਕੇਡਰ, ਮਾਸਟਰ ਕੇਡਰ ਤੋਂ ਲੈਕਚਰਾਰ ਤੇ ਮੁੱਖ ਅਧਿਆਪਕ ਅਤੇ ਵੱਖ ਵੱਖ ਕਾਡਰਾਂ ਤੋਂ ਬਤੌਰ ਪ੍ਰਿੰਸੀਪਲ ਪ੍ਰਮੋਸ਼ਨਾਂ ਜਲਦ ਕੀਤੀਆਂ ਜਾਣ, ਇਸੇ ਤਰਾਂ ਨਾਨ ਟੀਚਿੰਗ ਅਸਾਮੀਆਂ ਭਰੀਆਂ ਜਾਣ ਅਤੇ



ਪ੍ਰਾਇਮਰੀ ਸਕੂਲਾਂ ਵਿੱਚ ਸੈਂਟਰ ਪੱਧਰ ਤੇ ਡਾਟਾ ਐਂਟਰੀ ਆਪਰੇਟਰ ਦੀਆਂ ਅਸਾਮੀਆਂ ਦਿੱਤੀਆਂ ਜਾਣ, ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਦੇ ਵਿੱਚ ਦੋ ਕਲਰਕ ਦੀਆਂ ਅਸਾਮੀਆਂ ਦਿੱਤੀਆਂ ਜਾਣ, ਸਮੱਗਰਾ ਅਧੀਨ ਕੰਮ ਕਰਦੇ 59 ਐਸਐਲੇਏ ਅਤੇ ਦਫਤਰੀ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇ ਅਤੇ ਕੰਮ ਕਰਦੇ 29 ਮੁੱਖ ਅਧਿਆਪਕਾਂ ਦੀਆਂ ਖਤਮ ਕੀਤੀਆਂ ਸੇਵਾ ਬਹਾਲ ਕੀਤੀਆਂ ਜਾਣ, ਕੰਪਿਊਟਰ ਅਧਿਆਪਕਾਂ, ਮੈਰੀਟੋਰੀਅਸ ਅਧਿਆਪਕਾਂ, ਐਸੋਸੀਏਟ ਅਧਿਆਪਕਾਂ, ਆਦਰਸ਼ ਮਾਡਲ ਸਕੂਲਾਂ ਦੇ ਅਧਿਆਪਕਾਂ ਅਤੇ ਐਨ ਐਸ ਕਿਉ ਐਫ ਅਧਿਆਪਕਾਂ ਨੂੰ ਤਨਖਾਹ ਸਕੇਲਾਂ ਦੇ ਘੇਰੇ ਵਿੱਚ ਲਿਆਂਦਾ ਜਾਵੇ, ਵੱਖ ਵੱਖ ਕੇਡਰਾਂ ਵਿੱਚ ਭਰਤੀ ਹੋਏ ਅਧਿਆਪਕਾਂ ਅਤੇ ਪਦਉੱਨਤ ਕੀਤੇ ਗਏ ਲੈਕਚਰਾਰਾਂ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇ ਅਤੇ ਆਪਸੀ ਬਦਲੀ ਲਈ ਸਟੇਅ ਖਤਮ ਕੀਤੀ ਜਾਵੇ, 8886 ਰੈਗੂਲਰ ਹੋਏ ਅਧਿਆਪਕਾਂ ਨੂੰ ਸੀ ਐਸ ਆਰ ਰੂਲ ਅਨੁਸਾਰ ਠੇਕਾ ਆਧਾਰਿਤ ਸੇਵਾਵਾਂ ਨੂੰ ਗਿਣਦੇ ਅਚਨਚੇਤ ਛੁੱਟੀਆਂ ਦਾ ਲਾਭ ਦਿੱਤਾ ਜਾਵੇ, ਬਦਲੀਆਂ ਪਾਰਦਰਸ਼ੀ ਢੰਗ ਨਾਲ ਕੀਤੀਆਂ ਜਾਣ, ਹੈੱਡ ਟੀਚਰਾਂ ਦੀਆਂ ਖਤਮ ਕੀਤੀਆਂ ਗਈਆਂ 1904 ਪੋਸਟਾਂ ਅਤੇ ਮਿਡਲ ਸਕੂਲਾਂ ਦੀਆਂ ਖਤਮ ਕੀਤੀਆਂ ਗਈਆਂ ਸਰੀਰਕ ਸਿੱਖਿਆ ਅਤੇ ਡਰਾਇੰਗ ਅਧਿਆਪਕਾਂ ਦੀਆਂ ਪੋਸਟਾਂ ਨੂੰ ਬਹਾਲ ਕੀਤਾ ਜਾਵੇ। ਵਿੱਤੀ ਮੰਗਾਂ ਸਬੰਧੀ ਗੱਲ ਕਰਦੇ ਉਨ੍ਹਾਂ ਕਿਹਾ ਕਿ ਸਮੂਹ ਅਧਿਆਪਕਾਂ ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਅਤੇ 2018 ਤੋਂ ਬਾਅਦ ਭਰਤੀ ਅਧਿਆਪਕਾਂ ਤੇ ਕੇਂਦਰੀ ਸਕੇਲ ਲਾਗੂ ਕਰਨ ਦਾ ਫੈਸਲਾ ਰੱਦ ਕਰਕੇ ਉਹਨਾਂ ਨੂੰ ਪੰਜਾਬ ਸਕੇਲ ਦੀ ਲਿਆਂਦਾ ਜਾਵੇ, ਤਨਖਾਹ ਕਮਿਸ਼ਨ 2016 ਦੀ ਰਿਪੋਰਟ ਨੂੰ ਲਾਗੂ ਕਰਦਿਆਂ ਇਸ ਦੇ ਬਕਾਏ ਤੁਰੰਤ ਤੇ ਜਾਣ, ਜਨਵਰੀ 2016 ਤੋਂ ਬਣਦੇ 125 ਮਹਿੰਗਾਈ ਭੱਤੇ ਤੇ 2.59 ਦਾ ਫੈਕਟਰ ਲਾਗੂ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ । ਇਸ ਸਮੇਤ ਹੋਰ ਅਨੇਕਾਂ ਅਧਿਆਪਕ ਪੱਖੀ ਮੰਗਾਂ ਸਬੰਧੀ ਮੰਗ ਪੱਤਰ ਜ਼ਿਲ੍ਹਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ ਸੌਂਪਿਆ ਗਿਆ । ਅਧਿਆਪਕ ਆਗੂਆਂ ਨੇ ਗੱਲ ਕਰਦਿਆਂ ਕਿਹਾ ਕਿ ਜੇਕਰ ਅਧਿਆਪਕ ਵਰਗ ਦੀਆਂ ਹੱਕੀ ਮੰਗਾਂ ਨੂੰ ਸਰਕਾਰ ਨੇ ਜੇਕਰ ਅਣਗੌਲਿਆਂ ਕਰਨ ਦੀ ਨੀਤੀ ਅਪਣਾਈ ਰੱਖੀ ਤਾਂ ਜਲਦ ਹੀ ਤਿੱਖੇ ਅਤੇ ਲੜੀਵਾਰ ਸੰਘਰਸ਼ਾਂ ਦੀ ਲੜੀ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ ਬਲਜੀਤ ਸਿੰਘ ਕੁਲਾਰ, ਤੀਰਥ ਸਿੰਘ ਬਾਸੀ, ਰਜਿੰਦਰ ਸਿੰਘ ਭੋਗਪੁਰ, ਜਤਿੰਦਰ ਸਿੰਘ, ਸੰਦੀਪ ਰਾਜੋਵਾਲ, ਗੁਰਮੇਲ ਸਿੰਘ, ਰਣਜੀਤ ਠਾਕੁਰ, ਸੋਨਾਲੀ ਸ਼ਰਮਾ, ਤਰਸੇਮ ਲਾਲ, ਗੁਰਿੰਦਰ ਸਿੰਘ, ਸੁਖਵਿੰਦਰ ਰਾਮ, ਲੇਖ ਰਾਜ ਪੰਜਾਬੀ, ਕੁਲਵੰਤ ਸਿੰਘ ਆਦਿ ਹਾਜ਼ਰ ਸਨ।

# ਭਾਈ ਨੰਦ ਲਾਲ ਪਬਲਿਕ ਸਕੂਲ 'ਚ ਸੋਸ਼ਲ ਸਾਇੰਸ ਪ੍ਰਦਰਸ਼ਨੀ ਲਗਾਈ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੇ ਭਾਈ ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ੋਸ਼ਲ ਸਾਇੰਸ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿੱਚ ਸਕੂਲ ਦੇ ਕਲਾਸ ਤੀਸਰੀ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੇ ਉਤਸ਼ਾਹ ਪੂਰਵਕ ਹਿੱਸਾ ਲਿਆ। ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਨੂੰ ਦਰਸਾਉਂਦੇ ਹੋਏ ਮਾਡਲ ਬਣਾਏ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਮਾਡਲ ਵਰਕਿੰਗ ਮਾਡਲ ਸੀ। ਇਸ ਪ੍ਰਦਰਸ਼ਨੀ ਵਿੱਚ ਜੱਜ ਦੀ ਭੂਮਿਕਾ ਮੈਡਮ ਕੁਲਵੰਤ ਕੌਰ ਪਰਵਾਰ ਵਿਛੋੜਾ ਪਬਲਿਕ ਸਕੂਲ ਸਰਸਾ ਨੰਗਲ ਅਤੇ ਮੈਡਮ ਸੀਮਾ ਬਾਬਾ ਗੁਰਦਿੱਤਾ ਪਬਲਿਕ ਸਕੂਲ ਜਿੰਦਵੜੀ ਨੇ ਨਿਭਾਈ। ਇਹ ਪ੍ਰਦਰਸ਼ਨੀ ਸਕੂਲ ਦੇ ਸੋਸ਼ਲ ਸਾਇੰਸ ਡਿਪਾਰਟਮੈਂਟ ਵੱਲੋਂ ਕਰਵਾਈ ਗਈ। ਪ੍ਰਿੰਸੀਪਲ ਸਤਨਾਮ ਸਿੰਘ ਵੱਲੋਂ ਇਹ ਜਾਣਕਾਰੀ ਦਿੱਤੀ ਗਈ। ਉਹਨਾਂ ਨੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਅਤੇ ਕਿਹਾ ਕਿ ਇਹੋ ਜਿਹੀਆਂ ਐਕਟੀਵਿਟੀਜ ਲਗਾਤਾਰ ਹੋਣੀਆਂ ਚਾਹੀਦੀਆਂ ਹਨ। ਜਿਸ ਦੇ ਨਾਲ ਵਿਦਿਆਰਥੀਆਂ ਵਿੱਚ ਵਿਸ਼ੇ ਦੇ ਸੰਬੰਧਿਤ ਜਾਣਕਾਰੀ ਪੈਦਾ ਕਰਨ ਦਾ ਬਹੁਤ ਵਧੀਆ ਤਰੀਕਾ ਹੈ।

# ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ 'ਚ ਅਧਿਆਪਕ ਪਾ ਸਕਦੇ ਅਹਿਮ ਯੋਗਦਾਨ : ਜ਼ਿਲ੍ਹਾ ਸਿੱਖਿਆ ਅਫ਼ਸਰ

**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹੇ ਦੇ ਸਮੂਹ ਬਲਾਕਾਂ ਦੇ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਦੇ ਲੈਕਚਰਾਰਾਂ/ ਅਧਿਆਪਕਾਂ ਦੀ ਦੋ ਰੋਜ਼ਾ ਬਲਾਕ ਪੱਧਰੀ ਟ੍ਰੇਨਿੰਗ ਕਰਵਾਈ ਗਈ।ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਗੁਰਿੰਦਰਜੀਤ ਕੌਰ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਟ੍ਰੇਨਿੰਗ ਰਾਜ ਵਿੱਦਿਅਕ ਅਤੇ ਖੋਜ ਸਿਖ਼ਲਾਈ ਪ੍ਰੀਸ਼ਦ ਮੋਹਾਲੀ ਤੋਂ ਟ੍ਰੇਨਿੰਗ ਲੈ ਕੇ ਪਰਤੇ ਜ਼ਿਲ੍ਹਾ ਨੋਡਲ ਅਫ਼ਸਰ ਡੀ ਆਰ ਸੀ/ਬੀ ਆਰ ਸੀ ਵੱਲੋਂ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਸਿਖ਼ਲਾਈ ਦੌਰਾਨ ਜ਼ਿਲ੍ਹੇ ਦੇ ਅਧਿਆਪਕਾਂ ਨੂੰ ਨਸ਼ਿਆਂ ਤੋਂ ਹੋਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਾਉਣ ਅਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਟ੍ਰੇਨ ਕੀਤਾ ਗਿਆ।ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦਾ ਦੌਰਾ ਕਰਕੇ ਟ੍ਰੇਨਿੰਗ ਦਾ ਜਾਇਜ਼ਾ ਲਿਆ ਅਤੇ ਸੈਮੀਨਾਰ ਵਿੱਚ ਸ਼ਾਮਲ ਅਧਿਆਪਕਾਂ ਨੂੰ ਦੇਸ਼ ਅਤੇ ਪੰਜਾਬ ਦੇ ਭਵਿੱਖ ਨੂੰ ਨਸ਼ਿਆਂ ਤੋਂ ਬਚਾਉਣ ਲਈ ਰਾਜ ਸਰਕਾਰ ਵੱਲੋਂ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਸਰਗਰਮ ਯੋਗਦਾਨ ਪਾਉਣ ਦਾ ਸੱਦਾ ਦਿੱਤਾ।ਉਨ੍ਹਾਂ ਅਧਿਆਪਕਾਂ ਨੂੰ ਦੱਸਿਆ ਕਿ ਕਿਵੇਂ ਉਹ ਵਿਦਿਆਰਥੀਆਂ, ਨੌਜਵਾਨਾਂ ਅਤੇ ਆਉਣ ਵਾਲੀ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਅ ਸਕਦੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕ ਹੋਣ ਦੇ ਨਾਤੇ ਸਾਡਾ ਇਹ ਨੈਤਿਕ ਫਰਜ਼ ਵੀ ਬਣਦਾ ਹੈ ਕਿ ਅਸੀਂ ਆਪਣੇ ਵਿਦਿਆਰਥੀਆਂ ਨੂੰ ਚੰਗੀ ਰਾਹ 'ਤੇ ਪਾਉਂਦੇ ਹੋਏ ਉਨ੍ਹਾਂ ਨੂੰ ਸਹੀ ਗਲਤ ਦੀ ਪਛਾਣ ਕਰਾਈਏ। ਸੈਮੀਨਾਰ ਵਿੱਚ ਸਿਹਤ ਵਿਭਾਗ ਵੱਲੋਂ ਡਾਕਟਰਾਂ ਦੀ ਟੀਮ ਨੇ ਵੀ ਭਾਗ ਲਿਆ।

# 26 ਤੇ 27 ਨੂੰ ਸੀ ਈ ਟੀ ਪ੍ਰੀਖਿਆ ਲਈ ਸਰਕਾਰ ਦੀ ਪੂਰੀ ਤਿਆਰੀ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਨੌਜੁਆਨਾਂ ਦੀ ਮੰਗ ਨੂੰ ਦੇਖਦੇ ਹੋਏ ਸਰਕਾਰ ਵੱਲੋਂ ਪਹਿਲੀ ਵਾਰ ਦੂਜੀ ਸੀਈਟੀ ਪ੍ਰੀਖਿਆ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸਰਕਾਰ ਨੇ ਸੀਈਟੀ ਦੀ ਪ੍ਰੀਖਿਆ ਨੂੰ ਲੈ ਕੇ ਸਾਰੀ ਤਿਆਰੀਆਂ ਨੂੰ ਪੂਰਾ ਕਰ ਲਿਆ ਹੈ। ਪੂਰੇ ਸੂਬੇ ਤੋਂ ਸੀਈਟੀ ਗਰੁੱਪ-ਸੀ ਲਈ 13 ਲੱਖ 87 ਹਜਾਰ ਨੌਜੁਆਨਾਂ ਨੇ ਬਿਨੈ ਕੀਤਾ। ਇਨ੍ਹਾਂ ਬਿਨਿਆਂ ਦੀ 26 ਤੇ 27 ਜੁਲਾਈ ਨੂੰ ਪ੍ਰੀਖਿਆ ਲਈ ਜਾ ਰਹੀ ਹੈ। ਨੌਜੁਆਨਾਂ ਨੂੰ ਘਰਾਂ ਤੋਂ ਪ੍ਰੀਖਿਆ ਕੇਂਦਰ ਤੱਕ ਲੈ ਕੇ ਜਾਣ ਅਤੇ ਵਾਪਸ ਘਰ ਛੱਡਣ ਲਈ 9200 ਬੱਸਾਂ ਦੀ ਵਿਵਸਥਾ ਕੀਤੀ ਗਈ ਹੈ।ਮੁੱਖ ਮੰਤਰੀ ਸ਼ੁੱਕਰਵਾਰ ਨੂੰ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਬੱਸ ਸਹੂਲਤ ਲਈ ਨੌਜੁਆਨਾਂ ਤੋਂ ਰਜਿਸਟ੍ਰੇਸ਼ਣ ਕਰਵਾਏ ਜਾ ਰਹੇ ਹਨ। ਸਰਕਾਰ ਨੇ ਹਰਿਆਣਾ ਰੋਡਵੇਜ਼ ਦੀ ਬੱਸਾਂ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਦੀ ਬੱਸਾਂ ਨੂੰ ਵੀ ਸੀਈਟੀ ਪ੍ਰੀਖਿਆ ਲਈ ਤਿਆਰ ਕੀਤਾ ਹੈ।ਪ੍ਰੀਖਿਆ ਦੇ ਸਮੇਂ ਕੁੜੀਆਂ ਦੇ ਨਾਲ ਪਰਵਾਰ ਦਾ ਇੱਕ ਮੈਂਬਰ ਵੀ ਪੇਪਰ ਦੇ ਸਮੇਂ ਫਰੀ ਯਾਤਰਾ ਕਰ ਸਕਦਾ ਹੈ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦੇਵੇਗਾ ਸੰਸਦ ਮੈਂਬਰਾਂ ਨੂੰ ਮੰਗ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ.ਪੀ.ਪੀ.ਐੱਫ.) ਆਉਣ ਵਾਲੇ ਮਾਨਸੂਨ ਸੈਸ਼ਨ ਦੌਰਾਨ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਉਭਾਰਨ ਲਈ ਸੂਬੇ ਦੇ ਸਮੂਹ ਸੰਸਦ ਮੈਂਬਰਾਂ ਨੂੰ ਮੁਲਾਕਾਤਾਂ ਦੇ ਮਾਸ ਡੈਪੂਟੇਸ਼ਨਾਂ ਨਾਲ਼ ਮੰਗ ਪੱਤਰ ਦੇਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੂਬਾ ਕਨਵੀਨਰ ਅਤਿੰਦਰਪਾਲ ਸਿੰਘ, ਜ਼ੋਨ ਕਨਵੀਨਰ ਗੁਰਬਿੰਦਰ ਸਿੰਘ ਖਹਿਰਾ, ਇੰਦਰ ਸੁਖਦੀਪ ਸਿੰਘ ਓਢਰਾ, ਦਲਜੀਤ ਸਫ਼ੀਪੁਰ, ਜਸਵੀਰ ਸਿੰਘ ਭੰਮਾਂ ਅਤੇ ਡੀ.ਐੱਮ.ਐੱਫ. ਆਗੂ ਮਨਜੀਤ ਸਿੰਘ ਦਸੂਹਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਪਰ ਲਗਭਗ ਤਿੰਨ ਸਾਲ ਦਾ ਸਮਾਂ ਬੀਤਣ ਦੇ ਬਾਵਜੂਦ ਪੰਜਾਬ ਦੇ ਇੱਕ ਵੀ ਮੁਲਾਜ਼ਮ ਤੇ ਹਕੀਕੀ ਰੂਪ ਵਿੱਚ ਪੁਰਾਣੀ ਪੈਨਸ਼ਨ ਲਾਗੂ ਨਹੀਂ ਹੋਈ ਅਤੇ ਨਾ ਹੀ ਕਿਸੇ ਮੁਲਾਜ਼ਮ ਦਾ ਜੀ.ਪੀ.ਐੱਫ. ਖਾਤਾ ਖੋਲ੍ਹਿਆ ਗਿਆ ਹੈ। ਜਿਸ ਨਾਲ ਪੰਜਾਬ ਦੇ ਲਗਭਗ ਸਵਾ ਦੋ




ਲੱਖ ਐੱਨ.ਪੀ.ਐੱਸ. ਮੁਲਾਜ਼ਮਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਸਖ਼ਤ ਰੋਸ ਹੈ। ਪੰਜਾਬ ਦੇ ਖਜ਼ਾਨੇ ਨੂੰ ਆਪਣਿਆਂ ਜੁਮਲਿਆਂ ਨਾਲ ਭਰਨ ਵਾਲੀ ਸਰਕਾਰ ਦੇ ਸਮੇਂ ਵਿੱਚ ਹਾਲਾਤ ਇਹ ਹਨ ਕਿ ਨਾਕਾਮ ਵਿੱਤੀ ਪਾਲਿਸੀਆਂ ਕਰਕੇ ਕਰਜ਼ੇ ਦੀ ਮਾਰ ਹੇਠ ਦੱਬਿਆ ਪੰਜਾਬ ਵਿੱਤੀ ਐਮਰਜੈਂਸੀ ਦੇ ਮੁਹਾਣੇ ਤੇ ਖੜ੍ਹਾ ਹੈ, ਪਰ ਪੰਜਾਬ ਸਰਕਾਰ ਦਾ ਜ਼ੋਰ ਧਰਾਤਲ ਤੇ ਕੰਮ ਕਰਨ ਦੀ ਥਾਂ ਇਸ਼ਤਿਹਾਰਬਾਜ਼ੀ ਉੱਤੇ ਜ਼ਿਆਦਾ ਲੱਗਾ ਹੋਇਆ ਹੈ। ਉਹਨਾਂ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਤੋਂ ਲਗਭਗ ਕਿਨਾਰਾ ਕਰ ਚੁੱਕੀ ਹੈ ਓਥੇ ਕੇਂਦਰ ਦੀ ਮੋਦੀ ਸਰਕਾਰ ਦਾ ਪੁਰਾਣੀ ਪੈਨਸ਼ਨ ਖ਼ਿਲਾਫ ਹਮਲਾਵਰ ਰੁਖ ਲਗਾਤਾਰ ਜਾਰੀ ਹੈ। ਪੁਰਾਣੀ ਪੈਨਸ਼ਨ ਬਹਾਲ ਕਰਨ ਵਾਲੇ ਸੂਬਿਆਂ ਉੱਤੇ ਤਰ੍ਹਾਂ ਤਰ੍ਹਾਂ ਦੇ ਵਿੱਤੀ ਦਬਾਅ ਬਣਾਏ ਜਾ ਰਹੇ ਹਨ।ਪੈਨਸ਼ਨ ਦਾ ਮੁੱਦਾ ਰਾਜਾਂ ਦੇ ਅਧਿਕਾਰ ਹੇਠ ਆਉਂਦਾ ਹੈ ਪਰ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਹੁਣ ਪੁਰਾਣੀ ਪੈਨਸ਼ਨ ਤੋਂ ਕਿਨਾਰਾ ਕਰਕੇ ਕੇਂਦਰ ਸਰਕਾਰ ਦੁਆਰਾ ਥੋਪੀ ਪੈਨਸ਼ਨ ਦੀ ਯੂ.ਪੀ.ਐੱਸ. ਸਕੀਮ ਨੂੰ ਹੀ ਵਿਚਾਰਨ ਤੇ ਬਜ਼ਿੱਦ ਹੈ ਜਿਸਦੇ ਖ਼ਿਲਾਫ਼ ਮੁਲਾਜ਼ਮਾਂ ਵਿੱਚ ਤਿੱਖਾ ਰੋਸ ਹੈ।ਇਸ ਮੌਕੇ ਅਗਲੇਰੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕਨਵੀਨਰ ਗੁਰਜਿੰਦਰ ਸਿੰਘ ਮੰਡਪੁਰ, ਜਨਰਲ ਸਕੱਤਰ ਬਲਜੀਤ ਸਿੰਘ ਮਹਿਲਿਵਾਲ, ਵਿੱਤ ਸਕੱਤਰ ਨੰਦ ਰਾਮ ਅਤੇ ਜੁਆਇੰਟ ਸਕੱਤਰ ਬਲਕਾਰ ਸਿੰਘ ਪੁਰੀਕਾ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਵੱਲੋਂ ਆਉਣ ਵਾਲੇ ਮਾਨਸੂਨ ਸੈਸ਼ਨ ਦੌਰਾਨ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਉਭਾਰਨ ਲਈ ਸੂਬੇ ਦੇ ਸੰਸਦ ਮੈਂਬਰਾਂ ਨੂੰ ਮਾਸ ਡੈਪੂਟੇਸ਼ਨਾਂ ਨਾਲ਼ ਮੰਗ ਪੱਤਰ ਦਿੱਤੇ ਜਾਣਗੇ ਅਤੇ ਆਮ ਆਦਮੀ ਪਾਰਟੀ ਦੇ ਸਾਂਸਦਾਂ ਨੂੰ ਪੁਰਾਣੀ ਪੈਨਸ਼ਨ ਲਾਗੂ ਕਰਨ ਵਿੱਚ ਪੰਜਾਬ ਸਰਕਾਰ ਦੀ ਨਾਕਾਮੀ ਦੇ ਰੋਸ ਵਿੱਚ ਰੋਸ ਪੱਤਰ ਵੀ ਦਿੱਤੇ ਜਾਣਗੇ। ਮੰਗ ਪੱਤਰਾਂ ਰਾਹੀਂ ਸੰਸਦ ਮੈਂਬਰਾਂ ਨੂੰ ਸੰਸਦ ਵਿੱਚ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਮੁੱਦਾ ਉਠਾਉਣ ਲਈ ਅਪੀਲ ਕੀਤੀ ਜਾਵੇਗੀ। ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਪ੍ਰਤੀ ਸਰਕਾਰ ਦੇ ਨਕਾਰਾਤਮਕ ਰਵੱਈਏ, ਪੈਨਸ਼ਨ ਦੇ ਦੇਸ਼ ਵਿਆਪੀ ਸੰਘਰਸ਼ ਦੀ ਸਥਿਤੀ ਅਤੇ ਸੂਬੇ ਵਿੱਚ ਪੈਨਸ਼ਨ ਦੇ ਸੰਘਰਸ਼ ਦੇ ਸਮੁੱਚੇ ਨੁਕਤਿਆਂ ਤੇ ਵਿਸਥਾਰੀ ਚਰਚਾ ਕਰਨ ਅਤੇ ਅਗਲੇ ਸੰਘਰਸ਼ਾਂ ਦਾ ਐਲਾਨ ਕਰਨ ਲਈ 15 ਅਗਸਤ ਨੂੰ ਲੁਧਿਆਣਾ ਵਿਖੇ ਫ਼ਰੰਟ ਦੀ ਵਿਸਥਾਰੀ ਮੀਟਿੰਗ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਇਸ ਮੌਕੇ ਸੁਖਦੇਵ ਡਾਨਸੀਵਾਲ, ਪ੍ਰਵੀਨ ਸ਼ੇਰਪੁਰ, ਮਨਜੀਤ ਸਿੰਘ ਸੈਣੀ, ਅਸ਼ਨੀ ਕੁਮਾਰ, ਜਸਵਿੰਦਰ ਝਿੰਗੜ, ਜਰਨੈਲ ਡਘਾਮ, ਪ੍ਰਦੀਪ ਗੁਰੂ, ਰਜਿੰਦਰ ਹੇਜਮਾਂ, ਵਰਿੰਦਰ ਸੈਣੀ, ਰੇਸ਼ਮ ਸਿੰਘ ਧੁੱਗਾ, ਬਲਜਿੰਦਰ ਸਹੋਤਾ, ਜਸਮੀਤ ਸਿੰਘ, ਬਲਬੀਰ ਸਿੰਘ ਧਾਮੀ, ਸੰਜੀਵ ਕਲਸੀ, ਪਰਮਜੀਤ ਸਿੰਘ, ਹਰਿੰਦਰ ਸੁਮਨ, ਕਰਨੈਲ ਸਿੰਘ, ਮਨਜੀਤ ਬਾਬਾ ਅਤੇ ਅਜੇ ਕੁਮਾਰ ਆਦਿ ਆਗੂ ਵੀ ਹਾਜ਼ਰ ਸਨ।

# ਮੈਰਾਥਨ ਬਜ਼ੁਰਗ ਦੌੜਾਕ ਫੌਜਾ ਸਿੰਘ ਦਾ ਅੰਤਮ ਸੰਸਕਾਰ ਅੱਜ

**ਅਲਾਵਲਪੁਰ (ਮਦਨ ਬੰਗੜ)**- ਬੀਤੇ ਦਿਨੀ ਅੰਤਰਰਾਸ਼ਟਰੀ ਮੈਰਾਥਨ ਬਜ਼ੁਰਗ ਦੌੜਾਕ ਸਰਦਾਰ ਫੌਜਾ ਸਿੰਘ ਜਿੰਨ੍ਹਾਂ ਦੀ ਮੌਤ ਇੱਕ ਸੜਕ ਹਾਦਸੇ ਵਿੱਚ ਹੋ ਗਈ ਸੀ।ਸਾਬਕਾ ਸਰਪੰਚ ਪਰਮਜੀਤ ਸਿੰਘ ਪੱਤੜ ਕਲਾਂ, ਉਨ੍ਹਾਂ ਦੇ ਬੇਟੇ ਸੁਖਵਿੰਦਰ ਸਿੰਘ, ਕਿਸਾਨ ਆਗੂ ਹਰਸੁਲਿੰਦਰ ਸਿੰਘ ਢਿੱਲੋਂ, ਮੈਂਬਰ ਪੰਚਾਇਤ ਬਲਰਾਮ ਮਡਾਰ, ਮੈਂਬਰ ਪੰਚਾਇਤ ਜੋਰਾ ਸਿੰਘ , ਬਲਾਕ ਪ੍ਰਧਾਨ ਅਮਰੀਕ ਲਾਲ ਆਦਿ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਦਾਰ ਫੌਜਾ ਸਿੰਘ ਦੇ ਅੰਤਿਮ ਦਰਸ਼ਨ ਅਤੇ ਅੰਤਿਮ ਸੰਸਕਾਰ 20 ਜੁਲਾਈ ( ਐਤਵਾਰ ) ਨੂੰ ਦੁਪਹਿਰ 12 ਵਜੇ ਬਿਆਸ ਪਿੰਡ ਦੇ ਸ਼ਮਸ਼ਾਨਘਾਟ (ਨਜ਼ਦੀਕ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ) ਵਿਖੇ ਕੀਤਾ ਜਾਵੇਗਾ।



# ਜਸਵੀਰ ਸਿੰਘ ਗੜ੍ਹੀ ਦਾ ਕੀਤਾ ਸਨਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**– ਸ੍ਰੀ ਗੁਰੂ ਰਵਿਦਾਸ ਟੈਂਪਲ ਹੇਸਟਿੰਗ ਨਿਊਜ਼ੀਲੈਂਡ ਦੀ ਪ੍ਰਬੰਧਕੀ ਕਮੇਟੀ ਵੱਲੋਂ ਨਿਊਜ਼ੀਲੈਂਡ ਦੀ ਫੇਰੀ ਤੇ ਆਏ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਇਹ ਸਨਮਾਨ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਅਤੇ ਸਮਾਜ ਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਲਗਾਤਾਰ ਕੀਤੇ ਜਾ ਰਹੇ ਯਤਨਾਂ ਲਈ ਕੀਤਾ ਗਿਆ।ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਰਮਨ ਕਾਂਤ, ਉਪ-ਪ੍ਰਧਾਨ ਜਸਵਿੰਦਰ ਕੁਮਾਰ, ਸਕੱਤਰ ਜੋਗਾ ਸਿੰਘ, ਉਪ-ਸਕੱਤਰ ਰਵੀ ਕੁਮਾਰ, ਮਹਿਮੀ, ਖਜ਼ਾਨਚੀ ਮਨਜੀਤ ਸੰਧੂ, ਉਪ-ਖਜਾਨਚੀ ਜਸਵਿੰਦਰ ਸਹਜਲ਼, ਰਾਮਜੀਤ ਸਿੰਘ, ਚਰਨਦਾਸ, ਟਹਿਲ ਰਾਮ, ਮਹਿੰਦਰ ਪਾਲ, ਸੋਹਨ ਲਾਲ, ਗੁਰਬਖ਼ਸ਼ ਕੌਰ, ਕਸ਼ਮੀਰ ਕੌਰ, ਨੀਲਮ ਰਾਣੀ, ਹੇਮਾ ਚੁੰਬਰ, ਗੁਰਪ੍ਰੀਤ ਮੱਲ, ਮਨਜੀਤ ਸੰਧੂ, ਸੁਰਿੰਦਰ ਮਾਹੀ ਆਦਿ ਹਾਜਰ ਸਨ।



# ਰੋਟਰੀ ਕਲੱਬ ਨੇ 50 ਬੂਟੇ ਸਿਲਵਰ ਓਕ ਦੇ ਲਗਾਏ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਕਲੱਬ ਵੱਲੋਂ ਪ੍ਰਧਾਨ ਟਿਮਾਟਨੀ ਆਹਲੂਵਾਲੀਆ ਦੀ ਅਗਵਾਈ ਹੇਠ ਭਾਗਿਆ ਤਾਰਾ ਦੇ ਪਿਛਲੇ ਪਾਸੇ ਖਾਲੀ ਫਾਰਮ ਹੁਸ਼ਿਆਰਪੁਰ ਵਿਖੇ 50 ਬੂਟੇ ਸਿਲਵਰ ਓਕ ਲਗਾਏ ਗਏ। ਇਹਨਾ ਬੂਟਿਆਂ ਵਿੱਚ ਆਕਸੀਜਨ ਦੇਣ ਵਾਲੇ ਅਤੇ ਹਰਬਲ ਰੁੱਖ ਲਗਾਏ ਗਏ। ਇਸ ਮੌਕੇ ਤੇ ਵਿਸ਼ੇਸ਼ ਰੂਪ ਵਿੱਚ ਪੂਰਵ ਜ਼ਿਲ੍ਹਾ ਗਵਰਨਰ ਸੁਰਿੰਦਰ ਵਿਜ ਅਤੇ ਪੂਰਵ ਜ਼ਿਲ੍ਹਾ ਗਵਰਨਰ ਜੀ.ਐਸ. ਬਾਵਾ ਵਿਸ਼ੇਸ਼ ਰੂਪ ਵਿਚ ਸ਼ਾਮਲ ਹੋਏ। ਇਸ ਤੋਂ ਇਲਾਵਾ ਰੋਟੇਰੀਅਨ ਸਨੇਹ ਜੈਨ, ਅਸ਼ੋਕ ਜੈਨ, ਰਜਿੰਦਰ ਮੋਦਗਿੱਲ, ਯੋਗੇਸ਼ ਚੰਦਰ, ਸੰਜੀਵ ਕੁਮਾਰ, ਚੰਦਨ ਸਰੀਨ, ਜਸਵਿੰਦਰ ਬਾਵਾ, ਸੁਮਨ ਨਈਅਰ, ਡਾ. ਸ਼ੁਭਕਰਮਨਜੀਤ ਸਿੰਘ ਬਾਵਾ, ਤਰਨਜੀਤ ਕੌਰ, ਸ਼ਾਮਿਲ ਹੋਏ। ਇਸ ਮੌਕੇ ਕਲੱਬ ਦੀ ਪ੍ਰਧਾਨ ਟਿਮਾਟਨੀ ਆਹਲੂਵਾਲੀਆ ਨੇ ਕਿਹਾ ਕਿ ਇੱਕ ਬੂਟਾ ਲਗਾਓ ਕਿਉਂਕਿ 50 ਸਾਲਾਂ ਵਿੱਚ ਇੱਕ ਦਰੱਖਤ ਬਣਦਾ ਹੈ ਅਤੇ ਸਾਡੇ ਬਹੁਤ ਕੰਮ ਆਉਂਦਾ ਹੈ। ਰੁੱਖਾਂ ਅਤੇ ਪੌਦਿਆਂ ਦੇ ਸੁੱਕੇ ਪੱਤਿਆਂ ਤੋਂ ਵੀ ਖਾਦ ਬਣਾਈ ਜਾਂਦੀ ਹੈ, ਰੁੱਖ ਅਤੇ ਪੌਦੇ ਵੀ ਸਾਡੇ ਵਾਤਾਵਰਣ ਦੀ ਰੱਖਿਆ ਕਰਦੇ ਹਨ ਅਤੇ 3 ਫੀਸਦੀ ਤੱਕ ਲਗਭਗ ਤਾਪਮਾਨ ਘਟਾਉਂਦੇ ਹਨ। ਇਸ ਲਈ ਸਾਨੂੰ ਰੁੱਖਾਂ ਨੂੰ ਨਹੀਂ ਕੱਟਣਾ ਚਾਹੀਦਾ। ਸਕੱਤਰ ਸੰਜੀਵ ਕੁਮਾਰ ਅਤੇ ਅਸ਼ੋਕ ਜੈਨ ਨੇ ਰੋਟਰੀ ਕਲੱਬ ਮੈਂਬਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਇਹਨਾਂ ਬੂਟਿਆਂ ਦੇ ਰੱਖ ਰਖਾਵ ਲਈ ਉਹ ਨਿੱਜੀ ਤੌਰ 'ਤੇ ਧਿਆਨ ਰੱਖਣਗੇ।




# ਨਗਰ ਕੌਂਸਲ ਨੇ ਸ਼ਹਿਰ 'ਚ ਫੋਗਿੰਗ ਕਰਵਾਈ

**ਅਲਾਵਲਪੁਰ (ਮਦਨ ਬੰਗੜ)**- ਨਗਰ ਕੌਂਸਲ ਅਲਾਵਲਪੁਰ ਵੱਲੋਂ ਸ਼ਹਿਰ ਦੇ ਵਿੱਚ ਫੋਗਿੰਗ ਦਾ ਕੰਮ ਸ਼ੁਰੂ ਕੀਤਾ ਗਿਆ।ਕੌਂਸਲ ਦੇ ਕਾਰਜ ਸਾਧਕ ਅਧਿਕਾਰੀ ਰਾਮਜੀਤ ਅਤੇ ਨਗਰ ਕੌਂਸਲ ਪ੍ਰਧਾਨ ਨੀਲਮ ਰਾਣੀ ਵਲੋਂ ਡੇਂਗੂ ਦੀ ਰੋਕਥਾਮ ਲਈ ਸ਼ਹਿਰ 'ਚ ਵੱਖ-ਵੱਖ ਮਹੱਲਿਆਂ ਵਿਚ ਫੋਗਿੰਗ ਕਰਵਾਈ ਜਾ ਰਹੀ ਹੈ।ਕੌਂਸਲ ਅਧਿਕਾਰੀਆਂ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਬਰਸਾਤੀ ਮੌਸਮ ਵਿੱਚ ਆਪਣੇ ਘਰਾਂ/ਦੁਕਾਨਾਂ/ਸਰਕਾਰੀ ਦਫਤਰਾਂ 'ਚ ਮੌਜੂਦ ਕੂਲਰ, ਗਮਲੇ, ਟਾਇਰਾਂ, ਟੈਂਕੀਆਂ, ਫਰਿੱਜ ਦੇ ਪਿੱਛੇ ਲੱਗੀ ਟ੍ਰੇਅ 'ਚੋਂ ਹਰ ਸ਼ੁੱਕਰਵਾਰ ਨੂੰ ਪਾਣੀ ਕੱਢ ਕੇ ਸੁਕਾ ਦਿੱਤਾ ਜਾਵੇ। ਮੱਛਰ ਦੇ ਕੱਟਣ ਤੋਂ ਬਚਾਅ ਕੀਤਾ ਜਾਵੇ, ਪੂਰੀ ਬਾਜੂ ਅਤੇ ਸਰੀਰ ਨੂੰ ਢੱਕਣ ਵਾਲੇ ਕੱਪੜੇ ਪਾਏ ਜਾਣ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਦੀਆਂ ਟੀਮਾਂ ਵਲੋਂ ਫੋਗਿੰਗ ਕਰਵਾਈ ਜਾ ਰਹੀ ਹੈ ਅਤੇ ਲੋਕਾਂ ਨੂੰ ਡੇਂਗੂ ਦੀ ਰੋਕਥਾਮ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।



# ਯੂਰੀਆ ਦੀ ਕਿੱਲਤ ਨੂੰ ਲੈ ਕੇ ਕਿਸਾਨ ਆਗੂਆਂ ਦਾ ਡੈਪੂਟੇਸ਼ਨ ਮਿਲਿਆ ਅਧਿਕਾਰੀਆਂ ਨੂੰ

**ਨੰਗਲ (ਨਵਾਂ ਜ਼ਮਾਨਾ ਸਰਵਿਸ)**— ਇਲਾਕੇ ਵਿੱਚ ਕਿਸਾਨਾਂ ਨੂੰ ਆ ਰਹੀ ਯੂਰੀਆ ਖਾਦ ਦੀ ਕਿੱਲਤ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਦਾ ਇਕ ਡੈਪੂਟੇਸ਼ਨ ਨੈਸ਼ਨਲ ਫਰਟੀਲਾਈਜ਼ਰ ਲਿਮਟਿਡ (ਐਨ ਐਫ ਐਲ) ਦੇ ਉਚ ਅਧਿਕਾਰੀਆਂ ਨੂੰ ਮਿਲਿਆ ਅਤੇ ਇਕ ਮੰਗ ਪੱਤਰ ਦਿੱਤਾ ਗਿਆ। ਜਿਸ ਵਿੱਚ ਮੰਗ ਕੀਤੀ ਗਈ ਕਿ ਇਲਾਕੇ ਦੀਆਂ ਸਹਿਕਾਰੀ ਸਭਾਵਾਂ ਅਤੇ ਡੀਲਰਾਂ ਦਾ ਬਣਦਾ ਕੋਟਾ ਪੂਰਾ ਕੀਤਾ ਜਾਵੇ ਅਤੇ ਖਾਦ ਕਾਰਖਾਨਾ ਐਨ ਐਫ ਐਲ ਦਾ ਬੰਦ ਪਏ ਖਰੀਦ ਕੇਂਦਰ ਨੂੰ ਦੁਬਾਰਾ ਚਲਾਇਆ ਜਾਵੇ।ਇਸ ਡੈਪੂਟੇਸ਼ਨ ਵਿੱਚ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਨੰਬਰਦਾਰ ਰਘਵੀਰ ਸਿੰਘ ਦਰਸ਼ੀ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਕਾਮਰੇਡ ਗੁਰਨਾਮ ਸਿੰਘ ਔਲਖ, ਜ਼ਿਲ੍ਹਾ ਆਗੂ ਦਵਿੰਦਰ ਨੰਗਲੀ ਦੀ ਹੇਠ ਐਨ ਐਫ ਐਲ ਦੇ ਮੁੱਖ ਪ੍ਰਬੰਧਕ ਮੇਘ ਨਾਥ ਗੋਇਲ ਨੂੰ ਮੰਗ ਪੱਤਰ ਦਿੱਤਾ। ਜਿਸ ਵਿੱਚ ਮੰਗ ਕੀਤੀ ਗਈ ਕਿ ਇਲਾਕੇ ਦੇ ਕਿਸਾਨਾਂ ਨੂੰ ਯੂਰੀਆ ਖਾਦ ਦੀ ਅਤੀ ਕਿੱਲਤ ਹੈ।ਪਰ ਅਧਿਕਾਰੀਆਂ ਨੇ ਕਿਸਾਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਪਹਿਲ ਦੇ ਆਧਾਰ ਤੇ ਯੂਰੀਆ ਖਾਦ ਦੀ ਸਪਲਾਈ ਡੀਲਰਾ ਅਤੇ ਸਹਿਕਾਰੀ ਸਭਾਵਾਂ ਨੂੰ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਬੰਦ ਪਏ ਖਰੀਦ ਕੇਂਦਰ ਨੂੰ ਇਲਾਕੇ ਦੇ ਕਿਸਾਨਾਂ ਨੂੰ ਲਾਭ ਦੇਣ ਲਈ ਛੇਤੀ ਹੀ ਚਲਾ ਦਿੱਤਾ ਜਾਵੇਗਾ। ਕਿਸਾਨ ਆਗੂਆਂ ਨੇ ਉਚ ਅਧਿਕਾਰੀਆਂ ਵੱਲੋਂ ਦਿੱਤੇ ਭਰੋਸੇ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਤੇ ਕਿਸਾਨ ਆਗੂਆਂ ਨੇ ਕਿਹਾ ਕਿ ਅਸਲ ਵਿੱਚ ਸਹਿਕਾਰੀ ਸਭਾਵਾਂ ਵੱਲੋਂ ਜੋ ਕੋਟਾ ਮੰਗਿਆ ਗਿਆ ਸੀ।ਉਸ ਉੱਤੇ ਸਹਿਕਾਰਤਾ ਵਿਭਾਗ ਨੇ ਹੀ ਕੱਟ ਲਾਇਆ। ਜਿਸ ਕਾਰਨ ਕਿਸਾਨਾਂ ਨੂੰ ਦਿਕੱਤ ਆ ਰਹੀ ਹੈ। ਐਨ ਐਫ ਐਲ ਵੱਲੋਂ ਹੁਣ ਤੱਕ ਬਣਦੇ ਕੋਟੇ ਦੀ ਸਪਲਾਈ ਦਿੱਤੀ ਜਾ ਚੁੱਕੀ ਹੈ।ਇਸ ਮੌਕੇ 'ਤੇ ਗੁਲਜ਼ਾਰ ਸਿੰਘ ਭਨੁਪਲੀ, ਸੁਖਦੇਵ ਸਿੰਘ ਸੈਦਪੁਰ, ਕੇਵਲ ਕ੍ਰਿਸ਼ਨ ਦੁਬੇਟਾ, ਅਤੇ ਕਰਨੈਲ ਸਿੰਘ ਦੜੋਲੀ ਵੀ ਹਾਜ਼ਰ ਸਨ।



# ਸਕੂਵਿਦਿਆਰਥੀਆਂ ਨੇ ਬਿਨਪਾਲਕੇ ਵਿਖੇ ਨਸ਼ਿਆਂ ਵਿਰੁੱਧ ਰੈਲੀ ਕੱਢੀ

**ਭੋਗਪੁਰ:-( ਗੁਰਪ੍ਰੀਤ ਸਿੰਘ ਭੋਗਲ)**-ਸਰਕਾਰੀ ਪ੍ਰਾਇਮਰੀ ਸਕੂਲ ਬਿਨਪਾਲਕੇ ਸਕੂਲ ਦੇ ਇੰਚਾਰਜ਼ ਗੁਰਪ੍ਰੀਤ ਕੌਰ ਦੀ ਦੇਖ ਰੇਖ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਪਿੰਡ ਬਿਨਪਾਲਕੇ ਵਿਖੇ ਨਸ਼ਿਆਂ ਵਿਰੁੱਧ ਰੈਲੀ ਕੱਢੀ।ਮੈਡਮ ਗੁਰਪ੍ਰੀਤ ਕੌਰ ਨੇ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਦੱਸਿਆ। ਉਹਨਾਂ ਨੇ ਕਿਹਾ ਕਿ ਅੱਜ ਦੇ ਬੱਚੇ ਕੱਲ੍ਹ ਦੀ ਆਉਣ ਵਾਲੀ ਨੌਜਵਾਨ ਪੀੜ੍ਹੀ ਸਾਡੇ ਦੇਸ਼ ਦਾ ਭਵਿੱਖ ਹਨ। ਜਿਨਾਂ ਨੇ ਵੱਖ-ਵੱਖ ਖੋਜਾਂ ਕਰਕੇ ਸਾਡੇ ਦੇਸ਼ ਦਾ ਨਾਂਅ ਰੋਸ਼ਨ ਕਰਨਾ ਹੈ। ਇਸ ਲਈ ਉਹਨਾਂ ਕਿਹਾ ਕਿ ਜੇਕਰ ਕੋਈ ਵੀ ਪਿੰਡ ਵਿੱਚ ਜਾਂ ਹੋਰ ਕੋਈ ਵੀ ਵਿਅਕਤੀ ਨਸ਼ੇ ਦਾ ਸੇਵਨ ਕਰਦਾ ਹੈ ਤਾਂ ਉਸ ਨੂੰ ਸਰਕਾਰੀ ਹਸਪਤਾਲ ਮਾਹਿਰ ਡਾਕਟਰ ਕੋਲ ਭੇਜਿਆ ਜਾਵੇ ਤਾਂ ਜੋ ਉਸਦਾ ਇਲਾਜ ਸਮੇਂ ਸਿਰ ਸ਼ੁਰੂ ਕੀਤਾ ਜਾਵੇ। ਨਸ਼ੇ ਦਾ ਸੇਵਨ ਕਰਨ ਵਾਲੇ ਮਰੀਜ਼ਾਂ ਦਾ ਇਲਾਜ ਹਸਪਤਾਲ ਵਿੱਚ ਮੁਫਤ ਕੀਤਾ ਜਾਂਦਾ ਹੈ । ਉਹਨਾਂ ਕਿਹਾ ਕਿ ਨਸ਼ਾ ਵਿਅਕਤੀਆਂ ਦੇ ਮਾਨਸਿਕ, ਸ਼ਰੀਰਿਕ, ਸਮਾਜਿਕ ਤੇ ਆਰਥਿਕ ਤੌਰ 'ਤੇ ਵੀ ਮਾੜਾ ਪ੍ਰਭਾਵ ਪਾਉਂਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਰਮਨਦੀਪ ਸੰਧੂ, ਰਜਨੀ ਸੈਣੀ, ਨਵਨੀਤ ਕੌਰ, ਹੋਰ ਆਦਿ ਸ਼ਾਮਲ ਸਨ।



# ਸਰਕਾਰੀ ਅਨਾਜ ਦੇ ਭੰਡਾਰਨ ਲਈ ਲੋੜੀਂਦੇ ਗੋਦਾਮਾਂ ਲਈ ਟੈਂਡਰ ਜਾਰੀ

**ਜਲੰਧਰ (ਸੁਰਿੰਦਰ ਕੁਮਾਰ)**- ਜ਼ਿਲ੍ਹਾ ਮੈਨੇਜਰ ਪੰਜਾਬ ਰਾਜ ਗੁਦਾਮ ਨਿਗਮ ਜਲੰਧਰ, ਨਵਾਂਸ਼ਹਿਰ ਅਤੇ ਹੁਸ਼ਿਆਰਪੁਰ ਮਨਦੀਪ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਰਾਜ ਗੁਦਾਮ ਨਿਗਮ, ਚੰਡੀਗੜ੍ਹ ਵੱਲੋਂ ਸਰਕਾਰੀ ਅਨਾਜ ਦੇ ਭੰਡਾਰਨ ਲਈ ਲੋੜੀਂਦੇ ਗੋਦਾਮਾਂ ਲਈ 4.10 ਲੱਖ ਐਮ.ਟੀ ਦੀ ਗੋਦਾਮ ਸਮਰੱਥਾ ਲਈ ਟੈਂਡਰ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਜਲੰਧਰ ਲਈ (ਸ਼ਾਹਕੋਟ) ਵਿਖੇ 60,000 ਐਮ.ਟੀ. ਗੋਦਾਮ ਸਮਰੱਥਾ ਦੀ ਮੰਗ ਕੀਤੀ ਗਈ ਹੈ। ਨਵਾਂਸ਼ਹਿਰ ਲਈ ਬਲਾਚੌਰ ਅਤੇ ਬੰਗਾ ਵਿਖੇ 90,000 ਐਮ.ਟੀ. ਗੋਦਾਮ ਸਮਰੱਥਾ ਅਤੇ ਹੁਸ਼ਿਆਰਪੁਰ ਲਈ ਮੁਕੇਰੀਆਂ ਵਿਖੇ 50,000 ਐਮ.ਟੀ. ਗੋਦਾਮ ਸਮਰੱਥਾ ਦੀ ਮੰਗ ਕੀਤੀ ਗਈ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਇਸ ਈ-ਟੈਂਡਸ ਨੋਟਿਸ ਸਬੰਧੀ ਕੋਈ ਸੋਧ/ਨੋਟੀਫਿਕੇਸ਼ਨ ਜੈਮ ਪੋਰਟਲ ਅਤੇ ਵਿਭਾਗ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

# ਬਾਬਾ ਮੋਤੀ ਮਹਿਰਾ ਦੀ ਯਾਦ 'ਚ ਲਗਾਇਆ ਦੁੱਧ ਦਾ ਲੰਗਰ

**ਫਿਲੌਰ (ਨਿਰਮਲ)**- ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੋਰਟ ਕੰਪਲੈਕਸ ਦੇ ਸਾਹਮਣੇ ਸਮੂਹ ਸੰਗਤਾਂ ਵੱਲੋਂ ਦੁੱਧ ਲੰਗਰ ਲਗਾਇਆ ਗਿਆ। ਇਸ ਮੌਕੇ ਬਾਬਾ ਸੰਤੋਖ ਸਿੰਘ, ਬਾਬਾ ਸੁਖਵਿੰਦਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸਿੰਘਾ ਸ਼ਹੀਦਾਂ ਡੇਰਾ ਸ਼੍ਰੀ ਸ੍ਰੀਮਾਨ ਸੰਤ ਬਾਬਾ ਜਰਨੈਲ ਸਿੰਘ ਨੰਗਲ ਬੇਟ ਆਲੋਵਾਲ, ਤਰਸੇਮ ਰੁਪਾਣਾ ਪ੍ਰਧਾਨ ਬੀਜੇਪੀ ਵਿਮੁਕਤ ਜਾਤੀਆਂ ਪ੍ਰਧਾਨ ਪੰਜਾਬ, ਤਰਸੇਮ ਸਿੰਘ ਢਿੱਲੋਂ ਅਤੇ ਹੋਰਾਂ ਵੱਲੋਂ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਇਤਿਹਾਸ 'ਤੇ ਚਾਨਣਾ ਪਾਇਆ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਬਾਬਾ ਮੋਤੀ ਰਾਮ ਮਹਿਰਾ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਸਮਾਜ ਸੇਵੀ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੌਕੇ ਹਰਜੀਤ ਸਿੰਘ ਢੇਸੀ ਜ਼ਿਲ੍ਹਾ ਪ੍ਰਧਾਨ ਬੀਕੇਯੂ, ਜਸਵੀਰ ਸਿੰਘ ਖੱਖ, ਗੁਲਸ਼ਨ ਕੁਮਾਰ ਅਹੂਜਾ ਪ੍ਰਧਾਨ ਆੜਤੀਆ ਐਸੋਸੀਏਸ਼ਨ ਫਿਲੌਰ, ਰਣਜੀਤ ਸਿੰਘ ਖੇਲਾ, ਬਲਵਿੰਦਰ ਸਿੰਘ ਖਹਿਰਾ ਬਲਾਕ ਪ੍ਰਧਾਨ ਫਿਲੌਰ, ਡਾਕਟਰ ਕੁਲਦੀਪ ਰਾਏ, ਸੀਨੀਅਰ ਪੱਤਰਕਾਰ ਸਤਿੰਦਰ ਸ਼ਰਮਾ, ਪੱਤਰਕਾਰ ਸੁਰਜੀਤ ਸਿੰਘ ਬਰਨਾਲਾ, ਪੱਤਰਕਾਰ ਰਵੀ ਕੁਮਾਰ, ਪਿੰਦਾ ਤੇਹਿੰਗ, ਗੁਰਨਾਮ ਸਿੰਘ ਥਾਣੇਦਾਰ, ਹਰਿੰਦਰਪਾਲ ਸਿੰਘ ਸੈਣੀ, ਵਰਿੰਦਰ ਸਿੰਘ ਸੈਣੀ ਕੋ ਆਰਡੀਨੇਟਰ ਵਿਧਾਨ ਸਭਾ ਹਲਕਾ ਫਿਲੌਰ ਮੈਡੀਕਲ ਵਿੰਗ, ਗੁਰਸ਼ਾਨ ਸਿੰਘ ਨਾਗੀ, ਜਥੇਦਾਰ ਹਰਜਿੰਦਰ ਸਿੰਘ ਲੱਲੀਆਂ, ਡਾਕਟਰ ਅਸ਼ਵਨੀ ਕੁਮਾਰ ਆਸ਼ੂ ਇਲਾਕੇ ਭਾਰ ਦੀਆਂ ਵਿਸ਼ੇਸ਼ ਸ਼ਖਸ਼ੀਅਤਾਂ ਅਤੇ ਸੰਗਤਾਂ ਹਾਜ਼ਰ ਸਨ।



# ਬਾਹੋਵਾਲ ਗਰਾਊਂਡ ਲਈ ਟਿਊਬਵੈੱਲ ਵਾਸਤੇ ਬੈਂਸ ਦੀ ਯਾਦ 'ਚ 3.5 ਲੱਖ ਰੁਪਏ ਦੀ ਸੇਵਾ

**ਬਾਹੋਵਾਲ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪਿੰਡ ਬਾਹੋਵਾਲ ਵਿੱਚ ਜਰਨੈਲ ਮੂਲਾ ਸਿੰਘ ਸਪੋਰਟਸ ਕਲੱਬ ਅਤੇ ਗ੍ਰਾਮ ਪੰਚਾਇਤ ਵੱਲੋਂ ਪਿੰਡ ਦੇ ਗਰਾਊਂਡ ਦੀਆਂ ਸੁਵਿਧਾਵਾਂ ਨੂੰ ਹੋਰ ਉੱਤਮ ਬਣਾਉਣ ਵਾਸਤੇ ਨਵੇਂ ਟਿਊਬਵੈਲ ਦੀ ਲਗਾਤਾਰ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਇਸ ਲੋੜ ਨੂੰ ਪੂਰਾ ਕਰਨ ਵਾਸਤੇ ਇੱਕ ਪਵਿੱਤਰ ਤੇ ਪ੍ਰੇਰਨਾਦਾਇਕ ਕਦਮ ਲਿਆ ਗਿਆ ਹੈ। ਜਰਨੈਲ ਮੂਲਾ ਸਿੰਘ ਦੇ ਪੁੱਤਰ ਇੰਦਰਜੀਤ ਸਿੰਘ ਬੈਂਸ ਦੀ ਯਾਦ ਨੂੰ ਸਮਰਪਿਤ ਕਰਦਿਆਂ ਉਨ੍ਹਾਂ ਦੀ ਧੀ ਬੀਬੀ ਗੁਰਮੀਤ ਕੌਰ ਸਾਰਾ, ਪੁੱਤਰ ਅਨੰਦਪਾਲ ਸਿੰਘ ਸਾਰਾ (Minister of Justice, Alberta, Canada) ਅਤੇ ਸਮੂਹ ਪਰਵਾਰ ਵੱਲੋਂ 3,50,000 ਰੁਪਏ ਦੀ ਰਕਮ ਦਾਨ ਕਰਕੇ ਟਿਊਬਵੈੱਲ ਦੀ ਸੇਵਾ ਕੀਤੀ ਗਈ ਹੈ। ਇਹ ਟਿਊਬਵੈੱਲ ਖੇਡ ਗਰਾਊਂਡ ਵਿੱਚ ਪਾਣੀ ਦੀ ਲਗਾਤਾਰ ਉਪਲਬਧਤਾ ਯਕੀਨੀ ਬਣਾਵੇਗਾ, ਜਿਸ ਨਾਲ ਪਿੰਡ ਦੇ ਨੌਜਵਾਨ ਖਿਡਾਰੀਆਂ ਨੂੰ ਵਿਅਆਇਕ ਸਰਗਰਮੀਆਂ ਲਈ ਹੋਰ ਵਧੀਆ ਮਾਹੌਲ ਮਿਲੇਗਾ। ਇਸ ਸੇਵਾ ਨਾਲ ਨਿਰੀ ਖੇਡਾਂ ਹੀ ਨਹੀਂ, ਸਗੋਂ ਪਿੰਡ ਦੀ ਸਮੂਹਕ ਤਰੱਕੀ ਨੂੰ ਵੀ ਮਜ਼ਬੂਤੀ ਮਿਲੇਗੀ। ਇਸ ਮੌਕੇ 'ਤੇ ਗ੍ਰਾਮ ਪੰਚਾਇਤ ਬਾਹੋਵਾਲ ਦੇ ਸਰਪੰਚ ਠੇਕੇਦਾਰ ਹਰਦੀਪ ਸਿੰਘ ਨੇ ਜਰਨੈਲ ਮੂਲਾ ਸਿੰਘ ਸਪੋਰਟਸ ਕਲੱਬ ਦੇ ਮੈਂਬਰਾਂ ਸਮੇਤ ਪਰਿਵਾਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸੇਵਾ ਸਿਰਫ ਇੱਕ ਯਾਦਗਾਰ ਨਹੀਂ, ਸਗੋਂ ਪਿੰਡ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਮਿਸਾਲ ਹੈ। ਸਮਾਗਮ ਦੌਰਾਨ ਬੀਬੀ ਸੁਰਿੰਦਰ ਕੌਰ, ਅਨਮੋਲ ਸਿੰਘ ਬੈਂਸ, ਤਰਨਜੀਤ ਸਿੰਘ, ਜਸਪ੍ਰੀਤ ਸਿੰਘ ਅਤੇ ਨਵਦੀਪ ਸਿੰਘ ਵੀ ਮੌਜੂਦ ਰਹੇ। ਹਾਜ਼ਰ ਸਾਰੇ ਲੋਕਾਂ ਨੇ ਪਰਿਵਾਰ ਦੇ ਨਿਸ਼ਕਾਮ ਯਤਨਾਂ ਦੀ ਸਾਰੀ ਰੂਹ ਨਾਲ ਤਾਰੀਫ ਕੀਤੀ ਤੇ ਉਨ੍ਹਾਂ ਦੇ ਇਸ ਉਤਸਰਗ ਨੂੰ ਪਿੰਡ ਲਈ ਇਕ ਆਦਰਸ਼ ਕਦਮ ਕਰਾਰ ਦਿੱਤਾ।



# ਭੰਡਾਰੀ ਫੌਜਾ ਸਿੰਘ ਦੇ ਗ੍ਰਿਹ ਦੁੱਖ ਪ੍ਰਗਟ ਕਰਨ ਪੁੱਜੇ



**ਅਲਾਵਲਪੁਰ (ਮਦਨ ਬੰਗੜ)** ਬੀਤੇ ਦਿਨੀ ਅੰਤਰਰਾਸ਼ਟਰੀ ਮੈਰਾਥਾਨ ਬਜ਼ੁਰਗ ਦੌੜਾਕ ਫੌਜਾ ਸਿੰਘ ਦੀ ਸੜਕ ਹਾਦਸੇ 'ਚ ਮੌਤ ਹੋ ਗਈ ਸੀ, ਦੇ ਗ੍ਰਹਿ ਵਿਖੇ ਸਾਬਕਾ ਵਿਧਾਇਕ ਕੇ.ਡੀ ਭੰਡਾਰੀ, ਜ਼ਿਲ੍ਹਾ ਭਾਜਪਾ ਦੀ ਲੀਡਰਸ਼ਿਪ ਸਮੇਤ ਆਗੂ ਅਮਰਜੀਤ ਸਿੰਘ ਅਮਰੀ, ਰਾਜੀਵ ਪਾਂਜਾ ਅਲਾਵਲਪੁਰ, ਵਿਜੇ ਕੁਮਾਰ ਰਾਣਾ ਆਦਿ ਬਿਆਸ ਪਿੰਡ ਵਿਖੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ। ਇਸ ਮੌਕੇ 'ਤੇ ਸੁਖਵਿੰਦਰ ਸਿੰਘ, ਕਿਸਾਨ ਆਗੂ ਹਰਸੁਲਿੰਦਰ ਸਿੰਘ ਢਿੱਲੋਂ ਪ੍ਰਧਾਨ ਦੁਆਬਾ ਕਿਸਾਨ ਵੈਲਫੇਅਰ ਕਮੇਟੀ, ਨੰਬਰਦਾਰ ਰਣਜੀਤ ਸਿੰਘ, ਸਰਦਾਰ ਚੈਚਲ ਸਿੰਘ, ਅਜੀਤ ਸਿੰਘ, ਕੁਲਵਿੰਦਰ ਸਿੰਘ ਖਾਲਸਾ, ਗੁਰਪ੍ਰੀਤ ਗੋਪੀ ਪੰਚ ਰਮੇਸ਼ ਬਿਆਸ ਪਿੰਡ ਆਦਿ ਹਾਜ਼ਰ ਸਨ।

# ਸੰਤ ਬਾਬਾ ਮਿੱਤ ਸਿੰਘ ਦੀ 81ਵੀਂ ਬਰਸੀ 23 ਨੂੰ

**ਆਦਮਪੁਰ (ਧਰਮਜੀਤ ਸਿੰਘ)**- ਆਦਮਪੁਰ ਦੇ ਨਜ਼ਦੀਕ ਪਿੰਡ ਕਿਸ਼ਨਪੁਰ ਵਿਖੇ ਨੇੜੇ ਜੱਫਲ ਝਿੰਗੜ ਗੁਰਦੁਆਰ ਪਤ ਅਸਥਾਨ ਬਾਬਾ ਮਿੱਤ ਸਿੰਘ ਜੀ ਵਿਖੇ ਮੁੱਖ ਸੇਵਾਦਾਰ ਜਥੇਦਾਰ ਤਲਵਿੰਦਰ ਸਿੰਘ (ਬਾਬਾ ਪਰਮੇਸਰ ਸਿੰਘ) ਦੀ ਦੇਖ ਰੇਖ ਹੇਠ ਸਮੂਹ ਸਾਧ ਸੰਗਤ ਵਲੋਂ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਤੋਂ ਵਰੋਸਾਏ 108 ਬ੍ਰਹਮ ਗਿਆਨੀ ਸੰਤ ਬਾਬਾ ਮਿੱਤ ਸਿੰਘ ਜੀ ਦੀ ਮਿੱਠੀ ਯਾਦ ਨੂੰ ਸਮਰਪਤ 81 ਵੀਂ ਸਲਾਨਾ ਬਰਸੀ 23 ਜੁਲਾਈ ਨੂੰ ਬੜੇ ਪ੍ਰੇਮ ਤੇ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਜਾਣਕਾਰੀ ਦਿੰਦੇ ਹੋਏ ਸੰਤ ਪਰਮੇਸਰ ਸਿੰਘ ਨੇ ਦੱਸਿਆ ਕਿ ਬੁੱਧਵਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਸਵੇਰੇ 10 ਵਜੇ ਤੋਂ 4 ਵਜੇ ਤੱਕ ਦੀਵਾਨ ਸਜਾਏ ਜਾਣਗੇ । ਜਿਸ ਵਿਚ ਸੰਤ ਅਮੀਰ ਸਿੰਘ ਮੁਖੀ ਜਵੱਦੀ ਟਕਸਾਲ ਲੁਧਿਆਣਾ, ਸੰਤ ਤੇਜਾ ਸਿੰਘ ਖੁੱਡਾ ਕੁਰਾਲਾ, ਰਾਗੀ ਜਥਾ ਭਾਈ ਗੁਰਮੁੱਖ ਸਿੰਘ ਹੁਸ਼ਿਆਰਪੁਰ, ਢਾਡੀ ਜਥਾ ਭਾਈ ਗੁਰਦਿਆਲ ਸਿੰਘ ਲੱਖਪੁਰ ਵਾਲੇ, ਢਾਡੀ ਜਥਾ ਭਾਈ ਬਲਵੀਰ ਸਿੰਘ ਭੁੱਲਾਰਾਈ, ਡਾਡੀ ਜਥਾ ਭਾਈ ਅਮਰਜੀਤ ਸਿੰਘ ਡਰੋਲੀ, ਕਥਾਵਾਚਕ ਭਾਈ ਮਨਦੀਪ ਸਿੰਘ ਮੁਰੀਦ, ਰਾਗੀ ਜਥਾ ਸੰਤ ਸੇਵਕ ਜਥਾ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ, ਹਜੂਰੀ ਰਾਗੀ ਜਥਾ ਭਾਈ ਘੁਮੰਡਾ ਸਿੰਘ ਕਿਸ਼ਨਪੁਰ ਵਾਲੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਨਗੇ। ਸਟੇਜ ਸਕੱਤਰ ਦੀ ਸੇਵਾ ਭਗਵਾਨ ਸਿੰਘ ਜੌਹਲ ਵੱਲੋਂ ਨਿਭਾਈ ਜਾਵੇਗੀ ।



# ਪੰਜਾਬ ਸੜਕ ਸਫਾਈ ਮਿਸ਼ਨ ; ਅਧਿਕਾਰੀਆਂ ਵੱਲੋਂ ਗੋਦ ਲਈਆਂ ਸੜਕਾਂ ਦਾ ਨਿਰੀਖਣ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)**- ਸੜਕਾਂ ਦੀ ਨਿਰੰਤਰ ਨਿਗਰਾਨੀ ਲਈ ਸ਼ੁਰੂ ਕੀਤੇ 'ਪੰਜਾਬ ਸੜਕ ਸਫਾਈ ਮਿਸ਼ਨ' ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਸੀਨੀਅਰ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਅਲਾਟ ਕੀਤੀਆਂ ਸੜਕਾਂ ਦਾ ਦੌਰਾ ਕਰਕੇ ਉਥੇ ਸਾਫ-ਸਫਾਈ ਸਮੇਤ ਹੋਰ ਹੋਣ ਵਾਲੇ ਕੰਮਾਂ ਦਾ ਜਾਇਜ਼ਾ ਲਿਆ ਗਿਆ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ ਸੜਕਾਂ ਦੀ ਸਥਿਤੀ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਸਮੇਤ ਜ਼ਿਲ੍ਹੇ ਦੇ ਵੱਖ-ਵੱਖ ਸੀਨੀਅਰ ਅਧਿਕਾਰੀਆਂ ਵੱਲੋਂ 10 ਕਿਲੋਮੀਟਰ ਤੱਕ ਦੀਆਂ 51 ਸੜਕਾਂ ਨੂੰ ਅਡਾਪਟ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਅਲਾਟ ਕੀਤੀਆਂ ਸੜਕਾਂ ਦਾ ਨਿਰੀਖਣ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਨਾਲ ਉਥੇ ਪੇਸ਼ ਆ ਰਹੀਆਂ ਟੋਇਆਂ, ਸਾਫ਼-ਸਫਾਈ, ਸਟ੍ਰੀਟ ਲਾਈਟਾਂ ਸਮੇਤ ਹੋਰ ਸਮੱਸਿਆਵਾਂ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਜਲਦ ਹੱਲ ਕਰਵਾਉਣ ਵਿੱਚ ਮਦਦ ਮਿਲੇਗੀ। ਡਾ. ਅਗਰਵਾਲ ਨੇ ਕਿਹਾ ਕਿ ਇਹ ਮਿਸ਼ਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੰਜਾਬ ਨੂੰ ਦੇਸ਼ ਦੇ ਸਭ ਤੋਂ ਸਾਫ-ਸੁਥਰੇ ਰਾਜਾਂ 'ਚੋਂ ਇਕ ਬਣਾਉਣ ਦੀ ਸੋਚ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਸੜਕਾਂ ਨੂੰ ਸਾਫ-ਸੁਥਰੀਆਂ ਅਤੇ ਮਿਆਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਵੀ ਨਿਰਦੇਸ਼ ਦਿੱਤੇ ਕਿ ਅਧਿਕਾਰੀਆਂ, ਜਿਨ੍ਹਾਂ ਨੂੰ ਵੱਖ-ਵੱਖ ਸੜਕਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਵੱਲੋਂ ਰੋਡ ਦੇ ਰੱਖ-ਰਖਾਅ ਸਬੰਧੀ ਧਿਆਨ ਵਿੱਚ ਲਿਆਂਦੇ ਗਏ ਮੁੱਦੇ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਣ ਤਾਂ ਜੋ ਸੜਕਾਂ ਸਬੰਧੀ ਉੱਚ ਮਿਆਰਾਂ ਨੂੰ ਕਾਇਮ ਰੱਖਿਆ ਜਾ ਸਕੇ।ਇਸ ਮਿਸ਼ਨ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਵੱਲੋਂ ਪੁਰਾਣੀ ਸੁਰਾਨੁੱਸੀ ਸੜਕ ਦਾ ਨਿਰੀਖਣ ਕੀਤਾ ਗਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਸੜਕ ਦੇ ਕਿਨਾਰੇ ਪਏ ਕੂੜੇ ਦੇ ਢੇਰ ਚੁਕਵਾਉਣ ਦੇ ਨਿਰਦੇਸ਼ ਦਿੱਤੇ। ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਵੱਲੋਂ ਬੀ.ਐਮ.ਸੀ. ਚੌਕ ਤੋਂ ਕੂਲ ਰੋਡ ਤੱਕ ਦੇ ਹਿੱਸੇ ਦਾ ਦੌਰਾ ਕੀਤਾ ਗਿਆ। ਉਨ੍ਹਾਂ ਅਧਿਕਾਰੀਆਂ ਨੂੰ ਚੁਨਮੁਨ ਮਾਲ ਨੇੜੇ ਫੁੱਟਪਾਥਾਂ ਦੀ ਮੁਰੰਮਤ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਦਰੱਖਤਾਂ ਅਤੇ ਝਾੜੀਆਂ ਦੀ ਲੋੜੀਂਦੀ ਕਟਾਈ ਅਤੇ ਛੰਗਾਈ ਕਰਨ ਦੀਆਂ ਹਦਾਇਤਾਂ ਵੀ ਕੀਤੀਆਂ। ਐਸ.ਡੀ.ਐਮ. ਜਲੰਧਰ-1 ਰਣਦੀਪ ਸਿੰਘ ਹੀਰ ਵੱਲੋਂ ਬੁਲੰਦਪੁਰ ਰੋਡ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਨੇ ਸੁਚਾਰੂ ਸੀਵਰੇਜ ਲਾਈਨਾਂ ਯਕੀਨੀ ਬਣਾਉਣ ਦੇ ਨਾਲ-ਨਾਲ ਸੜਕ 'ਤੇ ਨਿਯਮਿਤ ਸਫਾਈ ਤੇ ਟੋਇਆਂ ਦਾ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਇਸੇ ਤਰ੍ਹਾਂ ਐਸ.ਡੀ.ਐਮ. ਜਲੰਧਰ-2 ਸ਼ਾਇਰੀ ਮਲਹੋਤਰਾ ਨੇ ਐਨ.ਐਚ. 44 ਦਾ ਜਾਇਜ਼ਾ ਲੈਂਦਿਆਂ ਸੜਕ ਦੇ ਕਿਨਾਰੇ ਗਰਿੱਲਾਂ ਅਤੇ ਡਰੇਨਜ਼ ਕਵਰ ਦਰੁੱਸਤ ਕਰਨ ਲਈ ਲੋੜੀਂਦੇ ਪ੍ਰਬੰਧ ਕਰਨ ਦੀਆਂ ਹਦਾਇਤਾਂ ਕੀਤੀਆਂ।ਇਸ ਤੋਂ ਇਲਾਵਾ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੂੰ ਫੁੱਟ ਓਵਰ ਬ੍ਰਿਜ ਸਬੰਧੀ ਕਾਰਵਾਈ ਵਿੱਚ ਤੇਜ਼ੀ ਲਿਆਉਣ ਲਈ ਕਿਹਾ। ਐਸ.ਡੀ.ਐਮ. ਆਦਮਪੁਰ ਵਿਵੇਕ ਕੁਮਾਰ ਮੋਦੀ,ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਵੱਲੋਂ ਪਠਾਨਕੋਟ ਹਾਈਵੇਅ ਅਤੇ ਕਿਸ਼ਨਪੁਰਾ ਚੌਕ ਦਾ ਦੌਰਾ ਕੀਤਾ ਗਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਸ਼ਨਪੁਰਾ ਰੋਡ 'ਤੇ ਸਟ੍ਰੀਟ ਲਾਈਟਾਂ ਲਗਾਉਣ, ਦੋਆਬਾ ਕਾਲਜ ਦੇ ਪਿੱਛੇ ਟੋਇਆਂ ਅਤੇ ਸ਼੍ਰੀਮਨ ਹਸਪਤਾਲ ਪਾਸ ਸਰਵਿਸ ਰੋਡ ਨੇੜੇ ਪਾਣੀ ਜਮ੍ਹਾ ਦੀ ਸਮੱਸਿਆ ਦਾ ਹੱਲ ਕਰਨ ਸਖ਼ਤ ਨਿਰਦੇਸ਼ ਦਿੱਤੇ।ਐਸ.ਡੀ.ਐਮ. ਨਕੋਦਰ ਲਾਲ ਵਿਸ਼ਵਾਸ ਵੱਲੋਂ ਨਕੋਦਰ ਰੋਡ ਦੇ ਨਾਲ-ਨਾਲ ਐਨ.ਐਚ. 71 ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਨੇ ਐਨ.ਐਚ. 71 'ਤੇ ਕਪੂਰਥਲਾ ਬਾਈਪਾਸ ਫਲਾਈਓਵਰ ਨੇੜੇ ਖਿੱਲਰੇ ਹੋਏ ਮਲਬੇ ਦਾ ਨੋਟਿਸ ਲੈਂਦਿਆਂ ਇਸ ਨੂੰ ਤੁਰੰਤ ਹਟਾਉਣ ਦੀ ਹਦਾਇਤ ਕੀਤੀ।



# ਮੋਦੀ ਸਰਕਾਰ ਬੇਟੀਆਂ ਦੀ ਸੁਰੱਖਿਆ ਯਕੀਨੀ ਬਣਾਏ : ਪੰਜਾਬ ਇਸਤਰੀ ਸਭਾ

**ਚੰਡੀਗੜ੍ਹ** : ਪੰਜਾਬ ਇਸਤਰੀ ਸਭਾ ਦੀ ਜਨਰਲ ਸਕੱਤਰ ਨਰਿੰਦਰ ਸੋਹਲ ਅਤੇ ਪ੍ਰਧਾਨ ਰਜਿੰਦਰ ਪਾਲ ਕੌਰ ਨੇ ਓਡੀਸ਼ਾ ਵਿੱਚ ਇੱਕ ਬੱਚੀ ਨਾਲ ਵਾਪਰੀ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਓਡੀਸ਼ਾ ਵਿੱਚ ਬਾਲਾਸੋਰ ਦੇ ਫਕੀਰ ਮੋਹਨ ਆਟੋਨੋਮਸ ਕਾਲਜ ਦੀ ਦੂਜੇ ਸਾਲ ਦੀ ਇੰਟੈਗਰੇਟਿਡ ਬੀ .ਐਡ ਦੀ ਵਿਦਿਆਰਥਣ ਜਿਸ ਨੇ ਕਿ ਆਤਮ- ਦਾਹ ਕਰ ਲਿਆ ਅਤੇ 95% ਸੜ ਗਈ। ਤਿੰਨ ਦਿਨ ਹਸਪਤਾਲ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜਨ ਤੋਂ ਬਾਅਦ ਉਹ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ ।ਇਸ ਖਬਰ ਨੇ ਮਨ ਨੂੰ ਹਲੂਣ ਦਿੱਤਾ, ਕਿ ਸਾਡੀਆਂ ਬੱਚੀਆਂ ਕਿਸੇ ਵੀ ਖੇਤਰ ਵਿੱਚ ਸੁਰੱਖਿਅਤ ਨਹੀਂ।ਉਸ ਨੂੰ ਇੱਕ ਪ੍ਰੋਫੈਸਰ ਵੱਲੋਂ ਜਿਨਸੀ ਤੌਰ 'ਤੇ ਤੰਗ ਕੀਤਾ ਜਾਂਦਾ ਸੀ। ਜਦੋਂ ਪ੍ਰਿੰਸੀਪਲ ਨੂੰ ਸ਼ਿਕਾਇਤ ਲਗਾਈ ਤਾਂ ਉਸ ਨੇ ਲੜਕੀ ਕੋਲੋਂ ਸਬੂਤ ਮੰਗਿਆ ਜੋ ਕਿ ਉਸ ਵਾਸਤੇ ਇਕੱਠਾ ਕਰਨਾ ਮੁਸ਼ਕਲ ਸੀ ।ਮਤਲਬ ਕਿ ਪ੍ਰਿੰਸੀਪਲ ਵੀ ਪ੍ਰੋਫੈਸਰ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ।ਇਸ ਤੋਂ ਦੁਖੀ ਹੋ ਕੇ ਲੜਕੀ ਨੇ ਆਪਣੇ ਆਪ ਨੂੰ ਅੱਗ ਲਗਾ ਲਈ।ਕਦੇ ਹਸਪਤਾਲ ਵਿੱਚ ਟ੍ਰੇਨੀ ਡਾਕਟਰ ਨਾਲ ਬਲਾਤਕਾਰ ਕਰਕੇ ਵਹਿਸ਼ੀ ਢੰਗ ਨਾਲ ਕਤਲ ਕਰ ਦਿੱਤਾ ਜਾਂਦਾ ਹੈ ਅਤੇ ਕਦੇ ਸਾਡੀਆਂ ਪਹਿਲਵਾਨ ਖਿਡਾਰਨਾਂ ਆਪਣੇ ਹੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਉੱਤੇ ਛੇੜਛਾੜ ਦਾ ਦੋਸ਼ ਲਗਾਉਂਦੀਆਂ ਹਨ, ਪਰੰਤੂ ਕਿਤੇ ਵੀ ਲੜਕੀਆਂ ਨਾਲ ਹੋਣ ਵਾਲੇ ਇਹਨਾਂ ਜ਼ੁਲਮਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ, ਇਨਸਾਫ ਨਹੀਂ ਮਿਲਦਾ ।ਇਸੇ ਕਰਕੇ ਹੀ ਇਹ ਗੁੰਡਾਗਰਦੀ ਦਿਨ ਬਦਿਨ ਵਧਦੀ ਜਾ ਰਹੀ ਹੈ। ਜੇਕਰ ਇਹਨਾਂ ਕੇਸਾਂ ਵਿੱਚ ਲੜਕੀਆਂ ਨੂੰ ਇਨਸਾਫ ਮਿਲ ਜਾਂਦਾ ਤਾਂ ਸ਼ਾਇਦ ਅੱਗੇ ਤੋਂ ਵਾਪਰਨ ਵਾਲੀਆਂ ਘਟਨਾਵਾਂ ਵਿੱਚ ਰੁਕਾਵਟ ਪੈਂਦੀ, ਪ੍ਰੰਤੂ ਸਾਡੀਆਂ ਸਰਕਾਰਾਂ ਇਸ ਵਿਸ਼ੇ 'ਤੇ ਗੰਭੀਰ ਨਹੀਂ। ਕੀ ਕਸੂਰ ਸੀ ਉਸ ਬੱਚੀ ਦਾ ਜਿਸ ਨੇ ਅਜੇ ਸਮਾਜ ਵਾਸਤੇ ਬਹੁਤ ਕੰਮ ਕਰਨੇ ਸਨ।ਕੀ ਕਸੂਰ ਹੈ ਉਹਨਾਂ ਮਾਪਿਆਂ ਦਾ ਜਿਹਨਾਂ ਐਨੇ ਲਾਡਾਂ ਨਾਲ ਬੱਚੀ ਨੂੰ ਪਾਲਿਆ ।ਉਹਨਾਂ ਨੇ ਬੱਚੀ ਵਾਸਤੇ ਕਿੰਨੇ ਸੁਪਨੇ ਵੇਖੇ ਹੋਣਗੇ।ਉਹ ਸਾਰੀ ਉਮਰ ਹੁਣ ਹਉਕਿਆਂ ਵਿੱਚ ਬਿਤਾਉਣ ਲਈ ਮਜਬੂਰ ਹਨ।ਓਡੀਸ਼ਾ ਵਿੱਚ ਇਹ ਘਟਨਾ ਤਾਂ ਸਾਹਮਣੇ ਆ ਗਈ ਹੈ ਪ੍ਰੰਤੂ ਪਤਾ ਨਹੀਂ ਹੋਰ ਕਿੰਨੇ ਅਦਾਰਿਆਂ ਵਿੱਚ ਸਾਡੀਆਂ ਬੱਚੀਆਂ ਇਹੋ ਜਿਹਾ ਜ਼ੁਲਮ ਸਹਿ ਰਹੀਆਂ ਹਨ।ਉਹ ਬੋਲ ਨਹੀਂ ਸਕਦੀਆਂ ਕਿਉਂਕਿ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਉਹਨਾਂ ਦਾ ਕਿਸੇ ਨੇ ਯਕੀਨ ਨਹੀਂ ਕਰਨਾ ਸਗੋਂ, ਉਹਨਾਂ ਨੂੰ ਹੀ ਬੁਰਾ ਭਲਾ ਕਹਿਣਾ ਹੈ ।ਮਾਪੇ ਵੀ ਬਹੁਤ ਵਾਰੀ ਬੇਟੀ ਦਾ ਸਾਥ ਨਹੀਂ ਦਿੰਦੇ ਕਿਉਂਕਿ ਉਹ ਸੋਚਦੇ ਹਨ ਕਿ ਜੇਕਰ ਇਹ ਗੱਲ ਬਾਹਰ ਨਿਕਲੀ ਤਾਂ ਸਮਾਜ ਵਿੱਚ ਬੜੀ ਬਦਨਾਮੀ ਹੋਏਗੀ ।ਉਹ ਇਹ ਨਹੀਂ ਸੋਚਦੇ ਇਸ ਘਟਨਾ ਦਾ ਸਾਡੀ ਬੱਚੀ ਦੇ ਦਿਲ 'ਤੇ ਕੀ ਅਸਰ ਹੋਇਆ ਹੈ ਅਤੇ ਜੇਕਰ ਇਨਸਾਫ ਮਿਲ ਜਾਵੇ ਤਾਂ ਉਹ ਅਗਲੀ ਜ਼ਿੰਦਗੀ ਸਿਰ ਉੱਚਾ ਚੁੱਕ ਕੇ ਜੀ ਸਕਦੀ ਹੈ । ਆਗੂਆਂ ਨੇ ਕਿਹਾ ਕਿ ਜਿਵੇਂ ਮੋਦੀ ਜੀ ਕਹਿੰਦੇ ਹਨ ਬੇਟੀ ਬਚਾਓ ਬੇਟੀ ਪੜ੍ਹਾਓ ਤਾਂ ਅਸੀਂ ਕਹਿੰਦੇ ਹਾਂ ਕਿ ਉਸ ਬਚਣ ਵਾਲੀ ਅਤੇ ਪੜ੍ਹਨ ਵਾਲੀ ਬੱਚੀ ਦੀ ਸੁਰੱਖਿਆ ਯਕੀਨੀ ਬਣਾਓ।

# ਡੇਰਾ ਬਾਜ਼ੀਗਰ ਬਸਤੀ ਤਾਰਾਗੜ੍ਹ ਵਿਖੇ ਡੀਪ ਬੋਰ ਦਾ ਨਿਰਮਾਣ ਕਾਰਜ ਸ਼ੁਰੂ

### * ਬਸਤੀ 'ਚ ਨਵਾਂ ਜੰਝਘਰ ਬਣਾਉਣ ਤੇ ਟਰਾਂਸਫਾਰਮਰ ਲਾਉਣ ਦੀ ਮੰਗ ਅਜੇ ਵੀ ਬਾਕੀ



ਪਠਾਨਕੋਟ (ਦਵਿੰਦਰ ਸਿੰਘ)-ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ ਬਾਜ਼ੀਗਰ ਬਸਤੀ ਤਾਰਾਗੜ੍ਹ ਵਿਖੇ ਡੀਪ ਬੋਰ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ ਗਿਆ।ਲੋਕਾਂ ਨੇ ਕੈਬਨਿਟ ਮੰਤਰੀ ਕਟਾਰੂਚੱਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਿਛਲੇ 40 ਸਾਲਾਂ ਤੋਂ ਪੀਣ ਵਾਲੇ ਸਾਫ ਪਾਣੀ ਦੀ ਮੰਗ ਵੱਲ ਕਿਸੇ ਸਰਕਾਰ ਦਾ ਧਿਆਨ ਨਹੀਂ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਐੱਸ. ਸੀ. ਵਿੰਗ ਪਠਾਨਕੋਟ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸਰਪੰਚ ਰਵੀ ਸੈਣੀ, ਰਾਜੇਸ਼ ਕੁਮਾਰ ਕਾਕਾ, ਜੋਗਿੰਦਰ ਮਾਸਟਰ, ਜੋਗਿੰਦਰ, ਰਮਨ ਭੱਖੜਾ, ਸਰਪੰਚ ਨਿਸ਼ਾ ਸੈਣੀ ਬੇਗੋਵਾਲ, ਫੌਜਾ ਰਾਮ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਉਹ ਵਿਧਾਨ ਸਭਾ ਹਲਕਾ ਭੋਆ ਦੇ ਤਾਰਾਗੜ੍ਹ ਪਿੰਡ ਦੀ ਡੇਰਾ ਬਾਜ਼ੀਗਰ ਬਸਤੀ ਵਿਖੇ ਪਹੁੰਚੇ ਹਨ।

ਇੱਥੇ ਲੰਮੇ ਸਮੇਂ ਤੋਂ ਪੀਣ ਵਾਲੇ ਪਾਣੀ ਦਾ ਸੰਕਟ ਸੀ ਅਤੇ ਲੋਕਾਂ ਨੂੰ ਪੀਣ ਵਾਲੇ ਸਾਫ ਪਾਣੀ ਨਾ ਮਿਲਨ ਕਰਕੇ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ।ਇਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਕਰੀਬ 2 ਸਾਲ ਪਹਿਲਾਂ 7 ਲੱਖ ਰੁਪਏ ਪੰਚਾਇਤ ਨੂੰ ਦਿੱਤੇ ਸਨ ਕਿ ਇਸ ਖੇਤਰ ਅੰਦਰ ਡੀਪ ਬੋਰ ਕਰਵਾਇਆ ਜਾਵੇ ਅਤੇ ਹੁਣ ਨਵੀਂ ਪੰਚਾਇਤ ਬਣਨ ਤੋਂ ਬਾਅਦ ਡੀਪ ਬੋਰ ਦਾ ਨਿਰਮਾਣ ਕਾਰਜ ਅਰੰਭ ਕੀਤਾ ਹੈ।ਉਨ੍ਹਾਂ ਕਿਹਾ ਕਿ ਇਸ ਖੇਤਰ ਅੰਦਰ 7 ਲੱਖ ਰੁਪਏ ਦੇ ਨਾਲ ਇੱਥੇ ਡੀਪ ਬੋਰ ਦਾ ਨਿਰਮਾਣ ਕਾਰਜ ਮੁਕੰਮਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਇੱਕ ਹੋਰ ਮੰਗ ਰੱਖੀ ਗਈ ਹੈ ਕਿ ਖੇਤਰ ਅੰਦਰ ਕੋਈ ਵੀ ਜੰਝਘਰ ਨਹੀਂ ਹੈ। ਉਹ ਭਰੋਸਾ ਦਿੰਦੇ ਹਨ ਕਿ ਜੰਝਘਰ ਵੀ ਬਣਾਇਆ ਜਾਵੇਗਾ।ਕਟਾਰੂਚੱਕ ਨੇ ਕਿਹਾ ਕਿ ਲੋਕਾਂ ਵੱਲੋਂ ਬਿਜਲੀ ਸਪਲਾਈ ਦੀ ਸਮੱਸਿਆ ਨੂੰ ਵੀ ਧਿਆਨ ਵਿੱਚ ਲਿਆਂਦਾ ਗਿਆ ਹੈ।

ਲੋਕਾਂ ਦੀ ਇਸ ਜ਼ਰੂਰਤ ਨੂੰ ਧਿਆਨ ਵਿੱਚ ਰੱਖਦਿਆਂ ਆਉਣ ਵਾਲੇ ਦਿਨਾਂ ਵਿੱਚ ਇੱਕ ਟਰਾਂਸਫਾਰਮਰ ਵੀ ਲਗਾਇਆ ਜਾਵੇਗਾ।ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਨੇ ਡੀਪ ਬੋਰ ਦੇ ਨਿਰਮਾਣ ਕਾਰਜ ਸ਼ੁਰੂ ਹੋਣ 'ਤੇ ਖੇਤਰ ਵਾਸੀਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ।

# ਨਜਾਇਜ਼ ਰੇਹੜੀਆਂ ਤੇ ਫੜ੍ਹੀਆਂ ਦਾ ਮਜੀਠੇ ਦੀਆਂ ਸੜਕਾਂ 'ਤੇ ਲੱਗਾ ਗ੍ਰਹਿਣ, ਪ੍ਰਸ਼ਾਸਨ ਸੁੱਤਾ ਕੁੰਭਕਰਨੀ ਨੀਂਦ



ਮਜੀਠਾ (ਸੋਨਿਕ ਅਰੋੜਾ)-ਮਜੀਠਾ ਵਿਖੇ ਸੜਕ ਦੇ ਦੋਵੇਂ ਪਾਸੇ ਫੁੱਟਪਾਥਾਂ 'ਤੇ ਗੈਰ ਕਾਨੂੰਨੀ ਢੰਗ ਨਾਲ ਸਬਜ਼ੀਆਂ, ਫਲ ਫਰੂਟ ਦੀਆਂ ਰੇਹੜੀਆਂ ਵਾਲਿਆਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ।ਇਹ ਨਜਾਇਜ਼ ਕਬਜ਼ੇ ਲੋਕਾਂ ਨੂੰ ਬਹੁਤ ਪਰੇਸ਼ਾਨ ਕਰ ਰਹੇ ਹਨ, ਆਵਾਜਾਈ ਵਿੱਚ ਵਿਘਨ ਪੈਂਦਾ ਹੈ।ਪ੍ਰਮੁੱਖ ਮਜੀਠਾ ਵਾਸੀ, ਸਮਾਜ ਸੇਵੀ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਬੱਸ ਸਟੈਂਡ ਮਜੀਠਾ ਵਿਖੇ ਅਚਨਚੇਤ ਪ੍ਰੈੱਸ ਕਾਨਫਰੰਸ ਬੁਲਾਈ ਗਈ।ਇਸ ਵਿੱਚ ਸਮਾਜ ਸੇਵੀ, ਕਿਸਾਨ ਜਥੇਬੰਦੀਆਂ ਅਤੇ ਮਜੀਠਾ ਵਾਸੀਆਂ ਵੱਲੋਂ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਗਈ ਕਿ ਰੇਲਵੇ ਫਾਟਕ ਮਜੀਠਾ ਤੋਂ ਲੈ ਕੇ ਹਰੀਆਂ ਮੋੜ ਤੇ ਮਜੀਠਾ ਬੱਸ ਸਟੈਂਡ ਚੌਕ ਤੋਂ ਭਾਈ ਸਾਲ੍ਹੋ ਜੀ ਚੌਕ ਤੱਕ ਸੜਕ ਦੇ ਦੋਵੇਂ ਪਾਸੇ ਗੈਰ -ਕਾਨੂੰਨੀ ਦੁਕਾਨਾਂ ਦਾ ਕੋਈ ਹੱਲ ਕੀਤਾ ਜਾਵੇ। ਇਨ੍ਹਾਂ ਦੁਕਾਨਾਂ ਦੀ ਨਜਾਇਜ਼ ਉਸਾਰੀ ਕਰਕੇ ਟਰੈਫਿਕ ਜਾਮ ਰਹਿੰਦਾ ਹੈ।ਹਾਦਸੇ ਵੀ ਹੋ ਰਹੇ ਹਨ। ਪੀਡਬਲਿਊਡੀ ਦੇ ਅਧਿਕਾਰੀ ਤੇ ਈਓ ਨਗਰ ਕੌਂਸਲ ਮਜੀਠਾ ਤੇ ਪੁਲਸ ਪ੍ਰਸ਼ਾਸਨ ਕੋਈ ਕਾਰਵਾਈ ਨਹੀਂ ਕਰ ਰਿਹਾ।ਇਸ ਸਬੰਧੀ ਮਜੀਠਾ ਦੇ ਨਗਰ ਕੌਂਸਲ ਪ੍ਰਧਾਨ ਤੇ ਸਾਰੇ ਕੌਂਸਲਰਾਂ ਨੇ ਅੱਖਾਂ ਬੰਦ ਕਰ ਰੱਖੀਆਂ ਹਨ।ਕੱਥੂ ਨੰਗਲ ਰੋਡ 'ਤੇ ਰੇਤ ਮਾਫੀਆ ਨੇ ਨਜਾਇਜ਼ ਕਬਜ਼ਾ ਕਰ ਰਖਿਆ ਹੈ।ਮਜੀਠਾ ਵਿਖੇ ਟ੍ਰੈਫਿਕ ਦਾ ਇਹ ਗੰਭੀਰ ਮਸਲਾ ਹੈ।ਇਸ ਤੋਂ ਇਲਾਵਾ ਆਗੂਆਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਮਜੀਠਾ ਤੋਂ ਅੰਮ੍ਰਿਤਸਰ ਜਾਣ ਵਾਲੀ ਸੜਕ ਦੇ ਕਿਨਾਰੇ ਕੰਕਰੀਟ ਦੇ ਪਲਾਂਟ ਲੱਗੇ ਹੋਏ ਹਨ। ਇਨ੍ਹਾਂ ਵੱਲੋਂ ਕੰਕਰੀਟ ਸੜਕ ਦੇ ਕਿਨਾਰੇ ਢੇਰੀ ਕਰ ਦਿੱਤਾ ਜਾਂਦਾ ਜੋ ਕਿਸੇ ਵੇਲੇ ਵੀ ਹਾਦਸੇ ਦਾ ਕਾਰਨ ਬਣ ਸਕਦਾ। ਇਸ ਮੌਕੇ ਸਮਾਜ ਸੁਧਾਰ ਸੰਸਥਾ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ, ਸੋਸ਼ਲ ਵੈੱਲਫੇਅਰ ਸੋਸਾਇਟੀ ਮਜੀਠਾ ਦੇ ਸਕੱਤਰ ਪ੍ਰਿੰ. ਜੋਗਾ ਸਿੰਘ ਅਠਵਾਲ, ਜਮਹੂਰੀ ਕਿਸਾਨ ਸਭਾ ਦੇ ਆਗੂ ਨਿਰੰਜਨ ਸਿੰਘ ਗਿੱਲ, ਮਾਸਟਰ ਹਰਭਜਨ ਸਿੰਘ ਟਰਪਈ, ਨਵਤੇਜ ਸਿੰਘ ਮਜੀਠਾ, ਡਾ. ਸੁਖਦੀਪ ਸਿੰਘ ਨਾਗ, ਕੌਂਸਲਰ ਨਵਦੀਪ ਸਿੰਘ ਸੋਨਾ, ਅਵਤਾਰ ਸਿੰਘ ਬੁੱਢਾ ਥੇਹ, ਰਵੀ ਕੁਮਾਰ ਸ਼ਰਮਾ ਅਤੇ ਪ੍ਰਿੰ. ਨਵਜੋਤ ਸਿੰਘ ਭੰਗੂ ਆਦਿ ਹਾਜ਼ਰ ਸਨ।

# ਯੂਨੀਅਨ ਨੇ ਜੁਗਾੜੂ ਰੇਹੜਿਆਂ ਨੂੰ ਰੋਕਿਆ, ਅੱਗੇ ਤੋਂ ਭਾਰ ਨਾ ਢੋਹਣ ਦੀ ਦਿੱਤੀ ਚੇਤਾਵਨੀ



ਮਾਹਿਲਪੁਰ (ਸਰਗੀ)-ਭਾਰ ਢੋਹਣ ਵਾਲੀਆਂ ਗੱਡੀਆਂ ਦੀ ਦਸ਼ਮੇਸ਼ ਟੈਂਪੂ ਯੂਨੀਅਨ ਮਾਹਿਲਪੁਰ ਨੇ ਸ਼ਨੀਵਾਰ ਸਵੇਰ ਤੋਂ ਹੀ ਸ਼ਹਿਰ ਦੇ ਵੱਖ ਵੱਖ ਸੜਕਾਂ 'ਤੇ ਖੜ੍ਹੇ ਹੋ ਕੇ ਜੁਗਾੜੂ ਰੇਹੜਿਆਂ ਨੂੰ ਰੋਕਿਆ ਅਤੇ ਅੱਗੇ ਤੋਂ ਭਾਰ ਨਾ ਢੋਹਣ ਦੀ ਚੇਤਾਵਨੀ ਦਿੱਤੀ। ਯੂਨੀਅਨ ਵੱਲੋਂ ਜੁਗਾੜੂ ਰੇਹੜਿਆਂ 'ਤੇ ਭਾਰ ਢੋਹਣ ਨੂੰ ਲੈ ਕੇ ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀ ਨੂੰ ਇਕ ਲਿਖਤ ਸ਼ਿਕਾਇਤ ਵੀ ਦਿੱਤੀ ਗਈ । ਜਾਣਕਾਰੀ ਅਨੁਸਾਰ ਦਸ਼ਮੇਸ਼ ਟੈਂਪੂ ਯੂਨੀਅਨ ਮਾਹਿਲਪੁਰ ਦੇ ਪ੍ਰਧਾਨ ਮਹਿੰਦਰ ਸਿੰਘ, ਸੁਖਵੀਰ ਸਿੰਘ ਟੋਨੀ, ਮਸਤਾਨ ਸਿੰਘ, ਮਹਿੰਦਰ ਸਿੰਘ ਪਾਲਦੀ, ਜੋਤੀ ਪੰਡਿਤ, ਮੱਖਣ ਸਿੰਘ ਮੰਡ, ਬਲਵੀਰ ਸਿੰਘ ਆਦਿ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਪਰਵਾਰ ਦਾ ਪੇਟ ਪਾਲਣ ਲਈ ਬੈਂਕਾਂ ਤੋਂ ਕਰਜ਼ਾ ਲੈ ਕੇ ਮਹਿੰਦਰਾ ਬਲੈਰੋ, ਪਿਕਅਪ, ਏਸ (ਛੋਟਾ ਹਾਥੀ) ਆਦਿ ਭਾਰ ਢੋਹਣ ਵਾਲੀਆਂ ਛੋਟੀਆਂ ਗੱਡੀਆਂ ਲਾਈਆਂ ਹੋਈਆਂ ਹਨ, ਜਿਨ੍ਹਾਂ 'ਤੇ ਪ੍ਰਸ਼ਾਸਨ ਵੱਲੋਂ ਸੱਤ ਕੁਇੰਟਲ ਤੱਕ ਲੋਡ ਪਾਸ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਭਾਰ ਢੋਹਣ ਲਈ ਗੱਡੀ ਦਾ ਟੈਕਸ, ਇੰਸ਼ੋਰੈਂਸ, ਕਮਰਸ਼ੀਅਲ ਲਾਇਸੈਂਸ, ਪਾਸਿੰਗ ਆਦਿ ਕਰਵਾਉਣ ਲਈ ਮੋਟੀ ਰਕਮ ਖਰਚਣੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਇਥੋਂ ਤੱਕ ਕਿ ਪੁਲਸ ਦੀ ਵਗਾਰ ਵੀ ਮੁਫ਼ਤ ਵਿੱਚ ਭਰਨੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਉਲਟ ਕੁਝ ਲੋਕ ਪੁਰਾਣੇ ਮੋਟਰਸਾਈਕਲ ਦੇ ਜੁਗਾੜੂ ਵਾਹਨ ਬਣਾ ਕੇ 8 ਤੋਂ 12 ਕੁਇੰਟਲ ਭਾਰ ਢੋਹ ਰਹੇ ਹਨ। ਜਿਨ੍ਹਾਂ ਨੂੰ ਨਾ ਕੋਈ ਤਿੰਨ ਪਹੀਆਂ ਦੀ ਰਜਿਸਟ੍ਰੇਸ਼ਨ, ਨਾ ਇੰਸ਼ੋਰੈਂਸ, ਨਾ ਟੈਕਸ ਅਤੇ ਨਾ ਪਾਸਿੰਗ ਕਰਵਾਉਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਜੇ ਉਹ ਸੱਤ ਕੁਇੰਟਲ ਤੋਂ ਉਪਰ ਭਾਰ ਲੋਡ ਕਰਦੇ ਹਨ ਤਾਂ ਉਨ੍ਹਾਂ ਦਾ ਓਵਰਲੋਡਿੰਗ ਦਾ ਚਲਾਨ ਕੱਟਿਆ ਜਾਂਦਾ ਹੈ ਪ੍ਰੰਤੂ ਜੁਗਾੜੂ ਵਾਹਨਾਂ 'ਤੇ ਟਰੈਫਿਕ ਦਾ ਕੋਈ ਵੀ ਕਾਨੂੰਨ ਲਾਗੂ ਨਹੀਂ ਹੁੰਦਾ।ਉਨ੍ਹਾਂ ਕਿਹਾ ਕਿ ਜੁਗਾੜੂ ਵਾਹਨਾਂ ਦੇ ਕਾਰਨ ਉਨ੍ਹਾਂ ਨੂੰ ਸਾਰਾ ਦਿਨ ਬੈਠ ਕੇ ਖਾਲੀ ਹੱਥ ਘਰਾਂ ਨੂੰ ਵਾਪਸ ਜਾਣਾ ਪੈਂਦਾ ਹੈ। ਜਿਸ ਕਾਰਨ ਉਨ੍ਹਾਂ ਦੇ ਕਰਜ਼ੇ ਦੀ ਕਿਸ਼ਤ ਵੀ ਨਹੀਂ ਪੂਰੀ ਹੁੰਦੀ।ਉਨ੍ਹਾਂ ਦੱਸਿਆ ਕਿ ਯੂਨੀਅਨ ਵਲੋਂ ਥਾਣਾ ਮਾਹਿਲਪੁਰ ਦੇ ਇਕ ਸ਼ਿਕਾਇਤ ਪੱਤਰ ਦਿੱਤਾ ਸੀ ਪ੍ਰੰਤੂ ਥਾਣੇ ਦੇ ਮੁਨਸ਼ੀ ਵਲੋਂ ਉਨ੍ਹਾਂ ਨੂੰ ਇਹ ਕਹਿ ਕੇ ਦਰਖਾਸਤ ਵਾਪਸ ਕਰ ਦਿੱਤੀ ਕਿ ਮਾਮਲਾ ਟਰੈਫਿਕ ਪੁਲਸ ਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਲਿਖਤ ਸ਼ਿਕਾਇਤ ਜ਼ਿਲ੍ਹਾ ਟਰੈਫਿਕ ਅਧਿਕਾਰੀ ਨੂੰ ਵੀ ਦਿੱਤੀ ਹੈ। ਉਨ੍ਹਾਂ ਦਸਿਆ ਕਿ ਅੱਜ ਉਨ੍ਹਾਂ ਇਕੱਠੇ ਹੋ ਕੇ ਸ਼ਹਿਰ ਦੇ ਵੱਖ ਵੱਖ ਸੜਕਾਂ 'ਤੇ ਭਾਰ ਲੱਦ ਕੇ ਜਾ ਰਹੇ ਜੁਗਾੜੂ ਵਾਹਨਾਂ ਨੂੰ ਰੋਕ ਕੇ ਚੇਤਾਵਨੀ ਦਿੱਤੀ ਕਿ ਉਹ ਅਜਿਹਾ ਕਰਨ ਤੋਂ ਨਾ ਰੁਕੇ ਤਾਂ ਉਹ ਸੜਕ 'ਤੇ ਧਰਨਾ ਦੇਣ ਲਈ ਮਜਬੂਰ ਹੋਣਗੇ। ਜਿਸ ਦੀ ਜਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।ਇਸ ਬਾਰੇ ਗਗਨਦੀਪ ਸਿੰਘ ਸੇਖੋਂ ਥਾਣਾ ਪ੍ਰਭਾਰੀ ਮਾਹਿਲਪੁਰ ਨੇ ਕਿਹਾ ਕਿ ਕਿਸੇ ਵੀ ਸਮੱਸਿਆ ਲਈ ਯੂਨੀਅਨ ਦੇ ਮੈਂਬਰ ਉਨ੍ਹਾਂ ਨੂੰ ਮਿਲ ਸਕਦੇ ਹਨ। ਉਨ੍ਹਾਂ ਕਿਹਾ ਕਿ ਯੂਨੀਅਨ ਦੇ ਮਸਲੇ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨਗੇ।

# ਸੁਖਬੀਰ ਸਿੰਘ ਬਾਦਲ ਨਾਲ ਬੋਲੀਨਾ ਦੀ ਅਹਿਮ ਮੀਟਿੰਗ



ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਪਿੰਡ ਬਾਦਲ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਕੀਤੀ ਇੱਕ ਅਹਿਮ ਮੀਟਿੰਗ ਜਿਸ ਵਿੱਚ ਹਲਕਾ ਆਦਮਪੁਰ ਅਤੇ ਕਰਤਾਰਪੁਰ ਦੇ ਹਲਕਾ ਇੰਚਾਰਜ ਲਗਾਉਣ ਲਈ ਹੋਈ ਵਿਚਾਰ ਚਰਚਾ, ਮੁਲਾਕਾਤ ਸਮੇਂ ਚੇਅਰਮੈਨ ਗੁਰਦੀਪ ਸਿੰਘ ਲਾਧੜਾ, ਜਸਤਿੰਦਰ ਸ਼ਿੰਦਰ ਬਹਿਰਾਮ, ਅੰਮ੍ਰਿਤਪਾਲ ਸਿੰਘ ਖਰਲ ਕਲਾਂ, ਰਜਿੰਦਰ ਪਾਲ ਰੋਮੀ ਡੱਲਾ, ਗੁਰਪ੍ਰੀਤ ਅਟਵਾਲ ਚਾਹੜਕੇ, ਲਾਲੀ ਡੱਲੀ, ਸਰਪੰਚ ਅਮੋਲਕ ਲਾਧੜਾ, ਸਰਪੰਚ ਹਰਜੀਤ ਸਿੰਘਪੁਰ, ਹਰਪਾਲ ਗਦਈਪੁਰ ਹੋਰ ਆਦਿ ਸ਼ਾਮਲ ਸਨ। ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਲਦ ਹੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਜਿਸ ਵੀ ਆਗੂ ਨੂੰ ਹਲਕਾ ਆਦਮਪੁਰ ਅਤੇ ਕਰਤਾਰਪੁਰ ਦਾ ਹਲਕਾ ਇੰਚਾਰਜ ਬਣਾਉਣਗੇ, ਉਹ ਸਾਰਿਆਂ ਨੂੰ ਪ੍ਰਵਾਨ ਹੋਵੇਗਾ।

## ਥਾਣਾ ਡੇਰਾ ਬਾਬਾ ਨਾਨਕ 'ਚ ਤਾਇਨਾਤ ਸਬ-ਇੰਸਪੈਕਟਰ ਦੀ ਮੌਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਪੁਲਸ ਦੇ ਸਬ-ਇੰਸਪੈਕਟਰ ਸੁੱਚਾ ਸਿੰਘ ਦੀ ਡਿਊਟੀ ਦੌਰਾਨ ਸਿਹਤ ਵਿਗੜਨ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸਬ-ਇੰਸਪੈਕਟਰ ਸੁੱਚਾ ਸਿੰਘ ਜੋ ਪੁਲਸ ਥਾਣਾ ਡੇਰਾ ਬਾਬਾ ਨਾਨਕ ਵਿਖੇ ਆਪਣੀ ਡਿਊਟੀ ਨਿਭਾਅ ਰਹੇ ਸਨ, ਬੀਤੀ 12 ਜੁਲਾਈ ਨੂੰ ਡਿਊਟੀ ਦੌਰਾਨ ਅਚਾਨਕ ਉਨ੍ਹਾਂ ਦੀ ਸਿਹਤ ਵਿਗੜ ਗਈ। ਉਨ੍ਹਾਂ ਨੂੰ ਤੁਰੰਤ ਇਲਾਜ ਲਈ ਪਰਿਵਾਰਕ ਮੈਂਬਰਾਂ ਵੱਲੋਂ ਡੀ ਐੱਮ ਸੀ ਹਸਪਤਾਲ ਲੁਧਿਆਣਾ ਵਿਖੇ ਭਰਤੀ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਇਲਾਜ ਦੌਰਾਨ ਮੌਤ ਹੋ ਗਈ।ਅੱਜ ਸਬ-ਇੰਸਪੈਕਟਰ ਸੁੱਚਾ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦੇ ਜੱਦੀ ਪਿੰਡ ਰਾਜਕੇ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਇਸ ਮੌਕੇ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਉਨ੍ਹਾਂ ਨੂੰ ਸਲਾਮੀ ਦਿੱਤੀ ਗਈ।ਇਸ ਮੌਕੇ ਪ੍ਰੀਤਮ ਸਿੰਘ ਸਾਬਕਾ ਸਰਪੰਚ ਰਾਜੇਕੇ, ਦਲਬੀਰ ਸਿੰਘ ਸਰਪੰਚ ਰਾਜੇਕੇ, ਸਰਪੰਚ ਕੁਲਦੀਪ ਸਿੰਘ ਮਹਿਮੇਚੱਕ, ਜੋਤੀ ਸਰਪੰਚ ਬੰਬ, ਪ੍ਰਧਾਨ ਜਗਮੀਤ ਸਿੰਘ ਸ਼ਾਹਪੁਰ ਜਾਜਨ, ਅੰਮ੍ਰਿਤ ਭਿੰਡਰ, ਸਰਬਜੀਤ ਸਿੰਘ ਸਾਬਾ ਰਾਜੇਕੇ, ਮਾਸਟਰ ਜਗਦੀਸ਼ ਸਿੰਘ, ਜਰਨੈਲ ਸਿੰਘ, ਬਾਬਾ ਪ੍ਰੇਮ ਸਿੰਘ ਅਤੇ ਹੋਰ ਇਲਾਕੇ ਭਰ ਤੋਂ ਪਹੁੰਚੇ ਲੋਕਾਂ ਵੱਲੋਂ ਸਬ-ਇੰਸਪੈਕਟਰ ਸੁੱਚਾ ਸਿੰਘ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ।

## ਅਕਾਲੀ ਦਲ (ਮਾਨ) ਵੱਲੋਂ ਕੁਲਵੰਤ ਸਿੰਘ ਕੋਟਲਾ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸ਼੍ਰੋਮਣੀ ਅਕਾਲੀ ਦਲ (ਮਾਨ) ਵੱਲੋਂ ਪਾਰਟੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਵਿਧਾਨ ਸਭਾ ਹਲਕਾ ਮਜੀਠਾ ਅੰਦਰ ਆਪਣੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਟਕਸਾਲੀ ਆਗੂ ਭਾਈ ਕੁਲਵੰਤ ਸਿੰਘ ਕੋਟਲਾ ਗੁੱਜਰਾਂ ਨੂੰ ਪਾਰਟੀ ਹਾਈ ਕਮਾਂਡ ਵੱਲੋਂ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਜਿਨ੍ਹਾਂ ਨੂੰ ਹਰਪਾਲ ਸਿੰਘ ਬਲੇਰ, ਭਾਈ ਅਮਰੀਕ ਸਿੰਘ ਨੰਗਲ ਮਾਝਾ ਜ਼ੋਨ ਜਥੇਬੰਦਕ ਸਕੱਤਰ, ਸ਼ਮਸ਼ੇਰ ਸਿੰਘ ਬਰਾੜ ਜ਼ਿਲਾ ਪ੍ਰਧਾਨ, ਕੁਲਵੰਤ ਸਿੰਘ ਮਝੈਲ ਮੰਜਿਆਂਵਾਲੀ ਜ਼ਿਲ੍ਹਾ ਪ੍ਰਧਾਨ ਪਠਾਨਕੋਟ ਅਤੇ ਮਨਪ੍ਰੀਤ ਸਿੰਘ ਆਜ਼ਾਦ ਦਫਤਰ ਸਕੱਤਰ ਆਦਿ ਨੇ ਨਿਯੁਕਤੀ ਪੱਤਰ ਦਿੰਦੇ ਹੋਏ ਪਾਰਟੀ ਲਈ ਵੱਧ ਚੜ੍ਹ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਭਾਈ ਕੋਟਲਾ ਨੇ ਕਿਹਾ ਕਿ ਉਹ ਪਾਰਟੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਮੈਨੂੰ ਅੰਮ੍ਰਿਤਸਰ ਜ਼ਿਲ੍ਹੇ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 1989 ਤੋਂ ਲੈ ਕੇ ਅੱਜ ਦੇ ਦਿਨਾਂ ਤੱਕ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਵਫਾਦਾਰ ਸਿਪਾਹੀ ਬਣ ਕੇ ਕੰਮ ਕੀਤਾ ਅਤੇ ਹਲਕਾ ਮਜੀਠਾ ਵਿੱਚ 2010 ਤੋਂ ਬਤੌਰ ਹਲਕਾ ਇੰਚਾਰਜ ਵਜੋਂ ਕੌਮ ਤੇ ਪੰਥ ਦੀ ਸੇਵਾ ਕੀਤੀ ਹੈ।ਉਨ੍ਹਾਂ ਅੱਗੇ ਕਿਹਾ ਕਿ ਮੈਂ ਆਪਣੀ ਜ਼ਿੰਮੇਵਾਰੀ ਸਮਝਦਾ ਹੋਇਆ ਰਾਤ-ਦਿਨ ਮਿਹਨਤ ਕਰਕੇ ਪਾਰਟੀ ਨੂੰ ਬੁਲੰਦੀਆਂ ਵੱਲ ਲੈ ਕੇ ਜਾਵਾਂਗਾ ਅਤੇ ਅਨੁਸ਼ਾਸਨ ਵਿੱਚ ਰਹਿ ਕੇ ਕੰਮ ਕਰਾਂਗਾ।ਇਸ ਮੌਕੇ ਦਵਿੰਦਰ ਸਿੰਘ ਫਤਾਹਪੁਰ ਜ਼ਿਲ੍ਹਾ ਜਥੇਬੰਦਕ ਸਕੱਤਰ, ਹਰਮਨਦੀਪ ਸਿੰਘ ਸੁਲਤਾਨਵਿੰਡ ਸ਼ਹਿਰੀ ਪ੍ਰਧਾਨ, ਬੀਬੀ ਬਲਜਿੰਦਰ ਕੌਰ ਸੰਧੂ, ਸਿਮਰਨਜੀਤ ਸਿੰਘ ਢੱਲਾ, ਉਪਕਾਰ ਸਿੰਘ ਸੰਧੂ ਜਨਰਲ ਸਕੱਤਰ ਪੰਜਾਬ, ਜਸਕਰਨ ਸਿੰਘ ਨੰਗਲ ਰਵੀ ਸ਼ੇਰ ਸਿੰਘ, ਅਵਤਾਰ ਸਿੰਘ ਅਜਨਾਲਾ ਆਦਿ ਹਾਜ਼ਰ ਸਨ।

## ਸੈਣੀ ਨੇ ਜੁਲਾਨਾ ਵਾਸੀਆਂ ਨੂੰ ਦਿੱਤੀ ਕਰੋੜਾਂ ਰੁਪਏ ਦੀ ਸੌਗਾਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਜੁਲਾਨਾ ਵਿਧਾਨ ਸਭਾ ਵਾਸੀਆਂ ਨੂੰ ਕਰੋੜਾਂ ਰੁਪਏ ਦੀਆਂ ਵਿਕਾਸ ਪਰਿਯੋਜਨਾਵਾਂ ਦੀ ਸੌਗਾਤ ਦਿੱਤੀ ਹੈ। ਉਨ੍ਹਾਂ ਜੁਲਾਨਾ ਵਿੱਚ 30 ਕਰੋੜ ਰੁਪਏ ਦੀ ਲਾਗਤ ਨਾਲ ਸਬ-ਡਵੀਜ਼ਨਲ ਕੰਪਲੈਕਸ ਦਾ ਨਿਰਮਾਣ ਕਰਵਾਉਣ ਦਾ ਐਲਾਨ ਕੀਤਾ। ਨਾਲ ਹੀ ਜੁਲਾਨਾ ਵਿਧਾਨ ਸਭਾ ਖੇਤਰ ਵਿੱਚ ਵੱਖ-ਵੱਖ ਪਿੰਡਾਂ ਵਿੱਚ ਮਾਈਨਰਾਂ ਦੇ ਮੁੜ ਨਿਰਮਾਣ ਨਾਲ ਸਬੰਧਤ ਕੁੱਲ 9 ਕੰਮਾਂ ਲਈ 15.71 ਕਰੋੜ ਰੁਪਏ ਦਾ ਐਲਾਨ ਕੀਤਾ। ਪੇਯਜਲ ਤੇ ਜਲ ਸਪਲਾਈ ਯੋਜਨਾਵਾਂ ਲਈ ਵੀ ਮੁੱਖ ਮੰਤਰੀ ਨੇ 12 ਕੰਮਾਂ ਲਈ 25 ਕਰੋੜ ਰੁਪਏ ਦਾ ਐਲਾਨ ਕੀਤਾ।ਮੁੱਖ ਮੰਤਰੀ ਨੇ ਇਹ ਐਲਾਨ ਸ਼ਨੀਵਾਰ ਜੁਲਾਨਾ ਵਿਧਾਨ ਸਭਾ ਦੇ ਪਿੰਡ ਨੰਦਗੜ੍ਹ ਵਿੱਚ ਆਯੋਜਿਤ ਪ੍ਰੋਗਰਾਮ ਦੌਰਾਨ ਕੀਤਾ। ਪ੍ਰੋਗਰਾਮ ਵਿੱਚ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਵੀ ਮੌਜੂਦ ਰਹੀ।


**AXIS BANK** Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025
Registered Office: 'Trishul', 3rd floor, opposite Samartheswar Temple, Law garden, Ellisbridge, Ahmadabad-380006

**ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਇਨਾਂਸੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ | ਐੱਨ ਪੀ ਏ/ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ / ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ 'ਚ) |
|---|---|---|
| 1. | 1. ਸੂਰਜ ਚਾਵਲਾ ਪੁੱਤਰ ਸ੍ਰੀ ਕੀਮਤੀ ਲਾਲ (ਕਰਜ਼ਦਾਰ/ਰਹਿਣਕਾਰ) ਅਤੇ 2 ਸ੍ਰੀਮਤੀ ਰਣਜੀਤ ਕੌਰ ਪਤਨੀ ਸੂਰਜ ਚਾਵਲਾ (ਸਹਿ-ਕਰਜ਼ਦਾਰ) | 10.04.2025/25.04.2025<br>18 ਜੁਲਾਈ 2025<br>ਰੁ. 14,22,719.21/- (ਚੌਦਾਂ ਲੱਖ ਬਾਈ ਹਜ਼ਾਰ ਸੱਤ ਸੌ ਉਨੀ ਰੁਪਏ ਅਤੇ ਬਾਰਾਂ ਪੈਸੇ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਵਸੀਕਾ ਨੰ. 2019-2020/93/1/11252 ਮਿਤੀ 18.11.2019 ਰਾਹੀਂ ਸੂਰਜ ਚਾਵਲਾ ਪੁੱਤਰ ਕੀਮਤੀ ਲਾਲ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਪਲਾਟ ਮਕਾਨ ਪ੍ਰਾਈਵੇਟ ਨੰ. 297 ਮਿਨ, ਰਕਬਾ ਕੁਲ ਖੇਤਰ 100 ਵਰਗ ਗਜ਼, ਖਸਰਾ ਨੰ. 18//2,18/13 ਮਿਨ, ਖੱਤਾ/ਖਤੌਨੀ ਨੰ. 173/273, 174/274, ਜਮ੍ਹਾਂਬੰਦੀ ਸਾਲ 2012-2013, ਰਕਬਾ ਰੱਖ ਸ਼ਿਕਾਰਗਾਹ, ਅਬਾਦੀ ਮੂਨ ਐਵੇਨਿਊ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਸੜਕ 20 ਫੁੱਟ ਚੌੜੀ, ਪੱਛਮ : ਪਲਾਟ ਨੰ. 296 ਮਿਨ, ਉੱਤਰ : ਪਲਾਟ ਨੰ. 297 ਮਿਨ ਦਾ ਬਾਕੀ ਹਿੱਸਾ, ਦੱਖਣ : ਪਲਾਟ ਨੰ. 298

ਮਿਤੀ : 20.07.2025, ਸਥਾਨ : ਅੰਮ੍ਰਿਤਸਰ, ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



**ਸ਼੍ਰੇਯਾਂਸ ਇੰਡਸਟਰੀਜ਼ ਲਿਮਿਟੇਡ**
ਰਜ਼ਿ ਦਫ਼ਤਰ ਪਿੰਡ ਭੋਲਾਪੁਰ, ਡਾਕਖਾਨਾ ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ 141123
Tel.: +91 - 9876100948, CIN: L17115PB1979PLC003994
E-mail : atl@shreyansgroup.com, Website: www.shreyansgroup.com

ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 45ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਮੰਗਲਵਾਰ 12 ਅਗਸਤ, 2025 ਨੂੰ ਸਵੇਰੇ 11:00 ਵਜੇ ਕੰਪਨੀ ਦੇ ਰਜ਼ਿਸਟਰਡ ਦਫਤਰ ਪਿੰਡ ਭੋਲਾਪੁਰ ਪੀ.ਓ. ਸਾਹਬਾਨਾ, ਚੰਡੀਗੜ੍ਹ ਰੋਡ, ਲੁਧਿਆਣਾ-141123 ਵਿਖੇ ਨਿਰਧਾਰਤ ਕੀਤੀ ਗਈ ਹੈ। ਸੂਚਿਤ ਕੀਤਾ ਜਾਂਦਾ ਹੈ ਕੇ ਬੁੱਧਵਾਰ 6 ਅਗਸਤ 2025 ਤੋਂ ਮੰਗਲਵਾਰ 12 ਅਗਸਤ 2025 (ਦੋਵੇਂ ਦਿਨ ਸਮੇਤ) ਕੰਪਨੀ ਦੇ ਮੈਂਬਰ ਰਜ਼ਿਸਟਰ ਅਤੇ ਸ਼ੇਅਰ ਟ੍ਰਾਂਸ਼ਫਰ ਬੁਕਸ ਉਪਰੋਕਤ AGM ਅਤੇ ਡਿਵੀਡੈਂਡ ਦੇ ਸਬੰਧ ਵਿੱਚ ਬੰਦ ਰਹਿਣਗੇ।

45ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਦੇ ਨੋਟਿਸ ਵਿੱਚ ਦਿੱਤਾ ਗਿਆ ਬਿਜ਼ਨੈਸ ਈ-ਵੋਟਿੰਗ ਦੇ ਮਾਧਿਅਮ ਰਾਹੀ ਪਾਸ ਕੀਤਾ ਜਾ ਸਕਦਾ ਹੈ।ਰਿਮੋਟ ਈ-ਵੋਟਿੰਗ ਸ਼ੁੱਕਰਵਾਰ 8 ਅਗਸਤ, 2025 ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗੀ ਅਤੇ ਸੋਮਵਾਰ 11 ਅਗਸਤ, 2025 ਨੂੰ ਸ਼ਾਮ 5.00 ਵਜੇ ਬੰਦ ਹੋ ਜਾਵੇਗੀ। ਕੰਪਨੀ ਦੇ ਮੈਂਬਰ ਜਿਨ੍ਹਾਂ ਕੋਲ ਕੱਟ ਆਫ ਮਿਤੀ 5 ਅਗਸਤ, 2025 ਨੂੰ ਭੌਤਿਕ ਜਾਂ ਡੀਮੈਟੀਰੀਅਲਾਈਜ਼ ਰੂਪ ਵਿੱਚ ਕੰਪਨੀ ਦੇ ਸ਼ੇਅਰ ਹੋਣਗੇ ਉਹ ਆਪਣੀ ਵੋਟ ਸੈਂਟ੍ਰਲ ਡਿਪਾਜ਼ਟਰੀ ਸਰਵਿਸਜ (ਇੰਡੀਆ) ਲਿਮ. (CDSL) ਜਾਂ ਮੀਟਿੰਗ ਵਿੱਚ ਬੈਲੱਟ ਪੇਪਰ ਰਾਹੀਂ ਪਾ ਸਕਦੇ ਹਨ। ਕੋਈ ਵਿਅਕਤੀ ਜੋ ਕੰਪਨੀ ਦੁਆਰਾ AGM ਦੇ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਪ੍ਰਾਪਤ ਕਰਦਾ ਹੈ ਅਤੇ ਕੱਟ ਆਫ ਮਿਤੀ 5 ਅਗਸਤ, 2025 ਤੱਕ ਰੱਖਦਾ ਹੈ ਉਹ cs@shreyansgroup.com ਤੇ ਸੰਪਰਕ ਕਰਕੇ ਈ-ਵੋਟਿੰਗ ਲਈ ਆਪਣੀ ਲਾਗਿਨ ਆਈਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਉਪਰੋਕਤ ਦਿੱਤੀ ਟਾਈਮ ਲਾਈਨ ਤੋਂ ਬਾਅਦ CDSL ਦੁਆਰਾ ਈ-ਵੋਟਿੰਗ ਬੰਦ ਕਰ ਦਿੱਤੀ ਜਾਵੇਗੀ ਅਤੇ ਈ-ਵੋਟਿੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

AGM ਵਿੱਚ ਬੈਲੱਟ ਪੇਪਰ ਰਾਂਹੀ ਵੋਟਿੰਗ ਕਰਨ ਦੀ ਸੁਵਿਧਾ ਹੋਵੇਗੀ। ਜਿਨਾਂ ਮੈਂਬਰਾਂ ਨੇ ਰਿਮੋਟ ਈ-ਵੋਟਿੰਗ ਦੁਆਰਾ ਵੋਟਿੰਗ ਨਹੀਂ ਕੀਤੀ ਉਹ ਮੀਟਿੰਗ ਵਿੱਚ ਵੋਟਿੰਗ ਕਰ ਸਕਦੇ ਹਨ। ਜਿਨ੍ਹਾਂ ਮੈਂਬਰਾਂ ਨੇ ਪਹਿਲਾਂ ਹੀ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾ ਦਿੱਤੀ ਹੋਵੇਗੀ ਉਹ AGM ਵਿੱਚ ਹਿੱਸਾ ਲੈ ਸਕਦੇ ਹਨ ਪਰ ਉਹਨਾਂ ਨੂੰ ਦੋਬਾਰਾ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਕੱਟ ਆਫ ਮਿਤੀ ਨੂੰ ਜਿਨ੍ਹਾਂ ਵਿਅਕਤੀਆਂ ਦੇ ਨਾਮ ਮੈਂਬਰ ਰਜ਼ਿਸਟਰ ਜਾ ਡਿਪਾਜ਼ਟਰੀ ਦੇ ਬੇਨੇਫਿਸ਼ਿਅਲ ਓਨਰਜ਼ ਰਜ਼ਿਸਟਰ ਵਿੱਚ ਦਰਜ਼ ਹੋਣਗੇ ਕੇਵਲ ਉਹਨਾਂ ਨੂੰ ਹੀ ਰਿਮੋਟ ਈ-ਵੋਟਿੰਗ ਅਤੇ ਬੈਲੱਟ ਪੇਪਰ ਰਾਹੀਂ ਵੋਟਿੰਗ ਦਾ ਅਧੀਕਾਰ ਹੋਵੇਗਾ।

AGM ਨੋਟਿਸ, ਵੋਟਿੰਗ ਸੰਬੰਧੀ ਵੇਰਵਾ ਅਤੇ ਸਲਾਨਾ ਰਿਪੋਰਟ 2024-25 ਈ-ਮੈਲ ਰਾਹੀਂ ਉਹਨਾਂ ਮੈਂਬਰਾਂ ਨੂੰ ਭੇਜੀ ਗਈ ਹੈ ਜਿਨ੍ਹਾਂ ਦੀਆਂ ਈ-ਮੇਲ ID ਕੰਪਨੀ ਦੇ ਨਾਲ ਰਜਿਸਟਰਡ ਹਨ। AGM ਨੋਟਿਸ ਅਤੇ ਸਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.shreyansgroup.com, ਸਟਾਕ ਐਕਸਚੈਂਜਾਂ ਦੀ ਵੈਬਸਾਈਟ www.bseindia.com ਅਤੇ www.nseindia.com ਅਤੇ CDSL ਦੀ ਵੈੱਬਸਾਈਟ www.evotingindia.com ਤੇ ਉਪਲੱਬਧ ਹੈ।

ਰਿਮੋਟ ਈ-ਵੋਟਿੰਗ ਸੰਬੰਧੀ ਕਿਸੇ ਜਾਣਕਾਰੀ / ਸ਼ਿਕਾਇਤ ਲਈ ਉਪਰੋਕਤ ਈ-ਮੇਲ ਆਈਡੀ ਜਾਂ ਪਤੇ ਤੇ ਸੰਪਰਕ ਕੀਤਾ ਜਾ ਸਕਦਾ ਹੈ।

ਬਾ ਹੁਕਮ ਬੋਰਡ
ਲਈ ਸ਼੍ਰੇਯਾਂਸ ਇੰਡਸਟਰੀਜ਼ ਲਿਮਿਟੇਡ
ਸਹੀ/
ਪਰਮਿੰਦਰ ਸਿੰਘ
ਕੰਪਨੀ ਸਕੱਤਰ
ACS 43115

ਸਥਾਨ : ਲੁਧਿਆਣਾ
ਮਿਤੀ : 19-07-2025



AXIS BANK ਐਕਸਿਸ ਬੈਂਕ ਲਿਮਟਿਡ : ਰਿਟੇਲ ਐੱਸਟ ਸੈਂਟਰ : ਦੂਜੀ ਤੇ ਤੀਜੀ ਮੰਜ਼ਲ, ਜਾਇਦਾਦ ਨੰ. #7-ਈ, ਮਿਉਂਨਸਪਲ 2903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001
ਰਜਿਸਟਰਡ ਦਫ਼ਤਰ : 'ਤ੍ਰਿਸ਼ੂਲ' ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

**ਅੰਤਿਕ IV [ਹਵਾਲਾ ਨਿਯਮ-8 (1)] ਕਬਜ਼ਾ ਨੋਟਿਸ (ਅੱਚਲ ਜਾਇਦਾਦ ਵਾਸਤੇ)**

ਜਦੋਂਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਤੇ ਸਕਿਉਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 7 ਫਰਵਰੀ 2025 ਨੂੰ ਡਿਮਾਂਡ ਨੋਟਿਸ ਜਾਰੀ ਕਰਦਿਆਂ ਮੈਸ: ਹਰਕੀਰਤ ਫੈਬ ਟੈਕਸ ਰਾਹੀਂ ਇਸ ਦੇ ਪ੍ਰੋਪਰਾਈਟਰ ਸ੍ਰੀ ਪ੍ਰਮਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਨੂੰ 29 ਜਨਵਰੀ 2025 'ਤੇ ਬਕਾਇਆ ਰਕਮ ਰੁ. 1,60,21,115/- (ਇੱਕ ਕਰੋੜ ਸੱਠ ਲੱਖ ਇੱਕੀ ਹਜ਼ਾਰ ਇੱਕ ਸੌ ਪੰਦਰਾਂ ਰੁਪਏ ਕੇਵਲ) ਸਮੇਤ ਭਵਿੱਖੀ ਅਣਲਾਗੂ ਵਿਆਜ ਅਤੇ ਇਸ ਉਪਰ ਲਾਗਤਾਂ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਦਾ ਸੱਦਾ ਦਿੱਤਾ ਸੀ।

ਉਕਤ ਦਰਸਾਏ ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 17 ਜੁਲਾਈ 2025 ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਉਪਰੋਕਤ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦਾਂ ਸੰਬੰਧੀ ਸੌਦੇਬਾਜੀ ਨਾ ਕੀਤੇ ਜਾਣ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦਾਂ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਸੌਦੇਬਾਜੀ ਐਕਸਿਸ ਬੈਂਕ ਲਿਮਟਿਡ ਦੀ 29 ਜਨਵਰੀ 2025 ਨੂੰ ਬਕਾਇਆ ਰਕਮ ਰੁ. 1,60,21,115/- (ਇੱਕ ਕਰੋੜ ਸੱਠ ਲੱਖ ਇੱਕੀ ਹਜ਼ਾਰ ਇਕ ਸੌ ਪੰਦਰਾਂ ਰੁਪਏ ਕੇਵਲ) ਸਮੇਤ ਇਸ ਉਪਰ ਅਦਾਇਗੀ ਦੀ ਮਿਤੀ ਤੱਕ ਇਕਰਾਰਨਾਮੇ ਦੀ ਦਰ ਅਨੁਸਾਰ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਹੇਠ ਹੋਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦਾਂ ਦਾ ਵੇਰਵਾ**

ਜਾਇਦਾਦ ਨੰ. 1 : ਦੁਕਾਨ ਨੰ. 64, ਐੱਮ ਸੀ ਐੱਲ ਨੰ. ਬੀ-7-486/64, ਰਕਬਾ 17-7/9 ਵਰਗ ਗਜ਼ (ਪਹਿਲੀ ਮੰਜ਼ਲ 'ਤੇ), ਪਿੰਡ ਗੁਰੂ ਨਾਨਕ ਸ਼ਾਪਿੰਗ ਕੰਪਲੈਕਸ, ਡਾ. ਗੁੱਜਰ ਮੱਲ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਸੜਕ, ਪੱਛਮ : ਗਲੀ, ਉੱਤਰ : ਦੁਕਾਨ ਨੰ. 63, ਦੱਖਣ : ਦੁਕਾਨ ਨੰ. 65

ਜਾਇਦਾਦ ਨੰ. 2 : ਵਪਾਰਕ ਜਾਇਦਾਦ ਦੁਕਾਨ ਨੰ. 63 ਨਾਲ ਸੰਬੰਧਤ, ਐੱਮ ਸੀ ਐੱਲ ਨੰ. ਬੀ-7-486/63, ਵਰਗ ਗਜ਼ (ਪਹਿਲੀ ਮੰਜ਼ਲ 'ਤੇ), ਪਿੰਡ ਗੁਰੂ ਨਾਨਕ ਸ਼ਾਪਿੰਗ ਕੰਪਲੈਕਸ, ਡਾ. ਗੁੱਜਰ ਮੱਲ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢ, ਪੱਛਮ : ਆਮ ਰਸਤਾ, ਉੱਤਰ : ਦੁਕਾਨ ਨੰ. 62, ਦੱਖਣ : ਦੁਕਾਨ ਨੰ. 64

ਜਾਇਦਾਦ ਨੰ. 3 : ਵਪਾਰਕ ਜਾਇਦਾਦ ਦੁਕਾਨ ਨੰ. 75 ਨਾਲ ਸੰਬੰਧਤ, ਐੱਮ ਸੀ ਐੱਲ ਨੰ. ਬੀ-7-486, ਰਕਬਾ 20-5/9 ਵਰਗ ਗਜ਼ (ਪਹਿਲੀ ਮੰਜ਼ਲ 'ਤੇ), ਪਿੰਡ ਗੁਰੂ ਨਾਨਕ ਸ਼ਾਪਿੰਗ ਕੰਪਲੈਕਸ, ਡਾ. ਗੁੱਜਰ ਮੱਲ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਸੜਕ, ਪੱਛਮ : ਗਲੀ, ਉੱਤਰ : ਦੁਕਾਨ ਨੰ. 76, ਦੱਖਣ : ਦੁਕਾਨ ਨੰ. 74

ਜਾਇਦਾਦ ਨੰ. 4 : ਵਪਾਰਕ ਜਾਇਦਾਦ ਦੁਕਾਨ ਨੰ. 74 ਨਾਲ ਸੰਬੰਧਤ, ਐੱਮ ਸੀ ਐੱਲ ਨੰ. ਬੀ-7-486/76, ਰਕਬਾ 19-4/9 ਵਰਗ ਗਜ਼ (ਪਹਿਲੀ ਮੰਜ਼ਲ 'ਤੇ), ਪਿੰਡ ਗੁਰੂ ਨਾਨਕ ਸ਼ਾਪਿੰਗ ਕੰਪਲੈਕਸ, ਡਾ. ਗੁੱਜਰ ਮੱਲ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਸੜਕ, ਪੱਛਮ : ਗਲੀ, ਉੱਤਰ : ਦੁਕਾਨ ਨੰ. 77, ਦੱਖਣ ਦੁਕਾਨ ਨੰ. 75

ਮਿਤੀ : 17.07.2025 ਅਧਿਕਾਰਤ ਅਫਸਰ,
ਸਥਾਨ : ਲੁਧਿਆਣਾ ਐਕਸਿਸ ਬੈਂਕ ਲਿਮਟਿਡ


# ਕਲਾਸੀਫਾਈਡ ਇਸ਼ਤਿਹਾਰ


## Public Notice

I, Dinesh Sharma S/o Surinder Sharma R/o H.No. 485/21, Islamabad Mohalla Gurdaspur, Tehsil/Distt. Gurdaspur, Pin-143521, Punjab, India, declare that is known my name Dinesh and Dinesh Sharma. Both name's are one and same Person.

## ਆਮ ਸੂਚਨਾ

ਮੈਂ, ਰਾਜਵਿੰਦਰ ਕੌਰ ਪਤਨੀ ਰਜਿੰਦਰ ਸਿੰਘ ਕੰਗ ਵਾਸੀ ਮਕਾਨ ਨੰ. 1157, ਅੰਮ੍ਰਿਤ ਵਿਹਾਰ, ਨਜ਼ਦੀਕ ਵੇਰਕਾ ਮਿਲਕ ਪਲਾਂਟ, ਮਕਸੂਦਾਂ, ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਮੇਰੇ ਭਰਾ-ਭਰਜਾਈ ਸੁਖਵਿੰਦਰ ਕੌਰ ਉਰਫ ਗੋਪੀ ਪਤਨੀ ਬਲਜਿੰਦਰ ਸਿੰਘ ਅਤੇ ਬਲਜਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ ਵਾਸੀਆਨ ਵਾਸੀ ਪਿੰਡ ਕਾਕੜ ਕਲਾਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨਾਲ ਕੋਈ ਵੀ ਸੰਬੰਧ-ਵਾਸਤਾ ਨਹੀਂ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੀਤ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਮਹਿਮਦਪੁਰ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ, ਉਸ ਦੀ ਪਤਨੀ ਮਨਪ੍ਰੀਤ ਕੌਰ ਮੇਰੇ ਕਹਿਣੇਕਾਰ ਨਹੀਂ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਅਤੇ ਇਨ੍ਹਾਂ ਦੇ ਬੱਚਿਆਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਵੀਰ ਗਿੱਲ ਪੁੱਤਰ ਸ੍ਰੀ ਰਫੀਕ ਮਸੀਹ ਵਾਸੀ ਭਟਨੂਰਾ ਕਲਾਂ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੈਂ ਮਿਤੀ 03.02.2024 ਨੂੰ ਰੋਜ਼ਾਨਾ ਅਕਾਲੀ ਪੱਤ੍ਰਕਾ ਅਖਬਾਰ ਦੇ ਰਾਹੀਂ ਆਪਣੇ ਲੜਕੇ ਸ਼ੈਲੀ ਗਿੱਲ ਅਤੇ ਨੂੰਹ ਕੁਲਵਿੰਦਰ ਕੌਰ ਨੂੰ ਲੜਾਈ ਝਗੜੇ ਕਾਰਨ ਅਤੇ ਕਹਿਣੇਕਾਰ ਨਾ ਹੋਣ ਕਰਕੇ ਆਪਣੀ ਚੱਲ ਵਾ ਅਚੱਲ ਸੰਪਤੀ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਪੁਰਤਗਾਲ ਰਹਿੰਦੇ ਲੜਕੇ ਸ਼ੈਲੀ ਗਿੱਲ ਨੇ ਮੁਆਫੀ ਮੰਗ ਲਈ ਹੈ ਅਤੇ ਅੱਗੇ ਤੋਂ ਆਗਿਆਕਾਰੀ ਹੋਣ ਦਾ ਵਿਸ਼ਵਾਸ਼ ਦਿਵਾਇਆ ਹੈ, ਸੋ ਮੈਂ ਆਪਣੇ ਲੜਕੇ ਸ਼ੈਲੀ ਗਿੱਲ ਖ਼ਿਲਾਫ਼ ਬੇਦਖਲੀ ਨੂੰ ਵਾਪਿਸ ਲੈਂਦਾ ਹਾਂ। ਪਰ ਮੇਰੀ ਨੂੰਹ ਕੁਲਵਿੰਦਰ ਕੌਰ ਉਕਤ ਨੋਟਿਸ ਅਨੁਸਾਰ ਮੇਰੀ ਚੱਲ ਵਾ ਅਚੱਲ ਸੰਪਤੀ ਤੋਂ ਬੇਦਖਲ ਰਹੇਗੀ। ਕੁਲਵਿੰਦਰ ਕੌਰ ਨੂੰਹ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਸਬੰਧ ਵਾਸਤਾ ਨਹੀਂ ਹੋਵੇਗਾ।

ਮੈਂ ਲਖਬੀਰ ਕੌਰ ਸਪੁੱਤਰੀ ਆਸਾ ਸਿੰਘ ਪਤਨੀ ਸਰਦੂਲ ਸਿੰਘ ਵਾਸੀ ਪਿੰਡ ਗੱਲੂਵਾਲ ਸਬ-ਤਹਿਸੀਲ ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਲਖਬੀਰ ਕੌਰ ਅਤੇ ਵੀਰੋ ਦੋਵੇਂ ਮੇਰੇ ਹੀ ਨਾਂਅ ਹਨ।ਮੈਨੂੰ ਦੋਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ ਰਾਜਵਿੰਦਰ ਕੌਰ ਸਪੁੱਤਰੀ ਆਸਾ ਸਿੰਘ ਪਤਨੀ ਸਰਦੂਲ ਸਿੰਘ ਵਾਸੀ ਪਿੰਡ ਗੱਲੂਵਾਲ ਸਬ ਤਹਿਸੀਲ ਅਟਾਰੀ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਰਾਜਵਿੰਦਰ ਕੌਰ ਅਤੇ ਦਲਬੀਰੋ ਦੋਵੇਂ ਮੇਰੇ ਹੀ ਨਾਂਅ ਹਨ।ਮੈਨੂੰ ਦੋਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਅੰਗਰੇਜ ਸਿੰਘ ਅਤੇ ਸ਼ੇਰ ਸਿੰਘ ਪੁੱਤਰਾਨ ਫੁਮਣ ਸਿੰਘ ਵਾਸੀਆਨ ਕੋਹਾਲੀ ਤਹਿ: ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਪਰ ਚੱਲਦਾ ਟਿਊਬਵੈੱਲ ਕੁਨੈਕਸ਼ਨ G-15391 ਜੋ ਸਮਸ਼ੇਰ ਸਿੰਘ ਪੁੱਤਰ ਫੁਮਣ ਸਿੰਘ ਵਾਸੀ ਕੋਹਾਲੀ ਦੇ ਨਾਂ ਪਰ ਕਰਨਾ ਹੈ ਜੋ ਇਸ ਬਾਰੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨ ਦੇ ਅੰਦਰ-ਅੰਦਰ ਐਸ.ਡੀ.ਓ. ਚੌਗਾਵਾਂ ਨਾਲ ਸੰਪਰਕ ਕਰੋ ਜੀ।

ਮੈਂ ਸਰਸੀ ਦੇਵੀ ਪਤਨੀ ਸ਼ਾਮਾ ਰਾਮ ਵਾਸੀ ਪਿੰਡ ਭੈਣੀ ਬਾਂਗਰ ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਪੰਜਾਬ ਐਂਡ ਸਿੰਧ ਬੈਂਕ ਬ੍ਰਾਂਚ ਕਾਦੀਆ ਵਿੱਚ ਮੇਰੇ ਖਾਤਾ ਨੰਬਰ 01291000007087 ਵਿੱਚ ਮੇਰਾ ਨਾਮ ਸਰਸਤੀ ਦੇਵੀ (Surasti Devi ) ਚੱਲ ਰਿਹਾ ਹੈ,ਜਦਕਿ ਮੇਰੇ ਆਧਾਰ ਕਾਰਡ ( 9590-2871-2311 ) ਸਮੇਤ ਸਾਰੇ ਦਸਤਾਵੇਜ਼ਾਂ ਵਿੱਚ ਮੇਰਾ ਨਾਮ ਸਰਸੀ ਦੇਵੀ (Sarsi Devi ) ਹੈ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਕਰਨੈਲ ਰਾਮ ਪੁੱਤਰ ਦੌਲਤ ਰਾਮ ਅਤੇ ਰਣਜੀਤ ਕੌਰ ਪਤਨੀ ਕਰਨੈਲ ਸਿੰਘ ਵਾਸੀ ਪਿੰਡ ਟੋਡਰਪੁਰ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਸ਼ਾਦੀਸ਼ੁਦਾ ਲੜਕਾ ਦਲਵੀਰ ਕੁਮਾਰ ਅਤੇ ਉਸਦੀ ਪਤਨੀ ਸਰਬਜੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਅਸੀ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ, ਕਿਸੇ ਨਾਲ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਦੇ ਖੁਦ ਜੁੰਮੇਵਾਰ ਹੋਣਗੇ। ਸਾਡੀ ਕੋਈ ਵੀ ਜੁੰਮੇਵਾਰੀ ਨਹੀ ਹੋਵੇਗੀ।

ਮੈਂ ਸਲੀਮ ਦੀਨ ਪੁੱਤਰ ਗੁਲਾਬ ਦੀਨ ਤੇ ਭੱਬੀ ਪਤਨੀ ਸਲੀਮ ਦੀਨ ਵਾਸੀ ਪਿੰਡ ਕਟਾਰੀਆਂ ਤਹਿਸੀਲ ਬੰਗਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਸ਼ੀਦ ਮੁਹੰਮਦ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਅਸੀ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ, ਕਿਸੇ ਨਾਲ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਦਾ ਖੁਦ ਜੁੰਮੇਵਾਰ ਹੋਵੇਗਾ। ਸਾਡੀ ਕੋਈ ਵੀ ਜੁੰਮੇਵਾਰੀ ਨਹੀ ਹੋਵੇਗੀ।

ਮੈ ਅਜੀਤ ਸਿੰਘ ਪੁੱਤਰ ਦਿਆਲ ਸਿੰਘ ਵਾਸੀ ਪਿੰਡ ਭਰੋਵਾਲ, ਤਹਿਸੀਲ ਖਡੂਰ ਸਾਹਿਬ, ਜਿਲਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੁਖਰਾਜ ਕੌਰ ਪਤਨੀ ਰਾਜਬੀਰ ਸਿੰਘ ਵਾਸੀ ਪਿੰਡ ਧਾਰੜ, ਤਹਿਸੀਲ ਤੇ ਜਿਲਾ ਅੰਮ੍ਰਿਤਸਰ ਮੇਰੇ ਕਹਿਣੇ ਤੋਂ ਬਾਹਰ ਹੈ ।ਮੈਂ ਆਪਣੀ ਲੜਕੀ ਸੁਖਰਾਜ ਕੌਰ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਾਰ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ ਰਮਾ ਸ਼ੰਕਰ ਪੁੱਤਰ ਹੀਰਾ ਠਾਕੁਰ ਵਾਸੀ ਮਕਾਨ ਨੰ. 133, ਹਿੰਦੋਸਤਾਨ ਕੋਲਡ ਸਟੋਰ,ਵੇਰਕਾ, ਅੰਮ੍ਰਿਤਸਰ,ਹਾਲ ਵਾਸੀ ਨੇੜੇ ਰੇਲਵੇ ਕਾਲੋਨੀ,ਵਿਸ਼ਕਰਮਾ ਕਾਲੋਨੀ,ਵੇਰਕਾ,ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਾਹੀਤੋਸ਼ ਕੁਮਾਰ ਅਤੇ ਉਸਦੀ ਪਤਨੀ ਮਮਤਾ ਦੇਵੀ ਦੋਵੇਂ ਮੇਰੇ ਕਹਿਣੇ ਸੁਨਣੇ ਤੋਂ ਬਾਹਰ ਹਨ, ਆਪਣੀ ਮਨ ਮਰਜੀਆਂ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਰਾਣੀ ਦੇਵੀ ਪਤਨੀ ਰਮਾ ਸ਼ੰਕਰ ਪੁੱਤਰ ਹੀਰਾ ਠਾਕੁਰ ਵਾਸੀ ਮਕਾਨ ਨੰ. 133, ਹਿੰਦੋਸਤਾਨ ਕੋਲਡ ਸਟੋਰ,ਵੇਰਕਾ, ਅੰਮ੍ਰਿਤਸਰ,ਹਾਲ ਵਾਸੀ ਨੇੜੇ ਰੇਲਵੇ ਕਾਲੋਨੀ,ਵਿਸ਼ਕਰਮਾ ਕਾਲੋਨੀ, ਵੇਰਕਾ, ਅੰਮ੍ਰਿਤਸਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮਾਹੀਤੋਸ਼ ਕੁਮਾਰ ਅਤੇ ਉਸਦੀ ਪਤਨੀ ਮਮਤਾ ਦੇਵੀ ਦੋਵੇਂ ਮੇਰੇ ਕਹਿਣੇ ਸੁਨਣੇ ਤੋਂ ਬਾਹਰ ਹਨ, ਆਪਣੀ ਮਨਮਰਜੀਆਂ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਲਖਵੀਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਫੱਤੋਵਾਲ, ਡਾਕਖਾਨਾ ਬੁੱਲ੍ਹੋਵਾਲ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਬਿਆਨ ਕਰਦਾ ਹਾਂ ਕਿ ਮੇਰੀਆਂ ਦੋ ਲੜਕੀਆਂ ਦੇਵੀਕਾ ਅਤੇ ਮਨੀਸ਼ਾ ਮੇਰੇ ਕਹਿਣੇ ਤੋਂ ਬਾਹਰ ਹਨ । ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (ਆਰ)

ਮੈਂ, ਨਿਰਮਲ ਦਾਸ ਪੁੱਤਰ ਦਲੀਪ ਚੰਦ ਵਾਸੀ ਪਿੰਡ ਲਾਂਬੜਾ ਅਬਾਦੀ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਕੁਮਾਰ ਅਤੇ ਮੇਰੀ ਨੂੰਹ ਕਿਰਨਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਭੁਪਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਅੱਡਾ ਭਿੱਖੀਵਿੰਡ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸਿਮਰਨਜੀਤ ਸਿੰਘ ਮੇਰੇ ਕੰਟਰੋਲ ਤੋਂ ਬਾਹਰ ਹੈ । ਮੈਂ ਉਸ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਰਾਜਬੀਰ ਸਿੰਘ ਪੁੱਤਰ ਕੁੰਨਣ ਸਿੰਘ ਵਾਸੀ ਪਹੂਵਿੰਡ ਤਹਿਸੀਲ ਭਿੱਖੀਵਿੰਡ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਸਨਦੀਪ ਸਿੰਘ ਮੇਰੇ ਕੰਟਰੋਲ ਤੋਂ ਬਾਹਰ ਹੈ । ਮੈਂ ਉਸ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਸੁਰਜੀਤ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਰਣੀਆ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ ਉਰਫ ਗੋਰਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਜਗਤਾਰ ਸਿੰਘ ਪੁੱਤਰ ਮੰਗਲ ਸਿੰਘ, ਵਾਸੀ ਸੀ-3, ਨਾਨਕਸਰ ਕਲੋਨੀ, ਪਿੰਡ ਢੁਡੀਆਂਵਾਲ, ਜ਼ਿਲਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਿਮਰਜੀਤ ਸਿੰਘ, ਉਸ ਦੀ ਪਤਨੀ ਸੁਮੀਤ ਵਾਲੀਆ ਅਤੇ ਪੋਤਾ ਆਗਮਪ੍ਰਤਾਪ ਸਿੰਘ, ਮੇਰੇ ਕਹਿਣੇਕਾਰ ਵਿੱਚ ਨਹੀਂ ਹਨ, ਜਿਸ ਕਰਕੇ ਮੈਂ ਇਹਨਾਂ ਸਾਰਿਆਂ ਨੂੰ ਆਪਣੀ ਤਮਾਮ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਅਮਰਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਅਤੇ ਭੁਪਿੰਦਰ ਕੌਰ ਪਤਨੀ ਅਮਰਜੀਤ ਸਿੰਘ ਵਾਸੀਆਨ 14/1771 ਨੇੜੇ ਪੋਸਟ ਆਫਿਸ, ਪੱਤੀ ਸੋਹਨ ਦੀ, ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗਗਨਪ੍ਰੀਤ ਸਿੰਘ ਉਰਫ ਗੈਰੀ ਮਾਹਲ, ਨੂੰਹ ਕਰਮਜੀਤ ਕੌਰ ਪਤਨੀ ਗਗਨਪ੍ਰੀਤ ਸਿੰਘ ਉਰਫ ਗੈਰੀ ਮਾਹਲ, ਪੋਤਰੀ ਦਾਹਬ ਕੌਰ ਪੁੱਤਰੀ ਗਗਨਪ੍ਰੀਤ ਸਿੰਘ ਉਰਫ ਗੈਰੀ ਮਾਹਲ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਲਖਵਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਸੇਖਵਾ ਪੱਤੀ, ਨਾਗਰਾ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਪਾਲ ਸਿੰਘ (ਜੱਸਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਲਾਲ ਸਿੰਘ ਪੁੱਤਰ ਲੇਟ ਚਰਨਜੀਤ ਸਿੰਘ ਵਾਸੀ ਢਪਈ, ਡਾਕ: ਢਪਈ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## Change of Name

I Shobha Mannan W/o Dr Rajesh Kumar Mannan R/o 112, Dilbagh Nagar, Basti Guzan, Jalandhar have changed my name as Shobha Sharma. All concerned may note please.

I, Ram Gopal S/o Swaran Singh R/o Village Haripur PO Chaggran Tehsil and Distt. Hoshiarpur Punjab have changed my name from Ram Gopal to Ram Gopal Singh. Concerned note.

I, Balbir Kaur W/o Ram Gopal Singh R/o Village Haripur PO Chaggran Tehsil and Distt. Hoshiarpur Punjab have changed my name from Balbir Kaur to Balvir Kaur. Concerned note.

I Des Raj Bhatia S/o Amar Chand Resident of H.No. 583, Abadpura, Jalandhar declare that have changed my name from Des Raj Bhatia to Des Raj. (B)

I Kamla Devi Bhatia W/o Des Raj Resident of H.No. 583, Abadpura, Jalandhar declare that I have changed my name from Kamla Devi Bhatia to Kamla Devi. (B)

I Poonam daughter of late Tarsam Lal resident of VPO Chomon Jalandhar Punjab,144103, have changed my name from poonam to purnima.

I, Tarandeep Singh S/o Harjinder Singh, resident of Ward No. 12, Lohian Khas, Jalandhar, have changed my name from Tarandeep Singh to Singh Tarandeep. I now use "Singh" as my surname and "Tarandeep" as my given name. All concerned are requested to take note.

I,Avtar Singh Dhaliwal S/O Dalip Singh R/O Nag Kalan, Amritsar, Punjab have changed my name from Avtar Singh Dhaliwal to Avtar Singh.Concerned note.

I, Chanchal Singh S/o Hazara Singh R/o Village Bhangwan Distt. Amritsar have changed my name from Chanchal Singh to Chainchal Singh.

I, Sarbjit Singh S/o Labh Singh R/o 5280, Jujhar Nagar, Verowal Road, Jandiala guru have declare that Singh is my Surname Sarbjit is my given name

I, Sukhvinder Singh S/o Mahinder Singh R/o Village Bharariwal Near Water Tanki Amritsar have changed my name from Sukhvinder Singh to Sukhwinder Singh

I, Manjeet Kaur W/o Avtar Singh, R/o H No 175, Gali No 5, Green Valley, Chheharta, Amritsar 143105 have changed my name from Manjeet Kaur to Manjeet Kaur Sahota

I, Priya Sharma W/o Sunil Kumar R/o H.No. 3, Chandan Nagar, Jalandhar, have changed my name from Permila Sharma to Priya Sharma and also that in my Aadhar Card, DOB is wrongly mentioned as 1971 but my actual DOB is 08-10-1974. Concerned note.

I, Raj alias Raj Kumari Widow of Ram Lal R/o H.No. 24, Ward No. 11, Mohalla Valmiki Garhdiwala, Tehsil Dasuya, Distt. Hoshiarpur, Punjab, declare that I Raj alias Raj Kumari is the one and same Person. It may please be treated in all documents. All concerned please note.

I, Karanpreet Singh S/o Jasvir Singh R/o Vill. Jhawa, Tehsil Tanda, Distt. Hoshiarpur, Punjab, have changed my name to Karanpreet Singh Bhath. Please note.

I, Sudesh Kumari W/o Jagir Singh R/o H.No. 12, Ward No. 6, Mankaur Simgh, Tehsil/Distt. Gurdaspur, Punjab-143521, have changed my name from Sudesh Kumari to Naresh Kumari.

I, Sarabjit Singh S/o Jaswant Singh R/o Vill. Mamrai, Tehsil Batala, Distt. Gurdaspur, Punjab have changed my name from Sarabjit Singh Wahla to Sarabjit Singh. Concerned Note.

I, Krishna Devi W/o Jagdutt Parshad R/o 23, Dashmesh Avenue, Nr. Majitha Railway Station, Majitha, Amritsar, Punjab-143601 have changed my name from Krishna Devi to Krishana Devi.

## ਨਾਂਅ ਦੀ ਬਦਲੀ

ਮੈਂ, ਖੁਸ਼ਰੰਜ ਢਿੱਲੋਂ ਪੁੱਤਰੀ ਗੁਰਬੀਰ ਸਿੰਘ ਢਿੱਲੋਂ ਵਾਸੀ ਬੀ-1076, ਨੇੜੇ ਗੋਬਿੰਦ ਪਾਰਕ, ਨਿਊ ਅੰਮ੍ਰਿਤਸਰ, ਅੰਮ੍ਰਿਤਸਰ, ਪੰਜਾਬ ਨੇ ਆਪਣਾ ਨਾਅ ਖੁਸ਼ਰੰਜ ਢਿੱਲੋਂ ਤੋਂ ਬਦਲ ਕੇ ਖੁਸ਼ਰੰਜ ਕੌਰ ਢਿੱਲੋਂ ਰੱਖ ਲਿਆ ਹੈ।

## ਬੇਦਖਲੀ ਨੋਟਿਸ

ਮੈਂ, ਧਰਮ ਸਿੰਘ ਪੁੱਤਰ ਹਜ਼ਾਰਾ ਸਿੰਘ ਵਾਸੀ ਪਿੰਡ ਤਲਵੰਡੀ ਖੁੰਮਣ, ਡਾਕਖਾਨਾ ਪਾਖਰਪੁਰਾ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਗਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

**'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।**

## ਚੰਦੂ ਨੰਗਲ ਵਿਖੇ ਹਜ਼ਰਤ ਸ਼ਾਹ ਜਲਾਲ ਅਲੀ ਪੀਰ ਦਾ ਸਾਲਾਨਾ ਦੋ ਰੋਜ਼ਾ ਉਰਸ ਕਰਵਾਇਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਥਾਨਕ ਕਸਬੇ ਦੇ ਨਜ਼ਦੀਕ ਪਿੰਡ ਚੰਦੂ ਨੰਗਲ ਵਿਖੇ ਵੱਸਣ ਪਰਿਵਾਰ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮੁੱਖ ਸੇਵਾਦਾਰ ਬੀਬੀ ਹਰਜਿੰਦਰ ਕੌਰ ਦੀ ਅਗਵਾਈ ਹੇਠ ਹਜ਼ਰਤ ਸ਼ਾਹ ਜਲਾਲ ਅਲੀ ਪੀਰ ਦਾ ਸਾਲਾਨਾ 2 ਰੋਜ਼ਾ ਉਰਸ ਬੜੀ ਸ਼ਰਧਾ ਤੇ ਧੂਮਧਾਮ ਨਾਲ ਕਰਵਾਇਆ ਗਿਆ।ਇਸ ਮੌਕੇ ਪਹਿਲੇ ਦਿਨ ਝੰਡੇ ਤੇ ਮਹਿੰਦੀ ਦੀ ਰਸਮ ਅਦਾ ਕਰਨ ਉਪਰੰਤ ਪ੍ਰਬੰਧਕਾਂ ਵੱਲੋਂ ਸ਼ਾਮ ਨੂੰ ਆਪਣੇ ਪਿੰਡ ਚੰਦੂ ਨੰਗਲ ਵਿੱਚ ਮਹਿਫਲ ਏ ਕੱਵਾਲੀ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕੱਵਾਲ ਮਲਕੀਤ ਕਾਦਰੀ ਐਂਡ ਪਾਰਟੀ ਮੇਘਾ ਨੇ ਖੂਬ ਰੰਗ ਬੰਨ੍ਹਿਆ।ਮੇਲੇ ਦੇ ਦੂਸਰੇ ਦਿਨ ਸਾਈਂ ਰਾਮੇ ਸ਼ਾਹ ਜੀ ਕਾਦਰੀ ਲਧਿਆਣੀ ਸ਼ਰੀਫ਼ ਦਸੂਹਾ, ਸਾਈਂ ਬੀਬੀ ਰਜਨੀ ਜੀ ਲਧਿਆਣੀ ਸ਼ਰੀਫ਼ ਦਸੂਹਾ, ਦਰਗਾਹ ਦੀ ਮੁੱਖ ਸੇਵਾਦਾਰ ਬੀਬੀ ਹਰਜਿੰਦਰ ਕੌਰ, ਥਾਣੇਦਾਰ ਪਲਵਿੰਦਰ ਸਿੰਘ ਵੱਸਣ, ਲੰਬੜਦਾਰ ਸੁਖਜਿੰਦਰ ਸਿੰਘ ਵੱਸਣ ਵੱਲੋਂ ਅਰਦਾਸ ਕਰਨ ਉਪਰੰਤ ਸੰਗਤਾਂ ਨੂੰ ਨਾਲ ਲੈ ਕੇ ਬਾਬਾ ਹਜ਼ਰਤ ਸ਼ਾਹ ਜਲਾਲ ਅਲੀ ਪੀਰ ਦੀ ਦਰਗਾਹ ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਵੱਸਣ ਪਰਿਵਾਰ ਵੱਲੋਂ ਦੁਪਹਿਰ ਨੂੰ ਮਹਿਫ਼ਲ-ਏ-ਕੱਵਾਲੀ ਸੂਫ਼ੀਆਨਾ ਮਹਿਫਲ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕੱਵਾਲ ਪ੍ਰੇਮ ਕੱਵਾਲ ਐਂਡ ਪਾਰਟੀ ਗੜ੍ਹਸ਼ੰਕਰ ਵਾਲਿਆਂ ਦੇ ਕੱਵਾਲ ਗਰੁੱਪ ਨੇ ਪੀਰਾਂ ਫਕੀਰਾਂ ਨੂੰ ਸਜਦਾ ਕੀਤਾ। ਇਸ ਮੌਕੇ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀ ਪ੍ਰਧਾਨ ਸ਼ਿਖਾ ਗੁਪਤਾ, ਹਰਜੀਤ ਸਿੰਘ ਵੱਸਣ, ਹਰਜਿੰਦਰ ਸਿੰਘ ਚੰਡੀਗੜ੍ਹ, ਕੁਲਬੀਰ ਸਿੰਘ ਚੰਡੀਗੜ੍ਹ, ਰੂਬੀ ਸਿੰਘ, ਲਵਪ੍ਰੀਤ ਸਿੰਘ ਆਸਟ੍ਰੇਲੀਆ, ਰਮਨਦੀਪ ਸਿੰਘ ਇਟਲੀ, ਸਨਦੀਪ ਸਿੰਘ ਇਟਲੀ, ਦਿਲਰਾਜ ਸਿੰਘ, ਬਚਨ ਸਿੰਘ ਵੱਸਣ, ਸੁਨੀਤਾ ਕੁਮਾਰੀ, ਤਰਸੇਮ ਸਿੰਘ ਬਟਾਲਾ, ਸੌਰਵ ਸ਼ਰਮਾ, ਸੰਨੂ ਮਕੈਨਿਕ, ਅਮਨ ਕੁਮਾਰ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਸੰਗਤਾਂ ਲਈ ਲੰਗਰ ਭੰਡਾਰਾ ਵੀ ਲਗਾਇਆ ਗਿਆ ।

## ਹਲਕਾ ਅਜਨਾਲਾ ਦੇ 34 ਪਿੰਡਾਂ 'ਚ ਨਵੇਂ ਖੇਡ ਮੈਦਾਨ ਉਸਾਰਨ ਲਈ 10.34 ਕਰੋੜ ਰੁਪਏ ਜਾਰੀ : ਧਾਲੀਵਾਲ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਭਾਰਤ-ਪਾਕਿ ਕੌਮਾਂਤਰੀ ਸਰਹੱਦ ਤੇ ਸਥਿਤ ਹਲਕਾ ਅਜਨਾਲਾ ਨੂੰ ਦਿੱਤੇ ਵੱਡੇ ਤੋਹਫੇ ਦੇ ਮੱਦੇਨਜ਼ਰ ਪਹਿਲੇ ਪੜਾਅ 'ਚ ਹਲਕੇ ਦੇ 34 ਪਿੰਡਾਂ ਵਿੱਚ ਮਾਡਲ ਖੇਡ ਮੈਦਾਨ ਬਣਾਏ ਜਾਣਗੇ ਅਤੇ ਇਨ੍ਹਾਂ ਖੇਡ ਮੈਦਾਨਾਂ ਦੇ ਨਿਰਮਾਣ ਕਾਰਜਾਂ ਲਈ ਬਕਾਇਦਾ ਮਾਨ ਸਰਕਾਰ ਵੱਲੋਂ 10.34 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਿਹਤਮੰਦ ਨੌਜਵਾਨ ਦੇਸ਼ ਤੇ ਸੂਬੇ ਦੀ ਪੂੰਜੀ ਹੁੰਦੇ ਹਨ ਪਰ ਸਾਬਕਾ ਕਾਂਗਰਸ ਤੇ ਅਕਾਲੀ ਭਾਜਪਾ ਸਰਕਾਰਾਂ ਵੱਲੋਂ ਨੌਜਵਾਨ ਵਿਰੋਧੀ ਨੀਤੀਆਂ ਕਾਰਨ ਇਸ ਕੌਮਾਂਤਰੀ ਸਰਹੱਦੀ ਤੇ ਪੱਛੜੇ ਹਲਕੇ ਸਮੇਤ ਪੰਜਾਬ ਦੇ ਹੋਰਨਾਂ ਹਿੱਸਿਆਂ ਦੇ ਨੌਜਵਾਨਾਂ 'ਚ ਖੇਡਾਂ ਦੀ ਰੁਚੀ ਪੈਦਾ ਕਰਨ ਲਈ ਪਿੰਡਾਂ 'ਚ ਆਧੁਨਿਕ ਸਹੂਲਤਾਂ ਨਾਲ ਭਰਪੂਰ ਖੇਡ ਮੈਦਾਨ ਉਸਾਰਨ ਦੀ ਬਜਾਏ ਵੋਟ ਦੀ ਰਾਜਨੀਤੀ ਤਹਿਤ ਨਸ਼ਿਆਂ ਦੇ ਸੌਦਾਗਰਾਂ ਨੂੰ ਨਸ਼ਿਆਂ ਦੇ ਧੰਦੇ 'ਚ ਕਥਿਤ ਤੌਰ 'ਤੇ ਸਰਪ੍ਰਸਤੀ ਦਿੱਤੀ ਗਈ।ਨੌਜਵਾਨ ਵਰਗ ਬੇਰੁਜ਼ਗਾਰੀ ਕਾਰਨ ਭਟਕਣ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਦਲਦਲ 'ਚ ਫਸ ਗਿਆ। ਸ: ਧਾਲੀਵਾਲ ਨੇ ਕਿਹਾ ਕਿ ਹੁਣ ਜਦੋਂ ਤੋਂ ਪੰਜਾਬ ਵਿੱਚ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਸਰਕਾਰ ਨੇ ਨੌਜਵਾਨਾਂ ਲਈ ਮੈਰਿਟ ਦੇ ਅਧਾਰ, ਬਿਨਾਂ ਰਿਸ਼ਵਤ ਤੇ ਸਿਫਾਰਸ਼ ਰੁਜ਼ਗਾਰ ਦੇ ਬੰਦ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਖੇਡਾਂ ਸਣੇ ਮਿਆਰੀ ਸਿੱਖਿਆ ਦੇ ਸਰਬਪੱਖੀ ਵਿਕਾਸ ਲਈ ਉਪਰਾਲੇ ਵਿੱਢੇ ਹੋਏ ਹਨ। ਉਨ੍ਹਾਂ ਅੱਗੇ ਕਿਹਾ ਕਿ ਹਲਕਾ ਅਜਨਾਲਾ 'ਚ ਜਿੱਥੇ ਸਾਬਕਾ ਸਰਕਾਰਾਂ ਦੀਆਂ ਮਾਰੂ ਨੀਤੀਆਂ ਕਾਰਨ ਖੁੱਲ੍ਹੇ ਥਾਵਾਂ ਜਾਂ ਖਸਤਾ ਹਾਲਤ ਖੇਡ ਗਰਾਊਂਡ 'ਚ ਭਟਕੇ ਹੋਏ ਨੌਜਵਾਨ ਨਸ਼ੇ ਦਾ ਸੇਵਨ ਕਰਦੇ ਜਾਂ ਨਸ਼ਾ ਵੇਚਣ ਦਾ ਕਾਲਾ ਧੰਦਾ ਕਰਦੇ ਨਜ਼ਰ ਆਉਂਦੇ ਸਨ, ਉੱਥੇ ਹੁਣ ਸਰਕਾਰ ਵੱਲੋਂ 10.34 ਕਰੋੜ ਰੁਪਏ ਦੀ ਲਾਗਤ ਨਾਲ ਪਹਿਲੇ ਪੜਾਅ 'ਚ ਉਸਾਰੇ ਜਾ ਰਹੇ ਮਾਡਲ ਖੇਡ ਮੈਦਾਨਾਂ 'ਚ ਨੌਜਵਾਨ ਆਪਣੀ ਸਿਹਤ ਦੀ ਸਾਂਭ ਸੰਭਾਲ ਵਜੋਂ ਖੇਡਾਂ ਦਾ ਪ੍ਰਦਰਸ਼ਨ ਕਰਦੇ ਨਜ਼ਰ ਆਉਣਗੇ। ਉਨ੍ਹਾਂ ਮੁੱਖ ਮੰਤਰੀ ਪੰਜਾਬ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਮਾਡਲ ਖੇਡ ਮੈਦਾਨਾਂ ਲਈ ਜਾਰੀ ਕੀਤੀ ਗਈ ਰਾਸ਼ੀ 'ਚੋਂ ਪਿੰਡ ਬਾਠ ਵਿੱਚ 33.94 ਲੱਖ ਰੁਪਏ, ਭੋਏਵਾਲੀ ਵਿੱਚ 23.96 ਲੱਖ ਰੁਪਏ, ਚਮਿਆਰੀ ਵਿੱਚ 43.43 ਲੱਖ, ਧਾਰੀਵਾਲ ਕਲੇਰ ਵਿੱਚ 40.14 ਲੱਖ, ਗੁੱਜਰਪੁਰਾ ਵਿੱਚ 33.83 ਲੱਖ ਜਗਦੇਵ ਖੁਰਦ ਵਿੱਚ 34.88, ਕਾਮਲਪੁਰਾ ਵਿੱਚ 34.87 ਲੱਖ, ਕਿਆਮਪੁਰਾ ਵਿੱਚ 36.9 ਲੱਖ, ਨੰਗਲ ਵੰਝਾਂ ਵਾਲਾ ਵਿਖੇ 17.96 ਲੱਖ, ਰੋਖੇ ਵਿਖੇ 33.26 ਲੱਖ, ਸਾਰੰਗ ਦੇਵ ਵਿਖੇ 28.74 ਲੱਖ, ਤੇੜਾ ਕਲਾਂ ਵਿਖੇ 40. 91 ਲੱਖ , ਤੇੜਾ ਖੁਰਦ ਵਿਖੇ 30.97 ਲੱਖ, ਅਵਾਨ ਨੇੜੇ ਰਮਦਾਸ ਵਿਖੇ 6.89 ਲੱਖ ,ਚੱਕ ਸਿਕੰਦਰ ਵਿਖੇ 35.2 ਲੱਖ, ਘੋਨੇਵਾਲਾ ਵਿਖੇ 24.79 ਲੱਖ, ਕੁਰਾਲੀਆਂ ਵਿਖੇ 35.52 ਲੱਖ, ਮਾਕੋਵਾਲ ਵਿਖੇ 21.96 ਲੱਖ, ਮੋਹਨ ਭੰਡਾਰੀਆਂ ਵਿਖੇ 26.9 ਲੱਖ, ਨਾਸਰ ਵਿਖੇ 39.6 ਲੱਖ, ਤਲਵੰਡੀ ਨਾਹਰ ਵਿਖੇ 41.44 ਲੱਖ, ਥੋਬਾ ਵਿਖੇ 30.6 ਲੱਖ, ਵਿਛੋਆ ਵਿਖੇ 48.7 ਲੱਖ, ਚੇਤਨਪੁਰਾ ਵਿਖੇ 17.02 ਲੱਖ, ਦੁਧਰਾਏ ਵਿਖੇ 33.71 ਲੱਖ ਰੁਪਏ, ਘੁੱਕੇ ਵਾਲੀ ਵਿਖੇ 6.6 ਲੱਖ, ਭੰਡਰ ਵਿਖੇ 35.46 ਲੱਖ, ਕੰਦੋਵਾਲੀ ਵਿਖੇ 15.85 ਲੱਖ, ਖਤਰਾਏਕਲਾ ਵਿਖੇ 23. 83 ਲੱਖ, ਲਸ਼ਕਰੀ ਨੰਗਲ ਵਿਖੇ 22. 26 ਲੱਖ ਰੁਪਏ, ਮਹਿਲਾਂਵਾਲਾ ਵਿਖੇ 39.74 ਲੱਖ , ਸੰਗਤਪੁਰਾ ਵਿਖੇ 41.1 ਲੱਖ, ਸੈਂਸਰਾ ਵਿਖੇ 38.78 ਲੱਖ, ਉਗਰ ਔਲਖ ਵਿਖੇ 15.43 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਖੇਡ ਮੈਦਾਨ ਨਿਰਮਾਣ ਕੀਤੇ ਜਾਣਗੇ।

## ਕੋਟਫਤੂਹੀ ਤੇ ਠੀਂਡਾ 'ਚ ਤਿੰਨ ਟਰਾਂਸਫਾਰਮਰਾਂ ਦਾ ਸਮਾਨ ਚੋਰੀ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਸਰਪੰਚ ਹਰਪ੍ਰੀਤ ਸਿੰਘ ਠੀਂਡਾ, ਇੰਦਰਜੀਤ ਸਿੰਘ ਢਿੱਲੋਂ ਕੋਟਫਤੂਹੀ, ਪੰਚ ਗੁਰਜੀਤ ਸਿੰਘ ਢਿੱਲੋਂ ਕੋਟਫਤੂਹੀ, ਹਰਜੀਤ ਸਿੰਘ, ਦੀਪਾ ਠੀਂਡਾ ਆਦਿ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਚੋਰੀ ਸਬੰਧੀ ਖੇਤਾਂ ਵਿਚ ਪਾਣੀ ਦੇਖਣ ਆਉਣ 'ਤੇ ਪਤਾ ਲੱਗਾ, ਚੋਰ ਦੇਰ ਰਾਤ ਨੰਬਰਦਾਰ ਸਤਨਾਮ ਸਿੰਘ ਕੋਟਫਤੂਹੀ ਦੇ ਖੇਤਾਂ ਵਿਚ 10 ਕੇ. ਵੀ ਦਾ ਟਰਾਂਸਫਾਰਮਰ ਖੰਭਿਆਂ ਤੋਂ ਹੇਠਾਂ ਉਤਾਰ ਕੇ ਖੋਲ੍ਹ ਕੇ ਉਸ ਦੀਆਂ ਤਾਂਬੇ ਦੀਆਂ ਕੁਆਇਲਾਂ, ਤੇਲ ਤੇ ਹੋਰ ਕੀਮਤੀ ਸਮਾਨ ਕੱਢ ਕੇ ਲੈ ਗਏ । ਇਸੇ ਤਰ੍ਹਾਂ ਇਸ ਤੋਂ ਥੋੜ੍ਹਾ ਦੂਰ ਸਵ. ਨੰਬਰਦਾਰ ਜੋਗਿੰਦਰ ਸਿੰਘ ਕੋਟਫਤੂਹੀ ਦੇ ਖੇਤਾਂ ਵਿਚ ਵੀ ਟਰਾਂਸਫਾਰਮਰ ਖੰਭਿਆਂ ਤੋਂ ਹੇਠਾਂ ਲਾਹ ਕੇ ਉਸ ਦੇ ਸਾਰੇ ਨੱਟ ਬੋਲਟ ਖੋਲ੍ਹ ਕੇ ਉਸ ਦਾ ਉਪਰਲਾ ਟਾਪਾ ਅਲੱਗ ਕਰ ਕੇ ਉਸ ਵਿਚੋਂ ਵੀ ਸਮਾਨ ਕੱਢਣ ਲੱਗੇ ਸਨ ਸ਼ਾਇਦ ਕਿਸੇ ਦੇ ਆਸ-ਪਾਸ ਆ ਜਾਣ ਕਾਰਣ ਉਸ ਨੂੰ ਥੋੜ੍ਹਾ ਬਹੁਤਾ ਨੁਕਸਾਨ ਕਰ ਕੇ ਚਲੇ ਗਏ ਤੇ ਫਿਰ ਥੋੜ੍ਹੀ ਹੋਰ ਦੂਰ ਨਾਲ ਲੱਗਦੇ ਪਿੰਡ ਠੀਂਡਾ ਦੇ ਖੇਤਾਂ ਵਿਚ ਪ੍ਰੀਤਮ ਸਿੰਘ ਪੁੱਤਰ ਨੰਦ ਸਿੰਘ ਨਿਵਾਸੀ ਠੀਂਡਾ ਦੇ ਖੇਤਾਂ ਵਿਚ ਵੀ 10 ਕੇ. ਵੀ ਦਾ ਟਰਾਂਸਫਾਰਮਰ ਹੇਠਾਂ ਲਾਹ ਕੇ ਉਸ ਦਾ ਸਾਰਾ ਕੀਮਤੀ ਸਮਾਨ ਚੋਰੀ ਕਰ ਕੇ ਲੈ ਗਏ । ਜਿਸ ਨਾਲ ਜਿੱਥੇ ਕਿਸਾਨਾਂ ਦਾ ਭਾਰੀ ਮਾਲੀ ਨੁਕਸਾਨ ਹੋਇਆ ਹੈ, ਉੱਥੇ ਕੋਟਫਤੂਹੀ ਬਿਜਲੀ ਦਫਤਰ ਵਿਚ ਅਧਿਕਾਰੀਆਂ ਦੀ ਮਾੜੀ ਕਾਰਗੁਜ਼ਾਰੀ ਤੇ ਮੁਲਾਜ਼ਮ ਘੱਟ ਹੋਣ ਕਰ ਕੇ ਇਨ੍ਹਾਂ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਵਿਚ ਦੁਬਾਰਾ ਟਰਾਂਸਫਾਰਮਰ ਚਾਲੂ ਕਰਵਾਉਣ ਲਈ ਕਾਫੀ ਦਿਨ ਖੱਜਲ ਖੁਆਰ ਹੋਣਾ ਪਵੇਗਾ ।

20 July Page 8.qxd 7/19/2025 9:28 PM Page 1



# ਹਰਿਆਣਾ ਸਰਕਾਰ ਦਾ ਦੂਰਦਰਸ਼ੀ ਕਦਮ : ਭਵਿੱਖ ਦੀ ਨੀਂਹ ਲਈ ਸਥਾਪਤ ਕੀਤਾ ਫ਼ਿਊਚਰ ਵਿਭਾਗ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਜਿਨ੍ਹਾਂ ਕੋਲ ਵਿਤ ਮੰਤਰਾਲਾ ਦਾ ਵੀ ਕਾਰਜਭਾਰ ਹੈ, ਨੇ ਸਾਲ 2025-26 ਦੇ ਬਜਟ ਵਿੱਚ ਕੀਤਾ ਗਿਆ ਦੂਰਦਰਸ਼ੀ ਐਲਾਨ ਨੂੰ ਸਾਕਾਰ ਕਰਦੇ ਹੋਏ ਫਿਊਚਰ ਵਿਭਾਗ ਦੇ ਗਠਨ ਨੂੰ ਅੰਤਮ ਮਨਜ਼ੂਰੀ ਪ੍ਰਦਾਨ ਕੀਤੀ ਹੈ। ਇਸ ਮਹੱਤਵਪੂਰਨ ਫੈਸਲੇ ਨੂੰ ਹਰਿਆਣਾ ਦੇ ਰਾਜਪਾਲ ਵੱਲੋਂ ਅਨੁਮੋਦਿਤ ਕਰਨ ਤੋਂ ਬਾਅਦ, ਰਾਜ ਸਰਕਾਰ ਨੇ ਇਸ ਸਬੰਧ ਵਿੱਚ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਹੈ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 21ਵੀਂ ਸਦੀ ਦੀ ਜ਼ਰੂਰਤਾਂ ਸਿਰਫ਼ ਮੌਜੂਦਾ ਸਮੇਂ ਲਈ ਨਹੀਂ ਸਗੋਂ ਭਵਿੱਖ ਲਈ ਵੀ ਕੰਮ ਕਰਨਗੀਆਂ। ਹਰਿਆਣਾ ਸਰਕਾਰ ਹੁਣ ਨੀਤੀ ਨਿਰਮਾਣ ਨੂੰ ਦੂਰਦ੍ਰਿਸ਼ਟੀ, ਡੇਟਾ ਵਿਸ਼ਲੇਸ਼ਣ ਅਤੇ ਤਕਨੀਕੀ ਮਹਾਰਤ ਦੇ ਆਧਾਰ 'ਤੇ ਸੰਚਾਲਿਤ ਕਰੇਗੀ। ਫ਼ਿਊਚਰ ਵਿਭਾਗ ਆਉਣ ਵਾਲੇ ਸਾਲਾਂ ਵਿੱਚ ਸਾਡੇ ਸੂਬੇ ਦੀ ਨੀਂਹ ਨੂੰ ਹੋਰ ਵੱਧ ਮਜ਼ਬੂਤ ਬਣਾਵੇਗਾ।ਹਰਿਆਣਾ ਦੀਆਂ ਨੀਤੀਆਂ ਹੁਣ ਸਿਰਫ਼ ਮੌਜੂਦਾ ਦੀ ਜ਼ਰੂਰਤਾਂ ਨੂੰ ਨਹੀਂ ਸਗੋਂ ਭਵਿੱਖ ਦੀ ਚੌਣੌਤੀਆਂ ਨੂੰ ਵੀ ਸਮਝੇਗੀ। ਫ਼ਿਊਚਰ ਵਿਭਾਗ ਦਾ ਮੁੱਖ ਉਦੇਸ਼ ਹਰਿਆਣਾ ਦੀ ਸਮਾਜਿਕ, ਆਰਥਿਕ ਅਤੇ ਤਕਨੀਕੀ ਭਵਿੱਖ ਵਿੱਚ ਆਉਣ ਵਾਲੀ ਲੋੜ ਦੀ ਪਛਾਣ ਕਰਦਾ ਹੈ।

ਇਹ ਵਿਭਾਗ ਆਰਟੀਫਿਸ਼ੀਅਲ ਇੰਟੈਲੀਜੈਂਸ, ਮਸ਼ੀਨੀ ਲਰਨਿੰਗ, ਕਵਾਂਟਮ ਕੰਪਿਊਟਿੰਗ, ਰੋਬੋਟਿਕਸ ਵਰਗੇ ਅੱਗਆਧੁਨਿਕ ਖੇਤਰਾਂ ਦੀ ਵਰਤੋਂ ਦੀਆਂ ਸੰਭਾਵਨਾਵਾਂ ਨੂੰ ਨੀਤੀ ਨਿਰਮਾਣ ਨਾਲ ਜੋੜਨ 'ਤੇ ਕੇਂਦ੍ਰਿਤ ਰਹੇਗਾ।ਵਿਭਾਗ ਦਾ ਕਾਰਜ ਖੇਤਰ ਮਨੁੱਖ ਸੰਸਾਧਨ, ਸਿੱਖਿਆ, ਸਿਹਤ, ਊਰਜਾ, ਖੇਤੀਬਾੜੀ, ਜਲ, ਵਾਤਾਵਰਣ ਅਤੇ ਬੁਨਿਆਦੀ ਢਾਂਚੇ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ ਭਵਿੱਖ ਦੀਆਂ ਚੁਣੌਤੀਆਂ ਦਾ ਪੂਰਵ ਅਨੁਮਾਨ ਲਗਾ ਕੇ ਸਮੇਂ ਰਹਿੰਦੇ ਠੋਸ ਯੋਜਨਾ ਤਿਆਰ ਕਰਨੀ ਹੋਵੇਗੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਵਿਭਾਗ ਵਿਸ਼ੇਸ਼ ਰੂਪ ਨਾਲ ਹਰਿਆਣਾ ਦੇ ਨੌਜੁਆਨਾਂ ਲਈ ਨਵੀਂ ਦਿਸ਼ਾ ਅਤੇ ਮੌਕੇ ਲੈ ਕੇ ਆਵੇਗਾ। ਉਨ੍ਹਾਂ ਨੇ ਕਿਹਾ ਕਿ ਫਿਊਚਰ ਵਿਭਾਗ ਰਾਜ ਦੇ ਨੌਜੁਆਨਾਂ ਲਈ ਮਾਰਗਦਰਸ਼ਕ ਬਣੇਗਾ, ਸਗੋਂ ਨੀਤੀ ਨਿਰਮਾਣ ਵਿੱਚ ਵੀ ਇੱਕ ਨਿਰਆਇਕ ਭੂਮਿਕਾ ਨਿਭਾਏਗਾ।ਇਹ ਪਹਿਲ ਸਿਰਫ਼ ਇੱਕ ਵਿਭਾਗ ਦੀ ਸ਼ੁਰੂਆਤ ਨਹੀਂ, ਸਗੋਂ ਹਰਿਆਣਾ ਵਿੱਚ ਨੀਤੀ, ਪ੍ਰਸ਼ਾਸਨ ਅਤੇ ਜਨ ਭਲਾਈ ਦੇ ਇੱਕ ਯੁੱਗ ਦੀ ਸ਼ੁਰੂਆਤ ਹੈ। ਇਹ ਵਿਭਾਗ ਹਰਿਆਣਾ ਨੂੰ ਪ੍ਰਤੀਕ੍ਰਿਆਸ਼ੀਲ ਸ਼ਾਸ਼ਨ ਤੋਂ ਸਰਗਰਮ ਸ਼ਾਸਨ ਦੀ ਦਿਸ਼ਾ ਵਿੱਚ ਲੈ ਜਾਵੇਗਾ।

# ਪਿਮਸ ਵਿਖੇ ਅੰਤਰਰਾਸ਼ਟਰੀ ਨਸ਼ਾ-ਵਿਰੋਧੀ ਦਿਵਸ ਨੂੰ ਸਮਰਪਤ ਸਮਾਗਮ

**ਜਲੰਧਰ (ਸੁਰਿੰਦਰ ਕੁਮਾਰ)**- ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਪੀ.ਆਈ.ਐਮ.ਐਸ), ਜਲੰਧਰ ਵਿਖੇ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਨੂੰ ਸਮਰਪਤ ਸਮਾਗਮ ਆਯੋਜਿਤ ਕੀਤਾ ਗਿਆ। ਇਹ ਸਮਾਰੋਹ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਸੰਦਰਭ ਵਿੱਚ ਕਰਵਾਇਆ ਗਿਆ। ਇਸ ਮੌਕੇ ਪੁਲਿਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਮੌਕੇ ਸੰਬੋਧਨ ਕਰਦੇ ਹੋਏ ਧਨਪ੍ਰੀਤ ਕੌਰ ਨੇ ਕਿਹਾ ਕਿ ਨਸ਼ਾ ਰੋਕਥਾਮ ਲਈ ਪੰਜਾਬ ਸਰਕਾਰ ਅਤੇ ਪੁਲਸ ਵੱਲੋਂ ਕਈ ਮਹੱਤਵਪੂਰਨ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਮਾਨਸਿਕ ਸਿਹਤ ਵਿਸ਼ੇਸ਼ ਗਿਆਨ, ਮੈਡੀਕਲ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਮੁਕਤੀ ਅਭਿਆਨ ਵਿੱਚ ਭਰਪੂਰ ਭਾਗ ਲੈਣ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਨੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਸ ਤਬਦੀਲੀ ਦੇ ਸਾਥੀ ਬਣਨ ਅਤੇ ਨਸ਼ਿਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ।ਸਮਾਗਮ ਵਿੱਚ ਡਾ. ਰਾਜੀਵ ਅਰੋੜਾ, ਡਾਇਰੈਕਟਰ ਪ੍ਰਿੰਸੀਪਲ; ਡਾ. ਕਵਲਜੀਤ ਸਿੰਘ, ਐਗਜ਼ਿਕਿਊਟਿਵ ਚੇਅਰਪਰਸਨ; ਡਾ. ਐਸ.ਕੇ. ਚੀਮਾ, ਡੀਨ ਅਕੈਡਮਿਕਸ ਅਤੇ ਵਿਭਿੰਨ ਵਿਭਾਗਾਂ ਦੇ ਮੁਖੀਆਂ ਨੇ ਵੀ ਸ਼ਿਰਕਤ ਕੀਤੀ।ਸਮਾਰੋਹ ਵਿੱਚ ਵੱਡੀ ਗਿਣਤੀ ਵਿੱਚ ਮੈਡੀਕਲ ਅਤੇ ਨਰਸਿੰਗ ਵਿਦਿਆਰਥੀਆਂ ਨੇ ਭਾਗ ਲਿਆ। ਡੀ.ਏ.ਵੀ ਕਾਲਜ ਆਫ਼ ਨਰਸਿੰਗ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਦੇ ਦੁਸ਼ਪ੍ਰਭਾਵਾਂ ਉੱਤੇ ਆਧਾਰਿਤ ਸੋਚਣ ਤੇ ਮਜਬੂਰ ਕਰ ਦੇਣ ਵਾਲਾ ਰੋਲ ਪਲੇ ਪੇਸ਼ ਕੀਤਾ ਗਿਆ। ਨਸ਼ਿਆਂ ਦੇ ਖ਼ਿਲਾਫ਼ ਚੱਲ ਰਹੀ ਮੁਹਿਮ ਤਹਿਤ ਪੋਸਟਰ ਤੇ ਰੀਲ ਬਣਾਉਣ ਦੀ ਪ੍ਰਤੀਯੋਗਿਤਾ ਦੇ ਜੇਤੂਆਂ ਨੂੰ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ।



# ਮੁੱਖ ਅਧਿਆਪਕ ਬਲਵਿੰਦਰ ਸਿੰਘ ਸਿੱਧੂ ਨੂੰ ਚੇਤੇ ਕਰਦਿਆਂ....

ਸੰਘਰਸ਼ੀ ਯੋਧੇ ਸ੍ਰੀ ਬਲਵਿੰਦਰ ਸਿੰਘ ਸਿੱਧੂ ਮੁੱਖ ਅਧਿਆਪਕ ਸਾਡੇ ਵਿਚਕਾਰ ਨਹੀਂ ਰਹੇ। ਇਹ ਉਹਨਾਂ ਸਮਿਆਂ ਦੀ ਗੱਲ ਹੈ, ਜਦੋਂ ਅਧਿਆਪਕਾਂ ਨੂੰ ਨਿਗੂਣੀ ਜਿਹੀ ਤਨਖਾਹ ਮਿਲਦੀ ਸੀ, ਪਰ ਉਹਨਾਂ ਰਣਬੀਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਖੜੀ ਕੀਤੀ ਅਧਿਆਪਕ ਜਥੇਬੰਦਕ ਲਹਿਰ ਦੇ ਸਦਕਾ ਅਧਿਆਪਕ ਅਤੇ ਮੁਲਾਜ਼ਮ ਵਰਗ ਲਈ ਵੱਡੀਆਂ ਪ੍ਰਾਪਤੀਆਂ ਕੀਤੀਆਂ। ਉਨ੍ਹਾਂ ਲਹਿਰਾਂ ਵਿੱਚ ਹੀ ਬਲਵਿੰਦਰ ਸਿੰਘ ਸਿੱਧੂ ਇਸ ਲਹਿਰ ਦੇ ਮਹਾਨ ਆਗੂ ਸਨ।

ਸੰਨ 1945 ਵਿੱਚ ਗੁਰਨਾਮ ਸਿੰਘ ਅਤੇ ਹਰਦਿਆਲ ਕੌਰ ਦੇ ਘਰ ਪਿੰਡ ਸੇਲਬਰਾਹ (ਬਠਿੰਡਾ) ਵਿਖੇ ਉਹਨਾ ਦਾ ਜਨਮ ਹੋਇਆ। ਜਨਮ ਸਮੇਂ ਆਪ ਦੀ ਸੋਹਣੀ ਸੀਰਤ-ਸੂਰਤ ਦੇਖ ਕੇ ਸਾਰੇ ਹੀ ਇਹਨਾਂ ਨੂੰ ਦਰਸ਼ਨ ਆਖਣ ਲੱਗ ਪਏ। ਇੰਜ ਨਾਨਕਾ ਨਾਂਅ ਦਰਸ਼ਨ ਪੈ ਗਿਆ। ਛੇ ਕੁ ਸਾਲ ਦੇ ਜਦ ਆਪ ਹੋਏ ਤਾਂ ਉਸ ਸਮੇਂ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਆਪ ਨੂੰ ਦਾਖਲ ਕਰਵਾਇਆ ਗਿਆ ਅਤੇ ਨਾਂਅ ਰੱਖਿਆ ਗਿਆ ਬਲਵਿੰਦਰ ਸਿੰਘ। ਪਿੰਡ ਵਿੱਚ ਉਦੋਂ ਪ੍ਰਾਇਮਰੀ ਸਕੂਲ ਹੀ ਸੀ। ਇਸ ਲਈ ਅਗਲੀ ਪੜ੍ਹਾਈ ਲਈ ਰਾਮਪੁਰਾ ਫੂਲ ਵਿਖੇ ਤੋਰਿਆ ਗਿਆ। ਜਿੱਥੋਂ ਦਸਵੀਂ ਕਰਨ ਤੋਂ ਬਾਅਦ ਆਪ ਨੇ ਜੇ.ਬੀ.ਟੀ. ਕੀਤੀ ਅਤੇ ਅਧਿਆਪਕ ਭਰਤੀ ਹੋ ਗਏ।

ਆਪ ਜੀ ਦੇ ਪਿਤਾ ਜੀ ਜਦ ਮੌਤ ਹੋਈ ਤਾਂ ਉਸ ਸਮੇਂ ਉਹ ਪਿੰਡ ਦੇ ਸਰਪੰਚ ਸਨ। ਉਹ ਨਿਧੜਕ ਆਗੂ ਅਤੇ ਸੱਚ ਬੋਲਣ ਵਾਲੇ ਮੰਨੇ ਜਾਂਦੇ ਸਨ। ਸੱਚ ਬੋਲਣ ਕਰਕੇ ਹੀ ਅਸਲ ਵਿੱਚ ਉਹਨਾ ਦਾ ਕਤਲ ਹੋਇਆ ਸੀ। ਆਪ ਦਾ ਵਿਆਹ ਗੁਰਚਰਨ ਕੌਰ ਨਾਲ, ਜੋ ਕਿ ਪਿੰਡ ਬੁਰਜ ਹਮੀਰਾ ਦੇ ਕਰਨੈਲ ਸਿੰਘ ਧਾਲੀਵਾਲ ਦੀ ਬੇਟੀ ਨਾਲ ਹੋ ਗਿਆ। ਕਰਨੈਲ ਸਿੰਘ ਮੁਜ਼ਾਰਾ ਲਹਿਰ ਦੇ ਸਿਰਕੱਢ ਆਗੂ ਸਨ ਅਤੇ ਕਮਿਊਨਿਸਟ ਲਹਿਰ ਦੇ ਵੱਡੇ ਨੇਤਾ ਸਨ। ਇਸੇ ਤਰ੍ਹਾਂ ਆਪ ਭਾਵੇਂ ਅਧਿਆਪਨ ਦਾ ਕਿੱਤਾ ਕਰਦੇ ਰਹੇ, ਪਰ ਕਮਿਊਨਿਸਟ ਵਿਚਾਰਧਾਰਾ ਨਾਲ ਜੁੜੇ ਰਹੇ।



ਏਨੀਆਂ ਜ਼ਿੰਮੇਵਾਰੀਆਂ ਹੋਣ ਦੇ ਬਾਵਜੂਦ ਆਪ ਨੇ ਆਪਣੀ ਪੜ੍ਹਾਈ ਵੀ ਜਾਰੀ ਰੱਖੀ। ਪਹਿਲਾਂ ਗਿਆਨੀ ਕੀਤੀ, ਉਸ ਤੋਂ ਬਾਅਦ ਬੀ ਏ, ਬੀ ਐੱਡ ਕਰਕੇ ਐੱਸ ਐੱਸ ਅਧਿਆਪਕ ਦੇ ਤੌਰ 'ਤੇ ਪ੍ਰਮੋਟ ਹੋਏ। ਉਸ ਤੋਂ ਬਾਅਦ ਮੁੱਖ ਅਧਿਆਪਕ ਬਣ ਗਏ ਸਨ ਅਤੇ ਸਰਕਾਰੀ ਹਾਈ ਸਕੂਲ ਰਾਈਆ (ਬਠਿੰਡਾ) ਵਿਖੇ ਆਪ ਨੇ ਸੇਵਾ ਕੀਤੀ।

ਇਸ ਸਮੇਂ ਹੀ ਆਪ ਦੇ ਪਰਵਾਰ ਵਿੱਚ ਇੱਕ ਪੁੱਤਰੀ ਸੁਖਦੀਪ ਕੌਰ ਅਤੇ ਦੋ ਬੇਟੇ ਕੰਵਲਦੀਪ ਸਿੰਘ ਸਿੱਧੂ ਅਤੇ ਅਮਰਦੀਪ ਸਿੱਧੂ ਨੇ ਜਨਮ ਲਿਆ। ਬੇਟੀ ਨੂੰ ਚੰਗੀ ਪੜ੍ਹਾਈ ਕਰਵਾ ਕੇ ਅਮਰੀਕਾ ਵਿਖੇ ਵਿਆਹ ਦਿੱਤਾ, ਪਰ ਉੱਥੇ ਉਸ ਦੀ ਅਚਾਨਕ ਮੌਤ ਹੋ ਗਈ। ਉਹਨਾ ਦਾ ਇਕਲੌਤਾ ਪੁੱਤਰ ਤੇ ਇਹਨਾ ਦਾ ਦੋਹਤਾ ਜੋਰਾਵਰ ਸਿੰਘ ਇਸ ਸਮੇਂ ਜਵਾਨ ਅਵਸਥਾ ਵਿੱਚ ਹੈ। ਵੱਡਾ ਬੇਟਾ ਕੰਵਲਦੀਪ ਸਿੰਘ ਅਮਰੀਕਾ ਵਿੱਚ ਇਸ ਸਮੇਂ ਵੱਡੇ ਡਾਕਟਰ ਹਨ, ਜਿਸ ਦੇ ਅੱਗੋਂ ਦੋ ਸਪੁੱਤਰ ਹਨ, ਜਦੋਂ ਕਿ ਛੋਟਾ ਬੇਟਾ ਅਮਰਦੀਪ ਸਿੰਘ ਘਰ ਹੈ, ਜਿਸ ਦੇ ਵੀ ਇੱਕ ਪੁੱਤਰ ਤੇ ਪੁੱਤਰੀ ਹਨ, ਜੋ ਇਸ ਸਮੇਂ ਕੈਨੇਡਾ ਵਿਖੇ ਰਹਿ ਰਹੇ ਹਨ। ਇਨ੍ਹਾਂ ਦੀ ਸੁਪਤਨੀ ਗੁਰਚਰਨ ਕੌਰ, ਜੋ ਕਿ ਪੰਜਾਬੀ ਅਧਿਆਪਕਾ ਦੇ ਤੌਰ 'ਤੇ ਸੇਵਾ-ਮੁਕਤ ਹੋਏ ਹਨ, ਉਹ ਵੀ ਸਮਾਜ ਸੇਵਾ ਵਿੱਚ ਇਹਨਾਂ ਦਾ ਹੱਥ ਵਟਾਉਂਦੇ ਸਨ। ਜਦ ਅਧਿਆਪਕਾਂ ਲਈ ਟੀਚਰਜ਼ ਹੋਮ ਬਣਾਉਣ ਦੀ ਗੱਲ ਆਈ ਤਾਂ ਆਪ ਇਸ ਦੀਆਂ ਮੂਹਰਲੀਆਂ ਸਫ਼ਾਂ ਵਿੱਚ ਸਨ ਅਤੇ ਅਧਿਆਪਕਾਂ ਤੋਂ ਫੰਡ ਇਕੱਠਾ ਕਰਕੇ ਬਠਿੰਡਾ ਵਿਖੇ ਟੀਚਰਜ਼ ਹੋਮ ਦੀ ਉਸਾਰੀ ਕਰਵਾਈ। ਇਸ ਤੋਂ ਇਲਾਵਾ ਰਾਮਪੁਰਾ ਫੂਲ ਵਿਖੇ ਮਾਸਟਰ ਬਾਬੂ ਸਿੰਘ ਯਾਦਗਾਰੀ ਭਵਨ ਅਤੇ ਯਾਦਗਾਰੀ ਟਰੱਸਟ ਬਣਾਉਣ ਵਿੱਚ ਵੀ ਆਪ ਦਾ ਮੋਹਰੀ ਰੋਲ ਸੀ। ਇਹਨਾ ਅਤੇ ਕਰਮ ਸਿੰਘ ਗਰੇਵਾਲ ਨੇ ਮਿਲ ਕੇ ਹੀ ਇਹ ਵੱਡਾ ਉਪਰਾਲਾ ਕੀਤਾ, ਜੋ ਕਿ ਰਾਮਪੁਰਾ ਫੂਲ ਇਲਾਕੇ ਦੀ ਵੱਡੀ ਸੰਸਥਾ ਹੈ। ਰਿਟਾਇਰਮੈਂਟ ਤੋਂ ਬਾਅਦ ਆਪ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਬਲਾਕ ਫੂਲ ਦੇ ਸਰਪ੍ਰਸਤ ਵੀ ਰਹੇ। ਉਨ੍ਹਾ ਨਮਿਤ ਅੰਤਮ ਅਰਦਾਸ 20 ਜੁਲਾਈ (ਐਤਵਾਰ) ਨੂੰ 12.30 ਵਜੇ ਗੁਰਦੁਆਰਾ ਸਾਹਿਬ, ਮਹਿਰਾਜ ਬਸਤੀ (ਸੂਏ ਉਪਰ) ਰਾਮਪੁਰਾ ਫੂਲ (ਬਠਿੰਡਾ) ਵਿਖੇ ਹੋਵੇਗੀ।

-ਹਰਭਜਨ ਸਿੰਘ

# ਨੀਂਦ ਆਉਣ ਕਾਰਨ ਹਾਈਵੇ ਤੋਂ ਸਰਵਿਸ ਲੇਨ 'ਤੇ ਟਰੱਕ ਪਲਟਿਆ



**ਫਿਲੌਰ (ਨਿਰਮਲ)**- ਮੁੱਖ ਮਾਰਗ 'ਤੇ ਪੈਂਦੇ ਕਮਾਲਪੁਰ ਪਿੰਡ ਨਜ਼ਦੀਕ ਬੀਤੀ ਰਾਤ ਹਾਈਵੇ ਤੋਂ ਸਰਵਿਸ ਲੇਨ 'ਤੇ ਡਰਾਈਵਰ ਨੂੰ ਨੀਂਦ ਆਉਣ ਕਾਰਨ ਇੱਕ ਟਰੱਕ ਪਲਟਿਆ। ਇਸ ਬਾਰੇ ਜਾਣਕਾਰੀ ਦਿੰਦੇ ਟਰੱਕ ਡਰਾਈਵਰ ਗੁਰਵਿੰਦਰ ਸਿੰਘ ਨੇ ਦੱਸਿਆ ਕੀ ਟਰੱਕ ਨੰਬਰ ਪੀਬੀ 06ਬੀ ਜੀ 9932 ਕੱਚੇ ਮਾਲ ਦਾ ਲੋਡ ਕੀਤਾ ਹੋਇਆ ਅੰਮ੍ਰਿਤਸਰ ਤੋਂ ਕਲਕੱਤੇ ਨੂੰ ਜਾ ਰਿਹਾ ਸੀ ਨੀਂਦ ਆਉਣ ਕਾਰਨ ਇਹ ਹਾਦਸਾ ਵਾਪਰ ਗਿਆ। ਇਸ ਐਕਸੀਡੈਂਟ ਵਿੱਚ ਜਿਹੜਾ ਸਹਾਇਕ ਡਰਾਈਵਰ ਸੁੱਤਾ ਪਿਆ ਸੀ ਉਸ ਦੇ ਗੰਭੀਰ ਸੱਟਾਂ ਲੱਗੀਆਂ ਅਤੇ ਉਸਨੂੰ 108 ਐਂਬੂਲੈਂਸ ਦੀ ਮਦਦ ਨਾਲ ਸਿਵਲ ਹਸਪਤਾਲ ਫਗਵਾੜਾ ਭੇਜਿਆ ਗਿਆ ਅਤੇ ਦੂਸਰਾ ਡਰਾਈਵਰ ਜੋ ਗੱਡੀ ਚਲਾ ਰਿਹਾ ਸੀ ਉਸ ਨੂੰ ਸੜਕ ਸੁਰੱਖਿਆ ਦੀ ਟੀਮ ਵੱਲੋਂ ਮੌਕੇ 'ਤੇ ਫਸਟ ਏਡ ਦਿੱਤੀ ਗਈ ਅਤੇ ਸੇਫਟੀ ਕੋਣ 'ਤੇ ਬੈਰੀਅਰ ਲਗਾ ਕੇ ਗੱਡੀ ਨੂੰ ਸੁਰੱਖਿਅਤ ਕੀਤਾ ਗਿਆ ਅਤੇ ਗੱਡੀ ਨੂੰ ਕਿਨਾਰੇ ਕਰਕੇ ਆਵਾਜਾਈ ਨੂੰ ਚਾਲੂ ਕੀਤਾ ਗਿਆ।

# ਐੱਲ ਪੀ ਯੂ ਕਲਾਸਰੂਮ 'ਚ ਅਸਲ ਦੁਨੀਆ ਲਿਆਉਣ ਦਾ ਮੌਕਾ ਦੇਵੇਗੀ : ਮਿੱਤਲ

**ਜਲੰਧਰ (ਸ਼ੈਲੀ ਐਲਬਰਟ)**- ਕੰਮ ਹੁਣ ਦਫਤਰ ਵਿੱਚ ਤੁਹਾਡੇ ਪਹਿਲੇ ਦਿਨ ਤੋਂ ਸ਼ੁਰੂ ਨਹੀਂ ਹੁੰਦਾ, ਸਗੋਂ ਉਸ ਪਲ ਤੋਂ ਸ਼ੁਰੂ ਹੁੰਦਾ ਹੈ ਜਦੋਂ ਤੁਸੀਂ ਸਿੱਖਣਾ ਸ਼ੁਰੂ ਕਰਦੇ ਹੋ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਆਪਣੀ ਨਵੀਂ ਕੈਪਜੇਮਿਨੀ ਕੋਡ ਐਕਸਪੀਰੀਅੰਸ ਲੈਬ ਨਾਲ ਇਹ ਸਾਬਤ ਕਰ ਰਹੀ ਹੈ; ਇੱਕ ਅਜਿਹੀ ਜਗ੍ਹਾ ਜੋ ਇੱਕ ਕਲਾਸਰੂਮ ਵਾਂਗ ਘੱਟ ਮਹਿਸੂਸ ਹੁੰਦੀ ਹੈ ਅਤੇ ਸਿੱਧੇ ਇੱਕ ਭੀੜ-ਭੜੱਕੇ ਵਾਲੇ ਤਕਨੀਕੀ ਹੱਬ ਵਿੱਚ ਕਦਮ ਰੱਖਣ ਵਰਗੀ ਹੈ।ਲੈਬ ਸਿਰਫ਼ ਕੰਪਿਊਟਰਾਂ ਅਤੇ ਕੋਡ ਬਾਰੇ ਨਹੀਂ ਹੈ, ਇਹ ਇੱਕ ਅਸਲ-ਸੰਸਾਰ ਕਾਰਜ ਸਥਾਨ ਨੂੰ ਮਾਡਲ ਬਣਾਉਣ ਲਈ ਤਿਆਰ ਕੀਤੀ ਗਈ ਹੈ। ਸਹਿਯੋਗ ਕੇਂਦਰਾਂ, ਚਰਚਾ ਜ਼ੋਨਾਂ, ਕੋਡਿੰਗ ਹਬ ਅਤੇ ਡਿਜੀਟਲ ਡਿਸਪਲੇਅ ਦੇ ਨਾਲ ਵਿਦਿਆਰਥੀ ਕੈਂਪਸ ਵਿੱਚ ਹੀ ਇਕੱਠੇ ਕੰਮ ਕਰ ਸਕਦੇ ਹਨ, ਅਸਲ ਪ੍ਰੋਜੈਕਟ ਬਣਾ ਸਕਦੇ ਹਨ, ਅਤੇ ਸਿਖਰਲੀਆਂ ਤਕਨੀਕੀ ਕੰਪਨੀਆਂ ਵਿੱਚ ਲੋੜੀਂਦੇ ਹੁਨਰ ਸਿੱਖ ਸਕਦੇ ਹਨ।ਕੈਪਜੇਮਿਨੀ ਕੋਡ ਐਕਸਪੀਰੀਅੰਸ ਲੈਬ ਦੇ ਉਦਘਾਟਨ ਵਿੱਚ ਮੁੱਖ ਮਹਿਮਾਨ ਵਜੋ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ, ਪ੍ਰੋ-ਵਾਈਸ ਚਾਂਸਲਰ ਡਾ. ਲੋਵੀਰਾਜ ਗੁਪਤਾ, ਪ੍ਰੋਫੈਸਰ ਅਤੇ ਡਵੀਜ਼ਨ ਆਫ਼ ਕਰੀਅਰ ਸਰਵਿਸਿਜ਼ ਦੇ ਕਾਰਜਕਾਰੀ ਡੀਨ ਡਾ. ਹਰਪਾਲ ਥੇਥੀ ਸ਼ਾਮਲ ਸਨ। ਇਸ ਮੌਕੇ ਕੈਪਜੇਮਿਨੀ ਲੀਡਰਸ਼ਿਪ ਅਤੇ ਸੀਨੀਅਰ ਸਹਿਯੋਗੀਆਂ ਦੀ ਮੌਜੂਦਗੀ ਵੀ ਸ਼ਾਮਲ ਸੀ ਜਿਨ੍ਹਾਂ ਵਿੱਚ ਸੰਜੇ ਚਾਲੇਕੇ, ਮੁੱਖ ਸੰਚਾਲਨ ਅਧਿਕਾਰੀ, ਕੈਪਜੇਮਿਨੀ ਇੰਡੀਆ; ਨੀਤੀ ਚੂੜਾਮਣੀ, ਵਾਇਸ ਪ੍ਰਧਾਨ, ਕਲਾਉਡ ਅਤੇ ਕਸਟਮ ਐਪਸ, ਇੰਡੀਆ; ਪੁਨੀਤ ਕੁਮਾਰ, ਵਾਇਸ ਪ੍ਰਧਾਨ ਅਤੇ ਮੁਖੀ, ਅਰਲੀ ਕਰੀਅਰ ਪ੍ਰੋਗਰਾਮ, ਇੰਡੀਆ; ਸੁਮਨ ਭੱਟਾਚਾਰੀਆ, ਡਾਇਰੈਕਟਰ, ਯੂਨੀਵਰਸਿਟੀ ਰਿਲੇਸ਼ਨਜ਼ ਐਂਡ ਹਾਇਰਿੰਗ, ਇੰਡੀਆ ਅਤੇ ਅਕਾਂਕਸ਼ਾ ਸੁਮਨ, ਮੈਨੇਜਰ, ਕੈਪਜੇਮਿਨੀ ਇੰਡੀਆ ਸ਼ਾਮਲ ਸਨ। ਲੈਬ ਦਾ ਉਦਘਾਟਨ ਕਰਦੇ ਹੋਏ, ਐਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ, ਅਸੀਂ ਚਾਹੁੰਦੇ ਹਾਂ ਕਿ ਸਾਡੇ ਵਿਦਿਆਰਥੀ ਕੈਂਪਸ ਛੱਡਣ ਤੋਂ ਪਹਿਲਾਂ ਹੀ ਕੰਮ ਲਈ ਤਿਆਰ ਹੋਣ। ਇਸ ਲਈ ਸਾਡਾ ਸਿੱਖਿਆ ਮਾਡਲ ਉਨ੍ਹਾਂ ਨੂੰ ਅਸਲ ਕੰਮ ਦੇ ਤਜਰਬੇ ਰਾਹੀਂ 50% ਤੱਕ ਅੰਕ ਪ੍ਰਾਪਤ ਕਰਨ ਦੀ ਆਗਿਆ ਦਿੰਦਾ ਹੈ। ਕੈਪਜੇਮਿਨੀ ਵਰਗੇ ਗਲੋਬਲ ਲੀਡਰ ਨਾਲ ਸਾਂਝੇਦਾਰੀ ਸਾਨੂੰ ਕਲਾਸਰੂਮ ਵਿੱਚ ਅਸਲ ਦੁਨੀਆ ਲਿਆਉਣ ਦਾ ਮੌਕਾ ਦੇਵੇਗੀ। ਵਿਦਿਆਰਥੀ ਸਿਰਫ਼ ਲੈਕਚਰ ਹੀ ਨਹੀਂ ਸੁਣਨਗੇ ਲੈਬ ਇੱਕ ਸਮੇਂ ਵਿੱਚ 200 ਵਿਦਿਆਰਥੀ ਪ੍ਰਯੋਗ ਕਰ ਸਕਦੇ ਹਨ। ਸਮਾਰਟ ਟੀਵੀ, ਇੰਟਰਐਕਟਿਵ ਬੋਰਡ, ਵੀਡੀਓ ਕਾਨਫਰੰਸਿੰਗ ਰੂਮ ਅਤੇ ਸਹਿਯੋਗੀ ਸਥਾਨ ਉਪਲਬਧ ਹਨ। ਕੈਪਜੇਮਿਨੀ ਲੰਬੇ ਸਮੇਂ ਤੋਂ ਐਲ ਪੀ ਯੂ ਦੇ ਸਭ ਤੋਂ ਭਰੋਸੇਮੰਦ ਭਰਤੀ ਭਾਈਵਾਲਾਂ ਵਿੱਚੋਂ ਇੱਕ ਰਹੀ ਹੈ, ਸਾਲ ਦਰ ਸਾਲ ਕਈ ਖੇਤਰਾਂ ਵਿੱਚ ਭਰਤੀ ਕਰਦੀ ਹੈ।



# ਅੰਤਰਰਾਸ਼ਟਰੀ ਫਨਕੋਸ਼ੀ ਕਰਾਟੇ ਐਸੋਸੀਏਸ਼ਨ ਨੇ ਹਿਮਾਚਲ 'ਚ ਤਿੰਨ ਦਿਨਾ ਕਰਾਟੇ ਕੈਂਪ ਲਗਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਅੰਤਰਰਾਸ਼ਟਰੀ ਫਨਕੋਸ਼ੀ ਕਰਾਟੇ ਆਫ ਇੰਡੀਆ ਜੋ ਕਿ ਇੰਟਰਨੈਸ਼ਨਲ ਫਨਕੋਸ਼ੀ ਕਰਾਟੇ ਐਸੋਸੀਏਸ਼ਨ ਹਿਮਾਚਲ ਪ੍ਰਦੇਸ਼ ਦਾ ਮੈਂਬਰ ਹੈ, ਵੱਲੋਂ ਬਨੀਕੇਟ ਡਲਹੌਜ਼ੀ ਹਿਮਾਚਲ ਪ੍ਰਦੇਸ਼ ਵਿੱਚ ਤਿੰਨ ਦਿਨਾ ਕਰਾਟੇ ਕੈਂਪ ਲਗਾਇਆ ਗਿਆ। ਇਹ ਕੈਂਪ ਸਰ ਨਵੀਨ ਕੁਮਾਰ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ। ਇਸ ਵਿੱਚ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ, ਬਟਾਲਾ, ਪਠਾਨਕੋਟ, ਕਪੂਰਥਲਾ ਸ਼ਹਿਰ ਆਦਿ ਅਤੇ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਰਾਜਾਂ ਦੇ ਕੁੱਲ 100 ਬੱਚੇ ਸ਼ਾਮਲ ਸਨ। ਜਲੰਧਰ ਦੇ ਬੱਚੇ ਚੰਨਪ੍ਰੀਤ, ਜਸ਼ਨਪ੍ਰੀਤ, ਯਕਸ਼ ਦੋ੍ਚ ਨੇ ਵੀ ਹਿੱਸਾ ਲਿਆ। ਇੰਟਰਨੈਸ਼ਨਲ ਫਨਕੋਸ਼ੀ ਕਰਾਟੇ ਐਸੋਸੀਏਸ਼ਨ ਪੰਜਾਬ ਦੇ ਸੀਨੀਅਰ ਉਪ ਪ੍ਰਧਾਨ ਸੈਮੂਅਲ ਮਸੀਹ ਨੇ ਦੱਸਿਆ ਕਿ ਬੱਚਿਆਂ ਨੂੰ ਕੁਮੀਤੇ ਕਾਟਾਂ ਅਤੇ ਸਵੈ ਰੱਖਿਆ ਦੀ ਸਿਖਲਾਈ ਦਿੱਤੀ ਗਈ। ਬੱਚਿਆਂ ਨੇ ਟਰੈਕਿੰਗ ਵੀ ਕੀਤੀ। ਬੱਚਿਆਂ ਨੂੰ ਸਰਟੀਫਿਕੇਟ ਅਤੇ ਸ਼ੀਲਡਾਂ ਨਾਲ ਸਨਮਾਨਤ ਕੀਤਾ ਗਿਆ। ਹਰਮਨ ਬੈਂਸ ਦੇ ਪਿਤਾ ਹਰਵਿੰਦਰ ਇਸ ਕੈਂਪ ਨੂੰ ਮਹਿਮਾਨ ਵਜੋਂ ਦੇਖਣ ਆਏ ਸਨ। ਕੋਚ ਤਜਿੰਦਰ ਕੁਮਾਰ, ਵਿਨੋਦ ਕੁਮਾਰ, ਯੋਗੇਸ਼ ਕੁਮਾਰ, ਸੋਨਮ ਗੁਪਤਾ, ਰਾਹੁਲ ਬੋਬੀ ਆਦਿ ਉਥੇ ਮੌਜੂਦ ਸਨ।




# ਸਕੂਲ ਮੈਨੇਜਮੈਂਟ ਕਮੇਟੀਆਂ 'ਚ ਸਿਆਸੀ ਦਖ਼ਲਅੰਦਾਜ਼ੀ ਬੰਦ ਹੋਵੇ : ਡੀ ਟੀ ਐੱਫ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਸਿੱਖਿਆ ਅਧਿਕਾਰ ਕਾਨੂੰਨ 2009 ਦੀ ਉਲੰਘਣਾ ਕਰਦਿਆਂ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਬਣਤਰ ਬਾਰੇ ਨੋਟੀਫਿਕੇਸ਼ਨ ਜਾਰੀ ਕਰਕੇ ਸਕੂਲਾਂ ਵਿੱਚ ਬਣ ਰਹੀਆਂ ਮੈਨੇਜਮੈਂਟ ਕਮੇਟੀਆਂ ਵਿੱਚ ਰਾਜਨੀਤਿਕ ਦਖਲਅੰਦਾਜ਼ੀ ਦਾ ਰਾਹ ਖੋਲ੍ਹ ਦਿੱਤਾ ਗਿਆ ਸੀ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਪੰਜਾਬ ਸਰਕਾਰ ਦੀ ਅਜਿਹੀ ਦਖ਼ਲਅੰਦਾਜ਼ੀ ਖ਼ਿਲਾਫ ਅਵਾਜ਼ ਉਠਾਈ ਗਈ ਸੀ ਅਤੇ ਖਦਸ਼ੇ ਜ਼ਾਹਰ ਕੀਤੇ ਗਏ ਸਨ ਕਿ ਸਕੂਲਾਂ ਵਿੱਚ ਇਸ ਕਿਸਮ ਦੀ ਰਾਜਨੀਤਿਕ ਦਖਲਅੰਦਾਜ਼ੀ ਦਾ ਵਿੱਦਿਅਕ ਮਾਹੌਲ 'ਤੇ ਮਾੜਾ ਅਸਰ ਪਵੇਗਾ। ਪਿਛਲੇ ਦਿਨਾਂ ਦੀਆਂ ਹੁਸ਼ਿਆਰਪੁਰ ਦੇ ਤਲਵਾੜਾ ਅਤੇ ਅੱਜ ਸ੍ਰੀ ਮੁਕਤਸਰ ਸਾਹਿਬ ਦੇ ਰਾਮਨਗਰ ਦੇ ਸਰਕਾਰੀ ਸਕੂਲਾਂ ਦੀਆਂ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਮੇਂ ਵਾਪਰੀਆਂ ਘਟਨਾਵਾਂ ਨੇ ਡੀ ਟੀ ਐੱਫ ਦੇ ਖ਼ਦਸ਼ਿਆਂ ਨੂੰ ਸਹੀ ਸਾਬਿਤ ਕਰ ਦਿੱਤਾ ਹੈ।ਇਸ ਸਬੰਧੀ ਵਿਸਤ੍ਰਤ ਜਾਣਕਾਰੀ ਦਿੰਦਿਆਂ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਸੰਯੁਕਤ ਸਕੱਤਰ ਮੁਕੇਸ਼ ਕੁਮਾਰ ਅਤੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਨੇ ਕਿਹਾ ਕਿ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਨੇ ਸਕੂਲਾਂ ਵਿੱਚ ਬਣ ਰਹੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਸ਼ਹਿ 'ਤੇ ਰਾਜਨੀਤਿਕ ਵਿਅਕਤੀਆਂ ਦੀ ਸ਼ਮੂਲੀਅਤ ਅਤੇ ਦਖ਼ਲਅੰਦਾਜ਼ੀ ਖਿਲਾਫ ਆਵਾਜ਼ ਉਠਾਈ ਸੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਅਧਿਕਾਰ ਕਾਨੂੰਨ ਦੀਆਂ ਉਲੰਘਣਾ ਕਰਦਾ ਹੋਇਆ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਜਿਸ ਅਨੁਸਾਰ ਪਿੰਡ ਤੋਂ ਬਾਹਰੀ ਵਿਅਕਤੀ ਵੀ ਸਕੂਲ ਮੈਨੇਜਮੈਂਟ ਕਮੇਟੀ ਦਾ ਮੈਂਬਰ ਬਣ ਸਕਦਾ ਹੈ। ਪਿਛਲੇ ਸਮੇਂ ਵਿੱਚ ਸਕੂਲ ਮੈਨੇਜਮੈਂਟ ਕਮੇਟੀਆਂ ਵਿੱਚ ਮਾਪੇ, ਇੱਕ ਪੰਚਾਇਤ ਦਾ ਚੁਣਿਆ ਹੋਇਆ ਮੈਂਬਰ ਅਤੇ ਵਿਦਿਆਰਥੀਆਂ ਦੁਆਰਾ ਚੁਣਿਆ ਹੋਇਆ ਇੱਕ ਸਿੱਖਿਆ ਮਾਹਰ ਕਮੇਟੀ ਦਾ ਮੈਂਬਰ ਬਣ ਸਕਦਾ ਸੀ ਪਰ ਨਵੀਂ ਪ੍ਰੋਵੀਜ਼ਨ ਅਨੁਸਾਰ ਪੰਚਾਇਤ ਮੈਂਬਰ ਦੀ ਥਾਂ ਖੇਤਰ ਦੇ ਚੁਣੇ ਹੋਏ ਪ੍ਰਤੀਨਿਧ ਜਾਂ ਉਸ ਦੇ ਨੁਮਾਇੰਦੇ ਨੂੰ ਕਮੇਟੀ ਵਿੱਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਗਈ ਹੈ ਅਤੇ ਸਿੱਖਿਆ ਮਾਹਰ ਵੀ ਰਾਜਨੀਤਿਕ ਪਾਰਟੀ ਵੱਲੋਂ ਦਿੱਤੀ ਗਈ ਲਿਸਟ ਅਨੁਸਾਰ ਕਮੇਟੀ ਵਿੱਚ ਸ਼ਾਮਲ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਸਿੱਖਿਆ ਸਰੋਕਾਰਾਂ ਨਾਲ ਕੋਈ ਵਾਸਤਾ ਨਹੀਂ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਇਨ੍ਹਾਂ ਰਾਜਨੀਤਕ ਵਿਅਕਤੀਆਂ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਮਾਹੌਲ ਨੂੰ ਆਉਣ ਵਾਲੇ ਸਮੇਂ ਵਿੱਚ ਹੋਰ ਵਿਗਾੜਨਾ ਹੈ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਨੇ ਇਸ ਤਰ੍ਹਾਂ ਦੀਆਂ ਸਕੂਲਾਂ ਦੇ ਮਾਹੌਲ ਖਰਾਬ ਕਰਨ ਦੀਆਂ ਘਟਨਾਵਾਂ ਲਈ ਸਿੱਖਿਆ ਮੰਤਰੀ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਇਸ ਤਰ੍ਹਾਂ ਦੀ ਰਾਜਨੀਤਕ ਦਖ਼ਲਅੰਦਾਜ਼ੀ ਦੇ ਲਿਖਤੀ ਅਤੇ ਜ਼ੁਬਾਨੀ ਆਦੇਸ਼ਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ।



# ਵਾਤਾਵਰਣ ਸੁਧਾਰ ਸੁਸਾਇਟੀ ਸ਼ਾਹਕੋਟ ਨੇ ਸੀਚੇਵਾਲ ਨਾਲ ਕੀਤੀ ਮੁਲਾਕਾਤ

**ਸ਼ਾਹਕੋਟ (ਗਿਆਨ ਸੈਦਪੁਰੀ)**- ਸ਼ਾਹਕੋਟ 'ਚ ਵਾਤਾਵਰਣ ਦੀ ਸਾਂਭ-ਸੰਭਾਲ ਕਰਨ ਦੇ ਮਕਸਦ ਨਾਲ ਨਵੀਂ ਬਣੀ ਸੰਸਥਾ 'ਵਾਤਾਵਰਣ ਸੁਧਾਰ ਸੁਸਾਇਟੀ' ਵਲੋਂ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਨਿਰਮਲ ਕੁਟੀਆ ਸੀਚੇਵਾਲ ਵਿਖੇ ਸੰਸਥਾ ਦੇ ਪ੍ਰਧਾਨ ਰਾਕੇਸ਼ ਕੁਮਾਰ ਬੰਟੀ ਬੱਠਲਾ ਦੀ ਅਗਵਾਈ ਹੇਠ ਮੁਲਾਕਾਤ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਲਿਆ ਗਿਆ। ਸੰਤ ਸੀਚੇਵਾਲ ਨੇ ਕਿਹਾ ਕਿ ਵਾਤਾਵਰਣ ਸੁਸਾਇਟੀ ਵਲੋਂ ਵਾਤਾਵਰਣ ਦੀ ਸੰਭਾਲ ਦੀ ਸੇਵਾ ਦਾ ਜੋ ਸੰਕਲਪ ਲਿਆ ਗਿਆ ਹੈ, ਸ਼ਲਾਘਾਯੋਗ ਕਦਮ ਹੈ। ਅੱਜ ਬਹੁਤ ਵੱਡੀ ਲੋੜ ਹੈ ਕਿ ਅਸੀਂ ਸਾਰੇ ਰਲ ਕੇ ਕੁਦਰਤ ਦੀ ਸੰਭਾਲ ਦੇ ਪਹਿਰੇਦਾਰ ਬਣੀਏ। ਸੰਤ ਸੀਚੇਵਾਲ ਨੇ ਕਿਹਾ ਕਿ ਸਭ ਤੋਂ ਪਹਿਲਾਂ ਸਾਨੂੰ ਆਪਣੇ ਆਲੇ-ਦੁਆਲੇ ਤੇ ਇਲਾਕੇ ਨੂੰ ਸਾਫ਼-ਸੁਥਰਾ ਰੱਖਣਾ ਚਾਹੀਦਾ ਹੈ। ਸਾਨੂੰ ਆਉਣ ਵਾਲੀ ਪੀੜ੍ਹੀ ਲਈ ਧਰਤੀ, ਹਵਾ ਤੇ ਪਾਣੀ ਦੀ ਸੰਭਾਲ ਲਈ ਇਕਜੁੱਟ ਹੋਣ ਦੀ ਲੋੜ ਹੈ। ਸੰਤ ਸੀਚੇਵਾਲ ਨੇ ਸੁਸਾਇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ। ਪ੍ਰਧਾਨ ਬੰਟੀ ਬੱਠਲਾ ਨੇ ਕਿਹਾ ਕਿ ਸਾਡੀ ਸੰਸਥਾ ਵਲੋਂ ਆਉਣ ਵਾਲੇ ਦਿਨਾਂ ਵਿਚ ਵੱਧ ਤੋਂ ਵੱਧ ਬੂਟੇ ਲਗਾਏ ਜਾਣਗੇ। ਸੁਸਾਇਟੀ ਵਲੋਂ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਸੁਰਜੀਤ ਸਿੰਘ ਸ਼ੰਟੀ ਸੀਚੇਵਾਲ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਭੁਪਿੰਦਰ ਸਿੰਘ ਜੱਸਲ ਮੁੱਖ ਸਲਾਹਕਾਰ, ਮਨੀ ਭਾਰਦਵਾਜ ਜਨਰਲ ਸਕੱਤਰ, ਡਾ. ਰਾਜੇਸ਼ ਚੌਹਾਨ ਵਾਈਸ ਪ੍ਰਧਾਨ, ਗਗਨਦੀਪ ਗੋਇਲ ਖ਼ਜ਼ਾਨਚੀ, ਡਾ. ਗੁਰਪ੍ਰੀਤ ਸਿੰਘ ਪ੍ਰਿੰਸ ਸਕੱਤਰ, ਜਸਵੀਰ ਸਿੰਘ ਜੱਸੀ ਜੁਆਇੰਟ ਸੈਕਟਰੀ, ਸਿਦਕਪ੍ਰੀਤ ਸਿੰਘ ਸਚਦੇਵਾ ਪ੍ਰੈੱਸ ਸਕੱਤਰ, ਮਾ: ਕਰਮਦੀਪ ਸਿੰਘ ਸਚਦੇਵਾ ਸਹਾਇਕ ਖ਼ਜ਼ਾਨਚੀ, ਸੁਖਪ੍ਰੀਤ ਸਿੰਘ ਢੱਡਾ ਸੋਸ਼ਲ ਮੀਡੀਆ ਇੰਚਾਰਜ, ਰਮੇਸ਼ ਗੋਸਾਈਂ ਮੈਂਬਰ, ਮਨਜੋਤ ਸਿੰਘ ਸਿੰਧੜ ਮੈਂਬਰ ਹਾਜ਼ਰ ਸਨ।



# ਹੈਰੋਇਨ ਸਮੇਤ 2 ਕਾਬੂ

ਬੰਗਾ (ਅਵਤਾਰ ਕਲੇਰ)- ਥਾਣਾ ਸਿਟੀ ਬੰਗਾ ਵਲੋਂ 6 ਗ੍ਰਾਮ ਹੈਰੋਇਨ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ।ਥਾਣਾ ਐਸ ਐਚ ਓ ਚੌਧਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਸ਼ੱਕੀ ਲੋਕਾਂ ਦੇ ਸਬੰਧ ਵਿੱਚ ਥਾਣਾ ਸਿਟੀ ਗਸ਼ਤ ਦੌਰਾਨ ਝਿੱਕਾ ਪੁਲੀ ਬੰਗਾ ਸਾਇਡ ਜਾ ਰਹੇ ਸੀ। ਜਦੋਂ ਪੁਲਸ ਪਾਰਟੀ ਝਿੱਕਾ ਪੁਲੀ ਬੰਗਾ ਨੇੜੇ ਪੁੱਜੀ ਤਾਂ ਸਾਹਮਣੇ ਤੋਂ ਦੋ ਨੌਜਵਾਨ ਗੱਡੀ ਦੀਆਂ ਲਾਈਟਾਂ ਅੱਗੇ ਪੈਦਲ ਆਉਂਦੇ ਦਿਖਾਈ ਦਿੱਤੇ। ਜੋ ਸਾਹਮਣੇ ਪੁਲਸ ਪਾਰਟੀ ਦੀ ਸਰਕਾਰੀ ਗੱਡੀ ਆਉਂਦੀ ਦੇਖ ਕੇ ਘਬਰਾ ਗਏ ਜਿਹਨਾਂ ਵਿਚੋਂ ਇੱਕ ਨੌਜਵਾਨ ਨੇ ਆਪਣੇ ਖੱਬੇ ਹੱਥ ਵਿੱਚ ਫੜੀ ਲਿਫਾਫੀ ਹੇਠਾਂ ਜ਼ਮੀਨ 'ਤੇ ਘਾਹ ਫੂਸ ਵੱਲ ਨੂੰ ਸੁੱਟ ਦਿੱਤੀ ਤੇ ਆਪ ਪਿੱਛੇ ਨੂੰ ਮੁੜ ਕੇ ਦੋਨੋਂ ਜਣੇ ਤੇਜ ਕਦਮੀ ਚੱਲਣ ਲੱਗੇ। ਸ਼ੱਕ ਪੈਣ ਕਰਕੇ ਗੱਡੀ ਰੁਕਵਾ ਕੇ ਸਾਥੀ ਕਰਮਚਾਰੀਆਂ ਨੇ ਉਕਤ ਨੌਜਵਾਨਾਂ ਨੂੰ ਕਾਬੂ ਕੀਤਾ। ਨਾਂ ਪਤਾ ਪੁੱਛਿਆ ਤਾਂ ਲਿਫਾਫੀ ਸੁੱਟਣ ਵਾਲੇ ਨੌਜਵਾਨ ਨੇ ਆਪਣਾ ਨਾਂਅ ਬਲਵਿੰਦਰ ਕੁਮਾਰ ਪੁੱਤਰ ਚਰਨ ਦਾਸ ਨਿਵਾਸੀ ਉਧਨੋਵਾਲ ਥਾਣਾ ਸਦਰ ਬਲਾਚੌਰ ਦੱਸਿਆ ਅਤੇ ਦੂਸਰੇ ਨੌਜਵਾਨ ਨੇ ਆਪਣਾ ਨਾਂਅ ਬਲਕਾਰ ਸਿੰਘ ਪੁੱਤਰ ਕ੍ਰਿਸ਼ਨ ਲਾਲ ਵਾਸੀ ਬੁੱਲੇਵਾਲ ਥਾਣਾ ਸਿਟੀ ਬਲਾਚੌਰ ਦੱਸਿਆ। ਪੁਲਸ ਪਾਰਟੀ ਨੇ ਸੁੱਟੀ ਲਿਫਾਫੀ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਸੁੱਟੀ ਹੋਈ ਲਿਫਾਫੀ ਵਿਚ ਹੈਰੋਇਨ ਹੈ ਜੋ ਉਹ ਦੋਨੋਂ ਜਾਣੇ ਪੀਣ ਅਤੇ ਵੇਚਣ ਲਈ ਲੈ ਕੇ ਆਏ ਹਨ। ਉਕਤ ਵਲੋ ਸੁੱਟੀ ਹੋਈ ਲਿਫਾਫੀ ਵਿੱਚੋਂ 6 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਪੁਲਸ ਨੇ ਕਥਿਤ ਦੋਸ਼ੀਆਂ ਖਿਲਾਫ ਨਸ਼ਾ ਐਕਟ ਅਧੀਨ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਖ਼ਾਲਸਾ ਕਾਲਜ ਦਾ ਬੀ ਐੱਸ ਸੀ ਬੀ ਐੱਡ ਅੱਠਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਚੱਲ ਰਹੇ ਚਾਰ ਸਾਲਾ ਇੰਟਗ੍ਰੇਟਿਡ ਕੋਰਸ ਬੀ.ਐੱਸ.ਸੀ. ਬੀ.ਐੱਡ. ਦੇ ਅੱਠਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਦੱਸਿਆ ਕਿ ਬੀ.ਐੱਸ.ਸੀ. ਬੀ.ਐੱਡ.ਅੱਠਵੇਂ ਸਮੈਸਟਰ ਦੇ ਪੰਜਾਬ ਯੂਨੀਵਰਸਿਟੀ ਵਲੋਂ ਐਲਾਨੇ ਗਏ ਨਤੀਜੇ ਵਿਚ ਵਿਦਿਆਰਥੀ ਚੰਗੇ ਅੰਕ ਲੈ ਕੇ ਪਾਸ ਹੋਏ ਹਨ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਅੰਕਿਤਾ ਨੇ 88.6 ਫੀਸਦੀ ਅੰਕ ਲੈ ਕੇ ਕਾਲਜ ਵਿਚੋਂ ਪਹਿਲਾ ਸਥਾਨ, ਨਿਕਿਤਾ ਚੌਧਰੀ ਨੇ 88.2 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਅਤੇ ਰਮਨਦੀਪ ਨੇ 88.1 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਨੂੰ ਵਧਾਈ ਦਿੱਤੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਅਵੱਲ ਰਹੀਆਂ ਵਿਦਿਆਰਥਣਾਂ ਦੀ ਹੌਂਸਲਾ ਅਫ਼ਜਾਈ ਕਰਦਿਆਂ ਭਵਿੱਖ ਵਿਚ ਵੀ ਚੰਗੇ ਅੰਕ ਲੈ ਕੇ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।



# ਨਸ਼ਾ ਮੁਕਤੀ ਯਾਤਰਾ 93 ਪਿੰਡਾਂ 'ਚ ਮੁਕੰਮਲ, ਹੁਣ ਸ਼ਹਿਰਾਂ ਦੀ ਵਾਰੀ : ਰੰਧਾਵਾ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ ਦੇ ਮਾਰਗ ਦਰਸ਼ਨ ਤਹਿਤ ਪੰਜਾਬ ਵਿੱਚ ਆਰੰਭ ਹੋਈਆਂ ਨਸ਼ਾ ਮੁਕਤੀ ਯਾਤਰਾਵਾਂ ਸੂਬੇ ਦੇ 15000 ਪਿੰਡਾਂ ਅਤੇ ਵਾਰਡਾਂ 'ਚ ਨਸ਼ਿਆਂ ਖ਼ਿਲਾਫ਼ ਖ਼ਬਰਦਾਰ ਕਰਨ ਲਈ ਸ਼ੁਰੂ ਕੀਤੀਆਂ ਗਈਆਂ ਸਨ।ਇਹ ਪ੍ਰਗਟਾਵਾ, ਐਮ.ਐਲ.ਏ ਡੇਰਾਬੱਸੀ ਕੁਲਜੀਤ ਸਿੰਘ ਰੰਧਾਵਾ ਵੱਲੋਂ ਹਲਕੇ ਦੇ ਰਹਿੰਦੇ 5 ਆਖਰੀ ਪਿੰਡਾਂ ਜੜੌਤ, ਮੀਰਪੁਰ, ਰਾਮਗੜ੍ਹ ਰੁੜਕੀ, ਭਗਵਾਸੀ ਅਤੇ ਤੋਗਾਪੁਰ 'ਚ ਪੁੱਜ ਕੇ ਹਲਕਾ ਡੇਰਾਬੱਸੀ ਦੇ 93 ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾਵਾਂ ਮੁਕੰਮਲ ਕਰਨ ਉਪਰੰਤ ਕੀਤਾ ਗਿਆ।ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਭਗਵੰਤ ਮਾਨ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਆਰੰਭੀ ਨਸ਼ਾ ਮੁਕਤੀ ਯਾਤਰਾ ਤਹਿਤ ਡੇਰਾਬਸੀ ਦੇ 93 ਪਿੰਡਾਂ ਵਿੱਚ ਇਹ ਯਾਤਰਾ ਮੁਕੰਮਲ ਕਰ ਲਈ ਗਈ ਹੈ ਅਤੇ ਸੋਮਵਾਰ ਤੋਂ ਨਸ਼ਾ ਮੁਕਤੀ ਯਾਤਰਾ ਹਲਕੇ ਦੇ ਸ਼ਹਿਰਾਂ ਦੇ ਵਾਰਡਾਂ ਅਤੇ ਮਿਊਂਸਪਲ ਕਮੇਟੀਆਂ ਵਿੱਚ ਸ਼ੁਰੂ ਕੀਤੀ ਜਾਵੇਗੀ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਸੂਬੇ ਨੂੰ ਨਸ਼ਾ ਰਹਿਤ ਬਣਾਉਣਾ ਹੈ, ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਨਸ਼ਿਆਂ ਦੀ ਭੈੜੀ ਅਲਾਮਤ ਤੋਂ ਬਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੇ ਤਹਿਤ ਸੂਬੇ ਵਿੱਚ ਹਰ ਰੋਜ਼ ਲਗਭਗ 351 ਪਿੰਡਾਂ ਵਿੱਚ ਗ੍ਰਾਮ ਸਭਾਵਾਂ ਕੀਤੀਆਂ ਜਾ ਰਹੀਆਂ ਹਨ। ਹਰ ਵਿਧਾਨ ਸਭਾ ਵਿੱਚ ਤਿੰਨ ਪਿੰਡ ਚੁਣੇ ਗਏ ਹਨ, ਜਿੱਥੇ ਜਨਤਾ ਦੀ ਭਾਗੀਦਾਰੀ ਨਾਲ ਇਹ ਅੰਦੋਲਨ ਹੋਰ ਮਜ਼ਬੂਤ ਹੋਵੇਗਾ।ਰੰਧਾਵਾ ਨੇ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਪ੍ਰਾਪਤੀ ਬਾਰੇ ਦੱਸਦਿਆਂ ਕਿਹਾ ਕਿ ਹੁਣ ਤੱਕ ਡੇਰਾਬਸੀ ਹਲਕੇ ਦੇ ਸਾਰੇ 93 ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾਵਾਂ ਮੁਕੰਮਲ ਕਰ ਲਈਆ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਰਕਾਰ ਦੀ ਨੀਅਤ ਅਤੇ ਨੀਤੀ ਬਿਲਕੁਲ ਸਾਫ਼ ਤੇ ਸਪੱਸ਼ਟ ਹੈ- ਜਾਂ ਤਾਂ ਨਸ਼ਾ ਛੱਡੋ ਜਾਂ ਪੰਜਾਬ ਛੱਡੋ।ਇਸ ਮੌਕੇ ਡੇਰਾਬੱਸੀ ਦੇ ਡੀਐੱਸਪੀ ਬਿਕਰਮਜੀਤ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਵਿੱਚੋਂ ਨਸ਼ੇ ਦੇ ਕੋਹੜ ਨੂੰ ਖਤਮ ਕਰਨ ਲਈ ਹਲਕੇ ਦੇ ਹਰ ਇੱਕ ਪਿੰਡ ਵਿੱਚ ਡਿਫੈਂਸ ਕਮੇਟੀਆਂ ਕੰਮ ਕਰ ਰਹੀਆਂ ਹਨ ਅਤੇ ਇਹ ਡਿਫੈਂਸ ਕਮੇਟੀਆਂ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਨਸ਼ਾ ਤਸਕਰਾਂ ਦੇ ਕਾਰੋਬਾਰ ਨੂੰ ਮੁਕੰਮਲ ਤੌਰ 'ਤੇ ਬੰਦ ਕਰਵਾਉਣ ਵਿੱਚ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਨੂੰ ਨਸ਼ਾ ਮੁਕਤ ਕਰਨਾ ਸਾਡੇ ਸਭਨਾਂ ਦੀ ਜ਼ਿੰਮੇਵਾਰੀ ਹੈ ਅਤੇ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਲੋਕਾਂ ਦੇ ਸਾਥ ਦੀ ਲੋੜ ਹੈ ਕਿਉਂਕਿ ਇੱਕਲੀ ਪੁਲਸ ਜਾਂ ਪ੍ਰਸ਼ਾਸ਼ਨ ਇਸ ਕੰਮ ਨੂੰ ਨੇਪਰੇ ਨਹੀਂ ਚਾੜ੍ਹ ਸਕਦਾ।ਇਸ ਉਪਰੰਤ ਉਹਨਾਂ ਪਿੰਡ ਦੇ ਸਰਪੰਚਾਂ ਦੀ ਮੌਜੂਦਗੀ ਵਿੱਚ ਪਿੰਡ ਦੇ ਹਾਜਰੀਨ ਵਾਸੀਆਂ ਨੂੰ ਨਸ਼ਾ ਵਿਕਣ ਤੋਂ ਰੋਕਣ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵ ਪ੍ਰਤੀ ਹੋਰਨਾਂ ਲੋਕਾਂ ਨੂੰ ਵੀ ਜਾਗਰੂਕ ਕਰਨ ਬਾਰੇ ਸਹੁੰ ਚੁਕਵਾਈ। ਵਿਧਾਇਕ ਰੰਧਾਵਾ ਨੇ ਸਪੱਸ਼ਟ ਕੀਤਾ ਕਿ ਇਹ ਨਸ਼ਾ ਮੁਕਤੀ ਯਾਤਰਾ ਕੋਈ ਸਿਆਸੀ ਯਾਤਰਾ ਨਹੀਂ ਹੈ, ਇਹ ਇੱਕ ਸਮਾਜਿਕ ਸੰਕਲਪ ਹੈ, ਜਿਸ ਲਈ ਸਮਾਜ ਦੇ ਹਰ ਵਰਗ, ਹਰ ਪੰਚਾਇਤ, ਹਰ ਨੌਜਵਾਨ, ਹਰ ਮਾਤਾ-ਪਿਤਾ ਨੂੰ ਇਸ ਅੰਦੋਲਨ ਨਾਲ ਜੁੜਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਇਹ ਲੜਾਈ ਸਾਡੀ ਸਭ ਦੀ ਸਾਂਝੀ ਲੜਾਈ ਹੈ।ਇਸ ਮੌਕੇ ਕੋਆਰਡੀਨੇਟਰ ਸੁਮਿਤ ਰਾਣਾ ਸਮੇਤ ਪ੍ਰਸ਼ਾਸਨਿਕ ਅਧਿਕਾਰੀ ਤੇ ਮੋਹਤਬਰ ਵਿਅਕਤੀ ਮੌਜੂਦ ਰਹੇ।




# ਨਗਰ ਨਿਗਮ ਨੇ ਬੁਨਿਆਦੀ ਸਹੂਲਤਾਂ ਲਈ ਤਾਇਨਾਤ ਕੀਤੇ ਵਾਰਡ ਨੋਡਲ ਅਫ਼ਸਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਜਯੋਤੀ ਬਾਲਾ ਮੱਟੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਆਮ ਪਬਲਿਕ ਨੂੰ ਬੁਨਿਆਦੀ ਸਹੂਲਤਾਂ ਅਤੇ ਉਨ੍ਹਾਂ ਨੂੰ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਨਗਰ ਨਿਗਮ ਵੱਲੋਂ ਹਰੇਕ ਵਾਰਡ ਵਿਚ ਵਾਰਡ ਨੋਡਲ ਅਫ਼ਸਰ ਤਾਇਨਾਤ ਕੀਤੇ ਗਏ ਹਨ, ਜਿਨ੍ਹਾਂ ਦਾ ਕੰਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਾ ਹੋਵੇਗਾ। ਇਸ ਵਿਚ ਸੰਯੁਕਤ ਕਮਿਸ਼ਨਰ ਨਗਰ ਨਿਗਮ ਨੂੰ ਬਤੌਰ ਅਫ਼ਸਰ ਇੰਚਾਰਜ, ਨਿਗਰਾਨ ਇੰਜੀਨੀਅਰ ਨੂੰ ਬਤੌਰ ਵਾਰਡ ਕੰਟਰੋਲਿੰਗ ਅਫ਼ਸਰ ਅਤੇ ਸੂਬੇਦਾਰ ਗੁਰਮੇਲ ਸਿੰਘ ਨੂੰ ਵਾਰਡ ਕੋਆਰਡੀਨੇਟਰ ਵਜੋਂ ਤਾਇਨਾਤ ਕੀਤਾ ਗਿਆ ਹੈ ਅਤੇ ਵੱਖ-ਵੱਖ ਵਾਰਡਾਂ ਲਈ ਵਾਰਡ ਨੋਡਲ ਅਫਸਰ ਤਾਇਨਾਤ ਕੀਤੇ ਗਏ ਹਨ। ਇਹ ਵਾਰਡ ਨੋਡਲ ਅਫਸਰ ਆਪਣੇ-ਆਪਣੇ ਅਲਾਟ ਕੀਤੇ ਗਏ ਵਾਰਡਾਂ ਦੇ ਓਵਰਆਲ ਇੰਚਾਰਜ ਰਹਿਣਗੇ, ਜਿਸ ਨਾਲ ਇਨ੍ਹਾਂ ਵਾਰਡਾਂ ਵਿਚ ਕਿਸੇ ਵੀ ਤਰ੍ਹਾਂ ਦੀ ਸੀਵਰੇਜ, ਸਫਾਈ, ਸਟ੍ਰੀਟ ਲਾਈਟਾਂ, ਪੀਣ ਵਾਲੇ ਪਾਣੀ, ਸੜਕਾਂ ਆਦਿ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ, ਤਾਂ ਉਸ ਦਾ ਮੌਕੇ 'ਤੇ ਹੀ ਨਿਪਟਾਰਾ ਕਰਵਾਉਣਗੇ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਨਿਗਮ ਵੱਲੋਂ ਪਹਿਲਾਂ ਹੀ ਪਬਲਿਕ ਸਹੂਲਤ ਨੂੰ ਮੁੱਖ ਰੱਖਦੇ ਹੋਏ ਹੈਲਪਲਾਈਨ ਨੰਬਰ 01882-220322 ਅਤੇ ਵਟਸਐਪ ਸ਼ਿਕਾਇਤ ਨੰਬਰ 94634-97791 ਜਾਰੀ ਕੀਤੇ ਹੋਏ ਹਨ, ਜਿਸ ਉੱਪਰ ਆਮ ਪਬਲਿਕ ਨਗਰ ਨਿਗਮ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਦਫ਼ਤਰੀ ਸਮੇਂ ਅੰਦਰ ਦਰਜ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਸੂਬੇਦਾਰ ਗੁਰਮੇਲ ਸਿੰਘ ਨੂੰ ਵਾਰਡ ਕੋਆਰਡੀਨੇਟਰ ਵਜੋਂ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਕਿਸੇ ਵੀ ਕੰਮ ਵਾਲੇ ਦਿਨ ਸਮਾਂ ਸਵੇਰੇ 11:00 ਵਜੇ ਤੋਂ ਦੁਪਹਿਰ 01:00 ਵਜੇ ਅਤੇ ਦੁਪਹਿਰ 03:00 ਵਜੇ ਤੋਂ ਸ਼ਾਮ 04:00 ਵਜੇ ਤੱਕ ਨਗਰ ਨਿਗਮ ਦਫਤਰ ਵਿਖੇ ਤਾਇਨਾਤ ਰਹਿਣਗੇ। ਇਸ ਲਈ ਸਮੂਹ ਸ਼ਹਿਰ ਵਾਸੀ ਆਪਣੀਆਂ ਮੁਸ਼ਕਲਾਂ ਸਬੰਧੀ ਉਕਤ ਨੰਬਰਾ ਜਾਂ ਉਕਤ ਕਰਮਚਾਰੀ ਨਾਲ ਦਿੱਤੇ ਸਮੇਂ ਅਨੁਸਾਰ ਸੰਪਰਕ ਕਰਕੇ ਨਿਪਟਾਰਾ ਕਰਵਾ ਸਕਦੇ ਹਨ।

# ਗਹੂੰਣ ਵਿਖੇ ਭਾਜਪਾ ਪ੍ਰਧਾਨ ਲੱਕੀ ਦੀ ਅਗਵਾਈ ਹੇਠ ਵਿਸ਼ੇਸ਼ ਕੈਂਪ 22 ਨੂੰ

**ਬਲਾਚੌਰ (ਜਸਵਿੰਦਰ ਬੈਂਸ)**- ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣ ਲਈ ਪਿੰਡ-ਪਿੰਡ ਲਗਾਏ ਜਾ ਰਹੇ ਕੈਂਪਾਂ ਦੀ ਲੜੀ ਦੇ ਤਹਿਤ ਇੱਕ ਵਿਸ਼ੇਸ਼ ਸਹਾਇਤਾ ਕੈਂਪ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਪਿੰਡ ਗਹੂੰਣ ਵਿਖੇ 22 ਜੁਲਾਈ ਦਿਨ ਮੰਗਲਵਾਰ ਨੂੰ ਲਗਾਇਆ ਜਾ ਰਿਹਾ ਹੈ । ਇਸ ਕੈਂਪ ਵਿੱਚ ਆਯੁਸ਼ਮਾਨ ਕਾਰਡ, ਕਿਸਾਨ ਸਨਮਾਨ ਨਿਧੀ ਯੋਜਨਾ, ਈ ਕਾਰਡ, ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ, ਪ੍ਰਧਾਨ ਮੰਤਰੀ ਸੂਰਯਾ ਘਰ ਯੋਜਨਾ, ਟੂਲ ਕਿੱਟ ਆਦਿ ਦਾ ਲਾਭ ਉਠਾਉਣ ਲਈ ਸਹਾਇਤਾ ਕੀਤੀ ਜਾਵੇਗੀ ਅਤੇ ਕਾਰਡ ਵੀ ਮੌਕੇ ਤੇ ਹੀ ਬਣਾ ਕੇ ਦਿੱਤੇ ਜਾਣਗੇ। ਸਬੰਧਿਤ ਵਿਅਕਤੀ ਆਪਣਾ ਆਧਾਰ ਕਾਰਡ, ਪੈਨ ਕਾਰਡ, ਬੈਂਕ ਖਾਤੇ ਵਾਲੀ ਕਾਪੀ ਅਤੇ ਦੋ ਪਾਸਪੋਰਟ ਸਾਈਜ਼ ਫੋਟੋਆਂ ਆਦਿ ਨਾਲ ਲੈ ਕੇ ਆਉਣ। ਜ਼ਿਲ੍ਹਾ ਪ੍ਰਧਾਨ ਲੱਕੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰਨ।



# ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਆਨਲਾਈਨ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 31 ਜੁਲਾਈ

**ਜਲੰਧਰ (ਸੁਰਿੰਦਰ ਕੁਮਾਰ)**- ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ (ਪੀ.ਐਮ.ਆਰ.ਬੀ.ਪੀ.) ਲਈ ਆਨਲਾਈਨ ਰਜਿਸਟ੍ਰੇਸ਼ਨ ਕਰਨ ਦੀ ਆਖਰੀ ਮਿਤੀ 31 ਜੁਲਾਈ 2025 ਹੈ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਜੇ ਭਾਰਤੀ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਹਰ ਸਾਲ 5 ਤੋਂ 18 ਸਾਲ ਉਮਰ ਦੇ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਦੂਜਿਆਂ ਲਈ ਬੇਮਿਸਾਲ ਬਹਾਦਰੀ ਦਾ ਕੰਮ ਕੀਤਾ ਹੋਵੇ, ਜਿਨ੍ਹਾਂ ਨੇ ਬੇਮਿਸਾਲ ਕਾਬਲੀਅਤ, ਸ਼ਾਨਦਾਰ ਪ੍ਰਾਪਤੀਆਂ ਨਾਲ ਸਮਾਜ 'ਤੇ ਵਿਆਪਕ ਅਤੇ ਪ੍ਰਤੱਖ ਪ੍ਰਭਾਵ ਪਾਇਆ ਹੋਵੇ। ਉਨ੍ਹਾਂ ਦੱਸਿਆ ਕਿ ਇਹ ਪੁਰਸਕਾਰ ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਕਲਾ ਤੇ ਸੱਭਿਆਚਾਰ, ਨਵੀਨਤਾ ਦੇ ਖੇਤਰਾਂ ਵਿੱਚ ਦਿੱਤੇ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਕੋਈ ਵੀ ਬੱਚਾ, ਜੋ ਭਾਰਤ ਦਾ ਨਾਗਰਿਕ ਹੈ, ਪੁਰਸਕਾਰ ਲਈ ਬਿਨੈ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮੰਗੀ ਗਈ ਯੋਗਤਾ ਵਾਲੇ ਬੱਚੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਰ ਦੀ ਵੈਬਸਾਈਟ https://awards.gov.in 'ਤੇ 31 ਜੁਲਾਈ 2025 ਤੱਕ ਆਪਣੀ ਰਜਿਸਟ੍ਰੇਸ਼ਨ ਕਰ ਸਕਦੇ ਹਨ। ਉਨ੍ਹਾਂ ਯੋਗ ਬੱਚਿਆਂ ਨੂੰ ਇਸ ਪੁਰਸਕਾਰ ਲਈ ਅਪਲਾਈ ਕਰਨ ਦੀ ਅਪੀਲ ਕੀਤੀ।ਵਧੇਰੇ ਜਾਣਕਾਰੀ ਲਈ ਦਫ਼ਤਰ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਗਾਂਧੀ ਵਨਿਤਾ ਆਸ਼ਰਮ, ਕਪੂਰਥਲਾ ਚੌਂਕ ਜਲੰਧਰ ਵਿਖੇ ਪਹੁੰਚ ਕੀਤੀ ਜਾ ਸਕਦੀ ਹੈ ਜਾਂ ਦਫ਼ਤਰ ਦੀ ਈ-ਮੇਲ ਆਈ ਡੀ ਤੋਂ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

# ਗੌਰਮਿੰਟ ਟੀਚਰਜ਼ ਯੂਨੀਅਨ ਨੇ ਅਧਿਆਪਕਾਂ ਦੀਆਂ ਹੱਕੀ ਮੰਗਾਂ ਦੇ ਹੱਲ ਲਈ ਫੜਿਆ ਸੰਘਰਸ਼ ਦਾ ਰਾਹ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਸੂਬਾਈ ਸੱਦੇ ਅਨੁਸਾਰ ਜ਼ਿਲ੍ਹਾ ਪ੍ਰਧਾਨ ਬਿਕਰਮਜੀਤ ਸਿੰਘ ਰਾਹੋਂ ਦੀ ਅਗਵਾਈ ਵਿੱਚ ਅਧਿਆਪਕ ਮੰਗਾਂ ਅਤੇ ਮਸਲਿਆਂ ਸੰਬੰਧੀ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ) (ਐ.ਸਿੱ) ਅਨੀਤਾ ਸ਼ਰਮਾ ਰਾਹੀਂ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਭੇਜੇ ਗਏ । ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੀਨੀਅਰ ਆਗੂਆਂ ਨੇ ਦੱਸਿਆ ਕਿ ਅਧਿਆਪਕਾਂ ਨੂੰ ਤਨਖਾਹਾਂ ਸਮੇਤ ਜੀ ਪੀ ਫੰਡ ਐਡਵਾਂਸ ਅਤੇ ਹੋਰ ਬਿੱਲ ਮਹੀਨੇ ਦੀ ਇੱਕ ਤਰੀਕ ਨੂੰ ਹੀ ਜਾਰੀ ਕਰਨੇ ਯਕੀਨੀ ਬਣਾਉਣ , ਵੱਖ ਵੱਖ ਭਰਤੀਆਂ ਅਤੇ ਅਧਿਆਪਕਾਂ ਦੇ ਹੱਕ 'ਚ ਹੋਏ ਫੈਸਲੇ ਨੂੰ ਜਰਨਲਾਈਜ ਕਰਨ , ਅਧਿਆਪਕਾਂ ਦੇ ਉਕਤ ਕੇਸਾਂ ਵਿੱਚ ਬਣਦੇ ਬਕਾਏ ਜਲਦ ਜਾਰੀ ਕੀਤੇ ਜਾਣ, ਰੀਕਾਸਟ ਲਿਸਟਾਂ ਜਿਵੇਂ ਕਿ 3704 ਤੇ 6635 ਤੁਰੰਤ ਰੱਦ ਕਰਨ, ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਵਿੱਚ ਸਿਆਸੀ ਦਖਲਅੰਦਾਜੀ ਬੰਦ ਕਰਨ , ਛੁੱਟੀਆਂ ਵਾਲੇ ਦਿਨਾਂ ਦੌਰਾਨ ਅਧਿਆਪਕਾਂ ਤੇ ਸਕੂਲ ਮੁਖੀਆਂ ਤੋਂ ਗੂਗਲ ਫਾਰਮ ਭਰਵਾਉਣੇ ਤੇ ਡਾਕ ਮੰਗਣੀ ਬੰਦ ਕਰਨ, ਈ ਟੀ ਟੀ, ਸੀ ਐਂਡ ਵੀ ਤੋਂ ਮਾਸਟਰ ਕੇਡਰ, ਮਾਸਟਰ ਕੇਡਰ ਤੋਂ ਲੈਕਚਰਾਰ ਤੇ ਮੁੱਖ ਅਧਿਆਪਕ ਅਤੇ ਵੱਖ ਵੱਖ ਕਾਡਰਾਂ ਤੋਂ ਬਤੌਰ ਪ੍ਰਿੰਸੀਪਲ ਪ੍ਰਮੋਸ਼ਨਾਂ ਜਲਦ ਕਰਨ, ਇਸੇ ਤਰਾਂ ਨਾਨ ਟੀਚਿੰਗ ਅਸਾਮੀਆਂ ਭਰੀਆਂ ਜਾਣ ਅਤੇ ਪ੍ਰਾਇਮਰੀ ਸਕੂਲਾਂ ਵਿੱਚ ਸੈਂਟਰ ਪੱਧਰ ਤੇ ਡਾਟਾ ਐਂਟਰੀ ਆਪਰੇਟਰ ਦੀਆਂ ਅਸਾਮੀਆਂ ਦੇਣ, ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਦੇ ਵਿੱਚ ਦੋ ਕਲਰਕ ਦੀਆਂ ਅਸਾਮੀਆਂ ਦੇਣ, ਸਮੱਗਰਾ ਅਧੀਨ ਕੰਮ ਕਰਦੇ 59 ਐਸ ਐਲ ਏ ਅਤੇ ਦਫਤਰੀ ਕਰਮਚਾਰੀਆਂ ਨੂੰ ਪੱਕਾ ਕਰਨ ਅਤੇ ਕੰਮ ਕਰਦੇ 29 ਮੁੱਖ ਅਧਿਆਪਕਾਂ ਦੀਆਂ ਖਤਮ ਕੀਤੀਆਂ ਸੇਵਾ ਬਹਾਲ ਕਰਨ, ਕੰਪਿਊਟਰ ਅਧਿਆਪਕਾਂ, ਮੈਰੀਟੋਰੀਅਸ ਅਧਿਆਪਕਾਂ, ਐਸੋਸੀਏਟ ਅਧਿਆਪਕਾਂ, ਆਦਰਸ਼ ਮਾਡਲ ਸਕੂਲਾਂ ਦੇ ਅਧਿਆਪਕਾਂ ਅਤੇ ਐਨ ਐਸ ਕਿਊ ਐਫ ਅਧਿਆਪਕਾਂ ਨੂੰ ਤਨਖਾਹ ਸਕੇਲਾਂ ਦੇ ਘੇਰੇ ਵਿੱਚ ਲਿਆਉਣ, ਵੱਖ ਵੱਖ ਕੇਡਰਾਂ ਵਿੱਚ ਭਰਤੀ ਹੋਏ ਅਧਿਆਪਕਾਂ ਅਤੇ ਪਦਉੱਨਤ ਕੀਤੇ ਗਏ ਲੈਕਚਰਾਰਾਂ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦੇਣ ਅਤੇ ਆਪਸੀ ਬਦਲੀ ਲਈ ਸਟੇਅ ਖਤਮ ਕਰਨ, 8886 ਰੈਗੂਲਰ ਹੋਏ ਅਧਿਆਪਕਾਂ ਨੂੰ ਸੀ ਐਸ ਆਰ ਰੂਲ ਅਨੁਸਾਰ ਠੇਕਾ ਆਧਾਰਤ ਸੇਵਾਵਾਂ ਨੂੰ ਗਿਣਦੇ ਅਚਨਚੇਤ ਛੁੱਟੀਆਂ ਦਾ ਲਾਭ ਦੇਣ, ਬਦਲੀਆਂ ਪਾਰਦਰਸ਼ੀ ਢੰਗ ਨਾਲ ਕਰਨ, ਹੈੱਡ ਟੀਚਰਾਂ ਦੀਆਂ ਖਤਮ ਕੀਤੀਆਂ ਗਈਆਂ 1904 ਪੋਸਟਾਂ ਅਤੇ ਮਿਡਲ ਸਕੂਲਾਂ ਦੀਆਂ ਖਤਮ ਕੀਤੀਆਂ ਗਈਆਂ ਸਰੀਰਕ ਸਿੱਖਿਆ ਅਤੇ ਡਰਾਇੰਗ ਅਧਿਆਪਕਾਂ ਦੀਆਂ ਪੋਸਟਾਂ ਨੂੰ ਬਹਾਲ ਕਰਨ ਦੀਆਂ ਮੰਗਾਂ ਨੂੰ ਹੱਲ ਕਰਨ ਦੀ ਮੰਗ ਕੀਤੀ। ਵਿੱਤੀ ਮੰਗਾਂ ਸਬੰਧੀ ਗੱਲ ਕਰਦੇ ਉਨ੍ਹਾਂ ਕਿਹਾ ਕਿ ਸਮੂਹ ਅਧਿਆਪਕਾਂ ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਅਤੇ 2018 ਤੋਂ ਬਾਅਦ ਭਰਤੀ ਅਧਿਆਪਕਾਂ ਤੇ ਕੇਂਦਰੀ ਸਕੇਲ ਲਾਗੂ ਕਰਨ ਦਾ ਫੈਸਲਾ ਰੱਦ ਕਰਕੇ ਉਹਨਾਂ ਨੂੰ ਪੰਜਾਬ ਸਕੇਲ ਦੀ ਲਿਆਂਦਾ ਜਾਵੇ, 2011 ਵਿੱਚ ਲਾਗੂ ਕੀਤੀ ਉਚੇਰੀ ਗ੍ਰੇਡ ਪੇ ਬਹਾਲ ਕੀਤੀ ਜਾਵੇ, ਸੋਧ ਦੇ ਨਾਂ 'ਤੇ ਬੰਦ ਕੀਤੇ ਪੇਂਡੂ ਭੱਤੇ ਸਮੇਤ ਸਮੁੱਚੇ ਭੱਤੇ ਬਹਾਲ ਕੀਤੇ ਜਾਣ, ਤਨਖਾਹ ਕਮਿਸ਼ਨ 2016 ਦੀ ਰਿਪੋਰਟ ਨੂੰ ਲਾਗੂ ਕਰਦਿਆਂ ਇਸ ਦੇ ਬਕਾਏ ਤੁਰੰਤ ਤੇ ਜਾਣ, ਜਨਵਰੀ 2016 ਤੋਂ ਬਣਦੇ 125 ਮਹਿੰਗਾਈ ਭੱਤੇ ਤੇ 2.59 ਦਾ ਫੈਕਟਰ ਲਾਗੂ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ । ਇਸ ਸਮੇਤ ਹੋਰ ਅਨੇਕਾਂ ਅਧਿਆਪਕ ਪੱਖੀ ਮੰਗਾਂ ਸਬੰਧੀ ਮੰਗ ਪੱਤਰ ਜ਼ਿਲ੍ਹਾ ਸਿੱਖਿਆ ਅਫਸਰ ਅਨੀਤਾ ਸ਼ਰਮਾ ਸੌਂਪਿਆ ਗਿਆ । ਅਧਿਆਪਕ ਆਗੂਆਂ ਨੇ ਕਿਹਾ ਕਿ ਜੇਕਰ ਅਧਿਆਪਕ ਵਰਗ ਦੀਆਂ ਹੱਕੀ ਮੰਗਾਂ ਨੂੰ ਸਰਕਾਰ ਨੇ ਜੇਕਰ ਅਣਗੌਲਿਆਂ ਕਰਨ ਦੀ ਨੀਤੀ ਅਪਣਾਈ ਰੱਖੀ ਤਾਂ ਜਲਦ ਹੀ ਤਿੱਖੇ ਅਤੇ ਲੜੀਵਾਰ ਸੰਘਰਸ਼ਾਂ ਦੀ ਲੜੀ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਸ਼ੋਤਮ ਲਾਲ, ਬਲਜੀਤ ਸਿੰਘ,ਗੁਰਨਾਮ ਸਿੰਘ, ਦਵਿੰਦਰ ਸਿੰਘ, ਮਨਮੋਹਨ ਸਿੰਘ ਚੱਢਾ, ਨਰਿੰਦਰ ਕੁਮਾਰ ਥੋਪੀਆ, ਅਸ਼ਵਨੀ ਕੁਮਾਰ ਬਲਾਚੌਰ, ਰਾਜਵਿੰਦਰ ਕੌਰ ਆਦਿ ਹਾਜ਼ਰ ਸਨ।



# ਗੰਨਾ ਉਤਪਾਦਕ ਕਿਸਾਨਾਂ ਦੇ ਏਰੀਅਰ ਦਾ ਜਲਦੀ ਭੁਗਤਾਨ ਕੀਤਾ ਜਾਵੇ : ਰਾਣਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨਾਂ ਦੀ ਗੰਨੇ ਦੀ ਵਿਕਰੀ ਹੁੰਦੇ ਹੀ ਜਲਦੀ ਭੁਗਤਾਨ ਕੀਤਾ ਜਾਵੇ। ਉਨ੍ਹਾਂ ਨੇ ਕਿਸਾਨਾਂ ਦੇ ਬਕਾਇਆ ਭੁਗਤਾਨ ਦਾ ਵੀ ਜਲਦੀ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ। ਰਾਣਾ ਇੱਥੇ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ।ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਧਾਨ ਸਕੱਤਰ ਪੰਕਜ ਅਗਰਵਾਲ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਸਾਕੇਤ ਕੁਮਾਰ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਨਿਦੇਸ਼ਕ ਰਾਜਨਰਾਇਣ ਕੌਸ਼ਿਕ, ਹਰਿਆਣਾ ਸਟੇਟ ਫਾਉਂਡੇਸ਼ਨ ਆਫ ਕੋਆਪਰੇਟਿਵ ਸ਼ੂਗਰ ਮਿੱਲਜ਼ ਦੇ ਪ੍ਰਬੰਧ ਨਿਰਦੇਸ਼ਕ ਸ਼ਕਤੀ ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ। ਰਾਣਾ ਨੇ ਅਧਿਕਾਰੀਆਂ ਤੋਂ ਨਰਾਇਣਗੜ੍ਹ ਸ਼ੂਗਰ ਮਿੱਲ ਨਾਲ ਸਬੰਧਤ ਗੰਨਾ ਉਤਪਾਦਕਾਂ ਦੇ ਬਕਾਇਆ ਭੁਗਤਾਨ ਕਰਨ ਵਿਸਤਾਰ ਨਾਲ ਚਰਚਾ ਕੀਤੀ ਅਤੇ ਇਸ ਦਿਸ਼ਾ ਵਿੱਚ ਜਲਦੀ ਤੋਂ ਜਲਦੀ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮਿੱਲ ਵਿੱਚ ਗੰਨਾ-ਪਿੜਾਈ ਦਾ ਕੰਮ ਲਗਾਤਾਰ ਚੱਲਦਾ ਰਹਿਣਾ ਚਾਹੀਦਾ ਹੈ ਅਤੇ ਕਿਸਾਨਾਂ ਦੇ ਗੰਨੇ ਦਾ ਭੁਗਤਾਨ ਵੀ ਨਾਲ-ਨਾਲ ਕਰਦੇ ਰਹਿਣ। ਰਾਣਾ ਨੇ ਮੀਟਿੰਗ ਦੇ ਬਾਅਦ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੇ ਹਿੱਤਾਂ ਲਈ ਸੰਕਲਪਬੱਧ ਹੈ। ਸਰਕਾਰ ਦਾ ਯਤਨ ਹੈ ਕਿ ਕਿਸਾਨਾਂ ਦੀ ਖੇਤੀ ਦੀ ਲਾਗਤ ਘੱਟ ਹੋਵੇ ਅਤੇ ਉਨ੍ਹਾਂ ਦੀ ਪੈਦਾਵਾਰ ਲਗਾਤਾਰ ਵਧਦੀ ਰਹੇ। ਖੇਤ ਦੀ ਮਿੱਟੀ ਦੀ ਸਿਹਤ ਚੰਗੀ ਰੱਖਣ ਲਈ ਲੈਬਸ ਵਿੱਚ ਜਾਂਚ ਕਰਨ ਦੇ ਬਾਅਦ ਕਿਸਾਨਾਂ ਨੂੰ ਫਸਲ ਦੀ ਬਿਜਾਈ ਦੀ ਸਲਾਹ ਦਿੱਤੀ ਜਾ ਰਹੀ ਹੈ। ਚੰਗੀ ਗੁਣਵੱਤਾ ਦੇ ਬੀਜ ਉਪਲਬਧ ਕਰਵਾਏ ਜਾ ਰਹੇ ਹਨ ਅਤੇ ਰਸਾਇਣਿਕ ਖਾਦ 'ਤੇ ਨਿਰਭਰਤਾ ਘੱਟ ਤੋਂ ਘੱਟ ਹੋਵੇ, ਇਸ ਲਈ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਕੁਦਰਤੀ ਖੇਤੀ ਦੇ ਵੱਲ ਕਿਸਾਨਾਂ ਨੂੰ ਖਿੱਚਣ ਲਈ ਕਈ ਤਰ੍ਹਾ ਦੀ ਰਿਆਇਤਾਂ ਵੀ ਦਿੱਤੀਆਂ ਜਾ ਰਹੀਆਂ ਹਨ।ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੇ ਕਿਹਾ ਕਿ ਮੱਛੀ ਪਾਲਣ ਅਤੇ ਪਸ਼ੂ ਪਾਲਣ ਦੇ ਖੇਤਰ ਵਿੱਚ ਵੀ ਕਾਰੋਬਾਰ ਸ਼ੁਰੂ ਕਰਨ ਵਾਲੇ ਕਿਸਾਨਾਂ ਨੂੰ ਗ੍ਰਾਂਟ ਦਿੱਤੀ ਜਾ ਰਹੀ ਹੈ।


ਗੁਰਦੀਪ ਸਿੰਘ ਸੈਣੀ ਦੀਆਂ ਗ਼ਜ਼ਲਾਂ
(ਆਖਰੀ ਤੋਂ ਪਹਿਲੇ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਮੈਂ ਕੀ ਦੱਸਾਂ ਤੇਰੇ ਪਿੱਛੋਂ ਸੀ
ਆਖਰ ਜਰ ਗਿਆ ਕੀ-ਕੀ
ਮੈਂ ਕੁਝ ਵੀ ਜਿੱਤ ਨਾ ਸਕਿਆ
ਪਤਾ ਨ੍ਹੀਂ ਹਰ ਗਿਆ ਕੀ-ਕੀ।
- ਕਮਲ ਬਾਦਲ ਕਲਾਂ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 20 ਜੁਲਾਈ 2025 www.nawanzamana.in ਕੀਮਤ 5.00 ਰੁਪਏ


# ਇਨਕਲਾਬੀ ਬੁੱਧੀਜੀਵੀ ਤੇ ਸੰਸਦ ਮੈਂਬਰ : ਹਿਰੇਨ ਮੁਖਰਜੀ





ਅਨਿਲ ਰਾਜੀਮਵਾਲੇ
ਅਨੁਵਾਦ : ਐੱਮ ਐੱਸ ਭਾਟੀਆ


ਹਿਰੇਂਦਰ ਨਾਥ ਮੁਖਰਜੀ ਦਾ ਜਨਮ 23 ਨਵੰਬਰ, 1907 ਨੂੰ ਕਲਕੱਤਾ ਦੇ ਤਾਲਤਾਲਾ ਵਿੱਚ ਹੋਇਆ ਸੀ। ਉਹ ਸ੍ਰੀ ਸਚਿੰਦਰਨਾਥ ਮੁਖਰਜੀ ਦੇ ਦਸ ਬੱਚਿਆਂ ਵਿੱਚੋਂ ਚੌਥੇ ਸਨ। ਸਚਿੰਦਰਨਾਥ ਖੁਦ ਇੱਕ ਪ੍ਰਭਾਵਸ਼ਾਲੀ ਬੁਲਾਰੇ ਅਤੇ ਮਹਾਨ ਰਾਸ਼ਟਰਵਾਦੀ ਸਨ। ਉਹਨਾਂ ਦੀ ਸ਼ਖਸੀਅਤ ਨੇ ਹਿਰੇਨ ਨੂੰ ਪ੍ਰਭਾਵਿਤ ਕੀਤਾ ਅਤੇ ਉਸ ਦੇ ਵਿਅਕਤੀਤਵ ਨੂੰ ਤਰਾਸ਼ਿਆ।

ਹਿਰੇਨ ਨੇ 13 ਸਾਲ ਦੀ ਉਮਰ ਵਿੱਚ ਜਨੇਊ ਧਾਰਨ ਕੀਤਾ, ਜੋ ਇੱਕ ਅਜਿਹੀ ਘਟਨਾ ਸੀ, ਜਿਸ ਦਾ ਬਾਅਦ ਦੀ ਜ਼ਿੰਦਗੀ ਵਿੱਚ ਉਹ ਅਕਸਰ ਮਜ਼ਾਕ ਉਡਾਉਂਦੇ ਰਹੇ ਸਨ, ਕਿਉਂਕਿ ਉਹ ਰਾਮਾਇਣ ਅਤੇ ਮਹਾਭਾਰਤ ਦੇ ਲੰਬੇ ਅੰਸ਼ਾਂ ਦਾ ਪਾਠ ਕਰਦੇ ਸਨ, ਇਸ ਲਈ ਉਹ ਆਪਣੀ ਦਾਦੀ ਦਾ ਚਹੇਤਾ ਬਣ ਗਏ ਸੀ! ਉਹਨਾਂ ਨੇ ਗੀਤਾ ਦੇ ਬਹੁਤ ਸਾਰੇ ਸਲੋਕ ਯਾਦ ਕਰ ਲਏ। ਉਹ ਇੱਕ ਹੁਸ਼ਿਆਰ ਵਿਦਿਆਰਥੀ ਰਹੇ। ਉਹਨਾਂ ਨੇ 1922 ਵਿੱਚ ਤਾਲਤਾਲਾ ਹਾਈ ਸਕੂਲ ਤੋਂ 5 ਵਿਸ਼ਿਆਂ ਵਿੱਚ 80 ਫੀਸਦੀ ਅੰਕਾਂ ਨਾਲ ਪਹਿਲੀ ਸ਼੍ਰੇਣੀ ਵਿੱਚ ਮੈਟ੍ਰਿਕ ਪਾਸ ਕੀਤੀ ਅਤੇ ਵਜ਼ੀਫਾ ਪ੍ਰਾਪਤ ਕੀਤਾ।

1924 ਵਿੱਚ ਇੰਟਰਮੀਡੀਏਟ ਆਰਟਸ ਵਿੱਚ ਪਹਿਲੇ ਸਥਾਨ 'ਤੇ ਰਹਿਣ ਤੋਂ ਬਾਅਦ, 1926 ਵਿੱਚ ਉਹ ਬੀ ਏ ਦੀਆਂ ਪ੍ਰੀਖਿਆਵਾਂ ਵਿੱਚ ਵੀ ਪਹਿਲੇ ਸਥਾਨ 'ਤੇ ਹੀ ਰਹੇ। ਉਹਨਾਂ ਨੇ ਈਸ਼ਾਨ ਸਕਾਲਰਸ਼ਿਪ ਜਿੱਤੀ ਅਤੇ ਇਤਿਹਾਸ (ਆਨਰਜ਼) ਵਿੱਚ ਰਿਕਾਰਡ ਅੰਕ ਪ੍ਰਾਪਤ ਕੀਤੇ। ਉਹਨਾਂ ਨੇ 1928 ਵਿੱਚ ਐੱਮ.ਏ ਇਤਿਹਾਸ ਦੇ ਸਾਰੇ ਦੇ ਸਾਰੇ 8 ਪੇਪਰਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਉਹਨਾਂ ਨੇ ਬੀ ਐੱਚ ਯੂ ਦੁਆਰਾ ਆਯੋਜਿਤ ਇੱਕ ਆਲ ਇੰਡੀਆ ਭਾਸ਼ਣ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤਿਆ।

### ਉੱਚ ਪੜ੍ਹਾਈ ਲਈ ਇੰਗਲੈਂਡ ਗਏ

ਉਹ 1929 ਵਿੱਚ ਇੱਕ ਸਟੇਟ ਸਕਾਲਰਸ਼ਿਪ 'ਤੇ ਇੰਗਲੈਂਡ ਗਏ ਅਤੇ ਸੇਂਟ ਕੈਥਰੀਨ ਕਾਲਜ, ਆਕਸਫੋਰਡ ਵਿੱਚ ਦਾਖਲਾ ਲਿਆ। 1932 ਵਿੱਚ ਆਪਣੀ ਬੀ. ਲਿਟ ਪ੍ਰਾਪਤ ਕੀਤੀ ਅਤੇ 1934 ਵਿੱਚ ਲਿੰਕਨ ਇਨ ਤੋਂ ਬਾਰ-ਐਟ-ਲਾਅ ਪਾਸ ਕੀਤਾ। ਉੱਥੇ ਉਹ ਸੱਜਾਦ ਜ਼ਹੀਰ ਅਤੇ ਹੋਰਾਂ ਕਮਿਊਨਿਸਟਾਂ ਅਤੇ ਗਰੇਟ ਬ੍ਰਿਟੇਨ ਦੀ ਕਮਿਊਨਿਸਟ ਪਾਰਟੀ ਦੇ ਸੰਪਰਕ ਵਿੱਚ ਆਏ। ਉਹਨਾਂ ਨੇ ਆਕਸਫੋਰਡ ਅਤੇ ਕੈਂਬਰਿਜ ਦੇ ਵਿਦਿਆਰਥੀਆਂ ਨੂੰ ਸੰਗਠਿਤ ਕਰਨ ਵਿੱਚ ਯੋਗਦਾਨ ਪਾਇਆ।

ਉਹ ਪਹਿਲਾਂ ਹੀ 1920 ਵਿੱਚ ਅਸਹਿਯੋਗ ਅੰਦੋਲਨ ਦੌਰਾਨ ਰਾਸ਼ਟਰਵਾਦੀ ਰਾਜਨੀਤੀ ਦੇ ਸੰਪਰਕ ਵਿੱਚ ਆ ਚੁੱਕੇ ਸਨ। ਕਿਸ਼ੋਰ ਅਵਸਥਾ ਵਿੱਚ ਵੀ ਉਹਨਾਂ ਨੇ 24 ਦਸੰਬਰ, 1921 ਨੂੰ ਪ੍ਰਿੰਸ ਆਫ਼ ਵੇਲਜ਼ ਦੀ ਫੇਰੀ ਦੇ ਮੌਕੇ ਕਲਕੱਤਾ ਵਿਖੇ ਕੀਤੀ ਗਈ ਦੀਪਮਾਲਾ ਜਿਸ ਨੂੰ ਵੱਡੀ ਗਿਣਤੀ ਵਿੱਚ ਲੋਕ ਦੇਖਣ ਗਏ, ਲਈ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਉਹ ਕਾਲਜ ਸਮਾਗਮ ਵਿੱਚ ਕਾਜ਼ੀ ਨਜ਼ਰੁਲ ਇਸਲਾਮ ਦੁਆਰਾ 'ਏ ਸ਼ਿਕਲ ਪਾਰਾ ਚਲ' ਗਾਏ ਜਾਣ ਤੋਂ ਬਹੁਤ ਪ੍ਰਭਾਵਿਤ ਹੋਏ। ਉਹ ਪ੍ਰੈਜ਼ੀਡੈਂਸੀ ਕਾਲਜ ਸਟੂਡੈਂਟਸ ਯੂਨੀਅਨ ਦੇ ਸਕੱਤਰ ਬਣੇ।

1934 ਵਿੱਚ ਉਹ ਭਾਰਤ ਵਾਪਸ ਆਏ। ਪ੍ਰਸਿੱਧ ਦਾਰਸ਼ਨਿਕ ਅਤੇ ਵਿਦਵਾਨ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ ਬਹੁਤ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਆਂਧਰਾ ਯੂਨੀਵਰਸਿਟੀ ਵਿੱਚ ਇਤਿਹਾਸ ਅਤੇ ਫਿਲਾਸਫੀ ਪੜ੍ਹਾਉਣ ਲਈ ਸੱਦਾ ਦਿੱਤਾ, ਜਿਸ ਨੂੰ ਹਿਰੇਨ ਨੇ ਸਵੀਕਾਰ ਕਰ ਲਿਆ। ਬਾਅਦ ਵਿੱਚ ਉਹ ਰਿਪਨ ਕਾਲਜ, ਕਲਕੱਤਾ ਵਿੱਚ ਚਲੇ ਗਏ, ਜਿੱਥੇ ਉਹ 1936 ਵਿੱਚ ਵਿਭਾਗ ਦੇ ਮੁਖੀ ਬਣੇ ਅਤੇ 1962 ਤੱਕ ਇਸ ਅਹੁਦੇ 'ਤੇ ਰਹੇ। ਉਨ੍ਹਾਂ ਨੇ ਇਤਿਹਾਸ ਅਤੇ ਰਾਜਨੀਤਕ ਦਰਸ਼ਨ ਦੋਵੇਂ ਪੜ੍ਹਾਏ।


### ਸੀ ਪੀ ਆਈ ਵਿੱਚ ਸ਼ਾਮਲ ਹੋਣਾ

ਹਿਰੇਨ 1936 ਵਿੱਚ ਸੀ ਪੀ ਆਈ ਵਿੱਚ ਸ਼ਾਮਲ ਹੋਏ। ਉਦੋਂ ਪਾਰਟੀ 'ਤੇ ਪਾਬੰਦੀ ਸੀ। ਉਹਨਾਂ ਨੇ 1938-39 ਦੌਰਾਨ ਏ ਆਈ ਸੀ ਸੀ ਦੇ ਮੈਂਬਰ ਅਤੇ ਕਾਂਗਰਸ ਦੀ ਬੰਗਾਲ ਇਕਾਈ ਦੇ ਕਾਰਜਕਾਰਨੀ ਦੇ ਮੈਂਬਰ ਵਜੋਂ ਸੇਵਾ ਨਿਭਾਈ। ਉਹ ਪ੍ਰਗਤੀਸ਼ੀਲ ਲੇਖਕ ਸੰਘ ਦੇ ਸੰਸਥਾਪਕਾਂ ਵਿੱਚੋਂ ਇੱਕ ਸਨ। ਉਹਨਾਂ ਦਾ ਏ ਆਈ ਐੱਸ ਐੱਫ ਨਾਲ ਨੇੜਲਾ ਸੰਬੰਧ ਸੀ ਅਤੇ ਉਹਨਾਂ ਨੇ ਬੰਗਾਲ ਵਿੱਚ ਅਤੇ 1940 ਵਿੱਚ ਪ੍ਰਸਿੱਧ ਨਾਗਪੁਰ ਸੈਸ਼ਨ ਵਿੱਚ ਇਸ ਦੀਆਂ ਕਾਨਫਰੰਸਾਂ ਦੀ ਪ੍ਰਧਾਨਗੀ ਕੀਤੀ।ਉਹਨਾਂ ਨੇ ਕਈ ਮੌਕਿਆਂ 'ਤੇ ਏ ਆਈ ਐੱਸ ਐੱਫ ਦੇ ਸਲਾਹਕਾਰ ਦੇ ਤੌਰ 'ਤੇ ਮਾਰਗਦਰਸ਼ਨ ਕੀਤਾ।

ਹਿਰੇਨ ਮੁਖਰਜੀ 1941 ਵਿੱਚ ਸਥਾਪਤ ਫ੍ਰੈਂਡਜ਼ ਆਫ਼ ਸੋਵੀਅਤ ਯੂਨੀਅਨ ਦੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ ਸਨ। ਉਹ ਐੱਸ.ਏ. ਡਾਂਗੇ, ਪੀ.ਸੀ. ਜੋਸ਼ੀ, ਡਾ. ਰਣੇਨ ਸੇਨ, ਭੋਵਾਨੀ ਸੇਨ, ਸੋਮਨਾਥ ਲਹਿਰੀ, ਜੋਤੀ ਬਾਸੂ, ਭੂਪੇਸ਼ ਗੁਪਤਾ ਅਤੇ ਕਮਿਊਨਿਸਟ ਅੰਦੋਲਨ ਦੇ ਹੋਰ ਬਹੁਤ ਸਾਰੇ ਮਹਾਨ ਦਿੱਗਜ਼ਾਂ ਦੇ ਨੇੜੇ ਸਨ।

### ਉੱਘੇ ਵਿਦਵਾਨ ਅਤੇ ਲੇਖਕ

ਪ੍ਰੋਫੈਸਰ ਹਿਰੇਨ ਮੁਖਰਜੀ ਇੱਕ ਉੱਘੇ ਲੇਖਕ ਅਤੇ ਕਿਸੇ ਵੀ ਵਿਸ਼ੇ ਦਾ ਗਿਆਨ ਰੱਖਣ ਵਾਲੇ ਇੱਕ ਹਰਫਨਮੌਲਾ ਵਿਦਵਾਨ ਸਨ। ਉਨ੍ਹਾਂ ਦੇ ਵਿਦਵਤਾਪੂਰਨ ਭਾਸ਼ਣਾਂ ਨੂੰ ਸੁਣਨਾ ਇੱਕ ਬਹੁਤ ਵਧੀਆ ਅਨੁਭਵ ਸੀ, ਜੋ ਕਿ ਹਲਕੇ-ਫੁਲਕੇ ਪ੍ਰੰਤੂ ਬੌਧਿਕ ਡੂੰਘਾਈ ਨਾਲ ਭਰੇ ਹੋਏ ਹੁੰਦੇ ਸਨ। ਬਹੁਤ ਘੱਟ ਹੋਰ ਰਾਜਨੀਤਕ ਨੇਤਾਵਾਂ ਨੇ ਇੰਨਾ ਡੂੰਘਾ ਬੌਧਿਕ ਪ੍ਰਭਾਵ ਛੱਡਿਆ। ਉਨ੍ਹਾਂ ਦੀਆਂ ਕਿਤਾਬਾਂ ਅਤੇ ਭਾਸ਼ਣਾਂ ਦੀ ਵਿਭਿੰਨਤਾ ਅਤੇ ਪ੍ਰਮਾਣਿਕਤਾ ਉਨ੍ਹਾਂ ਦੇ ਸਰੋਤਿਆਂ ਨੂੰ ਕੀਲ ਲੈਂਦੀ ਸੀ। ਉਹ ਸਮਾਜ ਪ੍ਰਤੀ ਬੌਧਿਕ ਤੌਰ 'ਤੇ ਇਮਾਨਦਾਰ ਸਨ।



ਕਾਲਜਾਂ ਵਿੱਚ ਉਨ੍ਹਾਂ ਦੇ ਭਾਸ਼ਣ ਵਿਦਿਆਰਥੀਆਂ ਲਈ ਖੁਸ਼ੀ ਦਾ ਕਾਰਨ ਹੁੰਦੇ ਸਨ ਅਤੇ ਉਨ੍ਹਾਂ ਦੇ ਜਨਤਕ ਭਾਸ਼ਣ ਮਨਮੋਹਕ। ਪੰਡਿਤ ਨਹਿਰੂ ਉਹਨਾਂ ਦੇ ਭਾਸ਼ਣ ਸੁਣਨ ਲਈ ਸਦਨ ਵਿੱਚ ਤੱਤਪਰ ਰਹਿੰਦੇ ਸਨ।

ਉਨ੍ਹਾਂ ਦੀਆਂ ਕੁਝ ਕਿਤਾਬਾਂ ਨੂੰ ਦੁਨੀਆ ਦੀਆਂ ਕਲਾਸਿਕ ਕਿਤਾਬਾਂ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਆਧੁਨਿਕ ਬੰਗਾਲੀ ਕਵਿਤਾ ਦਾ ਇੱਕ ਸੰਗ੍ਰਹਿ ਸੰਪਾਦਿਤ ਕੀਤਾ। ਉਹ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ (ਬੋਲਸ਼ੇਵਿਕਸ) ਦੇ ਇਤਿਹਾਸ ਦੇ ਲੇਖਕ ਸਨ। ਅੰਗਰੇਜ਼ੀ ਵਿੱਚ ਉਨ੍ਹਾਂ ਦੀਆਂ ਕੁਝ ਹੋਰ ਰਚਨਾਵਾਂ ਇਸ ਤਰ੍ਹਾਂ ਹਨ:

*ਇੰਡੀਆ ਸਟ੍ਰਗਲਜ਼ ਫਾਰ ਫ੍ਰੀਡਮ;
*ਐਨ ਇੰਟਰੋਡਕਸ਼ਨ ਟੂ ਸੋਸ਼ਲਿਜ਼ਮ;
*ਗਾਂਧੀ ਜੀ: ਏ ਸਟੱਡੀ;
*ਦ ਜੈਂਟਲ ਕੋਲੋਸਸ: ਏ ਸਟੱਡੀ ਆਫ਼ ਨਹਿਰੂ; *ਇੰਡੀਆ ਐਂਡ ਪਾਰਲੀਮੈਂਟ;
*ਪੋਰਟਰੇਟ ਆਫ਼ ਪਾਰਲੀਮੈਂਟ;
*ਬੋਅ ਆਫ਼ ਬਰਨਿੰਗ ਗੋਲਡ (ਏ ਸਟੱਡੀ ਆਫ਼ ਸੁਭਾਸ਼ ਚੰਦਰ ਬੋਸ);
*ਦ ਕਮਿਊਨਲ ਪ੍ਰੋਬਲਮਜ਼ ਐਂਡ ਦ ਫ੍ਰੀਡਮ ਸਟ੍ਰਗਲ, 1919-1947;
*ਗਾਂਧੀ, ਅੰਬੇਦਕਰ ਐਂਡ ਐਕਸਟਿਰਪੇਸ਼ਨ ਆਫ਼ ਅਨਟਚੇਬਿਲਟੀ;
*ਯੂਅਰ ਟੈਗੋਰ ਫਾਰ ਟੂਡੇ;
*ਰਿਮੈਂਬਰਿੰਗ ਮਾਰਕਸ;
*ਅੰਡਰ ਮਾਰਕਸਿਸਟ ਬੈਨਰ;
*ਅੰਡਰ ਕਮਿਊਨਿਜ਼ਮਜ਼ ਕ੍ਰਿਮਸਨ ਕਲਰਜ਼; ਆਦਿ।

ਬੰਗਾਲੀ ਵਿੱਚ ਉਨ੍ਹਾਂ ਨੇ ਲਿਖਿਆ:
*ਨੈਸ਼ਨਲ ਮੂਵਮੈਂਟ ਇਨ ਇੰਡੀਆ;
*ਏ ਹਿਸਟਰੀ ਆਫ਼ ਇੰਡੀਆ (2 ਜਿਲਦਾਂ ਵਿੱਚ);
*ਨੈਸ਼ਨਲ ਸੌਂਗਸ;
*ਮਾਡਰਨ ਬੰਗਾਲੀ ਪੋਇਟਰੀ; ਆਦਿ।

ਉਨ੍ਹਾਂ ਨੇ 'ਕਲਕੱਤਾ ਵੀਕਲੀ ਨੋਟਸ' ਅਤੇ 'ਇੰਡੋ-ਸੋਵੀਅਤ ਜਰਨਲ' ਵਰਗੇ ਰਸਾਲਿਆਂ ਦਾ ਵੀ ਸੰਪਾਦਨ ਕੀਤਾ। ਉਨ੍ਹਾਂ ਨੇ ਇੱਕ ਸਵੈ-ਜੀਵਨੀ ਨਾਵਲ 'ਟੋਰੀ ਹੋਤੇ ਤੀਰ' (ਕਿਸ਼ਤੀ ਤੋਂ ਕਿਨਾਰੇ ਤੱਕ) ਵੀ ਲਿਖਿਆ।

ਉਹ ਅੰਗਰੇਜ਼ੀ, ਬੰਗਾਲੀ ਅਤੇ ਸੰਸਕ੍ਰਿਤ ਦੇ ਇੱਕ ਉੱਘੇ ਲੇਖਕ ਸਨ।

ਉਨ੍ਹਾਂ ਨੇ ਜਾਰਜੀ ਦਿਮਿਤਰੋਵ ਅਤੇ ਭਾਰਤ ਵਿਗਿਆਨੀ ਅਲੈਗਜ਼ੈਂਡਰ ਸ਼ੋਮਾ ਡੀ ਕੋਰੋਸ ਦੀਆਂ ਜੀਵਨੀਆਂ ਲਿਖੀਆਂ।

### ਪਦਮ ਭੂਸ਼ਣ ਅਤੇ ਹੋਰ ਪੁਰਸਕਾਰ

ਪ੍ਰੋਫੈਸਰ ਹਿਰੇਨ ਮੁਖਰਜੀ ਨੂੰ ਜਨਤਕ ਜੀਵਨ ਵਿੱਚ ਸ਼ਾਨਦਾਰ ਯੋਗਦਾਨ ਲਈ 1990 ਵਿੱਚ ਪਦਮ ਭੂਸ਼ਣ ਅਤੇ 1991 ਵਿੱਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੂੰ 2001 ਵਿੱਚ ਮੁਜ਼ੱਫਰ ਅਹਿਮਦ ਸਮ੍ਰਿਤੀ ਪੁਰਸਕਾਰ ਪ੍ਰਾਪਤ ਹੋਇਆ। ਉਨ੍ਹਾਂ ਨੂੰ ਆਂਧਰਾ, ਕਲਕੱਤਾ, ਉੱਤਰੀ ਬੰਗਾਲ, ਕਲਿਆਣੀ ਅਤੇ ਵਿਦਿਆਸਾਗਰ ਦੀਆਂ ਯੂਨੀਵਰਸਿਟੀਆਂ ਦੁਆਰਾ ਆਨਰੇਰੀ ਡਾਕਟਰੇਟ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੂੰ 1992 ਵਿੱਚ ਵਿਦਿਆਸਾਗਰ ਪੁਰਸਕਾਰ, 1994 ਵਿੱਚ ਮੌਲਾਨਾ ਆਜ਼ਾਦ ਪੁਰਸਕਾਰ ਅਤੇ 2000 ਵਿੱਚ ਨਜ਼ਰੁਲ ਪੁਰਸਕਾਰ ਮਿਲਿਆ।

ਉਨ੍ਹਾਂ ਨੂੰ 1977 ਵਿੱਚ ਸੋਵੀਅਤ ਲੈਂਡ ਨਹਿਰੂ ਪੁਰਸਕਾਰ, ਦੂਜੇ ਵਿਸ਼ਵ ਯੁੱਧ 'ਤੇ ਆਪਣੀ ਕਿਤਾਬ ਲਈ ਸੋਵੀਅਤ ਪੁਰਸਕਾਰ ਅਤੇ 1980 ਵਿੱਚ ਬੁਲਗਾਰੀਆ ਤੋਂ ਦਿਮਿਤਰੋਵ ਮੈਮੋਰੀਅਲ ਪੁਰਸਕਾਰ ਵੀ ਮਿਲਿਆ।

### ਅਸਾਧਾਰਨ ਸੰਸਦ ਮੈਂਬਰ

ਪ੍ਰੋ. ਹਿਰੇਨ ਮੁਖਰਜੀ 1952 ਦੀਆਂ ਚੋਣਾਂ ਵਿੱਚ ਪੱਛਮੀ ਬੰਗਾਲ ਤੋਂ ਪਹਿਲੀ ਲੋਕ ਸਭਾ ਲਈ ਚੁਣੇ ਗਏ। ਉਹ ਚੁਣੇ ਗਏ ਪੰਜ ਕਮਿਊਨਿਸਟ ਮੈਂਬਰਾਂ ਵਿੱਚੋਂ ਇੱਕ ਸਨ। ਉਹ ਪਹਿਲੀ, ਚੌਥੀ ਅਤੇ ਪੰਜਵੀਂ ਲੋਕ ਸਭਾ ਵਿੱਚ ਕਲਕੱਤਾ ਉੱਤਰ-ਪੂਰਬੀ ਹਲਕੇ ਤੋਂ ਅਤੇ 1957 ਅਤੇ 1967 ਵਿੱਚ ਕਲਕੱਤਾ ਸੈਂਟਰਲ ਹਲਕੇ ਤੋਂ ਲੋਕ ਸਭਾ ਲਈ ਚੁਣੇ ਗਏ ਸਨ। ਉਹ 1952 ਤੋਂ 1964 ਅਤੇ 1967 ਤੋਂ 1971 ਤੱਕ ਲੋਕ ਸਭਾ ਵਿੱਚ ਸੀ ਪੀ ਆਈ ਗਰੁੱਪ ਦੇ ਉਪ ਨੇਤਾ ਸਨ। ਉਹ 1964 ਤੋਂ 1967 ਤੱਕ ਲੋਕ ਸਭਾ ਵਿੱਚ ਪਾਰਟੀ ਗਰੁੱਪ ਦੇ ਨੇਤਾ ਸਨ। ਉਹ 1952 ਤੋਂ ਲੈ ਕੇ 25 ਸਾਲਾਂ ਤੱਕ ਲਗਾਤਾਰ ਲੋਕ ਸਭਾ ਦੇ ਮੈਂਬਰ ਰਹੇ।

ਹਿਰੇਨ ਮੁਖਰਜੀ ਉਸ ਸਮੇਂ ਸੰਸਦ ਮੈਂਬਰ ਬਣੇ, ਜਦੋਂ ਦੇਸ਼ ਵਿੱਚ ਸੰਸਦੀ ਲੋਕਤੰਤਰ ਦਾ ਗਠਨ ਅਤੇ ਪ੍ਰਕਿਰਿਆਵਾਂ ਦਾ ਵਿਕਾਸ ਹੋ ਰਿਹਾ ਸੀ। ਉਹ ਅਸਲ ਅਰਥਾਂ ਵਿੱਚ ਸੰਸਦ ਵਿੱਚ ਲੋਕਾਂ ਦੇ ਪ੍ਰਤੀਨਿਧੀ ਸਨ ਅਤੇ ਉਨ੍ਹਾਂ ਨੇ ਦਿਖਾਇਆ ਕਿ ਇੱਕ ਕਮਿਊਨਿਸਟ ਨੂੰ ਲੋਕਾਂ ਲਈ ਲੋਕਤੰਤਰੀ ਸੰਸਥਾਵਾਂ ਦੀ ਵਰਤੋਂ ਕਿਵੇਂ ਕਰਨੀ ਚਾਹੀਦੀ ਹੈ ਅਤੇ ਕਿਵੇਂ ਕਰ ਸਕਦਾ ਹੈ।

ਹਿਰੇਨ ਮੁਖਰਜੀ ਇੱਕ ਬਹੁਪੱਖੀ ਪ੍ਰਤਿਭਾਸ਼ਾਲੀ ਵਿਅਕਤੀ ਸਨ, ਜੋ ਸੰਸਦੀ ਲੋਕਤੰਤਰ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਉਸ ਦਾ ਡਟ ਕੇ ਬਚਾਅ ਕਰਦੇ ਸਨ। ਸੰਸਦੀ ਹਲਕਿਆਂ ਵਿੱਚ ਉਨ੍ਹਾਂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਉਨ੍ਹਾਂ ਕੋਲ ਸੰਸਦ ਦੀਆਂ ਪ੍ਰਕਿਰਿਆਵਾਂ ਅਤੇ ਕਾਨੂੰਨਾਂ ਉੱਤੇ ਬਹੁਤ ਮੁਹਾਰਤ ਸੀ। ਉਨ੍ਹਾਂ ਦੇ ਭਾਸ਼ਣ ਇੱਕ ਮਹਾਨ ਰਾਸ਼ਟਰੀ ਦ੍ਰਿਸ਼ਟੀਕੋਣ ਅਤੇ ਦੇਸ਼ ਪ੍ਰਤੀ ਪਿਆਰ ਨੂੰ ਦਰਸਾਉਂਦੇ ਸਨ। ਉਨ੍ਹਾਂ ਦੇ ਸ਼ਬਦਾਂ ਅਤੇ ਭਾਸ਼ਾ ਦੀ ਚੋਣ ਉੱਚ ਦਰਜੇ ਦੀ ਹੁੰਦੀ ਸੀ। ਉਨ੍ਹਾਂ ਨੂੰ ਸੱਤਾਧਾਰੀਆਂ ਅਤੇ ਵਿਰੋਧੀਆਂ ਵੱਲੋਂ ਬੜੇ ਧਿਆਨ ਨਾਲ ਸੁਣਿਆ ਜਾਂਦਾ ਸੀ। ਇਹ ਕਿਹਾ ਜਾਂਦਾ ਸੀ ਕਿ ਉਨ੍ਹਾਂ ਕੋਲ ਪ੍ਰਭਾਵਸ਼ਾਲੀ ਆਵਾਜ਼ ਸੀ।

ਆਪਣੇ ਭਾਸ਼ਣਾਂ ਵਿੱਚ ਉਹ ਇਲਿਆਡ ਅਤੇ ਓਡੀਸੀ ਤੋਂ ਰਾਮਾਇਣ ਅਤੇ ਮਹਾਂਭਾਰਤ, ਨਵੇਂ ਨੇਮ ਤੋਂ ਭਗਵਦ ਗੀਤਾ ਅਤੇ ਕੁਰਾਨ ਅਤੇ ਮਾਰਕਸ ਅਤੇ ਲੈਨਿਨ ਤੱਕ ਸਹਿਜੇ ਹੀ ਵਿਆਖਿਆ ਕਰ ਸਕਦੇ ਸਨ ਅਤੇ ਵਿਵੇਕਾਨੰਦ, ਗਾਂਧੀ ਜੀ, ਨਹਿਰੂ, ਬੁੱਧ ਆਦਿ ਬਾਰੇ ਆਸਾਨੀ ਨਾਲ ਬੋਲ ਸਕਦੇ ਸਨ। ਉਹ ਵਿਆਖਿਆ ਨੂੰ ਸੰਸਕ੍ਰਿਤ ਵਿੱਚ ਆਸਾਨੀ ਨਾਲ ਪੇਸ਼ ਕਰਦੇ ਸਨ।

ਸਰ ਲਿਓਨਾਰਡ ਵੂਲੀ ਅਤੇ ਸਰ ਮੋਰਟੀਮੋਰ ਵ੍ਹੀਲਰ ਦੁਆਰਾ ਭਾਰਤੀ ਇਤਿਹਾਸ ਵਿੱਚ ਖੋਜਾਂ ਦੇ ਗਿਆਨ ਲਈ ਲੋਕ ਸਭਾ ਵਿੱਚ ਪੁਰਾਤੱਤਵ ਬਾਰੇ ਹਿਰੇਨ ਮੁਖਰਜੀ ਦੇ ਭਾਸ਼ਣ ਸ਼ਾਨਦਾਰ ਸਨ।

ਸਰਕਾਰ ਵਿਰੁੱਧ ਕੰਮ ਰੋਕੂ ਮਤੇ 'ਤੇ ਸੌ ਤੋਂ ਵੱਧ ਵੋਟਾਂ ਇਕੱਠੀਆਂ ਕਰਨਾ ਇੱਕ ਦੁਰਲੱਭ ਪ੍ਰਾਪਤੀ ਸੀ। ਪ੍ਰੋਫੈਸਰ ਹਿਰੇਨ ਬੋਲਣ ਤੋਂ ਪਹਿਲਾਂ ਉਨ੍ਹਾਂ ਵਿਸ਼ਿਆਂ ਦਾ ਡੂੰਘਾ ਅਧਿਐਨ ਕਰਦੇ ਸਨ, ਜਿਨ੍ਹਾਂ ਬਾਰੇ ਬੋਲਣਾ ਹੁੰਦਾ ਸੀ। ਉਨ੍ਹਾਂ ਨੇ ਪ੍ਰਸ਼ਨ ਕਾਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਸੰਸਦ ਦੇ ਕੰਮਕਾਜ ਨੂੰ ਬਿਹਤਰ ਬਣਾਉਣ ਲਈ ਕਈ ਮਹੱਤਵਪੂਰਨ ਸੁਝਾਅ ਦਿੱਤੇ। ਉਨ੍ਹਾਂ ਨੇ ਆਪਣੀ ਕਿਤਾਬ 'ਪੋਰਟਰੇਟ ਆਫ਼ ਪਾਰਲੀਮੈਂਟ' ਵਿੱਚ ਸੰਸਦ ਦੇ ਕੰਮਕਾਜ ਦਾ ਨਿਰਪੱਖ ਢੰਗ ਨਾਲ ਵਰਣਨ ਕੀਤਾ।

ਉਹ ਦੋ ਵਾਰ ਪਬਲਿਕ ਅਕਾਊਂਟਸ ਕਮੇਟੀ ਦੇ ਚੇਅਰਮੈਨ ਬਣੇ। ਉਹ ਲੋਕ ਸਭਾ ਸਕੱਤਰੇਤ ਦੇ 'ਬਿਊਰੋ ਆਫ਼ ਪਾਰਲੀਮੈਂਟਰੀ ਸਟੱਡੀਜ਼ ਐਂਡ ਟ੍ਰੇਨਿੰਗ' ਦੇ ਪਹਿਲੇ ਆਨਰੇਰੀ ਸਲਾਹਕਾਰ ਵੀ ਸਨ, ਜਿਸ ਨੇ ਕਈ ਸੈਮੀਨਾਰ, ਸਿਖਲਾਈ ਪ੍ਰੋਗਰਾਮ ਅਤੇ ਹੋਰ ਗਤੀਵਿਧੀਆਂ ਦਾ ਆਯੋਜਨ ਕੀਤਾ। ਉਹ ਕਈ ਸੰਸਦੀ ਕਮੇਟੀਆਂ ਦੇ ਮੈਂਬਰ ਸਨ ਅਤੇ ਉਨ੍ਹਾਂ ਨੇ ਬਹੁਤ ਜ਼ਿਆਦਾ ਰਚਨਾਤਮਕ ਕੰਮ ਕੀਤਾ।

ਉਨ੍ਹਾਂ ਨੇ ਟੀ ਵੀ 'ਤੇ ਦਿਖਾਵੇ ਦੀ ਰਾਜਨੀਤੀ ਦੀ ਆਲੋਚਨਾ ਕੀਤੀ। ਉਨ੍ਹਾਂ ਦਾ ਵੱਖ-ਵੱਖ ਰਾਜਨੀਤਿਕ ਵਿਚਾਰਾਂ ਵਾਲੇ ਵਿਅਕਤੀਆਂ ਨਾਲ ਬਹੁਤ ਵਧੀਆ ਤਾਲਮੇਲ ਸੀ। ਉਹ ਕੇਂਦਰੀ ਪੁਰਾਤੱਤਵ ਸਲਾਹਕਾਰ ਬੋਰਡ (1952), ਸਿੱਖਿਆ ਪੈਨਲ, ਯੋਜਨਾ ਕਮਿਸ਼ਨ, ਪੰਡਿਤ ਜਵਾਹਰ ਲਾਲ ਨਹਿਰੂ ਮੈਮੋਰੀਅਲ ਟਰੱਸਟ, ਲਾਲ ਬਹਾਦੁਰ ਸ਼ਾਸਤਰੀ ਮੈਮੋਰੀਅਲ ਟਰੱਸਟ, ਆਲ ਇੰਡੀਆ ਕੌਂਸਲ ਆਫ਼ ਸਪੋਰਟਸ, ਆਦਿ ਵਰਗੀਆਂ ਮਹੱਤਵਪੂਰਨ ਸੰਸਥਾਵਾਂ ਦੇ ਮੈਂਬਰ ਸਨ। ਉਨ੍ਹਾਂ ਨੂੰ ਤੰਜੌਰ ਦੇ ਬ੍ਰਿਹਦੀਸ਼ਵਰ ਮੰਦਰ ਵਿੱਚ ਕੰਧ ਚਿੱਤਰਾਂ ਨੂੰ ਸੁਰੱਖਿਅਤ ਰੱਖਣ ਦੇ ਵਿਸ਼ੇ 'ਤੇ ਇੱਕ ਸਰਪ੍ਰਸਤ ਵਜੋਂ ਦੇਖਿਆ ਜਾਂਦਾ ਸੀ। ਕਮਿਊਨਿਸਟ ਅਤੇ ਕਾਂਗਰਸੀ ਕਮੇਟੀ ਵਿੱਚ ਸੁਭਾਵਿਕ ਸਹਿਯੋਗੀ ਸਨ।

ਗੋਪਾਲ ਗਾਂਧੀ ਨੇ ਲਿਖਿਆ ਕਿ 'ਹਿਰੇਨ ਬਾਬੂ ਲਈ ਜੀਵਨ ਅਤੇ ਸੱਭਿਅਤਾ ਦੇ ਸਥਾਈ ਮੁੱਲ ਸਾਰੇ ਮੱਤਭੇਦਾਂ ਤੋਂ ਉੱਤੇ ਸਨ।'

ਪ੍ਰੋਫੈਸਰ ਹਿਰੇਨ ਉਨ੍ਹਾਂ ਕੁਝ ਲੋਕਾਂ ਵਿੱਚੋਂ ਸਨ, ਜਿਨ੍ਹਾਂ ਨੇ ਸੰਸਦ ਦੀ ਅਸਾਧਾਰਨ ਤੌਰ 'ਤੇ ਵਿਸ਼ਾਲ ਲਾਇਬ੍ਰੇਰੀ ਬਣਾਉਣ ਵਿਚ ਪਹਿਲ ਕੀਤੀ। ਉਹ ਵੱਖ-ਵੱਖ ਵਿਸ਼ਿਆਂ ਨੂੰ ਪੜ੍ਹਨ ਵਾਲੇ ਇੱਕ ਪਾਠਕ ਸਨ। ਮੌਜੂਦਾ ਸੰਸਦ ਲਾਇਬ੍ਰੇਰੀ ਉਨ੍ਹਾਂ ਦੀ ਬਹੁਤ ਰਿਣੀ ਹੈ।

ਸੋਮਨਾਥ ਚੈਟਰਜੀ ਦਾ ਮੰਨਣਾ ਹੈ ਕਿ ਆਮ ਆਦਮੀ ਦੀ ਭਲਾਈ ਹਿਰੇਨ ਮੁਖਰਜੀ ਦੇ ਦਿਲ ਦੇ ਨੇੜੇ ਸੀ, 'ਇੱਕ ਅਜਿਹਾ ਹਿੱਤ ਜੋ ਉਹਨਾਂ ਨੂੰ ਮਹਾਤਮਾ ਗਾਂਧੀ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਰੱਖਦਾ ਸੀ'। ਉਹ ਚਾਹੁੰਦੇ ਸਨ ਕਿ ਸੰਸਦ ਗਰੀਬਾਂ ਦੀ ਮੁਕਤੀ ਲਈ ਯਤਨਸ਼ੀਲ ਹੋਵੇ। ਸੋਮਨਾਥ ਚੈਟਰਜੀ ਹਿਰੇਨ ਮੁਖਰਜੀ ਦੀ ਸੰਸਦੀ ਨੈਤਿਕਤਾ ਲਈ ਬਹੁਤ ਪ੍ਰਸ਼ੰਸਾ ਕਰਦੇ ਸਨ।

ਆਪਣੀ ਕਲਕੱਤਾ ਸ਼ਹਿਰ ਦੀ ਪਹਿਲੀ ਫੇਰੀ ਦੌਰਾਨ ਭਾਰਤ ਦੇ ਰਾਸ਼ਟਰਪਤੀ ਬਣਨ 'ਤੇ ਡਾ. ਨਾਰਾਇਣਨ ਹਿਰੇਨ ਬਾਬੂ ਦੇ ਨਿਵਾਸ ਸਥਾਨ 'ਤੇ ਉਹਨਾਂ ਨੂੰ ਮਿਲਣ ਗਏ।

ਹਿਰੇਨ ਮੁਖਰਜੀ ਨੇ ਆਪਣੇ-ਆਪ ਨੂੰ ਕਈ ਆਪਾ ਵਿਰੋਧੀ ਵਿਸ਼ਿਆਂ ਦਾ ਮਾਹਰ ਵੀ ਸਿੱਧ ਕੀਤਾ। ਉਨ੍ਹਾਂ ਨੂੰ 1948 ਅਤੇ 1949 ਵਿੱਚ ਦੋ ਵਾਰ ਗ੍ਰਿਫਤਾਰ ਕੀਤਾ ਗਿਆ ਸੀ।

ਚੀਨ ਬਾਰੇ ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ 'ਭਾਰਤ ਦੀ ਕਮਿਊਨਿਸਟ ਪਾਰਟੀ ਬਿਨਾਂ ਕਿਸੇ ਝਿਜਕ ਦੇ ਉਸ ਨਿਰਦਈ ਹਮਲੇ ਦੀ ਨਿੰਦਾ ਕਰਦੀ ਹੈ, ਜੋ ਚੀਨ ਨੇ ਭਾਰਤ 'ਤੇ ਕੀਤਾ ਹੈ ਅਤੇ ਇਸ ਤਰ੍ਹਾਂ ਉਸ ਨੇ ਸਮਾਜਵਾਦ ਨੂੰ ਬਦਨਾਮ ਕੀਤਾ ਹੈ ਅਤੇ ਨੀਵਾਂ ਦਿਖਾਇਆ ਹੈ।' ਉਨ੍ਹਾ ਕਿਹਾ ਕਿ ਇਸ ਤਰ੍ਹਾਂ ਇੱਕ ਇਨਕਲਾਬ ਨੇ ਆਪਣੇ ਆਪ ਨੂੰ ਨੀਵਾਂ ਦਿਖਾਇਆ ਹੈ।

### ਪਾਰਟੀ ਅਤੇ ਜਨਤਕ ਸੰਗਠਨ

ਹਿਰੇਨ ਮੁਖਰਜੀ ਸੀ ਪੀ ਆਈ ਦੀ ਕੌਮੀ ਕੌਂਸਲ ਦੇ ਮੈਂਬਰ ਸਨ। 1964 ਵਿੱਚ ਪਾਰਟੀ ਦੀ ਵੰਡ ਤੋਂ ਬਾਅਦ ਉਹ ਸੀ ਪੀ ਆਈ ਵਿੱਚ ਹੀ ਰਹੇ, ਪਰ ਵੰਡ ਤੋਂ ਬਹੁਤ ਪਰੇਸ਼ਾਨ ਸਨ ਅਤੇ ਇਸ ਦਾ ਵਿਰੋਧ ਕਰਦੇ ਸਨ। ਉਹ ਡਾਕ, ਬੀਮਾ ਅਤੇ ਬੈਂਕ ਕਰਮਚਾਰੀਆਂ ਦੇ ਸੰਘਰਸ਼ਾਂ ਵਿੱਚ ਟਰੇਡ ਯੂਨੀਅਨ ਅੰਦੋਲਨਾਂ ਨਾਲ ਨੇੜਿਓਂ ਜੁੜੇ ਹੋਏ ਸਨ। ਉਹ ਬੰਗਾਲ ਦੀ ਟਰੇਡ ਯੂਨੀਅਨ ਕੌਂਸਲ ਦੇ ਉਪ-ਪ੍ਰਧਾਨ ਵੀ ਸਨ। ਉਹ 1946 ਵਿੱਚ ਬੰਗਾਲ ਮੋਸ਼ਨ ਪਿਕਚਰ ਕਰਮਚਾਰੀ ਯੂਨੀਅਨ ਦੀ ਸਥਾਪਨਾ ਤੋਂ ਬਾਅਦ ਇਸ ਦੇ ਪ੍ਰਧਾਨ ਵੀ ਰਹੇ। ਫਰੈਂਡਸ ਆਫ ਸੋਵੀਅਤ ਯੂਨੀਅਨ ਤੋਂ ਇਲਾਵਾ ਉਹ ਭਾਰਤ-ਚੀਨ ਦੋਸਤੀ ਐਸੋਸੀਏਸ਼ਨ ਵਿੱਚ ਸਰਗਰਮ ਸਨ, ਜਿਸ ਨੂੰ ਉਹਨਾਂ ਨੇ 1948 ਵਿੱਚ ਸਥਾਪਤ ਕਰਨ ਵਿੱਚ ਮਦਦ ਕੀਤੀ ਸੀ।

### ਮੌਤ

2004 ਵਿੱਚ ਕਲਕੱਤਾ ਦੇ ਬਾਲੀਗੰਜ ਵਿੱਚ ਆਪਣੇ ਫਲੈਟ ਵਿੱਚ ਡਿੱਗਣ ਤੋਂ ਬਾਅਦ ਉਨ੍ਹਾਂ ਦੀ ਕਮਰ ਵਿੱਚ ਸੱਟ ਲੱਗ ਗਈ ਸੀ। ਉਨ੍ਹਾਂ ਨੂੰ ਐੱਸ ਐੱਸ ਕੇ ਐੱਮ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। 30 ਜੁਲਾਈ, 2004 ਨੂੰ 97 ਸਾਲ ਦੀ ਉਮਰ ਵਿੱਚ ਹਸਪਤਾਲ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ।

ਭਾਰਤ ਸਰਕਾਰ ਵੱਲੋਂ 2008 ਤੋਂ (ਉਨ੍ਹਾਂ ਦੇ ਜਨਮ ਸ਼ਤਾਬਦੀ ਸਾਲ ਤੋਂ) 'ਪ੍ਰੋਫੈਸਰ ਹਿਰੇਨ ਮੁਖਰਜੀ ਮੈਮੋਰੀਅਲ ਪਾਰਲੀਮੈਂਟਰੀ ਲੈਕਚਰ' ਦੀ ਸਥਾਪਨਾ ਕਰਨਾ ਸਹੀ ਕਦਮ ਸੀ।ਪ੍ਰੋਫੈਸਰ ਅਮਰਤਿਆ ਸੇਨ ਅਤੇ ਜਗਦੀਸ਼ ਭਗਵਤੀ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੇ ਭਾਸ਼ਣ ਦਿੱਤੇ।

ਗੋਪਾਲ ਗਾਂਧੀ ਨੇ ਉਨ੍ਹਾਂ ਨੂੰ 'ਕਮਿਊਨਿਸਟ ਰਿਸ਼ੀ' ਕਿਹਾ।

ਹੀਰੇਨ ਬਾਬੂ ਨੇ ਗਾਂਧੀ ਜੀ ਦੇ ਬਾਰੇ ਕਿਹਾ :

ਕਮਿਊਨਿਜ਼ਮ 'ਤੇ ਮੇਰੇ ਅਟੁੱਟ ਵਿਸ਼ਵਾਸ ਦੇ ਬਾਵਜੂਦ ਮੈਂ ਆਪਣੇ ਤਰੀਕੇ ਨਾਲ ਗਾਂਧੀ ਜੀ ਦਾ ਭਗਤ ਰਿਹਾ ਹਾਂ। ਮੈਂ ਆਪਣੀ ਯਾਦ ਤੋਂ 'ਸੈਜੀਟੇਰੀਅਸ' ਦੁਆਰਾ ਲਿਖੇ 'ਨਵਾਂ ਰਾਜਨੇਤਾ ਅਤੇ ਕੌਮ' ਵਿੱਚੋਂ ਤੁਹਾਡੇ ਲਈ 'ਡੀ ਵਲੇਰਾ ਅਤੇ ਉਸ ਦੀਆਂ ਹਰੀਆਂ ਕਮੀਜ਼ਾਂ ਮੁਸ਼ਕਲ ਹਾਲਾਤ ਵਿੱਚ' ਦਾ ਇਕ ਅੰਤਰਾ ਪੇਸ਼ ਕਰਦਾ ਹਾਂ :

ਹਿਟਲਰ ਆਪਣੀਆਂ ਭੂਰੀਆਂ ਕਮੀਜ਼ਾਂ ਨਾਲ ਤਬਾਹੀ ਵੱਲ ਲਿਜਾ ਰਿਹਾ/
ਮੁਸੋਲਿਨੀ ਆਪਣੀਆਂ ਕਾਲੀਆਂ ਕਮੀਜ਼ਾਂ ਨਾਲ ਆਪਣੇ ਆਪ ਨੂੰ ਸਭ ਤੋਂ ਵੱਡਾ ਗਰਦਾਨ ਰਿਹਾ/
ਪਰ ਮਹਾਤਮਾ ਗਾਂਧੀ ਜੋ ਬਿਨਾਂ ਕਿਸੇ ਕਮੀਜ਼ ਦੇ ਹੈ, ਦੀ ਕੋਈ ਰੀਸ ਨਹੀਂ !!

# ਵਿਕਾਸ ਲਈ ਕਿਹੜਾ ਰਸਤਾ ਤਾਨਾਸ਼ਾਹੀ ਜਾਂ ਜਮਹੂਰੀਅਤ


*(ਪੱਛਮ ਦੀ ਅੰਨ੍ਹੇਵਾਹ ਰੀਸ ਨਾ ਕਰੋ ਅਤੇ ਨਾ ਹੀ ਭਾਰਤ ਚੀਨ ਬਣ ਸਕਦਾ ਹੈ। ਅੱਗੇ ਵਧਣ ਦੇ ਲਈ ਵਿਕਾਸ ਲਈ ਕਿਹੜਾ ਰਸਤਾ ਚੁਣੀਏ ? )*


ਅਰੁਨ ਮੈਰਾ
ਅਨੁਵਾਦ-ਪੁਸ਼ਪਿੰਦਰ


1991 ਤੋਂ ਬਾਅਦ ਜਦ ਦੇਸ਼ ਦੀ ਬੰਦ ਆਰਥਿਕਤਾ ਦੇ ਦਰਵਾਜ਼ੇ ਖੋਲ੍ਹਣ ਤੋਂ ਬਾਅਦ ਕੌਮਾਂਤਰੀ ਮੁਦਰਾ ਫੰਡ ਵੱਲੋਂ ਦਿੱਤੇ ਸਹਾਇਤਾ ਪੈਕੇਜ ਤੋਂ ਬਾਅਦ ਦੇਸ਼ ਨੇ ਬਹੁਤ ਵਿਕਾਸ ਕੀਤਾ ਹੈ, ਗਰੀਬੀ ਕਾਫੀ ਘਟ ਗਈ ਹੈ। 2009 ਵਿਚ ਜਦੋਂ ਮਨਮੋਹਨ ਸਿੰਘ ਨੇ ਮੈਨੂੰ ਯੋਜਨਾ ਕਮਿਸ਼ਨ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਸੀ ਤਾਂ ਉਸ ਵਕਤ ਮੁੱਖ ਸਵਾਲ ਕੀਤਾ ਸੀ ਉਸ ਨੇ : ਕੀ ਦੇਸ਼ ਇਸ ਤੋਂ ਚੰਗਾ ਕਰ ਸਕਦਾ ਸੀ ਜਾਂ ਕਿ ਇਸ ਨੂੰ ਹੋਰ ਬਿਹਤਰ ਕਰਨਾ ਚਾਹੀਦਾ ਹੈ ? ਯੋਜਨਾ ਕਮਿਸ਼ਨ ਦੀ ਮੈਂਬਰੀ ਦੇ ਇਸ ਸੱਦਾ ਪੱਤਰ ਤੋਂ ਮੈਨੂੰ ਬਹੁਤ ਹੈਰਾਨੀ ਹੋਈ ਸੀ। ਮੈਂ ਕੋਈ ਅਰਥ-ਸ਼ਾਸਤਰੀ ਨਹੀਂ ਹਾਂ, ਨਾ ਹੀ ਕੋਈ ਸਕਾਲਰ ਅਤੇ ਨਾ ਹੀ ਸਰਕਾਰੀ ਤੰਤਰ ਵਿਚ ਕੰਮ ਕਰਨ ਦਾ ਮੈਨੂੰ ਕੋਈ ਤਜਰਬਾ ਹੈ। ਦੇਸ਼ ਦੀ ਨੀਤੀ ਘੜਨ ਵਾਲੀ ਪ੍ਰਮੁੱਖ ਸੰਸਥਾ ਦੀ ਮੈਂਬਰੀ ਲਈ ਇਹ ਯੋਗਤਾਵਾਂ ਜ਼ਰੂਰੀ ਹਨ-ਸ਼ਾਇਦ ਤੁਸੀਂ ਗਲਤੀ ਕਰ ਰਹੇ ਹੋ, ਮੈਂ ਕਿਹਾ ਸੀ। ਇਸੇ ਕਰਕੇ ਤਾਂ ਤੁਹਾਨੂੰ ਬੁਲਾਇਆ ਗਿਆ ਹੈ-ਡਾ. ਮਨਮੋਹਨ ਸਿੰਘ ਨੇ ਕਿਹਾ। ਯੋਜਨਾ ਕਮਿਸ਼ਨ ਅਤੇ ਹੋਰ ਸਰਕਾਰੀ ਸਲਾਹਕਾਰ ਕਮੇਟੀਆਂ ਵਿਚ ਪਹਿਲਾਂ ਹੀ ਬਹੁਤ ਅਰਥ ਸ਼ਾਸਤਰੀ ਹਨ। ਮੈਨੂੰ ਵੀ ਇੱਕ ਚੰਗਾ ਅਰਥ ਸ਼ਾਸਤਰੀ ਸਮਝਿਆ ਜਾਂਦਾ ਹੈ, ਥੋੜ੍ਹੀ ਸ਼ਰਮ ਮਹਿਸੂਸ ਕਰਦਿਆਂ ਉਸ ਨੇ ਕਿਹਾ ਸੀ। ਪਰ ਫਿਰ ਵੀ ਦੇਸ਼ ਦੀਆਂ ਆਰਥਿਕ ਨੀਤੀਆਂ ਰੁਜ਼ਗਾਰ ਪੈਦਾ ਕਰਨ ਵਿਚ ਅਸਫਲ ਰਹੀਆਂ ਹਨ, ਭਾਵੇਂ ਕਿ ਕੁਲ ਘਰੇਲੂ ਉਤਪਾਦਨ ਤੇਜ਼ੀ ਨਾਲ ਵਧ ਰਿਹਾ ਹੈ। ਦੇਸ਼ ਦੇ ਸਰਕਾਰੀਤੰਤਰ ਦੇ ਧੁਰ ਅੰਦਰਲੇ ਕਮਰੇ ਵਿਚ ਬੈਠ ਕੇ ਮੈਨੂੰ ਭਾਰਤ ਦੇ ਪੇਚੀਦਾ ਸਮਾਜਿਕ ਆਰਥਿਕ ਪ੍ਰਬੰਧ ਨੂੰ ਸਮਝਣ ਦਾ ਮੌਕਾ ਮਿਲਿਆ। ਬਹੁਤ ਸਾਰੇ ਦੇਸ਼ਾਂ ਦੀਆਂ ਕਮੇਟੀਆਂ ਜਾਂ ਵਿਭਾਗਾਂ ਦਾ ਮੈਂ ਸਲਾਹਕਾਰ ਰਿਹਾ ਹਾਂ, ਜਿਨ੍ਹਾਂ ਦਾ ਮਕਸਦ ਹੁੰਦਾ ਸੀ ਕਿ ਵਿਕਾਸ ਦੇ ਮਿੱਥੇ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਰਫਤਾਰ ਵਿਚ ਤੇਜ਼ੀ ਕਿਵੇਂ ਲਿਆਂਦੀ ਜਾ ਸਕੇ। ਗਿਆਨ ਪ੍ਰਾਪਤੀ ਕਿਵੇਂ ਕੀਤੀ ਜਾਵੇ। ਪ੍ਰਧਾਨ ਮੰਤਰੀ ਨੇ ਜਿਹੜਾ ਇਹ ਵਿਸ਼ੇਸ਼ ਕੰਮ ਮੈਨੂੰ ਸੌਂਪਿਆ ਸੀ, ਉਹਦੇ ਲਈ ਚਾਹੀਦਾ ਸੀ ਕਿ ਮੈਂ ਵੱਖ-ਵੱਖ ਦੇਸ਼ਾਂ ਵੱਲੋਂ ਅਪਨਾਏ ਗਏ ਰਸਤਿਆਂ ਦਾ ਅਧਿਐਨ ਕਰਾਂ। ਵਿਸ਼ਵ ਬੈਂਕ ਦੀ ਮਦਦ ਨਾਲ ਮੈਨੂੰ ਸਨਅਤੀ ਨੀਤੀ ਸੰਬੰਧੀ ਦੁਨੀਆ ਦੇ ਪ੍ਰਮੁੱਖ ਅਰਥ ਸ਼ਾਸਤਰੀਆਂ ਨਾਲ ਸੰਵਾਦ ਕਰਨ ਦਾ ਮੌਕਾ ਮਿਲਿਆ। ਉਹਨਾਂ ਮੈਨੂੰ ਵੱਖ-ਵੱਖ ਦੇਸ਼ਾਂ ਦੇ ਆਰਥਿਕ ਵਿਕਾਸ ਦੀਆਂ ਪ੍ਰਕਿਰਿਆਵਾਂ ਬਾਰੇ, ਵਿਚਾਰਧਾਰਾਵਾਂ ਬਾਰੇ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਇਹਨਾਂ ਵਿਚ ਅਮਰੀਕਾ, ਜਾਪਾਨ, ਚੀਨ ਅਤੇ ਹੋਰ ਵਿਕਾਸਸ਼ੀਲ ਦੇਸ਼ ਸ਼ਾਮਲ ਸਨ, ਜਿਨ੍ਹਾਂ ਦੀਆਂ ਵਿਕਾਸ ਯੋਜਨਾਵਾਂ ਅਤੇ ਨੀਤੀਆਂ ਦਾ ਮੈਨੂੰ ਗਿਆਨ ਹੋਇਆ।

'ਵਿਕਾਸ' ਅਤੇ 'ਖੁਸ਼ਹਾਲੀ' ਸਿੱਖਣ ਤੇ ਗਿਆਨ ਪ੍ਰਾਪਤੀ ਦੀਆਂ ਪ੍ਰਕਿਰਿਆਵਾਂ ਹਨ। ਉਹਨਾਂ ਦੇਸ਼ਾਂ, ਦੇਸ਼ਾਂ ਵਿਚਲੀਆਂ ਜਥੇਬੰਦੀਆਂ, ਜਥੇਬੰਦੀਆਂ ਦੀਆਂ ਟੀਮਾਂ, ਟੀਮਾਂ ਦੇ ਮੈਂਬਰਾਂ ਨੂੰ ਸਿਖਣਾ ਪਵੇਗਾ ਤਾਂ ਕਿ ਉਹ ਕੁਝ ਪ੍ਰਾਪਤ ਕੀਤਾ ਜਾ ਸਕੇ ਜੋ ਪਹਿਲਾਂ ਪ੍ਰਾਪਤ ਨਹੀਂ ਕੀਤਾ ਜਾ ਸਕਿਆ। ਅੱਜ ਦੀ ਮੁਕਾਬਲਾ ਯੁਕਤ ਦੁਨੀਆ ਵਿਚ ਜਿਹੜੇ ਦੇਸ਼ ਦੇ ਲੋਕ ਤੇ ਜਥੇਬੰਦੀਆਂ ਜਲਦੀ ਸਿਖਣਗੇ, ਉਹ ਹੀ ਆਪਣੇ ਤੋਂ ਅੱਗੇ ਵਾਲਿਆਂ ਨੂੰ ਜਾ ਮਿਲਣ ਸਕਣਗੇ ਅਤੇ ਜੇ ਉਹ ਆਪਣੀ ਸਿੱਖਣ ਦੀ ਪ੍ਰਕਿਰਿਆ ਨੂੰ ਜਾਰੀ ਰੱਖਣਗੇ ਤਾਂ ਮੋਹਰੀਆਂ ਨੂੰ ਪਛਾੜ ਵੀ ਦੇਣਗੇ। ਮੈਂ ਵਿਸ਼ਵ ਬੈਂਕ ਦੇ ਮਾਹਰਾਂ ਨੂੰ ਬੇਨਤੀ ਕੀਤੀ ਕਿ ਉਹਨਾਂ ਦੋ ਮੁਲਕਾਂ ਬਾਰੇ ਦੱਸਿਆ ਜਾਵੇ, ਜੋ 1991 ਵਿਚ ਬਰਾਬਰੀ ਵਾਲੇ ਸਥਾਨ 'ਤੇ ਖੜ੍ਹੇ ਸਨ ਅਤੇ ਉਸ ਤੋਂ ਬਾਅਦ ਉਹਨਾਂ ਵਿਕਾਸ ਦੇ ਵੱਖਰੇ ਰਸਤੇ ਅਖਤਿਆਰ ਕੀਤੇ। ਜ਼ਾਹਰ ਸੀ ਕਿ ਭਾਰਤ ਅਤੇ ਚੀਨ ਦੀ ਜੋੜੀ। 1980ਵਿਆਂ ਵਿਚ ਦੋਨਾਂ ਦੀਆਂ ਆਰਥਿਕਤਾਵਾਂ ਅਤੇ ਪ੍ਰਤੀ ਵਿਅਕਤੀ ਆਮਦਨ ਲੱਗਭੱਗ ਬਰਾਬਰ ਸਨ। 2009 ਵਿਚ ਚੀਨ ਦਾ ਕੁਲ ਘਰੇਲੂ ਉਤਪਾਦਨ ਭਾਰਤ ਤੋਂ ਪੰਜ ਗੁਣਾ ਵੱਧ ਹੋ ਗਿਆ ਸੀ। ਉਦਯੋਗਿਕ ਨਿਰਮਾਣ ਖੇਤਰ ਅੱਠ ਗੁਣਾ ਅਤੇ ਉੱਚ ਪੱਧਰ ਦਾ ਤਕਨੀਕੀ ਖੇਤਰ ਭਾਰਤ ਤੋਂ ਪੰਜਾਹ ਗੁਣਾ ਵਿਸ਼ਾਲ ਹੋ ਗਿਆ ਸੀ।

ਅਮਰੀਕਾ ਦਾ ਪੂੰਜੀਵਾਦ ਅਤੇ ਚੀਨ ਦਾ ਸਮਾਜਵਾਦ 20ਵੀਂ ਸਦੀ ਦੋ ਆਰਥਿਕ ਵਿਚਾਰਧਾਰਾਵਾਂ-ਪੂੰਜੀਵਾਦ ਅਤੇ ਸਮਾਜਵਾਦ- ਦਰਮਿਆਨ ਮੁਕਾਬਲੇ; ਅਤੇ ਰਾਜਤੰਤਰ ਦੀਆਂ ਦੋ ਵਿਧੀਆਂ ਉਦਾਰਵਾਦੀ ਜਮਹੂਰੀਤੰਤਰ ਅਤੇ ਤਾਨਾਸ਼ਾਹੀ ਤੰਤਰ ਦੇ ਦਰਮਿਆਨ ਮੁਕਾਬਲੇ ਦਾ ਇਤਿਹਾਸਕ ਸਮਾਂ ਹੈ। 1991 ਵਿਚ ਜਦ ਸੋਵੀਅਤ ਯੂਨੀਅਨ ਢੇਹਿ-ਢੇਰੀ ਹੋ ਜਾਂਦਾ ਹੈ ਤਾਂ ਪੱਛਮ ਦੇ ਆਜ਼ਾਦ ਮੰਡੀ ਵਾਲੇ ਪੂੰਜੀਵਾਦ ਅਤੇ ਉਦਾਰਵਾਦੀ ਜਮਹੂਰੀਵਾਦ ਨੂੰ ਜੇਤੂ ਕਰਾਰ ਦੇ ਦਿੱਤਾ ਜਾਂਦਾ ਹੈ। ਵਾਸ਼ਿੰਗਟਨ ਦੀ ਵਿਚਾਰਧਾਰਾ ਨੂੰ ਸਮਾਜਵਾਦੀ ਰੂਸ ਉਪਰ ਬੜੀ ਸ਼ਾਨੋਸ਼ੌਕਤ ਨਾਲ ਜ਼ਬਰਦਸਤੀ ਠੋਸਿਆ ਜਾਂਦਾ ਹੈ। ਰੂਸ ਦੇ ਸਮਾਜ ਅਤੇ ਆਰਥਿਕਤਾ ਉਪਰ ਬਹੁਤ ਘਾਤਕ ਅਸਰ ਹੁੰਦਾ ਹੈ, ਪਰ ਚੀਨ ਹਾਰ ਨਹੀਂ ਕਬੂਲਦਾ। ਇੱਕ ਪਾਰਟੀ ਸ਼ਾਸਨ ਦੇ ਨਾਲ ਸਮਾਜਵਾਦੀ ਰਸਤੇ ਉਪਰ ਚੱਲਦਾ ਰਹਿੰਦਾ ਹੈ। 1991 ਵਿਚ ਭਾਰਤ ਦੇ ਸ਼ਾਸਕਾਂ ਨੇ ਵਾਸ਼ਿੰਗਟਨ ਫਾਰਮੂਲੇ ਸਾਹਮਣੇ ਗੋਡੇ ਟੇਕ ਦਿੱਤੇ। ਉਹਨਾਂ ਘਰੇਲੂ ਦਸਤਕਾਰੀ ਦੇ ਵਿਕਾਸ ਦੀ ਨੀਤੀ ਨੂੰ ਤਿਆਗ ਦਿੱਤਾ ਅਤੇ ਵਿਦੇਸ਼ੀ ਕੰਪਨੀਆਂ ਦੇ ਲਈ ਦਰਵਾਜ਼ੇ ਖੋਲ੍ਹ ਦਿੱਤੇ। ਵਿਦੇਸ਼ੀ ਕੰਪਨੀਆਂ ਨੇ ਤਕਨੀਕੀ ਗਿਆਨ ਦੇ ਤਬਾਦਲੇ ਦੀ ਮੰਗ ਨੂੰ ਸਵੀਕਾਰ ਨਹੀਂ ਕੀਤਾ। ਚੀਨ ਨੇ ਆਪਣੇ ਘਰੇਲੂ ਦਸਤਕਾਰੀ ਨੂੰ ਉਤਸ਼ਾਹਤ ਕਰਨਾ ਜਾਰੀ ਰੱਖਿਆ। ਆਰਥਿਕ ਮਾਹਰ ਕਹਿੰਦੇ ਹਨ ਕਿ ਚੀਨ ਦਾ ਆਰਥਿਕ ਵਿਕਾਸ ਇੱਕ ਚਮਤਕਾਰ ਹੈ। ਅਮਰੀਕਾ ਚੀਨ ਦੇ ਚਮਤਕਾਰੀ ਆਰਥਿਕ ਵਿਕਾਸ, ਉਦਯੋਗਿਕ ਸਮਰੱਥਾ ਤੋਂ ਘਬਰਾ ਗਿਆ ਹੈ, ਭਾਵੇਂ ਕਿ ਚੀਨ ਨੇ ਵਾਸ਼ਿੰਗਟਨ ਦੀ ਆਰਥਿਕ ਵਿਚਾਰਧਾਰਾ ਨੂੰ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ ਸੀ। ਵਾਸ਼ਿੰਗਟਨ ਦੀ ਪੂੰਜੀਵਾਦੀ ਵਿਵਸਥਾ ਵਿਚ ਤਰੇੜਾਂ ਆ ਰਹੀਆਂ ਹਨ। ਅਮਰੀਕਾ ਅੰਦਰ ਵਿਚਾਰਧਾਰਕ ਵਖਰੇਵਾਂ ਆ ਰਿਹਾ ਹੈ। ਆਮਦਨ ਅਸਮਾਨਤਾ ਬੇਹੱਦ ਵਧ ਗਈ ਹੈ। ਮਿਹਨਤਕਸ਼ ਲੋਕ ਬੇਚੈਨ ਹੋ ਰਹੇ ਹਨ। ਅਮਰੀਕਾ ਨੂੰ ਚੀਨ ਦੇ ਉਭਾਰ ਨੇ ਚੁਨੌਤੀ ਦੇ ਦਿੱਤੀ ਹੈ। ਚੀਨ ਭਾਰਤ ਦੀਆਂ ਉੱਤਰੀ ਸਰਹੱਦਾਂ 'ਤੇ ਚਹਿਲ-ਕਦਮੀ ਕਰ ਰਿਹਾ ਹੈ। ਅਮਰੀਕਾ ਭਾਰਤ ਉਪਰ ਦਬਾਅ ਪਾ ਰਿਹਾ ਹੈ ਕਿ ਉਹ ਉਸ ਦੀ ਝੋਲੀ ਵਿਚ ਆ ਜਾਵੇ। ਭਾਰਤ ਸਾਵਧਾਨ ਹੈ। ਇਸ ਨੂੰ ਪਹਿਲਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਿਕਾਸ ਕਰਨਾ ਹੋਵੇਗਾ, ਤਾਕਤਵਰ ਬਣਨਾ ਹੋਵੇਗਾ। ਉਨ੍ਹਾਂ ਸੁਧਾਰਾਂ ਦੀ ਜ਼ਰੂਰਤ ਹੈ ਜਿਨ੍ਹਾਂ ਨਾਲ ਸਮੂਹ ਜਨਤਾ ਦੀ ਆਮਦਨ ਵਿਚ ਵਾਧਾ ਹੋਵੇ ਅਤੇ ਮਜ਼ਬੂਤ ਘਰੇਲੂ ਉਦਯੋਗਾਂ ਦਾ ਵਿਕਾਸ ਹੋਵੇ। ਹਿੰਦੁਸਤਾਨ ਚੌਰਾਹੇ 'ਤੇ ਖੜ੍ਹਾ ਹੈ। ਸੱਜੇ ਤੇ ਖੱਬੇ ਦੋਵੇਂ ਪੱਖ ਸਵੀਕਾਰ ਕਰਦੇ ਹਨ ਕਿ ਦੇਸ਼ ਨੂੰ ਠੋਸ ਆਰਥਿਕ ਸੁਧਾਰਾਂ ਦੀ ਜ਼ਰੂਰਤ ਹੈ ਪਰ ਇਨ੍ਹਾਂ ਦੀ ਦਿਸ਼ਾ ਬਾਰੇ ਅਸਹਿਮਤੀ ਹੈ। ਪ੍ਰਗਤੀਸ਼ੀਲ ਖੱਬਾ ਪੱਖ ਜ਼ਿਆਦਾ ਸਮਾਜਵਾਦੀ, ਉਦਾਰਵਾਦੀ ਜਮਹੂਰੀ ਸੁਧਾਰਾਂ ਦੀ ਮੰਗ ਕਰਦਾ ਹੈ, ਜਦ ਕਿ ਸੱਜਾ ਸਨਾਤਨੀ ਧੜਾ ਕਹਿੰਦਾ ਹੈ ਬਜ਼ਾਰ ਨੂੰ ਕਾਰਪੋਰੇਟਰਾਂ ਲਈ ਹੋਰ ਖੋਲ੍ਹ ਦਿੱਤਾ ਜਾਵੇ, ਆਜ਼ਾਦ ਮੰਡੀ ਪੂੰਜੀਵਾਦ ਨੂੰ ਅਪਨਾਇਆ ਜਾਵੇ, ਇਸ ਦੇ ਲਈ ਭਾਵੇਂ ਵਿਅਕਤੀਗਤ ਆਜ਼ਾਦੀ ਉਪਰ ਬੰਦਸ਼ਾਂ ਲਗਾਉਣੀਆਂ ਪੈਣ। ਦਰਮਿਆਨਾ ਤਬਕਾ ਦੁਬਿਧਾ ਵਿਚ ਹੈ। ਇਸ ਤੋਂ ਪਹਿਲਾਂ ਕਿ ਪੱਛਮ ਦੇ ਪੂੰਜੀਵਾਦੀ ਮਾਡਲ ਦੀ ਅੰਨ੍ਹੇਵਾਹ ਰੀਸ ਕੀਤੀ ਜਾਵੇ, ਦੇਸ਼ ਦੇ ਨੇਤਾਵਾਂ ਨੂੰ ਚੀਨ ਦੀਆਂ ਨੀਤੀਆਂ ਦੀ ਸਮੀਖਿਆ ਕਰਨ ਦੀ ਜ਼ਰੂਰਤ ਹੈ। ਨਵਾਂ ਕੁਝ ਸਿੱਖਣ ਦੀ ਜ਼ਰੂਰਤ ਹੈ ਕਿਉਂ ਸਾਰੇ ਵਿਸ਼ਵ ਵਿਚ ਪੂੰਜੀਵਾਦ ਸੰਕਟ ਵਿਚ ਘਿਰਿਆ ਹੋਇਆ ਹੈ। ਪਿੱਛੇ ਜਿਹੇ ਤਿੰਨ ਕਿਤਾਬਾਂ ਛਪੀਆਂ ਹਨ, ਜਿਹਨਾਂ ਵਿਚ ਵਰਨਣ ਕੀਤਾ ਗਿਆ ਹੈ ਕਿ ਚੀਨ ਨੇ ਕਿਵੇਂ ਪੂੰਜੀਵਾਦੀ ਅਤੇ ਸਮਾਜਵਾਦੀ ਵਿਚਾਰਧਾਰਾਵਾਂ ਨੂੰ ਮਿਲਾ ਕੇ ਬਹੁਤ ਤੇਜ਼ੀ ਨਾਲ ਲੋਕਪੱਖੀ ਆਰਥਿਕ ਵਿਕਾਸ ਕੀਤਾ ਹੈ। How China Escaped Shock Therapy: The Market Reform Debate ਪੁਸਤਕ ਦੀ ਲੇਖਿਕਾ ਜਰਮਨੀ ਦੀ ਰਾਜਨੀਤਕ ਅਰਥ ਸ਼ਾਸਤਰੀ ਇਸਾਬੇਲਾ ਐੱਮ ਵੈਬਰ ਲਿਖਦੀ ਹੈ ਕਿ ਚੀਨੀ ਵਧੀਆ ਵਿਦਿਆਰਥੀ ਹਨ। ਮੋਹਨ ਦਾਸ ਗਾਂਧੀ ਦੀ ਤਰ੍ਹਾਂ ਉਹ ਹਮੇਸ਼ਾ ਆਪਣੇ ਦਿਮਾਗ ਖੁੱਲ੍ਹੇ ਰੱਖਦੇ ਹਨ, ਤਾਂ ਕਿ ਹਰੇਕ ਪਾਸਿਆਂ ਤੋਂ ਵਿਚਾਰ ਅੰਦਰ ਪ੍ਰਵੇਸ਼ ਕਰ ਸਕਣ, ਪਰ ਉਹ ਮਜ਼ਬੂਤ ਪੈਰੀਂ ਖੜੇ ਰਹਿੰਦੇ ਹਨ, ਉਡਦੇ ਨਹੀਂ। ਉਹਨਾਂ ਪੱਛਮੀ ਸਿਧਾਂਤਕਾਰਾਂ ਨੂੰ ਬੜੇ ਧਿਆਨ ਨਾਲ ਸੁਣਿਆ, ਪਰ ਕੀਤਾ ਉਹੀ ਜੋ ਚੀਨ ਲਈ ਢੁਕਵਾਂ ਸੀ। ਉਸ ਦਾ ਕਹਿਣਾ ਹੈ ਕਿ ਹਾਵਰਡ ਦਾ ਵਿਕਾਸਮੁਖੀ ਅਰਥਸ਼ਾਸਤਰੀ ਡਾਨੀ ਰਾਡਰਿਕ ਬਿਲਕੁਲ ਠੀਕ ਕਹਿ ਰਿਹਾ ਹੈ, ਜਦੋਂ ਉਹ ਆਪਣੇ ਖੁਦ ਦੇ ਸਵਾਲ, ਕੋਈ ਅਜਿਹੇ ਪੱਛਮੀ ਅਰਥਸ਼ਾਸਤਰੀ ਦਾ ਨਾਂਅ ਦੱਸ ਸਕਦਾ ਹੈ, ਜਿਸ ਨੇ ਚੀਨ ਦੇ ਆਰਥਿਕ ਸੁਧਾਰਾਂ ਨੂੰ ਪ੍ਰਭਾਵਤ ਕੀਤਾ ਹੈ ? ਨਹੀਂ, ਕਿਸੇ ਪੱਛਮੀ ਆਰਥਿਕ ਖੋਜ ਨੇ ਕੋਈ ਮਹੱਤਵਪੂਰਨ ਭੂਮਿਕਾ ਨਹੀਂ ਨਿਭਾਈ। ਚੀਨ ਦੀ ਜੰਮਪਲ, ਲੰਡਨ ਸਕੂਲ ਆਫ ਇਕਨਾਮਿਕਸ ਦੀ ਪ੍ਰੋਫੈਸਰ ਕੇਊ ਜਿਨ ਨੂੰ ਚੀਨ ਦੀ ਸਮੁੱਚੇ ਸਮਾਜਿਕ ਵਿਵਸਥਾ ਦਾ ਬਹੁਤ ਬਾਰੀਕ ਅੰਦਰੂਨੀ ਤਜਰਬਾ ਹੈ। ਉਸ ਨੇ ਆਪਣੀ ਕਿਤਾਬ The New China Playbook: Beyond Socailism and Capitalism ਵਿਚ ਵਿਸਥਾਰ ਨਾਲ ਬਿਆਨ ਕੀਤਾ ਹੈ ਕਿ ਦੇਸ਼ ਵਿਚ ਸਮਾਜਿਕ-ਆਰਥਿਕ-ਰਾਜਨੀਤਕ ਪ੍ਰਬੰਧ ਕਿਵੇਂ ਕੰਮ ਕਰਦਾ ਹੈ। ਉਸ ਦਾ ਕਹਿਣਾ ਹੈ ਅਜਿਹੇ ਪੱਛਮੀ ਆਰਥਿਕ ਸਿਧਾਂਤ ਜੋ ਸਮਾਜਿਕ ਅਤੇ ਸੱਭਿਆਚਾਰਕ ਸ਼ਕਤੀਆਂ ਨੂੰ ਆਰਥਿਕ ਗਤੀਵਿਧੀਆਂ ਤੋਂ ਵੱਖ ਕਰ ਦਿੰਦੇ ਹਨ, ਕਦੇ ਨਹੀਂ ਸਮਝ ਸਕਦੇ ਚੀਨ ਕਿਵੇਂ ਕੰਮ ਕਰ ਰਿਹਾ ਹੈ। ਉਹ ਤਾਂ ਪੱਛਮੀ ਆਰਥਿਕਤਾਵਾਂ ਦਾ ਵਰਤਾਰਾ ਵੀ ਪੂਰੀ ਤਰ੍ਹਾਂ ਨਹੀਂ ਸਮਝ ਸਕਣਗੇ। ਕਿਊ ਉਸ ਲੁਕਵੇਂ ਹੱਥ ਦੀ ਤਸਵੀਰ ਦਿਖਾਉਂਦੀ ਹੈ, ਜਿਸ ਨੂੰ ਮੁਕਤ ਮੰਡੀ ਦੇ ਅਰਥਸ਼ਾਸਤਰੀ ਬਿਆਨ ਨਹੀਂ ਕਰ ਸਕੇ। ਉਹ ਬਿਆਨ ਕਰਦੀ ਹੈ ਚੀਨ ਦੀ ਸਰਕਾਰ ਵਿੱਤੀ ਬਾਜ਼ਾਰ ਅਤੇ ਨਿੱਜੀ ਖੇਤਰ ਦੀ ਲਗਾਮ ਕੱਸ ਕੇ ਰੱਖਦੀ ਹੈ ਤਾਂ ਕਿ ਸੁਨਿਸ਼ਚਤ ਕੀਤਾ ਜਾ ਸਕੇ ਕਿ ਬਾਜ਼ਾਰ ਸਭ ਦੀ ਭਲਾਈ ਲਈ ਪੈਦਾਵਾਰ ਕਰ ਰਿਹਾ ਹੈ, ਖਾਸ ਕਰ ਗਰੀਬ ਅਤੇ ਲੋੜਵੰਦ ਤਬਕੇ ਲਈ। "ਚੀਨ ਵਿਚ ਵਿੱਤੀ ਸੰਕਟਾਂ ਦੀ ਗਿਣਤੀ ਬਿਲਕੁਲ ਗੋਲ ਜ਼ੀਰੋ ਹੈ। ਪੱਛਮੀ ਦ੍ਰਿਸ਼ਟੀਕੋਣ ਤੋਂ ਇਹ ਵੀ





ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਦੇਸ਼ ਕੁਰਾਹੇ ਪਾਇਆ ਜਾ ਰਿਹੈ, ਬੁੱਧੀਜੀਵੀ ਬਣਿਆ ਬੁੱਧੀਮਾਨ ਵਰਗ ਹੋਰ ਕਹਾਣੀਆਂ ਪਾ ਰਿਹੈ

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਰਾਜਨੀਤੀ ਦੀ ਸਮਝ ਸਾਨੂੰ ਓਦੋਂ ਬੇਸ਼ੱਕ ਅਜੇ ਕੱਚ-ਘਰੜ ਪੱਧਰ ਦੀ ਸੀ, ਫਿਰ ਵੀ ਯਾਦ ਹੈ ਕਿ ਐਮਰਜੈਂਸੀ ਦੌਰ ਖਤਮ ਹੋਣ ਪਿੱਛੋਂ ਹੋਈ ਲੋਕ ਸਭਾ ਚੋਣ ਮੌਕੇ ਇੱਕ ਖਾਸ ਤਰ੍ਹਾਂ ਦੀ ਕਤਾਰਬੰਦੀ ਪਹਿਲੀ ਵਾਰ ਹੋਈ ਸੀ। ਕੇਂਦਰੀ ਪੱਧਰ ਦੀਆਂ ਚਾਰ ਪਾਰਟੀਆਂ: ਮੋਰਾਰਜੀ ਡਿਸਾਈ ਦੀ ਅਗਵਾਈ ਵਾਲੀ ਕਾਂਗਰਸ (ਸੰਗਠਨ) ਜਾਂ ਕਾਂਗਰਸ (ਓ), ਭਾਰਤੀ ਜਨ ਸੰਘ, ਭਾਰਤੀ ਲੋਕ ਦਲ, ਸਮਾਜਵਾਦੀ ਪਾਰਟੀ ਅਤੇ ਬਾਬੂ ਜਗਜੀਵਨ ਰਾਜ ਦੀ ਕਾਂਗਰਸ ਫਾਰ ਡੈਮੋਕਰੇਸੀ ਇਕੱਠੀਆਂ ਕਰਨ ਦੀ ਅਗਵਾਈ ਆਜ਼ਾਦੀ ਘੁਲਾਟੀਏ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਹੇਠ ਹੋਈ ਸੀ। ਇਨ੍ਹਾਂ ਨੂੰ ਚਾਰ ਪਾਰਟੀਆਂ ਕਹਿਣਾ ਬਣਦਾ ਹੈ ਜਾਂ ਸਾਢੇ ਚਾਰ ਕਹਿਣਾ ਵਧੇਰੇ ਠੀਕ ਹੈ, ਕਿਉਂਕਿ ਦੇਸ਼ ਆਜ਼ਾਦ ਹੋਣ ਤੋਂ ਵੀ ਪਹਿਲਾਂ ਬਣੀ ਆਰਜ਼ੀ ਸਰਕਾਰ ਦੇ ਸਮੇਂ ਤੋਂ ਕੇਂਦਰੀ ਮੰਤਰੀ ਬਣੇ ਆਏ ਬਾਬੂ ਜਗਜੀਵਨ ਰਾਮ ਨੇ ਐਮਰਜੈਂਸੀ ਟੁੱਟਣ ਪਿੱਛੋਂ ਕਾਂਗਰਸ ਛੱਡੀ ਤੇ ਕਾਂਗਰਸ ਫਾਰ ਡੈਮੋਕੇਰਸੀ ਬਣਾਈ ਅਤੇ ਇਨ੍ਹਾਂ ਨਾਲ ਮਿਲੇ ਸਨ। ਜਦੋਂ ਇਸ ਗੱਠਜੋੜ ਨੇ ਚੋਣਾਂ ਲੜਨ ਲਈ ਸਰਗਰਮੀ ਆਰੰਭੀ ਤਾਂ ਰਾਜਧਾਨੀ ਦਿੱਲੀ ਵਿਚਲੀ ਜਾਮਾ ਮਸਜਿਦ ਦੇ ਇਮਾਮ ਬੁਖਾਰੀ ਵੀ ਇਸ ਨਵੇਂ ਗੱਠਜੋੜ ਦੀ ਸਿੱਧੀ ਹਮਾਇਤ ਕਰਨ ਲੱਗ ਪਏ ਤੇ ਕੁਝ ਹੋਰ ਏਦਾਂ ਦੀਆਂ ਧਿਰਾਂ ਵੀ, ਜਿਨ੍ਹਾਂ ਦੀ ਆਪੋ ਵਿੱਚ ਬਣਦੀ ਨਹੀਂ ਸੀ, ਸਗੋਂ ਬਹੁਤ ਤਿੱਖੇ ਵਿਰੋਧ ਚੱਲਦੇ ਸਨ। ਐਮਰਜੈਂਸੀ ਦੀਆਂ ਵਧੀਕੀਆਂ ਕਾਰਨ ਇਨ੍ਹਾਂ ਸਾਰਿਆਂ ਦੇ ਮਨਾਂ ਵਿੱਚ ਗੁੱਸਾ ਏਨਾ ਸੀ ਕਿ ਉਹ ਸਾਫ ਕਹਿੰਦੇ ਸਨ ਕਿ ਆਪਸੀ ਵਿਰੋਧ ਪਿੱਛੋਂ ਵੇਖੇ ਜਾਣਗੇ, ਇਸ ਵਕਤ ਕਾਂਗਰਸ ਤੇ ਇੰਦਰਾ ਗਾਂਧੀ ਨੂੰ ਸੱਤਾ ਤੋਂ ਲਾਂਭੇ ਕਰਨਾ ਪਹਿਲਾ ਮਕਸਦ ਹੈ। ਉਹ ਇਸ ਮਕਸਦ ਵਿੱਚ ਕਾਮਯਾਬ ਵੀ ਹੋ ਗਏ। ਅਕਾਲੀ ਦਲ ਅਤੇ ਸੀ ਪੀ ਆਈ (ਐੱਮ) ਵਰਗੀਆਂ ਕੁਝ ਰਾਜਸੀ ਧਿਰਾਂ ਨੇ ਇਸ ਗੱਠਜੋੜ ਵਿੱਚ ਸ਼ਾਮਲ ਹੋਣ ਦੀ ਥਾਂ ਬਾਹਰੋਂ ਹਮਾਇਤ ਦਿੱਤੀ ਤਾਂ ਬਦਲੇ ਵਿੱਚ ਅਕਾਲੀ ਆਗੂਆਂ ਨੂੰ ਪੰਜਾਬ ਸਰਕਾਰ ਦੀ ਅਗਵਾਈ ਕਰਨਾ ਅਤੇ ਸੀ ਪੀ ਆਈ (ਐੱਮ) ਨੂੰ ਪੱਛਮੀ ਬੰਗਾਲ ਸਰਕਾਰ ਦੀ ਮੋਹਰੀ ਬਣਨ ਦਾ ਮੌਕਾ ਵੀ ਮਿਲ ਗਿਆ ਸੀ। ਇਹ ਇਨ੍ਹਾਂ ਰਾਜਸੀ ਪਾਰਟੀਆਂ ਦਾ ਰਾਜਸੀ ਗਰਜਾਂ ਲਈ ਕੀਤਾ ਸਮਝੌਤਾ ਸੀ।

ਕਾਂਗਰਸ ਦੇ ਆਗੂ ਤੇ ਲਗਭਗ ਉਨ੍ਹਾਂ ਵਰਗੀ ਸੋਚ ਉੱਤੇ ਖੜੋਤੀ ਸੀ ਪੀ ਆਈ ਦੇ ਆਗੂ ਕਹਿੰਦੇ ਰਹੇ ਕਿ ਭਾਵੇਂ ਕਿਸੇ ਵੀ ਹਾਲਤ ਵਿੱਚ ਗੱਠਜੋੜ ਕੀਤਾ ਹੋਵੇ, ਜਨ ਸੰਘ ਤੇ ਇਸ ਪਿੱਛੇ ਖੜੀ ਆਰ ਐੱਸ ਐੱਸ ਇਨ੍ਹਾਂ ਵਿੱਚ ਸ਼ਾਮਲ ਹੋਣ ਕਾਰਨ ਇਸ ਗੱਠਜੋੜ ਵਿਚਲੀਆਂ ਧਰਮ-ਨਿਰਪੱਖਤਾ ਦਾ ਦਾਅਵਾ ਕਰਦੀਆਂ ਧਿਰਾਂ ਨੂੰ ਪਛਤਾਉਣਾ ਪਵੇਗਾ। ਗੱਲ ਗਲਤ ਨਹੀਂ ਸੀ, ਪਰ ਇਹ ਗੱਠਜੋੜ ਬਣਨ ਦੇ ਹਾਲਾਤ ਵੀ ਕਾਂਗਰਸ ਪਾਰਟੀ ਤੇ ਖਾਸ ਤੌਰ ਉੱਤੇ ਇਸ ਦੀ ਆਗੂ ਇੰਦਰਾ ਗਾਂਧੀ ਦੇ ਛੋਟੇ ਪੁੱਤਰ ਸੰਜੇ ਗਾਂਧੀ ਦੀ ਜਾਬਰ ਜੁੰਡੀ ਦੇ ਪੈਦਾ ਕੀਤੇ ਹੋਏ ਸਨ। ਫਿਰ ਵੀ ਜਿਹੜੀ ਚਿਤਾਵਨੀ ਦਿੱਤੀ ਜਾਂਦੀ ਸੀ ਕਿ ਇਸ ਗੱਠਜੋੜ ਵਿੱਚ ਸ਼ਾਮਲ ਹੋਈ ਹਿੰਦੂਤਵ ਦੀ ਲੰਮੇ ਸਮੇਂ ਦੀ ਸੋਚ ਅਤੇ ਪਹੁੰਚ ਵਾਲੀ ਜਨ ਸੰਘ ਅਤੇ ਆਰ ਐੱਸ ਐੱਸ ਤੋਂ ਸੁਚੇਤ ਰਹਿਣ ਦੀ ਲੋੜ ਹੈ, ਉਸ ਦਾ ਖਿਆਲ ਰੱਖਿਆ ਜਾਣਾ ਬਣਦਾ ਸੀ, ਪਰ ਰੱਖਿਆ ਨਹੀਂ ਸੀ ਗਿਆ। ਮਸਾਂ ਢਾਈ ਸਾਲ ਲੰਘੇ ਸਨ ਕਿ ਇਸ ਗੱਠਜੋੜ ਵਿੱਚ ਆਰ ਐੱਸ ਐੱਸ ਨਾਲ ਪੁਰਾਣੇ ਜਨ ਸੰਘੀ ਆਗੂਆਂ ਦੇ ਸੰਬੰਧਾਂ ਅਤੇ ਦੇਸ਼ ਵਿੱਚ ਹਿੰਦੂ ਰਾਜ ਕਾਇਮ ਕਰਨ ਦੀ ਇਨ੍ਹਾਂ ਦੀ ਸੋਚ ਅਤੇ ਪਹੁੰਚ ਨਾਲ ਪੁਆੜਾ ਪੈਣਾ ਸ਼ੁਰੂ ਹੋ ਗਿਆ ਅਤੇ ਫਿਰ ਇਸ ਦੀ ਮਾਰ ਹੇਠ ਜਨਤਾ ਪਾਰਟੀ ਟੁੱਟ ਕੇ ਕਈ ਧੜੇ ਜਦੋਂ ਬਣੇ ਤਾਂ ਵੱਖਰੀ ਭਾਰਤੀ ਜਨਤਾ ਪਾਰਟੀ ਵੀ ਬਣ ਗਈ। ਮਹੀਨੇ ਮਸਾਂ ਤਿੰਨ ਬੀਤੇ ਅਤੇ ਲੋਕ ਸਭਾ ਚੋਣ ਆ ਗਈ, ਜਿਸ ਵਿੱਚ ਇਸ ਨਵੀਂ ਰਾਜਸੀ ਧਿਰ ਭਾਜਪਾ ਦੇ ਹੱਕ ਜਾਂ ਵਿਰੋਧ ਵਾਲੀ ਰਾਜਸੀ ਬਿਆਨਬਾਜ਼ੀ ਏਨੀ ਭਾਰੂ ਹੋ ਗਈ ਕਿ ਭਾਜਪਾ ਆਪਣੇ ਆਪ ਵਿੱਚ ਮੁੱਦਾ ਬਣ ਗਈ ਅਤੇ ਏਥੋਂ ਇਸ ਦੀ ਉਠਾਣ ਦਾ ਉਹ ਦੌਰ ਚੱਲਿਆ ਸੀ, ਜਿਹੜਾ ਦੇਸ਼ ਵਿੱਚ ਮਜ਼ਬੂਤ ਨਰਿੰਦਰ ਮੋਦੀ ਸਰਕਾਰ ਵਜੋਂ ਅੱਜ ਸਾਹਮਣੇ ਹੈ। ਇਸ ਸਮੇਂ ਵਿੱਚ ਜਦੋਂ ਰਾਜੀਵ ਗਾਂਧੀ ਦੀ ਸਰਕਾਰ ਬਦਨਾਮ ਹੋਈ ਅਤੇ ਚੋਣਾਂ ਵਿੱਚ ਰਾਜਾ ਵੀ ਪੀ ਸਿੰਘ ਦੀ ਅਗਵਾਈ ਵਾਲਾ ਜਨਤਾ ਦਲ ਅੱਗੇ ਆਇਆ, ਇਹ ਗੱਲ ਉਸ ਵੇਲੇ ਵੀ ਕਹੀ ਗਈ ਸੀ ਕਿ ਖੱਬੇ ਪੱਖੀਆਂ ਤੇ ਹੋਰ ਧਰਮ ਨਿਰਪੱਖ ਧਿਰਾਂ ਨੂੰ ਇਨ੍ਹਾਂ ਦਾ ਖੁੱਲ੍ਹਾ ਸਾਥ ਨਹੀਂ ਦੇਣਾ ਚਾਹੀਦਾ, ਕਿਉਂਕਿ ਸੰਘ ਪਰਵਾਰ ਓਥੇ ਵੀ ਮੌਜੂਦ ਹੈ। ਓਦੋਂ ਹਾਲਾਤ ਨੇ ਰਾਹ ਹੀ ਨਹੀਂ ਸੀ ਛੱਡਿਆ ਤੇ ਜਿਸ ਮਜਬੂਰੀ ਨੇ ਰਾਹ ਨਹੀਂ ਸੀ ਛੱਡਿਆ, ਉਸੇ ਦਾ ਲਾਭ ਲੈ ਕੇ ਹਿੰਦੂਤਵੀ ਧਿਰਾਂ ਮਜ਼ਬੂਤ ਹੁੰਦੀਆਂ ਗਈਆਂ। ਅੱਜ ਦਾ ਭਾਰਤ ਜਿਸ ਮੋੜ ਉੱਤੇ ਆਣ ਪੁੱਜਾ ਹੈ, ਉਸ ਨੂੰ ਠੀਕ ਤਰ੍ਹਾਂ ਸਮਝ ਕੇ ਠੀਕ ਸਿੱਟੇ ਵੀ ਨਹੀਂ ਕੱਢੇ ਜਾ ਰਹੇ।

ਇਹ ਕਹਿੰਦੇ ਰਹਿਣਾ ਕਾਫੀ ਨਹੀਂ ਕਿ ਭਾਜਪਾ ਦੀ ਅਗਵਾਈ ਹੇਠ ਹਿੰਦੂਤਵੀ ਤਾਕਤਾਂ ਭਾਰਤ ਨੂੰ ਇੱਕ ਧਰਮ ਦੇ ਰਾਜ ਵਾਲੇ ਦੇਸ਼ ਵਿੱਚ ਬਦਲਣਾ ਚਾਹੁੰਦੀਆਂ ਹਨ, ਸੱਚਾਈ ਇਹ ਹੈ ਕਿ ਉਹ ਬਦਲਨ ਲੱਗੀਆਂ ਹੋਈਆਂ ਹਨ ਅਤੇ ਇਸ ਦੇਸ਼ ਦੀ ਸਰਕਾਰੀ ਮਸ਼ੀਨਰੀ ਦਾ ਇੱਕ ਹਿੱਸਾ ਇਸ ਨਾਲ ਕਦਮ ਮਿਲਾ ਕੇ ਚਲਦਾ ਪਿਆ ਹੈ। ਜਦੋਂ ਭਾਰਤ ਦੀ ਰਾਜਨੀਤੀ ਧਰਮ ਨਿਰਪੱਖਤਾ ਜਾਂ ਸਮਾਜਵਾਦੀ ਪ੍ਰਭਾਵ ਵਾਲੀ ਸੀ ਤਾਂ ਯੂਨੀਵਰਸਿਟੀਆਂ ਦੇ ਗੋਲਡ ਮੈਡਲਿਸਟ ਅਫਸਰੀ ਕੁਰਸੀਆਂ ਉੱਤੇ ਆਉਂਦੇ ਸਨ ਅਤੇ ਹਿੱਕ ਠੋਕ ਕੇ ਉਸੇ ਸੋਚ ਦੀ ਵਕਾਲਤ ਕਰਦੇ ਸਨ। ਮੱਧ ਵਰਗ ਦੀ ਮਾਨਸਿਕਤਾ ਸ਼ੁਰੂ ਤੋਂ ਰਹੀ ਹੈ ਕਿ ਇਹ ਸਮੇਂ ਦੀ ਸਰਕਾਰ ਦਾ ਸਭ ਤੋਂ ਵੱਡਾ ਸਮਰਥਕ ਬਣ ਕੇ ਚਲਦਾ ਹੈ ਅਤੇ ਜਦੋਂ ਸਰਕਾਰ ਬਦਲਦੀ ਜਾਂ ਕੋਈ ਨਵੀਂ ਲਹਿਰ ਉੱਠਦੀ ਤੇ ਜ਼ੋਰ ਫੜਦੀ ਦਿੱਸੇ ਤਾਂ ਉਸ ਦੀ ਨਬਜ਼ ਟੋਹਣ ਅਤੇ ਉਸ ਨਾਲ ਮਿਲ ਕੇ ਚੱਲਣ ਦਾ ਰਾਹ ਲੱਭਣ ਦੀ ਪਹਿਲ ਵੀ ਇਹੋ ਵਰਗ ਕਰਦਾ ਹੈ। ਚੰਗੀਆਂ ਪੋਸਟਾਂ ਲੈ ਸਕਣ ਦਾ ਜੁਗਾੜ ਕਰਨ ਦੀ ਮੌਕਾਪ੍ਰਸਤੀ ਇਨ੍ਹਾਂ ਤੋਂ ਕੁਝ ਵੀ ਕਰਵਾ ਸਕਦੀ ਹੈ ਅਤੇ ਇਸ ਵਕਤ ਕਿਉਂਕਿ ਰਾਜ ਕਰਦੀ ਧਿਰ ਹਿੰਦੂਤਵ ਵੱਲ ਵਧਦੀ ਪਈ ਹੈ, ਅਫਸਰੀ ਕੁਰਸੀਆਂ ਉੱਤੇ ਬੈਠੇ ਬੀਤੇ ਸਮੇਂ ਦੇ ਕਈ ਧਰਮ ਨਿਰਪੱਖ ਤੇ ਸਮਾਜਵਾਦੀ ਸੋਚ ਤੇ ਪਹੁੰਚ ਵਾਲੇ ਲੋਕ ਵੀ ਸਾਨੂੰ ਇਹ ਸਮਝਾਉਣੀ ਦੇਣ ਲੱਗ ਪਏ ਹਨ ਕਿ ਵਗਦੇ ਵਹਿਣ ਨਾਲ ਚੱਲਣ ਦਾ ਯਤਨ ਕਰੀਦਾ ਹੁੰਦਾ ਹੈ, ਵਿਰੋਧ ਕਰਨਾ ਛੱਡ ਦਿਉ।

ਪਿਛਲੇ ਹਫਤੇ ਜਦੋਂ ਪੰਜਾਬ ਦੀ ਸਿਵਲ ਅਫਸਰਸ਼ਾਹੀ ਦੇ ਕੁਝ ਵੱਡੇ ਅਹਿਲਕਾਰਾਂ ਨਾਲ ਮਿਲੇ ਤਾਂ ਉਨ੍ਹਾਂ ਵਿੱਚੋਂ ਇੱਕ ਜਣੇ ਨੇ ਜਲ-ਪਾਣੀ ਛਕਦੇ-ਛਕਾਉਂਦੇ ਇਹ ਗੱਲ ਬਿਨਾਂ ਕੋਈ ਮੁੱਦਾ ਛਿੜੇ ਤੋਂ ਕਹਿ ਦਿੱਤੀ ਕਿ ਦੇਸ਼ ਦੇ ਭਵਿੱਖ ਦੀ ਦਿਸ਼ਾ ਵਾਲਾ ਜੰਤਰ ਵੇਖੀਏ ਤਾਂ ਕੋਈ ਓਹਲਾ ਨਹੀਂ ਕਿ ਵਿਰੋਧ ਦਾ ਵਕਤ ਬੀਤ ਚੁੱਕਾ ਹੈ। ਉਨ੍ਹਾਂ ਰਾਮ ਮੰਦਰ ਬਣਨ ਪਿੱਛੋਂ ਇਸ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਦੀ ਅਗਵਾਈ ਭਾਰਤ ਦੀ ਰਾਜਨੀਤੀ ਦੇ ਸਿਖਰਲੇ ਅਹੁਦੇਦਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਕਰਵਾਏ ਜਾਣ ਨੂੰ ਇਸ ਦੀ ਸਭ ਤੋਂ ਵੱਡੀ ਮਿਸਾਲ ਆਖਿਆ। ਫਿਰ ਉਨ੍ਹਾਂ ਲੜੀ ਬੰਨ੍ਹ ਦਿੱਤੀ ਕਿ ਇੱਕ ਪਾਸੇ ਕਾਂਵੜ ਯਾਤਰੀਆਂ ਖਾਤਰ ਢਾਬੇ ਵਾਲਿਆਂ ਨੂੰ ਆਪਣੇ ਮਾਲਕ ਦਾ ਨਾਂਅ, ਜਿਸ ਤੋਂ ਉਸ ਦਾ ਧਰਮ ਸਪੱਸ਼ਟ ਹੁੰਦਾ ਹੋਵੇ, ਓਥੇ ਲਿਖ ਕੇ ਲਾਉਣ ਨੂੰ ਕਿਹਾ ਜਾ ਰਿਹਾ ਹੈ, ਕਾਂਵੜ ਯਾਤਰਾ ਉੱਤੇ ਫੁੱਲ ਵਰਸਾਏ ਜਾ ਰਹੇ ਹਨ ਤੇ ਦੂਸਰੇ ਪਾਸੇ ਹੋਰਨਾਂ ਧਰਮਾਂ ਦੇ ਧਾਰਮਿਕ ਪ੍ਰੋਗਰਾਮ ਦੀ ਮੁੱਢਲੀ ਮਨਜ਼ੂਰੀ ਦੇਣ ਵੇਲੇ ਤੋਂ ਰੋਕਾਂ ਸ਼ੁਰੂ ਹੋ ਜਾਂਦੀਆਂ ਹਨ। ਪਹਿਲਾਂ ਭਾਜਪਾ ਸਰਕਾਰ ਵਾਲੇ ਇੱਕ ਰਾਜ ਵਿੱਚ ਸਕੂਲਾਂ ਵਿੱਚ 'ਸੂਰਿਆ ਨਮਸਕਾਰ' ਦੇ ਬਹਾਨੇ ਸਾਰੇ ਬੱਚਿਆਂ ਨੂੰ ਦੇਸ਼ ਦੇ ਭਾਰੂ ਧਰਮ ਦੀ ਮਾਨਸਿਕਤਾ ਨਾਲ ਜੋੜਿਆ ਜਾਣ ਲੱਗਾ ਸੀ ਤੇ ਫਿਰ ਇੱਕ ਹੋਰ ਰਾਜ ਵਿੱਚ ਸਵੇਰ ਦੀ ਸਭਾ ਦੇ ਵਕਤ ਇੱਕ ਧਰਮ ਦੇ ਧਾਰਮਿਕ ਸ਼ਬਦਾਂ ਨਾਲ ਆਰੰਭਤਾ ਦੀ ਗੱਲ ਸੁਣਨ ਲੱਗ ਪਈ। ਕਿਸੇ ਸਮੇਂ ਕੋਈ ਹਿੰਦੂ ਰਾਜਾ ਵੀ ਲੋਕਾਂ ਉੱਤੇ ਕਿਸੇ ਤਰ੍ਹਾਂ ਦਾ ਜਬਰ ਕਰਦਾ ਹੋ ਸਕਦਾ ਹੈ, ਇਹ ਗੱਲ ਸੁਣਨ ਨੂੰ ਕੋਈ ਤਿਆਰ ਨਹੀਂ ਅਤੇ ਦੂਸਰੇ ਧਰਮਾਂ, ਖਾਸ ਤੌਰ ਉੱਤੇ ਇੱਕ ਵੱਡੀ ਬਹੁ-ਗਿਣਤੀ ਨਾਲ ਜੁੜੇ ਬੀਤੇ ਸਮੇਂ ਦੇ ਹਰ ਰਾਜੇ ਨੂੰ ਪਾਪੀ ਅਤੇ ਜ਼ਾਲਮ ਆਖਿਆ ਜਾ ਰਿਹਾ ਹੈ। ਕਿਸੇ ਗੈਰ ਹਿੰਦੂ ਰਾਜੇ ਨਾਲ ਲੱਗੇ ਰਹੇ ਹਿੰਦੂ ਸੈਨਾਪਤੀਆਂ ਜਾਂ ਚੰਗੇ ਗਿਣੇ ਜਾਂਦੇ ਹਿੰਦੂ ਰਾਜਿਆਂ ਨਾਲ ਲੱਗੇ ਰਹੇ ਦੂਸਰੇ ਧਰਮ ਦੇ ਜਰਨੈਲਾਂ ਦੀ ਗੱਲ ਕੋਈ ਕਰਦਾ ਹੈ ਤਾਂ ਇਹ ਨਹੀਂ ਕਿ ਸੁਣਦਾ ਕੋਈ ਨਹੀਂ, ਸਗੋਂ ਕਹਿਣ ਵਾਲੇ ਨੂੰ ਭੱਦੀ ਭਾਸ਼ਾ ਵਿੱਚ ਏਦਾਂ ਜਵਾਬ ਦਿੱਤਾ ਜਾਂਦਾ ਹੈ ਕਿ ਉਹ ਅਗਲੀ ਵਾਰ ਏਦਾਂ ਬੋਲਣ ਦੀ ਜੁਰਅਤ ਨਾ ਕਰ ਸਕੇ। ਬਹੁ-ਗਿਣਤੀ ਦੇ ਵੋਟਰਾਂ ਨੂੰ ਖੁਸ਼ ਕਰਨ ਅਤੇ ਉਨ੍ਹਾਂ ਦੀਆਂ ਵੋਟਾਂ ਭਵਿੱਖ ਵਿੱਚ ਲੈਣਾ ਯਕੀਨੀ ਬਣਾਉਣ ਲਈ ਇਤਿਹਾਸ ਵਿੱਚੋਂ ਚੰਗਾ-ਮੰਦਾ ਵੇਖੇ ਬਿਨਾਂ ਕੋਈ ਨਾ ਕੋਈ ਬਹਾਨਾ ਬਣਾ ਕੇ ਇੱਕ ਧਰਮ ਦੇ ਨਾਇਕਾਂ ਦੇ ਨਾਂਅ ਕੱਟੇ ਜਾ ਰਹੇ ਹਨ ਅਤੇ ਇੱਕ ਖਾਸ ਸੋਚ ਹੇਠ ਸਕੂਲੀ ਬੱਚਿਆਂ ਲਈ ਸਿਲੇਬਸ ਵਿੱਚ ਤਬਦੀਲੀਆਂ ਕੀਤੀਆਂ ਜਾਣ ਲੱਗ ਪਈਆਂ ਹਨ। ਇਹ ਸਭ ਕੁਝ ਜਿਸ ਖਾਸ ਦਿਸ਼ਾ ਵਿੱਚ ਜਾਂਦਾ ਹੈ, ਉਸ ਬਾਰੇ ਜਾਣਦੇ ਅਸੀਂ ਵੀ ਸਾਂ ਅਤੇ ਅਸੀਂ ਇਸ ਬਾਰੇ ਹੋਰ ਤਰ੍ਹਾਂ ਸੋਚਦੇ ਹੁੰਦੇ ਸਾਂ, ਪਰ ਉਹ ਅਫਸਰ ਸਾਰਾ ਕੁਝ ਠੀਕ ਤਰ੍ਹਾਂ ਜਾਣਦੇ ਹੋਏ ਇਸ ਦੀ ਪੂਰੀ ਵਿਆਖਿਆ ਮਗਰੋਂ ਇਹ ਕਹਿਣ ਲੱਗ ਪਿਆ ਕਿ ਵਕਤ ਦੀ ਨਜ਼ਾਕਤ ਵੇਖਣੀ ਚਾਹੀਦੀ ਹੈ, ਜਦੋਂ ਸਾਡੀ-ਤੁਹਾਡੀ ਸੋਚ ਕੋਈ ਫਰਕ ਹੀ ਨਹੀਂ ਪਾ ਸਕਦੀ ਤਾਂ ਐਵੇਂ ਥਾਂ-ਥਾਂ ਭਿੜਨ ਦਾ ਕੀ ਲਾਭ!

ਉਸ ਦੀ ਕਹੀ ਇਹ ਆਖਰੀ ਗੱਲ ਸਾਡੀ ਸੋਚ ਵਿੱਚ ਕਿੱਲ ਵਾਂਗ ਖੁਭ ਗਈ ਕਿ ਇਸ ਸਮਾਜ ਵਿੱਚ ਬਹੁਤੇ ਲੋਕ ਏਦਾਂ ਦੇ ਹਨ, ਜਿਹੜੇ ਠੀਕ ਜਾਂ ਗਲਤ ਵੇਖ ਕੇ ਨਹੀਂ ਚੱਲਦੇ, ਸਗੋਂ ਇਹ ਸੋਚਦੇ ਹਨ ਕਿ ਭਿੜਨ ਦਾ ਕੀ ਲਾਭ! ਸੋਚਣੀ ਤੇ ਕਾਰੋਬਾਰੀ ਲਾਭਾਂ ਨੂੰ ਜੋੜ ਕੇ ਨਾ ਚੱਲਣ ਵਾਲੇ ਸਾਡੇ ਵਰਗੇ ਲੋਕਾਂ ਲਈ ਇਹ ਘੜੀ ਹੋਰ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਦੇਸ਼ ਦਾ ਬੁੱਧੀਜੀਵੀ ਵਰਗ ਕਿਸ ਪਾਸੇ ਚੱਲ ਪਿਆ ਹੈ? ਕਈ ਸਾਲ ਪਹਿਲਾਂ ਅਸੀਂ ਲਿਖਿਆ ਸੀ ਕਿ ਅੰਗਰੇਜ਼ੀ ਦੇ ਸ਼ਬਦ 'ਇੰਟੈਲੀਜੈਂਸ਼ੀਆ' ਦਾ ਅਰਥ ਤਾਂ ਬੁੱਧੀਮਾਨੀ ਬਣ ਸਕਦਾ ਸੀ, ਪਰ ਕਿਸੇ ਵੱਖਰੀ ਸੋਚ ਦੇ ਮਾਲਕ ਨੇ ਪਤਾ ਨਹੀਂ ਕਿਸ ਮਨ-ਤਰੰਗ ਜਾਂ ਕਿਸ ਲੋੜ ਅਧੀਨ ਇਸ ਦਾ ਅਰਥ ਬੁੱਧੀਮਾਨੀ ਦੀ ਥਾਂ 'ਬੁੱਧੀਜੀਵੀ' ਕਰ ਦਿੱਤਾ ਹੋਵੇਗਾ, ਜਿਸ ਦਾ ਅਰਥ ਬੁੱਧੀ ਆਸਰੇ ਜੀਵਨ ਦਾ ਜੁਗਾੜ ਕਰਨ ਵਾਲਾ ਵਿਅਕਤੀ ਬਣ ਸਕਦਾ ਹੈ। ਵੱਡੀਆਂ ਕੁਰਸੀਆਂ ਤੱਕ ਜਾ ਪਹੁੰਚੇ ਜਿਹੜੇ ਅਫਸਰਾਂ ਨੇ ਸਾਰੀ ਉਮਰ ਹਰ ਰੰਗ ਦੀ ਸਰਕਾਰ ਨਾਲ ਮਿਲ ਕੇ ਚੱਲਣ ਤੇ ਹਰ ਮੇਲ ਵਿੱਚੋਂ ਲਾਭ ਮੁੱਖ ਰੱਖ ਕੇ ਸੇਵਾ ਜਾਂ ਖਿਦਮਤ ਕੀਤੀ ਹੋਵੇ, ਉਹ ਸਾਡੇ ਵਰਗੇ ਲੋਕਾਂ ਨੂੰ ਹੋਰ ਸਲਾਹ ਕੀ ਦੇ ਸਕਦੇ ਹਨ! ਬਦਕਿਸਮਤੀ ਨਾਲ ਉਹ ਇਸ ਤਰ੍ਹਾਂ ਦੀ ਸੋਚ ਹੋਰਨਾਂ ਮੂਹਰੇ ਪਰੋਸਣ ਦੀ ਖੇਡ ਵਿੱਚ ਰੁਝ ਗਏ ਹਨ, ਜਿਹੜੀ ਸੋਚ ਦੇਸ਼ ਦਾ ਨੁਕਸਾਨ ਤਾਂ ਕੁਝ ਬਾਅਦ ਵਿੱਚ ਕਰੇਗੀ, ਉਸ ਤੋਂ ਪਹਿਲਾਂ ਨਰੋਈ ਸੋਚ ਵਾਲੇ ਰਹਿੰਦੇ-ਖੂੰਹਦੇ ਤੱਤਾਂ ਦੇ ਸਿਰਾਂ ਵਿੱਚ ਵੀ ਇਹ ਵਾਇਰਸ ਵਾੜਨ ਲੱਗ ਪਈ ਹੈ ਕਿ ਕੁਝ ਕਰਨ ਤੋਂ ਪਹਿਲਾਂ ਵੇਖ ਲਓ ਕਿ ਕੋਈ ਲਾਭ ਹੈ ਜਾਂ ਨਹੀਂ, ਇਸ ਤੋਂ ਬਿਨਾਂ ਭਿੜਨ ਦਾ ਕੀ ਲਾਭ!

ਜਿਸ ਦੇਸ਼ ਵਿੱਚ ਚੋਣਾਂ ਕਰਵਾਉਣ ਵਾਲੇ ਕੇਂਦਰੀ ਕਮਿਸ਼ਨ ਅਤੇ ਨਿਆਂ ਦੀ ਸਭ ਤੋਂ ਉੱਚੀ ਅਦਾਲਤ ਦੇ ਜੱਜਾਂ ਤੋਂ ਲੈ ਕੇ ਹੇਠਾਂ ਰਾਜਾਂ ਵਿਚਲੀ ਅਫਸਰਸ਼ਾਹੀ ਦੇ ਉੱਚ ਅਹੁਦੇਦਾਰਾਂ ਤੱਕ ਇਹ ਸੋਚ ਜੜ੍ਹ ਜਮਾ ਚੁੱਕੀ ਹੈ, ਉਸ ਦੇਸ਼ ਵਿੱਚ ਆਮ ਲੋਕ ਭਵਿੱਖ ਵਿੱਚ ਜਿੱਧਰ ਜਾਣਗੇ, ਉਹ ਖੁਦ ਜਾਣਗੇ ਨਹੀਂ, ਸਗੋਂ ਓਧਰ ਧੱਕੇ ਜਾ ਰਹੇ ਹੋਣਗੇ। ਹਾਲਾਤ ਦੇ ਇਸ ਵਹਿਣ ਅੱਗੇ ਕੋਈ ਅੜਿੱਕਾ ਜਾਂ ਸਪੀਡ ਬਰੇਕਰ ਚਾਹੀਦਾ ਹੈ, ਪਰ ਹਾਲੇ ਦਿੱਸ ਨਹੀਂ ਰਿਹਾ। ਇਹ ਕਹਿਣਾ ਹੋਰ ਗੱਲ ਹੈ ਕਿ ਹਾਲੇ ਦਿੱਸ ਨਹੀਂ ਰਿਹਾ, ਅਸੀਂ ਇਹ ਗੱਲ ਨਹੀਂ ਕਹਿੰਦੇ ਕਿ ਕਦੀ ਦਿੱਸੇਗਾ ਨਹੀਂ, ਹਾਲਾਤ ਦਾ ਵਹਿਣ ਕਦੇ ਉਲਟਾ ਵੀ ਵਗ ਸਕਦਾ ਹੈ। ਸਮਾਂ ਕਦੋਂ ਕਿਹੋ ਜਿਹਾ ਰੰਗ ਵਿਖਾਉਣ ਲੱਗ ਪਵੇਗਾ, ਅਗੇਤਾ ਕਹਿ ਸਕਣਾ ਔਖਾ ਹੈ।


# .ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ ਦਾ ਪਿੰਡ ਬਖਸ਼ੀਵਾਲਾ

## ਪਿੰਡ ਵਸਿਆ-38

### ਵਿਜੈ ਬੰਬੇਲੀ

ਬਖਸ਼ੀਵਾਲਾ, ਜਿਹੜਾ ਹੁਣ ਗ਼ਦਰੀ ਬੀਬੀ ਗੁਲਾਬ ਕੌਰ ਦੀ ਜੰਗ-ਏ-ਅਜ਼ਾਦੀ ਵਿੱਚ ਕੀਤੀ ਅਣਮਿਣਵੀਂ ਕੁਰਬਾਨੀ ਕਾਰਨ ਮਸ਼ਹੂਰ ਹੈ, ਦੀ ਮੋੜ੍ਹੀ 19ਵੀਂ ਸਦੀ ਦੇ ਸ਼ੁਰੂ 'ਚ ਚੱਠੇ ਸੇਖਵਾਂ ਦੇ ਬਿਸਵੇਦਾਰ ਮੋਹਰ ਸਿੰਘ ਨੇ ਗੱਡੀ ਸੀ। ਹੋਇਆ ਇਉਂ ਕਿ ਮੋਹਰ ਸਿੰਘ ਦੀ ਭੂਆ ਆਸ ਕੌਰ ਜਿਹੜੀ ਕਿ ਸ. ਗੁਰਦਾਸ ਸਿੰਘ ਦੀ ਧੀ ਸੀ, ਬਾਬਾ ਆਲਾ ਸਿੰਘ ਬਰਨਾਲਾ/ਪਟਿਆਲਾ ਦੇ ਪੋਤਰੇ ਮਹਾਰਾਜਾ ਸਿੰਘ (1781-1813) ਦੇ ਲੜ ਲਾਈ ਹੋਈ ਸੀ। ਹੋਇਆ ਇਉਂ ਕਿ ਮਹਾਰਾਜਾ ਸਾਹਿਬ ਸਿੰਘ ਦੇ ਰਾਣੀ ਦੇ ਪੇਟੋਂ ਪੈਦਾ ਕੰਵਰ ਕਰਮ ਸਿੰਘ ਦੇ ਹੁਕਮਾਂ ਅਨੁਸਾਰ ਆਹਲਾ ਦੀਵਾਨ ਪੰਡਿਤ ਬਿਸੰਭਰ ਦਾਸ ਨੇ ਚਾਰ ਸੌ ਰੁਪਏ ਨਜ਼ਰਾਨਾ ਲੈ ਕੇ ਮੋਹਰ ਸਿੰਘ ਨੂੰ ਸੁਨਾਮ 'ਚ ਬਖਸ਼ੀ ਦੀ ਪਦਵੀ 'ਤੇ ਸਨਦਬੱਧ ਕਰ ਦਿੱਤਾ। ਬਖਸ਼ੀਦਾਰੀ ਸਮਾਣਾ ਦੇ ਇੱਕ ਵਿਸ਼ੇਸ਼ ਖਿੱਤੇ ਨਾਲ ਸੰਬੰਧਤ ਸੀ। ਸਮਾਣਾ-ਸੁਨਾਮ ਦਾ ਜ਼ਿਲ੍ਹਾ ਸੰਗਰੂਰ ਸੀ ਤੇ ਬਖਸ਼ੀਵਾਲਾ ਖਿੱਤਾ ਇਸੇ ਸੰਗਰੂਰ ਅਧੀਨ ਪੈਂਦਾ ਸੀ। ਸੰਗਰੂਰ ਤੋਂ ਪਹਿਲਾਂ ਇਹ ਜ਼ਿਲ੍ਹਾ ਭਵਾਨੀਗੜ੍ਹ ਵਜੋਂ ਪ੍ਰਸਿੱਧ ਸੀ ਤੇ ਭਵਾਨੀਗੜ੍ਹ ਤੋਂ ਵੀ ਪਹਿਲਾਂ ਸਮਾਣਾ ਦਾ ਇਹ ਇਲਾਕਾ ਸਮਾਣਾ ਦੇ ਫ਼ਰੀਦਖਾਨ ਦੇ ਅਧੀਨ ਸੀ। ਬਾਬਾ ਆਲਾ ਸਿੰਘ ਦੇ ਜ਼ੋਰ ਫੜਨ ਨਾਲ ਸਮਾਣਾ ਪਰਗਨੇ ਦਾ ਚੌਥਾਈ ਖੇਤਰ ਉਸ ਦੇ ਕਬਜ਼ੇ 'ਚ ਆਉਣ ਕਾਰਨ ਇਹ ਖਿੱਤਾ ਜਾਂ ਪਿੰਡ ਵੀ ਆਲਾ ਸਿੰਘ ਦੇ ਹੇਠ ਆ ਗਏ। ਸ. ਆਲਾ ਸਿੰਘ ਨੇ ਦੋਦਾ ਨਾਮਕ ਥਾਂ 'ਤੇ ਇੱਕ ਜੰਗੀ ਗੜ੍ਹੀ ਤਾਮੀਰ ਕਰਵਾਈ, ਜਿਸ ਵਿੱਚ ਭਵਾਨੀ ਮਾਂ ਦਾ ਮੱਠ ਵੀ ਉਸਾਰਿਆ ਗਿਆ। ਸਮਾਂ ਪਾ ਇਸ ਗੜ੍ਹੀ ਦੁਆਲੇ ਨਗਰ ਵੱਸ ਗਿਆ ਤੇ ਭਵਾਨੀ ਦੀ ਮਾਨਤਾ ਵਜੋਂ ਇਹ ਖੇੜਾ ਭਵਾਨੀਗੜ੍ਹ ਵਜੋਂ ਸਥਾਪਤ ਹੋ ਗਿਆ। ਬਖਸ਼ੀਵਾਲਾ ਇਸ ਖੇਤਰ ਦੇ ਇੱਕ ਨਾਮਵਰ ਪਿੰਡ ਵਜੋਂ ਉੱਭਰਿਆ, ਪਰ ਇਸ ਉਭਰੇਵੇਂ ਪਿੱਛੇ ਰਿਆਸਤੀ, ਜਗੀਰੂ ਅਤੇ ਗੋਰਾ ਸ਼ਾਹੀ ਵਿਰੁੱਧ ਹੋਈ ਜੱਦੋਜਹਿਦ ਦਾ ਹੱਥ ਵੀ ਉੱਘਾ ਹੈ।

ਬਖਸ਼ੀ ਮੋਹਰ ਸਿੰਘ ਨੇ ਆਪਣੇ ਕਰਮ-ਖੇਤਰ ਦੇ ਇੱਕ ਕੇਂਦਰੀ ਥਾਂ ਉਕਤ ਵਸੇਵ ਬੰਨ੍ਹੀ। ਬਖਸ਼ੀ ਤਲੱਖਸ ਕਾਰਨ ਇਸ ਖੇੜੇ ਦਾ ਨਾਂਅ 'ਬਖਸ਼ੀ ਗੜ੍ਹ' ਟਿਕਿਆ ਗਿਆ। ਬੱਝਵੇਂ ਪੈਰ ਧਰਾਵੇਂ ਤੋਂ ਪਸਾਰ ਹੁੰਦਿਆਂ ਇਹ 'ਬਖਸ਼ੀਸ਼ ਗੜ੍ਹ' ਸਦਵਾਇਆ ਜਾਣ ਲੱਗਾ, ਜਿਹੜਾ ਵਿਗੜਦਾ-ਸੰਵਰਦਾ ਸੁਖੇਰੀ ਲੋਕ-'ਵਾਜ਼ 'ਚ 'ਬਖਸ਼ੀ ਵਾਲਾ' ਵਜੋਂ ਪੱਕ-ਪਕਾਅ ਗਿਆ। ਦਰ-ਹਕੀਕਤ; 1849 ਵਿੱਚ ਸਿੱਖ ਕੁਮਕਾਂ ਦੀ ਲੱਕ-ਤੋੜਵੀਂ ਹਾਰ ਮਗਰੋਂ ਸਤਲੁਜ ਪਾਰ ਦੀਆਂ ਰਿਆਸਤਾਂ ਵਿੱਚ ਅੰਸ਼ਕ ਤੌਰ 'ਤੇ ਪਰ 1857 ਦੇ ਗ਼ਦਰ ਉਪਰੰਤ ਪੱਕੇ ਤੌਰ 'ਤੇ ਬਿਸਵੇਦਾਰੀ ਪ੍ਰਥਾ ਸ਼ੁਰੂ ਹੋਈ ਸੀ। ਆਮੂਨਮ ਬਿਸਵੇਦਾਰ ਕਿਹਨਾਂ ਨੂੰ ਨਿਯੁਕਤ ਕੀਤਾ ਜਾਂਦਾ ਸੀ, ਕਿਤੇ ਫੇਰ ਸਹੀ।



ਆਮ ਸਮਝ ਅਨੁਸਾਰ ਬਿਸਵੇਦਾਰਾਂ ਨੂੰ ਵੀ ਵੱਡੇ ਜਗੀਰਦਾਰਾਂ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਵਿਸ਼ੇਸ਼-ਅਪਵਾਦਾਂ ਤੋਂ ਬਿਨਾਂ ਆਮ ਕਰਕੇ 'ਰਾਜਿਆਂ-ਮਹਾਰਾਜਿਆਂ', ਖਾਸ ਕਰਕੇ ਬਰਤਾਨਵੀ-ਸਾਮਰਾਜ ਦੇ ਪਿੱਠੂਆਂ ਦੇ ਸਕੇ-ਸੋਧਰਿਆਂ, ਅੰਗਾਂ-ਸਾਕਾਂ, 'ਰਾਣੀਆਂ ਦੇ ਮਾਪਿਆਂ', ਵਜ਼ੀਰਾਂ-ਦੀਵਾਨਾਂ ਦੇ ਪਿਛਲੱਗੂਆਂ ਨੂੰ ਹੀ ਅਜਿਹੇ ਅਹੁਦੇ-ਪਦਵੀਆਂ ਅਤੇ ਜ਼ਮੀਨਾਂ-ਜਗੀਰਦਾਰੀ ਨਾਲ ਨਿਵਾਜ਼ਿਆ ਜਾਂਦਾ ਸੀ। ਸਿੱਟੇ ਵਜੋਂ, ਜਨ-ਸਾਧਾਰਨ, ਖਾਸ ਕਰਕੇ ਕਿਸਾਨੀ ਦੂਹਰੀ-ਤੀਹਰੀ-ਚੌਹਰੀ ਗੁਲਾਮੀ ਹੰਢਾਉਂਦੀ ਸੀ। ਬੀਬੀ ਗੁਲਾਬ ਕੌਰ ਦਾ ਜਨਮ ਵੀ ਇਸੇ ਬਖਸ਼ੀਵਾਲਾ ਦੇ ਇੱਕ ਬੇਹੱਦ ਸਾਧਾਰਨ ਕਿਸਾਨ ਪਰਵਾਰ 'ਚ ਹੋਇਆ ਸੀ।

ਪਿੰਡ ਦੀ ਧੀ ਬੀਬੀ ਗੁਲਾਬ ਕੌਰ, ਜਿਹੜੀ ਮਗਰੋਂ ਇੱਕ ਬੇਹੱਦ ਨਾਮਣੇ ਵਾਲੀ ਬੇਜੋੜ ਗ਼ਦਰੀ ਵਜੋਂ ਸਥਾਪਤ ਹੋਈ, ਦਾ ਵਿਆਹ ਨਜ਼ਦੀਕੀ ਪਿੰਡ 'ਜੱਖੇਵਾਲ' ਦੇ ਮਾਨ ਸਿੰਘ ਨਾਲ ਹੋਇਆ। ਗੁਰਬਤ ਅਤੇ ਰਾਜਾਸ਼ਾਹੀ ਤੇ ਜਗੀਰੂ ਸੰਤਾਪ ਤੋਂ ਮੁਕਤ ਹੋਣ ਲਈ ਇਹ ਜੋੜਾ ਅੱਗੜ-ਪਿੱਛੜ ਮਨੀਲਾ ਗਿਆ। ਹੱਥ ਸੌਖਾ ਕਰਕੇ ਇਹਨਾਂ ਦਾ ਕੈਨੇਡਾ-ਅਮਰੀਕਾ ਜਾਣ ਦਾ ਵਿਚਾਰ ਸੀ, ਪਰ 1914 'ਚ ਵਤਨ ਨੂੰ ਗੁਲਾਮੀ ਤੋਂ ਮੁਕਤ ਕਰਾਉਣ ਲਈ ਉਹਨਾਂ ਦੇਸ਼ਾਂ ਰਾਹੀਂ ਮੁੜਦੇ ਗ਼ਦਰੀ ਦੇਸ਼ ਭਗਤਾਂ ਦੇ ਪ੍ਰਭਾਵ ਹੇਠ ਇਹਨੀਂ ਵੀ ਭਾਰਤ ਮੁੜਨ ਦਾ ਫੈਸਲਾ ਕਰ ਲਿਆ। ਥਿਰਕਵੇਂ ਮਨ ਵਾਲਾ ਮਾਨ ਸਿੰਘ ਦੇਸ਼ ਤੇ ਲੋਕ ਹਿੱਤੂ ਫੈਸਲੇ ਨੂੰ ਬੇਦਾਵਾ ਦੇ ਗਿਆ, ਪਰ ਬੀਬੀ ਆਪਣੀ ਜ਼ੁਬਾਨ ਅਤੇ ਦੇਸ਼ ਭਗਤੀ ਆਸਥਾ 'ਤੇ ਡਟੀ ਰਹੀ। ਪੰਜਾਬ ਪਰਤ ਆਹਲਾ ਵਤਨ ਹਿੱਤ ਜਿਹੜੇ ਬੇਹੱਦ ਜੋਖਮ ਭਰੇ ਬਹਾਦੁਰਾਨਾ ਕਾਰਜ ਇਸ ਬੀਬੀ ਨੇ ਆਪਣੇ ਗ਼ਦਰੀ ਯੋਧਿਆਂ ਸੰਗ ਰਲ ਕੀਤੇ, ਉਹਨਾਂ ਦੀ ਗਾਥਾ ਬੜੀ ਗੌਰਵਮਈ ਅਤੇ ਰੌਂਗਟੇ ਖੜੀ ਕਰਨ ਵਾਲੀ ਹੈ। ਪਹਿਲਾਂ ਲਾਹੌਰ ਤੇ ਮਾਝੇ 'ਚ, ਮਗਰੋਂ ਦੋਆਬੇ 'ਚ ਵਿਸ਼ੇਸ਼ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ 'ਚ ਸਰਗਰਮ ਰਹੀ ਇਸ ਵੀਰਾਂਗਣਾ ਦੀ ਗਾਥਾ ਬੜੀ ਸੂਹੀ, ਦਿਲ-ਟੁੰਬਵੀਂ, ਉਦਾਸ ਕਰਨ ਵਾਲੀ ਅਤੇ ਕੁਰਬਾਨੀ ਯੁਕਤ ਹੈ।

ਲੋਕਾਂ ਦੀ ਹਕੀਕੀ ਬੰਦ-ਖਲਾਸੀ ਲਈ ਚੱਤੋ-ਪਹਿਰ ਸਰਗਰਮ ਰਹੀ ਇਹ ਦੇਵੀ ਮਹਿਜ਼ 35 ਵਰ੍ਹਿਆਂ 'ਚ 28 ਜੁਲਾਈ 1925 ਨੂੰ ਸਦਾ ਵਾਸਤੇ ਧਰਤੀ ਨਾਲ ਇੱਕ-ਮੁੱਕ ਹੋ ਗਈ ਸੀ। ਇਸ ਦਾ ਅਖੀਰਲਾ ਵਕਤ ਬੜਾ ਕਰੁਣਾਮਈ ਹੈ। ਬੇਜੋੜ ਕੁਰਬਾਨੀ ਅਤੇ ਘਾਲਣਾ ਘਾਲਦੀ ਇਹ ਬੀਬੀ ਨਾ ਸਿਰਫ ਆਪਣੇ ਗ਼ਦਰੀ ਭਰਾਵਾਂ ਦੀ ਜੰਮਣ ਭੋਇੰ 'ਕੋਟਲਾ ਨੌਧ ਸਿੰਘ' ਹੁਸ਼ਿਆਰਪੁਰ, ਜਿਹੜਾ ਇਸ ਦਾ ਆਖਰੀ ਵਰੇਸ ਤੱਕ ਆਸਰਾ ਰਿਹਾ, ਨੂੰ ਹੀ ਸਗੋਂ ਉਹ ਆਪਣੇ ਸਹੁਰਾ ਪਿੰਡ ਜੱਖੇਵਾਲ, ਖਾਸ ਕਰਕੇ ਆਪਣੀ ਜੰਮਣ-ਭੋਇੰ 'ਬਖਸ਼ੀਵਾਲਾ' ਨੂੰ ਧੁਰ ਅੰਬਰਾਂ ਤੱਕ ਰੁਸ਼ਨਾ ਗਈ। ਉਸ 'ਬਖਸ਼ੀਵਾਲਾ' ਨੂੰ, ਜਿਸ ਅਜਿਹੀ ਮਾਣਮੱਤੀ ਧੀ ਨੂੰ ਜਨਮ ਦਿੱਤਾ ਸੀ।

ਮੋਬਾ. 94634-39075

# ਸੁਫਨੇ ਟੁੱਟ ਗਏ ਜੁਆਨੀ ਦੇ, ਰੰਗ ਸੋਖ ਲਏ ਜ਼ਿੰਦਗਾਨੀ ਦੇ

## ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-24

### ਸੁਰਜੀਤ ਸੁਮਨ

ਕੁਝ ਦਿਨ ਪਹਿਲਾਂ ਫੋਨ ਦੀ ਫਰੋਲਾ-ਫਰਾਲੀ ਕਰਦਿਆਂ ਇੱਕ ਮਿਥਿਹਾਸਕ ਕਥਾ 'ਸਮੁੰਦਰ ਮੰਥਨ' ਦੀ ਵੀਡੀਓ ਚੱਲਣ ਲੱਗ ਪਈ। ਮੇਰੀ ਉਤਸੁਕਤਾ ਵਧੀ। ਅੰਮ੍ਰਿਤ ਦੀ ਪ੍ਰਾਪਤ ਲਈ ਦੇਵਤੇ ਸਮੁੰਦਰ ਰਿੜਕਣ ਲਈ ਮਸ਼ਵਰਾ ਕਰ ਰਹਿ ਸਨ। ਉਹ ਇਕੱਲੇ ਇਹ ਕੰਮ ਕਰਨ ਤੋਂ ਅਸਮਰਥ ਸਨ। ਉਨ੍ਹਾਂ ਸੋਚਿਆ, ਚਲੋ ਬਈ ਅਸੁਰਾਂ ਦਾ ਸਾਥ ਲੈ ਲਿਆ ਜਾਵੇ। ਪਰ ਉਨ੍ਹਾਂ ਨੂੰ ਅੱਧ ਵੰਡੇ ਜਾਣ ਦੀ ਚਿੰਤਾ ਵੀ ਨਾਲ਼ੋ-ਨਾਲ਼ ਸਤਾ ਰਹੀ ਸੀ। ਬਾਅਦ ਦੀ ਬਾਅਦ ਵਿੱਚ ਦੇਖੀ ਜਾਵੇਗੀ, ਸੋਚ ਉਨ੍ਹਾਂ ਇੱਕ ਗਠਬੰਧਨ ਜਿਹਾ ਕਰ ਲਿਆ। ਭਾਵ ਮਨ ਵਿੱਚ ਤਾਂ ਖੋਟ ਪਹਿਲਾਂ ਹੀ ਸੀ। ਅੰਮ੍ਰਿਤ ਪ੍ਰਾਪਤੀ ਉਪਰੰਤ ਸਾਰਿਆਂ ਦੇ ਮਨ ਵਿੱਚਲਾ ਕਪਟ ਉਜਾਗਰ ਹੋਇਆ। ਅੰਮ੍ਰਿਤ ਕਲਸ਼ ਅਸੁਰਾਂ ਦੇ ਹੱਥ ਆਇਆ ਤੇ ਉਹ ਰਫੂ-ਚੱਕਰ ਹੋ ਗਏ। ਫਿਰ ਵਿਸ਼ਨੂੰ ਵੱਲੋਂ ਛਲ਼ ਨਾਲ਼ ਮੋਹਨੀ ਰੂਪ ਧਾਰ, ਅਸੁਰਾਂ ਵੱਲੋਂ ਕਬਜ਼ਾਏ ਅੰਮ੍ਰਿਤ ਕਲਸ਼ ਨੂੰ ਹਥਿਆ ਲਿਆ ਗਿਆ। ਇੱਥੋਂ ਹੀ ਰਾਹੂ-ਕੇਤੂ ਦੀ ਉਤਪਤੀ ਹੋਈ ਮੰਨੀ ਗਈ ਤੇ ਫਿਰ ਵਾਅਦਾ-ਖਿਲਾਫੀ ਕਾਰਣ ਦੇਵਤਿਆਂ ਦਾ ਗ੍ਰਹਿਣੇ ਜਾਣਾ। ਕੀ ਇਹ ਸਭ ਕੁਦਰਤ ਰਾਣੀ ਦੇ ਹੀ ਸੰਕੇਤ ਸਨ, ਛਲ਼, ਕਪਟ ਤੇ ਬੇਈਮਾਨੀ ਵਿਰੁੱਧ? ਸਮਾਂ ਬਲਵਾਨ ਹੈ। ਸਮੇਂ ਨੇ ਸੱਚ ਨੂੰ ਪ੍ਰਗਟ ਕਰਨਾ ਹੀ ਹੁੰਦਾ ਹੈ। ਪ੍ਰਸਥਿਤੀਆਂ ਮੁਤਬ ਸਮੇਂ ਸਮੇਂ ਤਤਕਾਲੀ ਗੁਰੂ ਵੀ ਪੱਖਪਾਤੀ ਹੋ ਗੁਜਰਦੇ ਰਹੇ ਹਨ। ਸੋਚਦਾ ਹਾਂ, ਜਿੱਥੇ ਗੁਰੂ ਹੀ ਪੱਖਪਾਤੀ ਹੋਣਗੇ, ਉੱਥੇ ਚੇਲਿਆਂ ਦਾ ਭਵਿੱਖ ਕੀ ਹੁੰਦਾ ਹੋਊ। ਭਾਰਤ ਦੀ ਸਰਵ-ਉੱਚ ਅਦਾਲਤ ਦੇ ਤਾਜ਼ਾ ਫੈਸਲੇ ਨੇ ਖਲਬਲੀ ਜਿਹੀ ਪੈਦਾ ਕਰ ਦਿੱਤੀ ਹੋਈ ਹੈ। ਇਸ ਭਰਤੀ ਤੋਂ ਪਹਿਲਾਂ ਪ੍ਰੋਫੈਸਰਾਂ ਬਾਝੋਂ ਕਾਲਜ ਭਾਂਅ-ਭਾਂਅ ਕਰ ਰਹੇ ਸਨ। ਇਹ ਸੁੰਨਾਪਣ ਸਰਕਾਰੀ ਕਾਲਜਾਂ ਵਿੱਚ ਹੀ ਨਹੀਂ, ਹੋਰ ਸਰਕਾਰੀ ਅਦਾਰਿਆਂ ਵਿੱਚ ਵੀ ਸਾਲਾਂ ਤੋਂ ਡੇਰਾ ਜਮਾਈ ਬੈਠਾ ਹੈ। ਸਰਕਾਰੀ ਅਦਾਰਿਆਂ ਵਿੱਚ, 'ਆਊਟਸੋਰਸਜ਼ ਭਰਤੀ' ਕਰਕੇ ਡੰਗ ਟਪਾਇਆ ਜਾ ਰਿਹਾ ਹੈ। ਸਰਕਾਰਾਂ ਦੇ ਦੋਵੇਂ ਹੱਥ ਲੱਡੂ ,ਹਨ। ਖਜ਼ਾਨੇ ਨੂੰ ਇਸ ਦਾ ਚੋਖਾ ਲਾਭ ਹੈ। ਇਹੋ ਕਾਰਣ ਹੈ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਇਸ ਪੱਖੋਂ ਘੇਸਲ ਮਾਰ ਛੱਡਦੀਆਂ ਹਨ। ਲੋਕਾਂ ਦਾ ਕੀ? ਲੋਕ ਜਾਣ ਢੱਠੇ ਖੂਹ 'ਚ। ਹੁਣ ਸਮੇਂ ਨੇ ਫਿਰ ਕਰਵਟ ਬਦਲੀ ਹੈ। ਸਰਵ-ਉੱਚ ਅਦਾਲਤ ਦੇ ਫੈਸਲੇ ਨਾਲ਼ ਸਹਾਇਕ ਪ੍ਰੋਫੈਸਰਾਂ ਦੀ ਭਰਤੀ ਰੱਦ ਹੋਣ ਕਾਰਣ 'ਕਹੀ ਖੁਸ਼ੀ ਕਹੀ ਗ਼ਮ' ਵਾਲ਼ੇ ਹਾਲਾਤ ਬਣ ਗਏ ਹੈ। ਸੂਬਾ ਸਰਕਾਰ ਨੂੰ ਯੂਜੀਸੀ ਦੇ ਨਿਯਮਾਂ ਅਨੁਸਾਰ ਇਹ ਭਰਤੀ ਮੁੜ ਕਰਨ ਦੇ ਹੁਕਮਾਂ ਦਾ ਮਿਲ਼ਣਾ, ਦਰਸਾਉਂਦਾ ਹੈ ਕਿ ਕਿਵੇਂ ਸਾਡੇ ਰਾਹ-ਦਸੇਰਿਆਂ ਨੇ, ਸੌਦਾਗਰ ਲੋਕਾਂ ਨਾਲ਼ ਮਿਲ਼ਕੇ, ਉਨ੍ਹਾਂ ਦੀਆਂ ਅੱਖੜ ਇੱਛਾਵਾਂ ਦੀ ਪੂਰਤੀ ਹਿੱਤ ਨਿਰਧਾਰਤ ਨਿਯਮਾਂਵਲੀ ਦੀਆਂ ਧੱਜੀਆਂ ਉਡਾ ਯੋਗ ਪਾਤਰਤਾ ਰੋਲ਼ ਛੱਡੀ ਹੈ। ਅਜਿਹੇ ਵੇਲ਼ਿਆਂ ਵਿੱਚ ਕੁਝ ਪਤਾ ਨਹੀਂ ਲਗਦਾ, 'ਕਿਹੜਾ ਕੀਹਨੂੰ ਵਰਤ ਗਿਆ ਏ।' ਉਨ੍ਹਾਂ ਦੀਆਂ ਇਹ ਕੋਝੀਆਂ ਹਰਕਤਾਂ ਕਿੰਨਿਆਂ ਘਰਾਂ ਨੂੰ ਤਬਾਹ ਕਰ ਦੇਣਗੀਆਂ, ਕਿੰਨਿਆਂ ਦੀਆਂ ਇੱਛਾਵਾਂ ਮੁਰਝਤ ਹੋਣਗੀਆਂ, ਉਨ੍ਹਾਂ ਦੀ ਜਾਣੇ ਬਲਾ। ਅੱਜ ਆਮ ਲੋਕਾਂ ਨੂੰ ਬੁਰੀ ਤਰ੍ਹਾਂ ਅਹਿਸਾਸ ਹੋਣ ਲੱਗਾ ਹੈ ਕਿ ਸ਼ਾਇਦ ਸਾਡੇ ਕੋਲ਼ ਇਨਸਾਫ ਦਾ ਸਿਰਫ ਇੱਕੋ-ਇੱਕ ਦਰ ਸਰਵ-ਉੱਚ ਅਦਾਲਤ ਹੀ ਰਹਿ ਗਿਆ ਹੈ। ਉਂਝ 'ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ' ਪਾਤਰ ਸਾਹਿਬ ਬਿਆਨ ਗਏ ਕਿ ਅਦਾਲਤਾਂ ਦੀ ਮਹਿੰਗੀ ਕਾਨੂੰਨੀ ਪ੍ਰਕ੍ਰਿਆ ਅਤੇ ਇਸ 'ਤੇ ਵਧਦੇ ਬੋਝ ਨੇ ਇਨਸਾਫ ਦੇ ਇਸ ਦਰ ਦੀ ਹਾਲਤ ਵੀ ਬਦ ਤੋਂ ਬਦਤਰ ਕਰ ਰੱਖੀ ਹੈ। ਸੋਚਣਾ ਬਣਦਾ ਹੈ ਕਿ ਕੀ ਇਨਸਾਫ ਦੇ ਬਾਕੀ ਸਾਰੇ ਥੰਮ ਜ਼ਰਜ਼ਰ ਹੋ ਚੁੱਕੇ ਹਨ? ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਲੋਕ ਆਵਾਜ਼ ਦੇ ਕੁਝ ਹਿੱਸੇ ਨੂੰ ਛੱਡ, ਬਾਕੀ ਸਭ ਦਾ 'ਲੂਣ ਦੀ ਖਾਣ ਵਿੱਚ ਲੂਣ ਹੋ ਜਾਣਾ' ਭਲੇ ਪੁਰਸ਼ਾਂ ਨੂੰ ਬਹੁਤ ਖਟਕਦਾ ਹੈ, ਅੱਜ। ਸ਼ਾਇਦ, ਇਹੀ ਅੱਜ ਦੇ ਆਮ ਬੰਦੇ ਦੀ ਹੋਣੀ ਹੈ। ਆਮ ਮਨੁੱਖ ਜਾਵੇ ਤਾਂ ਕਿੱਧਰ ਜਾਵੇ? ਉਸ ਨੂੰ ਰੌਸ਼ਨੀ ਦੀ ਕੋਈ ਵੀ ਕਿਰਨ ਹੋਰ ਕਿਧਰੇ ਦਿਖਾਈ ਨਹੀਂ ਦਿੰਦੀ। ਇਸ ਵਾਰ ਮੈਂ ਪਿੰਡ ਗਿਆ। ਸਾਰਾ ਦਿਨ ਵੀਰ ਦਲੇਰ ਸਿੰਘ ਦਾ ਸਾਥ ਮਾਣਿਆ। ਸਵੇਰ ਦਾ ਖਾਣਾ ਖਾ ਅਸੀਂ ਦੋਵੇਂ ਬੰਨ੍ਹ ਵੱਲ ਹੋ ਤੁਰੇ। ਇਹ ਬੰਨ੍ਹ, ਸਤਲੁਜ ਦਰਿਆ ਦੇ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਲਗਾਇਆ ਗਿਆ ਸੁਣੀਂਦਾ ਹੈ। ਗਹੁ ਨਾਲ਼ ਦੇਖਿਆ, ਪਿੰਡ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਚੁੱਕਾ ਹੈ। ਪੁਰਾਣੇ ਚਿਹਰੇ ਲੱਭਣੇ ਮੁਸ਼ਕਲ ਹੋ ਗਏ ਹਨ। ਨਵੇਂ ਚਿਹਰਿਆਂ ਦੀ ਹੋਰੂੰ ਹੋਰੂੰ ਝਾਕਣੀ ਓਪਰੇਪਣ ਦਾ ਅਹਿਸਾਸ ਕਰਵਾਉਂਦੀ ਹੈ। ਖੇਤਾਂ ਦੀ ਨੁਹਾਰ ਬਦਲੀ ਪਈ ਹੈ। ਇੱਕ ਗੱਲ ਹੋਰ, ਸਾਡੇ ਪਿੰਡ ਦੇ ਖੇਤਾਂ ਵਿੱਚ ਪਾਪੂਲਰ ਦੇ ਦਰੱਖਤਾਂ ਨੇ ਝੁਰਮੁਟ ਪਾਇਆ ਹੋਇਆ ਹੈ। ਪਹਿਲਾਂ ਪਹਿਲ ਪਾਪੂਲਰ ਦੇ ਦਰੱਖਤ ਕੰਢੀ ਦੇ ਇਲਾਕੇ ਵਿੱਚ ਹੋਇਆ ਕਰਦੇ ਸਨ। ਚੁਰਾਸੀ ਦਾ ਦੌਰ ਗੰਨੇ ਦੀ ਫਸਲ ਨੂੰ ਨਿਗਲ਼ ਗਿਆ ਸੀ। ਇਹ ਹੋਰ ਵੀ ਬਹੁਤ ਕੁਝ ਨਿਗਲ਼ ਗਿਆ ਹੈ। ਚੁਰਾਸੀ ਤੋਂ ਪਹਿਲਾਂ ਲੋਕਾਂ ਦੇ ਘਰ ਕੱਚੇ, ਪਰ ਮਨ ਦੇ ਵਿਹੜੇ ਬਹੁਤ ਖੁੱਲ੍ਹੇ-ਡੁੱਲ੍ਹੇ ਸਨ। ਬੰਨ੍ਹ 'ਤੇ ਬੈਠ ਅਸੀਂ ਰਾਤੀਂ ਪਏ ਮੀਂਹ ਨਾਲ਼ ਕੁਦਰਤ ਰਾਣੀ ਦੇ ਚਿਹਰੇ 'ਤੇ ਆਈ ਬਹਾਰ ਦਾ ਅਨੰਦ ਮਾਣਨ ਲੱਗੇ। ਬਾਈ ਦਲੇਰ ਸਿੰਘ ਬੋਲਿਆ, 'ਦੇਖ ਭਰਾ ਇੱਕ ਮੁੱਦਤ ਬੀਤ ਗਈ ਸੀ, ਵਿਦਿਆ ਦੇਵੀ ਦੇ ਮੰਦਰਾਂ 'ਚ ਉਹ ਰੌਣਕ ਨਹੀਂ ਸੀ, ਉਹ ਰੰਗਤ ਨਹੀਂ ਸੀ। ਵਜ੍ਹਾ ਸੀ, ਰਾਹ-ਦਸੇਰਿਆਂ ਦਾ ਅਭਾਵ। ਪਿੱਛੇ ਜਿਹੇ ਇਹ ਰੌਣਕ ਪਰਤੀ ਜੋ ਪਹਿਲਾਂ ਤੋਂ ਹੀ ਗ੍ਰਹਿਣੀ ਹੋਈ ਸੀ। ਕਿਸੇ ਵੇਲ਼ੇ ਮੈਂ ਵੀ ਕਿਹਾ ਕਰਦਾ ਸੀ, 'ਅਖੇ, ਜੇ ਲੱਗਣਾ ਤਾਂ ਪ੍ਰੋਫੈਸਰ ਜਾਂ ਲੈਕਚਰਰ ਈ ਲੱਗਣਾ, ਨਹੀਂ ਨੌਕਰੀ ਈ ਨਹੀਂ ਕਰਨੀ। ਸਿਆਸੀ ਲੋਕਾਂ, ਪੈਰ ਈ ਨਹੀਂ ਲੱਗਣ ਦਿੱਤੇ। ਰਵੀ ਸਿੱਧੂ ਕੇਸ ਨੇ ਭੱਠਾ ਈ ਬਿਠਾ 'ਤਾ। ਸਾਡੇ ਤਾਂ ਚਾਅ ਈ ਮਾਰੇ ਗਏ ਸਨ। ਕਈ ਤਾਂ ਕੈਨੇਡਾ ਜਾ ਸੈਟਲ ਹੋਏ। ਉਨ੍ਹਾਂ ਦਾ ਆਪਣਾ ਰੰਡੀ-ਰੋਣਾ ਤੇ ਸਾਡਾ ਆਪਣਾ। ਤੈਨੂੰ ਯਾਦ ਐ, ਉਦੋਂ ਮੈਂ ਕਿਵੇਂ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕੀਤੀ? ਪਿੰਡ 'ਚ ਰਹਿ ਕੇ ਬੱਚੇ ਪੜ੍ਹਾਏ। ਪਹਿਲਾਂ ਬੇਟੀ ਵਿਆਹੀ, ਫਿਰ ਬੇਟੇ ਅਮਰੀਕ ਨੂੰ ਸਪਾਊਸ ਵੀਜ਼ੇ 'ਤੇ ਕੈਨੇਡਾ ਭੇਜਣ ਤੋਂ ਪਹਿਲਾਂ ਨੂੰਹ ਕਮਲਜੀਤ ਨੂੰ ਭੇਜਿਆ। ਥੱਬਾ ਨੋਟਾਂ ਦਾ ਲਾ ਹੱਥੀਂ ਭੇਜੀ ਨੂੰਹ ਨੇ ਓਧਰ ਜਾਂਦਿਆਂ ਈ ਰੰਗ ਬਦਲ ਲਏ। ਚਲੋ ਇਹ ਚੰਗਾ ਹੋਇਆ ਬਈ ਉਸ ਅਮਰੀਕ ਨੂੰ ਤਾਂ ਓਧਰ ਸੱਦ ਲਿਆ। ਹੁਣ ਇਨ੍ਹਾਂ ਦੋਹਾਂ ਦੇ ਰਾਹ ਵੱਖਰੇ-ਵੱਖਰੇ ਹਨ। ਐਧਰ ਅਸੀਂ ਦੋਵੇਂ 'ਕੱਲੇ ਬੈਠੇ ਧੱਕੇ ਖਾ ਰਹੇ ਆਂ। ਤੈਨੂੰ ਦੱਸਿਆ ਤਾਂ ਸੀ ਅਮਰੀਕ ਨੇ ਓਧਰ ਕਿਸੇ ਗੋਰੀ ਨਾਲ਼ ਵਿਆਹ ਕਰਵਾ ਲਿਆ ਸੀ। ਦੋ ਜੁਆਕ ਨੇ ਸੁੱਖ ਨਾਲ਼। ਉਨ੍ਹਾਂ ਦੀ ਆਪਣੀ ਪੂਰੀ ਨਹੀਂ ਪੈਂਦੀ। ਅਸੀਂ ਵੀ ਦੋ ਤਿੰਨ ਵਾਰ ਕੈਨੇਡਾ ਹੋ ਆਏ ਆਂ, ਭਾਬੀ ਤੇਰੀ ਨੇ ਦਿਲ ਈ ਨੀਂ ਲਾਇਆ। ਐਧਰ ਨੌਕਰੀਆਂ ਮਿਲ਼ਦੀਆਂ ਹੁੰਦੀਆਂ ਤਾਂ ਅੱਜ ਘਰ ਬੱਚਿਆਂ ਦੀ ਰੌਣਕ ਹੁੰਦੀ।' ਅਸੀਂ ਦੋਵੇਂ ਉਦਾਸੀ ਜਿਹੀ ਵਿੱਚ ਘਿਰ ਗਏ। ਫਿਰ ਅਸੀਂ ਉੱਠ ਕੇ ਤੁਰ ਪਏ। ਮੈਂ ਉਹਨੂੰ ਪਿੰਡ ਦੇ ਛੋਟੇ ਕਿਸਾਨਾਂ ਦੇ ਖੇਤਾਂ ਕੋਲੋਂ ਲੰਘਦਿਆਂ ਉਨ੍ਹਾਂ ਦੇ ਪਰਿਵਾਰਾਂ ਦਾ ਹਾਲ ਪੁੱਛਦਾ ਰਿਹਾ।

ਬਹੁਤਿਆਂ ਦੀਆਂ ਜ਼ਮੀਨਾਂ ਵਿਕ ਚੁੱਕੀਆਂ ਸਨ, ਉਹ ਦੱਸਦਾ ਰਿਹਾ। ਵੱਡੇ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਵਿੱਚ ਢੇਰ ਵਾਧੇ ਬਾਰੇ ਵੀ ਉਸ ਖੁਲਾਸੇ ਕੀਤੇ। ਮੈਂ ਹੈਰਾਨ ਹੁੰਦਾ ਗਿਆ, ਸਬਰ-ਸ਼ੁਕਰ ਨਾਲ਼ ਜ਼ਿੰਦਗੀ ਬਸਰ ਕਰਨ ਵਾਲ਼ੇ ਲੋਕ ਉਜੜ ਚੁੱਕੇ ਸਨ। ਚੱਕਵੀਂ ਤਬੀਅਤ ਵਾਲ਼ਿਆਂ ਦੀ ਜ਼ਮੀਨ, ਦੋ ਨਾਲ਼ ਜ਼ਰਬ ਖਾ ਗਈ ਸੀ। ਇਨ੍ਹਾਂ ਖੇਤਾਂ ਦੀਆਂ ਵੱਟਾਂ 'ਤੇ ਘੁੰਮਦਿਆਂ ਕਿੰਨਾ ਅਨੰਦ ਆਉਂਦਾ ਸੀ, ਖਰਬੂਜੇ, ਤਰਬੂਜ, ਅਮਰੂਦ, ਅੰਬ ਆਮ ਹੁੰਦੇ। ਛੱਲੀਆਂ ਚੱਬਦੇ, ਗੰਨੇ ਚੂਪਦੇ। ਜਾਮਣਾ ਖਾ ਖਾ ਕੇ ਜੀਭਾਂ ਨੀਲੀਆਂ ਕਰ ਲੈਂਦੇ। ਹੁਣ ਖੇਤਾਂ ਵਿੱਚ ਇੱਕ ਵੀ ਫਰੂਟ ਖਾਣ ਲਈ ਨਹੀਂ ਸੀ। 'ਇਹ ਸਭ ਸਿਆਸਤਦਾਨਾਂ ਦੀਆਂ ਚਾਲਾਂ ਨੇ ਭਰਾਵਾ। ਇਨ੍ਹਾਂ ਆਪਸ ਵਿੱਚ ਲੜੀ ਜਾਣਾ ਤੇ ਲੜਾਈ ਜਾਣੈ। ਅੱਵਲ ਤਾਂ ਰੁਜ਼ਗਾਰ ਮਿਲ਼ਦਾ ਨਹੀਂ, ਜੇ ਮਿਲ਼ ਜਾਵੇ ਤਾਂ ਉਂਝ ਖੂਹ-ਖਾਤੇ।' ਮੈਨੂੰ ਮੇਰੇ ਚਿੰਤਨ ਦੇ ਖੂਹ-ਖਾਤੇ 'ਚੋਂ ਗੀਤ ਦਾ ਅੰਤਰਾ ਸੁਣਾਈ ਦੇਣ ਲਗਦਾ ਹੈ, 'ਅਸ਼ਕੇ ! ਓਹਦੀ ਗਲਤ-ਬਿਆਨੀ ਦੇ/ ਨਿਗਲ਼ੇ ਸਭ ਮਣਕੇ ਗਾਨੀ ਦੇ/ ਸੁਫਨੇ ਟੁੱਟ ਗਏ ਜੁਆਨੀ ਦੇ, ਰੰਗ ਸੋਖ ਗਿਆ ਜ਼ਿੰਦਗਾਨੀ ਦੇ/ ਪਿਆ ਮਗਰ 'ਭੂਸਰਿਆ ਸਾਹਨ' ਜਿਵੇਂ ਲੈ ਆਇਆ ਕੋਈ ਭੂਚਾਲ਼/ ਕੁੜੇ ! ਜਾਦੂਗਰ ਆਇਆ/ ਗੱਲਾਂ ਦਾ ਵਿਛਾ ਗਿਆ ਜਾਲ਼/ ਕੁੜੇ ! ਸੌਦਾਗਰ ਆਇਆ।

ਸੰਪਰਕ 98144-30874

# ਉਲਟ-ਇਨਕਲਾਬੀ ਅਖਵਾਏ ਜਾਣ ਦਾ ਡਰ

## ਮਨ-ਮੰਚਨ

### ਸ਼ਬਦੀਸ਼

ਇਹ 'ਮਨ-ਮੰਚਨ' ਬਹੁਤ ਦੇਰ ਬਾਅਦ ਆ ਰਿਹਾ ਹੈ। ਗੱਲ ਵੀ ਪੁਰਾਣੀ ਹੀ ਕਰਨੀ ਹੈ। ਕੀ ਪੁਰਾਣੀ ਗੱਲ 'ਚ ਨਵਾਂਪਣ ਨਹੀਂ ਹੁੰਦਾ; ਕੀ ਨਵੀਂ ਗੱਲ 'ਚ ਪੁਰਾਣਨਤਾ ਨਹੀਂ ਹੁੰਦੀ..? ਸਾਡਾ ਦੇਸ਼ ਸੱਤਾ ਦੀਆਂ ਨਵੀਂਆਂ ਗੱਲਾਂ ਦੀ ਪੁਰਾਣਨਤਾ ਹੀ ਤਾਂ ਭੋਗ ਰਿਹਾ ਹੈ। ਅਤੀਤ ਦਾ ਗੌਰਵ ਹੀ ਫਾਸ਼ੀਵਾਦ ਸਥਾਪਤ ਕਰ ਸਕਦਾ ਹੈ ਤੇ ਨੇੜਲੇ ਦੁਸ਼ਮਣ ਚੁਣ ਸਕਦਾ ਹੈ। ਮੈਂ ਕਿਉਂ ਸੋਚਦਾਂ; ਪੁਰਾਣੀ ਗੱਲ ਕਰਾਂ ਜਾਂ ਨਾ ਕਰਾਂ..? ਇਹ ਸੱਤਾ ਦਾ ਨਹੀਂ, ਸੱਤਾਹੀਣ ਸੱਤਾ ਦਾ ਡਰ ਹੈ। ਡਰਦਾਂ; ਕੋਈ ਕ੍ਰਾਂਤੀਕਾਰੀ ਉਲਟ-ਇਨਕਲਾਬੀ ਨਾ ਕਹਿ ਦੇਵੇ। ਛੱਡੋ, ਇੱਕ ਕਵਿਤਾ ਸਾਂਝੀ ਕਰਦਾ ਹਾਂ :

ਹਤਾਸ਼ਾ ਮਾਰਿਆ ਇੱਕ ਵਿਅਕਤੀ ਬਹਿ ਗਿਆ ਸੀ/ਵਿਅਕਤੀ ਨੂੰ ਮੈਂ ਨਾ ਜਾਣਦਾ ਸਾਂ/ਹਤਾਸ਼ਾ ਨੂੰ ਜਾਣਦਾ ਸਾਂ /ਇਸ ਲਈ ਮੈਂ ਉਸ ਵਿਅਕਤੀ ਦੇ ਕੋਲ ਗਿਆ/ਮੈਂ ਉਸ ਵੱਲ ਹੱਥ ਵਧਾਇਆ/ਮੇਰਾ ਹੱਥ ਫੜ ਕੇ ਉਹ ਖੜ੍ਹਾ ਹੋਇਆ/ਮੈਨੂੰ ਉਹ ਨਹੀਂ ਸੀ ਜਾਣਦਾ/ਮੇਰੇ ਹੱਥ ਵਧਾਉਣ ਨੂੰ ਜਾਣਦਾ ਸੀ/ਅਸੀਂ ਦੋਵੇਂ ਇਕੱਠੇ ਤੁਰੇ/ਦੋਵੇਂ ਇੱਕ-ਦੂਸਰੇ ਨੂੰ ਜਾਣਦੇ ਨਹੀਂ ਸਾਂ/ਇਕੱਠਿਆਂ ਤੁਰਨ ਨੂੰ ਜਾਣਦੇ ਸਾਂ।

ਇਹ ਵਿਨੋਦ ਕੁਮਾਰ ਸ਼ੁਕਲ ਦੀ ਕਵਿਤਾ ਹੈ। ਇਹ ਕਵੀ ਹੀ ਮੈਨੂੰ ਉਲਟ-ਇਨਕਲਾਬੀ ਦਾ ਤਮਗਾ ਦਿਵਾ ਸਕਦਾ ਹੈ। ਉਹ ਗਿਆਨਪੀਠ ਸਨਮਾਨ ਦੇ ਜੇਤੂ ਹਨ ਤੇ ਸਵਾਲਾਂ ਦੇ ਘੇਰੇ 'ਚ ਹਨ। ਪਿਛਲੇ ਸਾਲ ਕੌਮਾਂਤਰੀ ਪੱਧਰ ਦਾ ਸਨਮਾਨ ਮਿਲਿਆ ਸੀ ਤਾਂ ਹੁਣ ਬੋਲਣ ਵਾਲ਼ੇ ਚੁੱਪ ਹੀ ਸਨ। ਉਨ੍ਹਾਂ ਨੂੰ ਬੋਲਣ ਵੇਲ਼ੇ ਬੋਲਣਾ ਜੁ ਆਉਂਦਾ ਹੈ। ਗੁੱਸਾ ਤਾਂ ਗਿਆਨਪੀਠ 'ਤੇ ਹੈ, ਨਿਕਲ ਕਵੀ 'ਤੇ ਰਿਹਾ ਹੈ। ਦਰਅਸਲ, ਪਿਛਲੇ ਸਾਲ ਗਿਆਨਪੀਠ ਨੇ ਇੱਕ ਹਿੰਦੂਤਵਵਾਦੀ ਲੇਖਕ ਨੂੰ ਸਨਮਾਨ ਦਿੱਤਾ ਸੀ। ਇੱਕ ਹੋਰ ਸਿਤਮ..! ਉਸ ਸਨਮਾਨ ਦੀ ਰਾਸ਼ੀ ਦੇ ਭਾਈਵਾਲ ਗੁਲਜ਼ਾਰ ਸਨ। ਇਸ ਵਾਰ ਦੇ ਰੌਲੇ 'ਚ ਇੱਕ ਚਿੰਤਕ ਨੇ ਉਸ ਨੂੰ 'ਔਸਤਨ ਕਵੀ' ਆਖ ਦਿੱਤਾ ਹੈ। ਵਿਨੋਦ ਕੁਮਾਰ ਸ਼ੁਕਲ ਕਵੀ ਹਨ; ਅਕਵੀ ਹਨ ਜਾਂ ਸਮਝਣ 'ਚ ਔਖ ਆਉਣ ਦੇ ਦੋਸ਼ੀ ਹਨ; ਇਹ ਖ਼ਿਲਾਫ਼ ਬੋਲਣ ਵਾਲ਼ੇ ਦੱਸ ਸਕਦੇ ਹਨ..! ਮੈਂ ਗਿਲਾ ਦੱਸਦਾ ਹਾਂ। ਉਹ ਛਤੀਸਗੜ੍ਹ ਦੇ ਵਾਸੀ ਹਨ; ਉਸ ਦੀ ਰਾਜਧਾਨੀ 'ਚ ਵੱਸਦੇ ਹਨ, ਪਰ ਜਲ, ਜੰਗਲ ਤੇ ਜ਼ਮੀਨ ਦੇ ਅੰਦੋਲਨ ਦਾ ਹਿੱਸਾ ਨਹੀਂ ਹਨ। ਇਕਲੌਤੇ ਅਸ਼ੋਕ ਵਾਜਪਾਈ ਹਨ, ਜਿਨ੍ਹਾਂ ਨੇ ਖੱਬੇ-ਪੱਖੀ ਨਾਰਾਜ਼ਗੀ ਝੱਲਣ ਦਾ ਜੋਖਮ ਉਠਾ ਕੇ ਗੱਲਾਂ ਕੀਤੀਆਂ ਹਨ।

...ਤੇ ਮੈਂ ਹਾਂ ਕਿ ਆਪਣੇ ਤੋਂ ਹੀ ਡਰਿਆ ਬੈਠਾ ਹਾਂ।

ਕੀ ਕਰਾਂ; ਇੱਕ ਗਾਂਧੀਵਾਦੀ ਤੋਂ ਮਾਓਵਾਦੀ ਸੋਚ ਦੀ ਤਵੱਕੋ ਨਹੀਂ ਰੱਖ ਸਕਦਾ। ਕਵੀ ਅਸਲੋਂ ਚੁੱਪ ਵੀ ਨਹੀਂ ਹੈ, ਜਿਵੇਂ ਇਲਜ਼ਾਮ ਲਗਾਏ ਜਾ ਰਹੇ ਹਨ। ਬਸ ਸੁਰ ਧੀਮੀ ਹੈ। ਧੀਮੀ ਸੁਰ ਸੁਣਨਾ ਸਾਡਾ ਧਰਮ ਨਹੀਂ ਹੈ। ਕੀ ਇਹ ਸੂਝ ਕੌਮਾਂਤਰੀ ਪੱਧਰ ਦਾ ਨਾਬੋਕੋਵ ਸਨਮਾਨ ਦੇ ਚੋਣਕਾਰਾਂ ਨੂੰ ਰੱਖੀ ਹੈ, ਜੋ ਅਨੁਵਾਦ 'ਚੋਂ ਵੀ ਸੁਣੀ ਜਾਂਦੇ ਹਨ। ਵਿਨੋਦ ਕੁਮਾਰ ਸ਼ੁਕਲ ਕਵੀ ਹਨ। ਸਿਆਸਤਦਾਨ ਵਾਂਗ ਚੁੱਪ ਤੋੜਨ ਦੀ ਮੁਹਾਰਤ ਨਹੀਂ ਰੱਖਦੇ। ਉਹ ਆਖਦੇ ਹਨ, ਜੋ ਰਚਨਾਕਾਰ ਹੁੰਦਾ ਹੈ, ਉਹ ਜਿੰਨਾ ਰਚਨਾ ਦੇ ਰਸਤੇ ਚੱਲਦਾ ਹੈ, ਸਮੇਂ ਦੇ ਰਸਤੇ ਵੀ ਓਨਾ ਹੀ ਚਲਦਾ ਹੈ। ਹੋ ਸਕਦਾ ਹੈ, ਉਹ ਕਿੰਨੀ ਦੂਰ ਗਿਆ, ਉਸ 'ਤੇ ਨਿਗਾਹ ਓਨੀ ਨਾ ਪੈ ਸਕੇ।

ਉਹ ਇਸ ਨਿਗਾਹ-ਦੋਸ਼ ਦਾ ਹੀ ਸ਼ਿਕਾਰ ਹੋਏ ਹਨ।

ਉਨ੍ਹਾਂ ਦੀ ਇੱਕ ਕਹਾਣੀ ਹੈ; 'ਪੇੜ ਪਰ ਘਰ'। ਇਸ ਦੇ ਪਿੱਛੇ ਵੀ ਕਹਾਣੀ ਹੈ। ਉਨ੍ਹਾਂ ਦੇ ਘਰ 'ਚ ਮੌਲਸ਼੍ਰੀ ਦੇ ਦੋ ਬਿਰਖ਼ ਸਨ, ਹਰੇ-ਭਰੇ, ਜਿਨ੍ਹਾਂ 'ਤੇ ਬਹੁਤ ਸੋਹਣੇ ਫੁੱਲ ਖਿੜਦੇ ਸਨ। ਇੱਕ ਥੋੜ੍ਹਾ ਘਰੋਂ ਬਾਹਰ ਵੱਲ ਝੁਕਦਾ ਸੀ। ਉਹ ਬਿਰਖ਼ ਸੀ, ਬੰਦਾ ਨਹੀਂ ਸੀ, ਜਿਸ ਨੂੰ ਹੋੜਿਆ ਜਾ ਸਕਦਾ..! ਇੱਕ ਗਵਾਂਢੀ ਨੇ ਨਗਰ ਨਿਗਮ ਕੋਲ ਸ਼ਿਕਾਇਤ ਕਰ ਦਿੱਤੀ-ਇਸ 'ਤੇ ਬਹੁਤ ਸਾਰੀਆਂ ਚਿੜੀਆਂ ਹਨ; ਸਾਡੇ ਘਰ ਆ ਕੇ ਵਿੱਠਾਂ ਕਰਦੀਆਂ ਹਨ। ਰੁੱਖ ਕੱਟਿਆ ਜਾਂਦਾ ਹੈ। ਕਵੀ ਉਸ ਕੱਟੇ ਦਰੱਖ਼ਤ ਨੂੰ ਯਾਦ ਕਰਕੇ ਕਵੀ ਆਖਦਾ ਹੈ, ਇਹ ਵੀ ਕੋਈ ਕਾਰਨ ਹੈ ਰੁੱਖ ਕੱਟਣ ਦਾ; ਕੀ ਰੁੱਖ ਨੇ ਕਿਸੇ ਨੂੰ ਕੱਟਿਆ ਹੈ..? ਇਹ ਭਾਵੁਕਤਾ ਹੈ; ਏਦਾਂ ਬੋਲਣ ਦੀ ਕੀ ਤੁਕ ਹੈ..? ਇਹ ਕਹਿਣ ਤੋਂ ਪਹਿਲਾਂ ਸੁਣ ਲਓ, ਅੱਗੇ ਕੀ ਵਿਚਾਰ ਹਨ, ਹਰ ਧਨੀ ਸਮਾਜ ਕਰੂਰ ਹੈ ਤੇ ਧਰਤੀ ਦਾ ਸ਼ੋਸ਼ਣ, ਜੋ ਜ਼ਿਆਦਾ ਧਨੀ ਹੈ, ਉਹ ਸਭ ਤੋਂ ਜ਼ਿਆਦਾ ਕਰੇਗਾ। ਬੰਦਾ ਪਹਿਲਾਂ ਸੰਤੁਸ਼ਟ ਰਹਿੰਦਾ ਸੀ, ਪਰ ਹੁਣ ਛੋਟੇ ਆਦਮੀ ਨੂੰ ਵੀ ਲਾਲਚੀ ਆਦਮੀ ਬਣਾ ਦਿੱਤਾ ਗਿਆ ਹੈ। ਉਹ ਵੀ ਧਨ ਅਤੇ ਪੂੰਜੀ ਦੇ ਪਿੱਛੇ ਜਾ ਰਿਹਾ ਹੈ। ਫ਼ਿਰ ਸਮਾਜ 'ਚ ਅਪਰਾਧ ਤੇ ਅਯਾਸ਼ੀ ਦਾ ਜਨਮ ਹੁੰਦਾ ਹੈ। ਹੁਣ ਦੱਸੋ, ਕਿਵੇਂ ਬਚਾਇਆ ਜਾਵੇ ਦੁਨੀਆ ਨੂੰ..?

ਇਹ ਕਲਪਨਾਸ਼ੀਲ ਯਥਾਰਥਵਾਦੀ ਦਾ ਨਜ਼ਰੀਆ ਹੈ। ਇਹ ਹੈ ਤਾਂ ਮਾਰਕਸਵਾਦ ਦਾ ਕਰੀਬੀ ਵਿਚਾਰ, ਪਰ ਮੰਨੀਏ ਕਿਵੇਂ; ਕਵੀ ਤਾਂ ਮਾਰਕਸਵਾਦੀ ਹੈ ਹੀ ਨਹੀਂ। ਚਲੋ ਉਸ ਦੀ ਕਵਿਤਾ ਪੜ੍ਹਦੇ ਹਾਂ :

ਆਦਿਵਾਸੀ..! ਵਾਹਰ ਦਾ ਰੌਲਾ ਪੈ ਰਿਹਾ ਹੈ
ਆਦਿਵਾਸੀ..! ਅਸੀਂ ਤੈਨੂੰ ਕਿਵੇਂ ਮੰਨੀਏ
ਕਿ ਤੂੰ ਨਕਸਲੀ ਨਹੀਂ ਏਂ
ਤੇ ਆਦਿਵਾਸੀ..! ਤੈਨੂੰ ਐਸਾ ਕਿਉਂ ਸਮਝੀਏ
ਕਿ ਤੂੰ ਨਕਸਲੀ ਏਂ
ਤੇਰੇ ਕੋਲ ਲੁਕਾਉਣ ਲਾਇਕ ਕੁਝ ਵੀ ਨਹੀਂ
ਤੁਸੀਂ ਕਿੱਥੇ ਜਾਓਗੇ; ਤੁਹਾਨੂੰ ਇਲਮ ਨਹੀਂ
ਪਰ ਤੁਸੀਂ ਆਪਣੀ ਜਗ੍ਹਾ ਤੋਂ ਜਾ ਰਹੇ ਹੋ
ਤੁਸੀਂ ਪੇਟ ਭਰਨਾ ਚਾਹ ਰਹੇ ਹੋ
ਪੇਟ ਕਿਵੇਂ ਭਰੋਗੇ; ਪਤਾ ਨਹੀਂ ਏਂ
ਆਦਿਵਾਸੀ..! ਤੁਸੀਂ ਜੀਵਤ ਰਹਿਣਾ ਚਾਹੁੰਦੇ ਹੋ
ਪਰ ਮਰਨ ਤੋਂ ਕਿੱਦਾਂ ਬਚ ਜਾਓਗੇ
ਇਹ ਤੁਸੀਂ ਜਾਣਦੇ ਨਹੀਂ
ਜੰਗਲ ਵਿੱਚ ਵਾਹਰ ਦਾ ਰੌਲਾ ਪਿਆ ਹੈ
ਪਹਿਲਾਂ ਸ਼ੇਰ ਨੂੰ ਮਾਰਨ ਲਈ ਪੈਂਦਾ ਸੀ।

ਇਹ ਪੜ੍ਹ ਕੇ ਜਲ, ਜੰਗਲ ਤੇ ਜ਼ਮੀਨ ਦੇ ਤਲਬਗਾਰਾਂ ਨੇ ਪੜ੍ਹੀ ਨਹੀਂ ਹੈ ਜਾਂ ਔਖੀ ਲੱਗੀ ਹੈ; ਉਹੀ ਜਾਨਣ। ਉਹ ਗੀਤਾਂਜਲੀ ਸ਼੍ਰੀ ਦੇ ਨਾਵਲ 'ਰੇਤ ਸਮਾਧੀ' ਨੂੰ ਬੁੱਕਰ ਮਿਲਣ ਵੇਲ਼ੇ ਵੀ ਖ਼ਾਮੋਸ਼ ਸਨ। ਉਹ ਕਿਹੜਾ ਘੱਟ ਔਖਾ ਲਿਖਦੀ ਹੈ..! ਉੱਤੋਂ ਖੱਬੇ-ਪੱਖੀ ਵੀ ਨਹੀਂ ਹੈ। ਪਾਠਕਾਂ ਦਾ ਇਲਜ਼ਾਮ ਸੀ, ਮੁਕਤੀਬੋਧ ਨੂੰ ਸਮਝਣਾ ਔਖਾ ਹੈ। ਅਸੀਂ ਸਮਝਾ ਦਿੱਤਾ; ਉਹ ਤਾਂ ਕਲਾਸਿਕ ਹਨ। ਇਨ੍ਹਾਂ ਤਿੰਨਾਂ ਲੇਖਕਾਂ ਦਾ ਆਪੋ-ਆਪਣਾ ਚਿੰਤਨੀ ਚਿਹਰਾ ਹੈ ਤੇ ਮੈਜ਼ੀਕਲ ਰੀਅਲਿਜ਼ਮ ਦੇ ਸ਼ੈਲੀਗਤ ਸਾਂਝ ਵੀ ਹੈ। ਇਹ ਕਲਪਨਾਸ਼ੀਲਤਾ ਨੂੰ ਰੂਪਵਾਦ ਮੰਨਣ ਦੀ ਪ੍ਰਵਿਰਤੀ ਦੇ ਹਾਮੀ ਨਹੀਂ ਹਨ।

ਵਿਨੋਦ ਕੁਮਾਰ ਸ਼ੁਕਲ ਗਾਂਧੀਵਾਦੀ ਹਨ ਤੇ ਓਸੇ ਸੁਰ 'ਚ ਬੋਲਦੇ ਹਨ, ਵੇਖੋ, ਮੇਰੀ ਜੋ ਆਸਥਾ ਹੈ, ਉਹ ਮਨੁੱਖਤਾ ਦੀ ਤਰਫ਼ ਹੈ। ਹਿੰਸਾ, ਕੱਟੜਤਾ ਵਰਗੀਆਂ ਚੀਜ਼ਾਂ ਜਦ ਕਿਸੇ ਧਾਰਮਿਕ ਆਸਥਾ ਨਾਲ ਜੁੜਦੀਆਂ ਹਨ, ਤਾਂ ਇਹ ਮੈਨੂੰ ਚੰਗਾ ਨਹੀਂ ਲਗਦਾ। ਇਹ ਵੀ ਆਖਦੇ ਹਨ, ਪ੍ਰੰਪਰਾ ਦਾ ਮਤਲਬ ਅੱਛੀ ਪ੍ਰੰਪਰਾ ਹੈ; ਸਮੇਂ ਦੇ ਅਨੁਸਾਰ ਅਨੁਕੂਲ ਪ੍ਰੰਪਰਾ ਹੈ। ਪ੍ਰੰਪਰਾ ਆਪਣੇ ਆਪ ਬਦਲਦੀ ਹੈ; ਸਮੇਂ ਦੀਆਂ ਸਥਿਤੀਆਂ ਤੇ ਪ੍ਰਸਥਿਤੀਆਂ ਇਸ ਤਰ੍ਹਾਂ ਬਣਦੀਆਂ ਹਨ ਕਿ ਜੋ ਪ੍ਰੰਪਰਾ ਉਨ੍ਹਾਂ ਦੇ ਅਨੁਕੂਲ ਨਹੀਂ ਹੈ, ਉਹ ਬਦਲ ਜਾਂਦੀ ਹੈ ਤੇ ਸਮੇਂ ਦੇ ਅਨੁਕੂਲ ਹੋ ਜਾਂਦੀ ਹੈ। ਇਹ ਇੱਕ ਸੁਭਾਵਿਕ ਪ੍ਰਕਿਰਿਆ ਹੈ। ਜਿਵੇਂ ਰੁੱਤਾਂ ਬਦਲਦੀਆਂ ਹਨ, ਉਵੇਂ ਹੀ ਪ੍ਰੰਪਰਾ ਬਦਲ ਜਾਂਦੀ ਹੈ।

ਅਪੂਰਵਾਨੰਦ ਕਵੀ ਦੇ ਹਾਮੀ ਨਹੀਂ ਹਨ। ਉਹ ਆਖਦੇ ਹਨ, ...ਸਾਡੇ ਸਮਾਜ ਵਿੱਚ ਕੋਈ ਐਸੀ ਨੈਤਿਕ ਰੇਖਾ ਨਹੀਂ ਹੈ, ਜਿਸ ਦੀ ਉਲੰਘਣਾ ਕਰਨਾ ਅਸਵੀਕਾਰਯੋਗ ਮੰਨਿਆ ਜਾਏ। ਸਾਡੇ ਲਈ ਨਾਕਾਬਲ-ਏ-ਬਰਦਾਸ਼ਤ ਕੁਝ ਵੀ ਨਹੀਂ ਹੈ।

ਇਹ ਸ਼ਬਦ ਸਨਮਾਨ ਮਿਲਣ 'ਤੇ ਪੱਬਾਂ ਭਾਰ ਜਾਂ ਵਿਰੋਧ ਵਿੱਚ ਸੀਖ-ਪੌਅ ਹੋਣ ਵਾਲ਼ੇ, ਦੋਵਾਂ ਲਈ ਹਨ।

ਮੈਂ ਵਿਨੋਦ ਕੁਮਾਰ ਸ਼ੁਕਲ ਦੇ ਵਾੜੇ 'ਨੌਕਰ ਕੀ ਕਮੀਜ਼' ਨਾਵਲ ਸਦਕਾ ਜਾ ਵੜਿਆ ਸਾਂ; ਕਈ ਸਾਲ ਪਹਿਲਾਂ। ਨਾਵਲ 'ਚ ਕੀ ਸੀ; ਭੁੱਲ ਗਿਆ ਹਾਂ। ਦੂਜੀ ਮੁਲਾਕਾਤ ਨੈਸ਼ਨਲ ਸਕੂਲ ਆਫ਼ ਡਰਾਮਾ ਨੇ 'ਦੀਵਾਰ ਮੇਂ ਏਕ ਖਿੜਕੀ ਰਹਿਤੀ ਥੀ' ਦੇ ਨਾਟ-ਮੰਚਨ ਨੇ ਕਰਵਾਈ ਸੀ। ਨਾਟ-ਮੰਚਨ ਰਚਨਾ ਦੀਆਂ ਪਰਤਾਂ ਖੋਲ੍ਹਣ ਦਾ ਮਹਾਨ ਕਾਰਜ ਕਰਦਾ ਹੈ। ਉਹ ਸ਼ੋਅ ਟੈਗੋਰ ਥੀਏਟਰ ਚੰਡੀਗੜ੍ਹ 'ਚ ਸੀ। ਇਹ ਅਸਲ ਥੀਏਟਰ ਹਾਲ ਦੇ ਦਿਨਾਂ ਦੀ ਗੱਲ ਹੈ। ਹੁਣ ਤਾਂ ਫੈਸ਼ਨ ਸ਼ੋਅ ਦੇ ਮੰਚ 'ਤੇ ਨਾਟਕ ਵੇਖਣ ਤੇ ਕਰਨ ਲਈ ਮਜਬੂਰ ਹਾਂ। ਉੱਥੇ ਕਰਨਾ ਵੀ ਪੈਂਦਾ ਹੈ।

ਵਿਨੋਦ ਕੁਮਾਰ ਸ਼ੁਕਲ ਦੀ ਪਹਿਲੀ ਕਵਿਤਾ 'ਲਗਭਗ ਜੈਹਿੰਦ' ਸੀ। ਉਨ੍ਹਾਂ ਸਾਹਿਤ ਤੇ ਭਾਸ਼ਾ 'ਚ ਆਪਣਾ ਮੁਹਾਵਰਾ ਘੜਿਆ ਹੈ। ਉਨ੍ਹਾਂ ਦੀ ਵਾਰਤਕੀ ਕਵਿਤਾ ਵੀ ਰੁਕ ਕੇ ਸੋਚਣ ਲਾ ਸਕਦੀ ਹੈ। ਉਨ੍ਹਾਂ ਦੇ ਰਚਨਾ ਜਗਤ 'ਚ ਮੈਜ਼ੀਕਲ ਰੀਅਲਿਜ਼ਮ ਦਾ ਦਖ਼ਲ ਹੈ। ਉਨ੍ਹਾਂ ਦੀ ਮਾਨਤਾ ਹੈ, ਇਹ ਕਿਤੋਂ ਆਉਂਦਾ ਨਹੀਂ ਹੈ, ਆਪਣੇ ਆਪ ਹੁੰਦਾ ਹੈ। ਜੋ ਅਸੀਂ ਕਰ ਨਹੀਂ ਸਕਦੇ, ਕਰਨ ਦੀ ਕੋਸ਼ਿਸ਼ ਕਰਦੇ ਹਾਂ। ਚਿੜੀ ਉੱਡ ਸਕਦੀ ਹੈ, ਅਸੀਂ ਨਹੀਂ ਉੱਡ ਸਕਦੇ, ਪਰ ਕਲਪਨਾ ਤਾਂ ਕਰ ਸਕਦੇ ਹਾਂ। ਗੱਲ ਕੀ, ਚਮਤਕਾਰੀ ਸਥਿਤੀਆਂ ਸ਼ੁਰੂ ਤੋਂ ਹਨ, ਇਹ ਕਿਤੋਂ ਬਾਹਰੋਂ ਨਹੀਂ ਆਉਂਦੀਆਂ। ਫ਼ਿਲਹਾਲ ਸਾਹਿਤ ਵਿੱਚ ਜਿਸ ਤਰ੍ਹਾਂ ਦੀਆਂ ਸਥਿਤੀਆਂ ਹਨ, ਯਥਾਰਥ ਦੇ ਪਿੱਛੇ ਲੋਕ ਹੱਥ ਧੋ ਕੇ ਪੈ ਗਏ ਹਨ।

ਇਹ 2013 ਦੀ ਬੀ ਬੀ ਸੀ ਨੂੰ ਦਿੱਤੀ ਇੰਟਰਵਿਊ ਦੇ ਸ਼ਬਦ ਹਨ। ਲੇਖਕ ਇਕੱਲਤਾ 'ਚ ਲਿਖਦਾ ਹੈ, ਪਾਠਕ ਇਕੱਲਤਾ 'ਚ ਪੜ੍ਹਦਾ ਹੈ। ਦੋਵੇਂ ਤਨਹਾਈ ਦਾ ਜਸ਼ਨ ਨਹੀਂ ਮਨਾਉਂਦੇ, ਉਸ ਦੀਆਂ ਪਰਤਾਂ ਫਰੋਲਦੇ ਹਨ। ਉਹ ਲਿਖਣ ਦ੍ਰਿਸ਼ ਨੂੰ ਸਾਹਮਣੇ ਰੱਖਦੇ ਹਨ, ਮੈਂ ਲਿਖੇ ਜਾਣ ਵੇਲ਼ੇ ਸੰਸਾਰ ਦੀ ਗੱਲ ਸੋਚਦਾ ਹਾਂ; ਆਪਣੇ ਸੰਸਾਰ ਤੋਂ। ਮੇਰੇ ਲਿਖਣ ਦਾ ਜਿਹੜਾ ਭੂਗੋਲ ਹੈ, ਉਹ ਸਾਰਾ ਛਤੀਸਗੜ੍ਹ ਦਾ ਹੈ। ਜੇ ਕਿਸੇ ਦੂਜੇ ਦੇਸ਼ 'ਚ ਹੁੰਦਾ ਤਾਂ ਉੱਥੇ ਦੇ ਅਨੁਭਵਾਂ ਨੂੰ ਵੀ ਛਤੀਸਗੜ੍ਹ ਨਾਲ ਜੋੜ ਕੇ ਵੇਖਦਾ ਹਾਂ।...ਮੇਰੀ ਵਿਸ਼ਵਤਾ ਛਤੀਸਗੜ੍ਹ ਦੀ ਹੀ ਹੈ, ਦੂਸਰੀ ਵਿਸ਼ਵਤਾ ਅਪਣਾ ਸਕਣਾ ਮੇਰੇ ਲਈ ਬਹੁਤ ਕਠਿਨ ਹੈ।

ਮੇਰੀ ਕ੍ਰਾਂਤੀਕਾਰਤਾ ਵੀ ਇਸੇ ਤਰ੍ਹਾਂ ਦੀ ਹੈ; ਬਸ ਕਲਮ ਦੇ ਹਾਣ ਦੀ। ਥੋੜ੍ਹੀ ਗ਼ਲਤ ਗੱਲ ਤਾਂ ਨਹੀਂ ਕਹਿ ਗਿਆ..? ਕਲਮ ਦਾ ਹਾਣੀ ਹੋਣਾ ਕੋਈ ਸੌਖੀ ਗੱਲ ਹੈ..!

ਚਲੋ, ਵੱਡਾ ਲੇਖਕ ਨਾ ਵੀ ਹੋਵਾਂ, ਏਦਾਂ ਸੋਚ ਤਾਂ ਸਕਦਾਂ। ਫ਼ਿਰ ਡਰ ਕਿਉਂ ਰਿਹਾ ਹਾਂ..? ਐਦਾਂ ਦੀਆਂ ਯਬਲੀਆਂ ਪੜ੍ਹਦਾ ਹੀ ਕੌਣ ਹੈ..? ਜੇ ਕੋਈ ਪੜ੍ਹਨ ਵਾਲ਼ਾ ਉਲਟ-ਇਨਕਲਾਬੀ ਆਖ ਵੀ ਦੇਵੇਗਾ, ਪਾਠਕਾਂ ਦਾ ਤਾਂ ਭਲਾ ਹੀ ਕਰੇਗਾ। ਖ਼ਬਰੇ ਇਨਕਲਾਬੀ ਹੋਣ ਦੇ ਅਰਥ ਹੀ ਸਮਝਾ ਦੇਵੇ।

ਸੰਪਰਕ-98148-03773

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਤਲ਼ੀਆਂ ਹੇਠਲੀ ਅੱਗ

(ਨਾਵਲ)
**ਅਜ਼ੀਜ਼ ਸਰੋਏ**
**ਪੰਨੇ : 207, ਮੁੱਲ : 250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

# ਮਾਨਵਵਾਦੀ ਚਿੰਤਨ ਸ਼ੈਲੀ ਦਾ ਚਿਤਰਣ



ਫੋਕਸ



**ਚਰਚਾ ਇਕ ਪੁਸਤਕ ਦੀ**

**ਡਾ. ਸੰਦੀਪ ਰਾਣਾ**

ਪੰਜਾਬੀ ਨਾਵਲ ਦੇ ਖੇਤਰ ਵਿੱਚ ਆਪਣੇ ਨਾਵਲ 'ਹਨੇਰੀ ਰਾਤ ਦੇ ਜੁਗਨੂੰ' ਨਾਲ 2011 ਵਿੱਚ ਪ੍ਰਵੇਸ਼ ਕਰਨ ਵਾਲੇ ਨੌਜਵਾਨ ਨਾਵਲਕਾਰ ਅਜ਼ੀਜ਼ ਸਰੋਏ ਦਾ ਨਵਾਂ ਨਾਵਲ 'ਤਲ਼ੀਆਂ ਹੇਠਲੀ ਅੱਗ' ਵਿਚਾਰ ਅਧੀਨ ਹੈ। ਇਸ ਤੋਂ ਇਲਾਵਾ 'ਕੇਹੀ ਵਗੇ ਹਵਾ' ਅਤੇ 'ਆਪਣੇ ਲੋਕ' ਨਾਮਕ ਉਸ ਦੇ ਦੋ ਹੋਰ ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਇਕ ਕਾਵਿ-ਸੰਗ੍ਰਹਿ, ਇਕ ਵਾਰਤਕ ਵਿਚਾਰ ਅਤੇ ਬਾਲ ਨਾਵਲ ਵੀ ਇਸ ਫਹਿਰਿਸਤ ਵਿੱਚ ਸ਼ਾਮਲ ਹਨ। ਨਾਵਲਾਂ ਦੇ ਵਿਸ਼ਾ-ਵਸਤੂ ਜਾਂ ਪਾਤਰ ਸਿਰਜਨਾ ਉਸ ਦੁਆਰਾ ਅਸਲ ਵਿਅਕਤੀਆਂ ਦੇ ਜੀਵਨ, ਉਨ੍ਹਾਂ ਦੇ ਕਾਰ-ਵਿਹਾਰ ਜਾਂ ਤੰਗੀਆਂ-ਤੁਰਸ਼ੀਆਂ ਨੂੰ ਅੱਖੀਂ ਵੇਖ ਜਾਂ ਹੱਡੀਂ ਹੰਢਾ ਕੇ ਅਰਜਿਤ ਕੀਤੇ ਅਨੁਭਵਾਂ 'ਤੇ ਆਧਾਰਤ ਹਨ। ਇਹ ਵਿਸ਼ੇ ਪੰਜਾਬੀ ਜਨ-ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਚਿਤਰਦੇ ਹਨ। ਪਿਛਲੇ ਨਾਵਲਾਂ ਵਾਂਗ ਕੰਮੀਆਂ ਦਾ ਦਰਦ ਅਤੇ ਨਿਮਨ ਕਿਸਾਨੀ ਦੀ ਬੇਵੱਸੀ ਉਸ ਦੇ ਇਸ ਨਾਵਲ ਦਾ ਵੀ ਧੁਰਾ ਹੈ। ਮਾਲਵਾ ਖੇਤਰ ਦੇ ਅਨੁਭਵਾਂ ਕਾਰਨ ਉਸ ਦੇ ਇਸ ਨਾਵਲ ਦਾ ਧਰਾਤਲ ਇਸ ਖਿੱਤੇ ਨਾਲ਼ ਹੀ ਜੁੜਿਆ ਹੈ। ਉਸ ਦੀ ਸਾਹਿਤ ਸੰਵੇਦਨਾ ਦਾ ਮੁੱਖ ਕੇਂਦਰ ਪੰਜਾਬੀ ਜਨ-ਜੀਵਨ ਹੀ ਹੈ। ਇਸ ਕੇਂਦਰ ਦੇ ਗਿਰਦ ਜੋ ਬਿਰਤਾਂਤ ਸਿਰਜਿਆ ਗਿਆ ਹੈ, ਉਹ ਦਰਸਾਉਂਦਾ ਹੈ ਕਿ ਪਹਿਲਾਂ ਦੇਸ਼ ਵੰਡ ਸਮੇਂ ਦੇ ਸੰਕਟ ਸਮੇਂ ਅਤੇ ਫਿਰ 1984 ਅਤੇ ਅੱਤਵਾਦ ਦੇ ਸਮੇਂ ਵਿੱਚ ਪੰਜਾਬ ਦੇ ਪਿੰਡਾਂ ਦਾ ਕੀ ਹਾਲ ਸੀ ? ਇਹ ਨਾਵਲ ਪੰਜਾਬ ਅਤੇ ਪੰਜਾਬ ਸੰਕਟ ਦੇ ਬਹੁ-ਪਾਸਾਰੀ ਪੱਖਾਂ ਨੂੰ ਪੇਸ਼ ਕਰਦਾ ਹੈ। ਦੇਸ਼ 'ਤੇ ਜਦੋਂ ਵੀ ਕੋਈ ਰਾਜਨੀਤਕ ਜਾਂ ਧਾਰਮਿਕ ਸੰਕਟ ਦਾ ਸਮਾਂ ਆਉਂਦਾ ਹੈ ਤਾਂ ਕਿਵੇਂ ਸਿਆਸਤਦਾਨਾਂ, ਪ੍ਰਸ਼ਾਸਨ ਅਤੇ ਉੱਚ ਵਰਗ ਵੱਲੋਂ ਗ਼ਰੀਬ ਵਰਗ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਹ ਨਾਵਲ ਵੀ ਪੰਜਾਬ ਦੀ ਪਰੰਪਰਾਗਤ ਖੇਤੀ ਆਧਾਰਤ ਅਰਥ ਵਿਵਸਥਾ ਵਿੱਚ ਸੇਪੀ ਪ੍ਰਬੰਧ ਦੀ ਮਾਰ ਕਾਰਨ ਬੇ-ਜ਼ਮੀਨਿਆਂ ਤੇ ਖੇਤ ਮਜ਼ਦੂਰਾਂ ਦੀ ਮਾੜੀ ਹਾਲਤ ਨੂੰ ਵੀ ਬਿਆਨ ਕਰਦਾ ਹੈ। ਇਸ ਨਾਵਲ ਦਾ ਬਿਰਤਾਂਤਕ ਸਮਾਂ ਲੱਗਭੱਗ ਤਿੰਨ ਦਹਾਕਿਆਂ ਦਾ ਹੈ ਤੇ ਬਿਰਤਾਂਤ ਸਥਾਨ ਮਾਲਵੇ ਦਾ ਪਿੰਡ ਹੈ, ਜੋ ਅਸਲ ਵਿੱਚ ਉਸ ਕਾਲੇ ਦੌਰ ਸਮੇਂ ਪੰਜਾਬ ਦੇ ਸਾਰੇ ਪਿੰਡਾਂ ਦੀ ਗੱਲ ਸੁਣਾਉਂਦਾ ਹੈ। ਨਾਵਲ ਦੀ ਪੜ੍ਹਤ ਸਮੇਂ ਪਾਠਕ ਨਾਵਲਕਾਰ ਦੇ ਚੇਤਨ ਅਤੇ ਅਵਚੇਤਨ ਵਿੱਚ ਕੰਮ ਕਰ ਰਹੇ ਸਰੋਕਾਰਾਂ ਦੇ ਪ੍ਰਭਾਵਾਂ ਨੂੰ ਇਸ ਨਾਵਲ ਦੇ ਵਿਸ਼ਾ-ਵਸਤੂ, ਘਟਨਾਵੀਂ ਵਿਉਂਤ ਅਤੇ ਪਾਤਰ ਚਿਤਰਣ ਕਲਾ 'ਤੇ ਮਹਿਸੂਸ ਕਰਦਾ ਹੈ ਅਤੇ ਨਾਵਲਕਾਰ ਦੁਆਰਾ ਵਰਤੀ ਭਾਸ਼ਾ ਦੇ ਆਧਾਰ 'ਤੇ ਉਸ ਦੇ ਅਨੁਭਵਾਂ ਦਾ ਪੱਧਰ ਪਾਠਕ ਸਾਹਮਣੇ ਸਪੱਸ਼ਟ ਹੁੰਦਾ ਹੈ।

ਚਾਰ ਕਾਂਡਾਂ ਵਿੱਚ ਵੰਡਿਆ ਇਹ ਬਿਰਤਾਂਤ ਭੀਰੀ ਤੋਂ ਭੀਰੀ ਮਾਈ ਬਣਨ ਦੀ ਕਹਾਣੀ ਹੈ। ਨਾਵਲਕਾਰ ਅਜ਼ੀਜ਼ ਸਰੋਏ ਨੇ ਪਹਿਲੇ ਕਾਂਡ ਦੇ ਦੋ ਭਾਗਾਂ ਵਿੱਚ ਭੀਰੀ ਮਾਈ ਦਾ ਡੇਰਾ ਬਣਨ ਦੀ ਕਹਾਣੀ ਅਤੇ ਡੇਰਾ ਬਣਨ ਦੀ ਸਾਰੀ ਵਿਉਂਤ ਚਿਤਰਤ ਕੀਤੀ ਗਈ ਹੈ। 'ਲੰਘੇ ਵੇਲਿਆਂ ਦਾ ਪਰਛਾਵਾਂ' ਵਿੱਚ ਨਾਵਲਕਾਰ ਪਿੱਛਲਝਾਤ ਵਿਧੀ ਰਾਹੀਂ ਪਾਠਕ ਸਾਹਮਣੇ ਭੀਰੀ ਦੀ ਮੌਤ ਕਾਰਨ ਮਾਨਸਿਕ ਸੰਤਾਪ ਹੰਢਾ ਰਹੇ ਜੰਟੇ ਅਤੇ ਉਸ ਦੇ ਪਰਵਾਰ ਦੀ ਸਾਰੀ ਕਹਾਣੀ ਪੇਸ਼ ਕਰਦਾ ਹੈ। ਇਸ ਬਿਰਤਾਂਤ ਵਿੱਚ ਉਹ ਪਾਠਕ ਦੀ ਇਹ ਉਤਸੁਕਤਾ ਬਣਾਈ ਰੱਖਦਾ ਹੈ ਕਿ ਅਸਲ ਵਿੱਚ ਭੀਰੀ ਨਾਲ ਕੀ ਵਾਪਰਿਆ ਹੋਵੇਗਾ। ਜੰਟੇ ਦੀ ਪਤਨੀ ਭੀਰੀ, ਭੀਰੀ ਮਾਈ ਕਿਵੇਂ ਬਣ ਗਈ ਹੋਵੇਗੀ। ਜੰਟਾ ਉਸ ਸਾਰੇ ਹਾਲਾਤ ਨੂੰ ਯਾਦ ਕਰਕੇ ਡਰਦਾ ਵੀ ਹੈ ਅਤੇ ਆਪਣੇ ਬੱਚਿਆਂ ਦੀ ਪਾਲਣਾ-ਪੋਸ਼ਣਾ ਕਾਰਨ ਦੁਵਿਧਾ ਵਿੱਚ ਵੀ ਹੈ। ਇਹਨਾਂ ਸਾਰੇ ਹਾਲਾਤ ਕਾਰਨ ਉਸ ਦੇ ਦਿਮਾਗ ਵਿੱਚ ਨਿਰਾਸ਼ਾ ਘਰ ਵੀ ਕਰ ਚੁੱਕੀ ਹੈ। ਪਾਠਕ ਇਸ ਸਾਰੀ ਵਾਰਤਾ ਤੋਂ ਕੇਵਲ ਇੰਨਾ ਕੁ ਸਮਝ ਪਾਉਂਦਾ ਹੈ ਕਿ ਅੱਤਵਾਦ ਸਮੇਂ ਜੰਟੇ ਦੇ ਘਰ ਦਾ ਦੀਵਾ ਨਕਲੀ ਬਣੇ ਖਾੜਕੂਆਂ ਕਾਰਨ ਗੁੱਲ ਹੋਇਆ ਹੈ। ਨਾਵਲਕਾਰ ਲਿਖਦਾ ਹੈ, 'ਮਾੜਾ ਕੀ ਮਾੜਾ! ਗਿੱਲੀ ਸੁੱਕੀ ਸਭ ਬਰਾਬਰ ਮੱਚੀ ਐ।' ਨਕਲੀ ਖਾੜਕੂਆਂ ਨੇ ਆਪਣੇ ਤਾਂ ਘਰ ਭਰ ਲਏ, ਪਰ ਭੈੜਿਆਂ ਨੇ ਕਿੰਨੇ ਘਰਾਂ ਦੇ ਦੀਵੇ ਗੁੱਲ ਕਰਤੇ! ਉਸ ਵਕਤ ਨੂੰ ਉਹ ਆਪਣੀ ਜ਼ਿੰਦਗੀ ਦੇ ਕੈਲੰਡਰ ਵਿੱਚੋਂ ਮਨਫੀ ਕਰਨਾ ਚਾਹੁੰਦੇ ਸਨ, ਪਰ ਮਾੜੇ ਸਮੇਂ ਦੀ ਜੰਗਾਲ ਅਜੇ ਵੀ ਉਹਨਾਂ ਦੇ ਮਨ 'ਤੇ ਜੰਮੀ ਪਈ ਸੀ।

ਇਹ ਸੱਚ ਹੈ ਕਿ ਜਦੋਂ ਵੀ ਸਮਾਜ ਨੂੰ ਕਿਸੇ ਬੁਰੇ ਦੌਰ ਵਿੱਚੋਂ ਲੰਘਣਾ ਪੈਂਦਾ ਹੈ ਤਾਂ ਉਸ ਵਕਤ ਜੋ ਭੌਤਿਕ ਅਤੇ ਮਾਨਸਿਕ ਨੁਕਸਾਨ ਸਮਾਜ ਝੱਲਦਾ ਹੈ, ਉਹ ਤਾਂ ਪ੍ਰਤੱਖ ਸਾਹਮਣੇ ਹੁੰਦਾ ਹੈ। ਉਹ ਭੌਤਿਕ ਨੁਕਸਾਨ ਪੂਰਾ ਕਰਨ ਅਤੇ ਉਸ ਬੁਰੇ ਸਮੇਂ ਦੇ ਪ੍ਰਭਾਵ ਨੂੰ ਖ਼ਤਮ ਕਰਨ ਵਿੱਚ ਕਈ ਸਾਲ ਲੱਗ ਜਾਂਦੇ ਹਨ। ਬਹੁਤ ਲੰਮੇ ਸਮੇਂ ਤੱਕ ਉਹਨਾਂ ਪ੍ਰਭਾਵਾਂ ਨਾਲ ਸਮਾਜ ਅਤੇ ਸਮਾਜ ਵਿੱਚ ਰਹਿੰਦਾ ਵਿਅਕਤੀ ਜੂਝਦਾ ਹੈ। ਇਹ ਨਾਵਲ ਵੀ ਸਮਾਜ ਦੁਆਰਾ ਹੰਢਾਏ ਜਾ ਰਹੇ ਅਜਿਹੇ ਪ੍ਰਭਾਵਾਂ ਨੂੰ ਹੀ ਕੈਨਵਸ 'ਤੇ ਉਤਾਰਦਾ ਹੈ। ਨਾਵਲ ਦੇ ਅਗਲੇ ਵਿਸਥਾਰ 'ਹਨੇਰੇ 'ਚੋਂ ਉਪਜਿਆ ਚਾਨਣ' ਵਿੱਚ ਉਹ ਅਜਿਹੇ ਪ੍ਰਭਾਵਾਂ ਨੂੰ ਜੀਵਨ ਵਿੱਚ ਅਸਰ-ਅੰਦਾਜ਼ ਹੋਣ ਨੂੰ ਚਿਤਰਤ ਕਰਦਾ ਹੈ। ਜਦ ਵੀ ਕਾਲਾ ਦੌਰ ਆਉਂਦਾ ਹੈ, ਉਸ ਦੌਰ ਦੀ ਓਟ ਲੈ ਕੇ ਕਈ ਤਰ੍ਹਾਂ ਦੇ ਲੋਕ ਪੈਦਾ ਹੁੰਦੇ ਹਨ। ਸੰਤਾਲੀ ਦੇ ਸਮੇਂ ਅਜਿਹਾ ਵਾਪਰਿਆ ਤੇ ਫੇਰ ਜਦ ਚੁਰਾਸੀ ਨੇ ਦਸਤਕ ਦਿੱਤੀ ਤਾਂ ਲੁੱਟ ਦੇ ਮਕਸਦ ਨਾਲ ਬਹੁਤ ਸਾਰੇ ਲੁਟੇਰੇ ਤੇ ਨਕਲੀਏ ਉਸ ਦੌਰ 'ਚ ਵੀ ਪੈਦਾ ਹੋਏ। ਕਈਆਂ ਦਾ ਵੱਧ ਦਾਅ ਲੱਗ ਗਿਆ, ਪਰ ਕਈਆਂ ਪੱਲੇ ਫੁੱਟੀ ਕੌਡੀ ਹੀ ਆਈ। ਬਹੁਤੇ ਝੂਠੇ ਮੁਕਾਬਲਿਆਂ ਵਿੱਚ ਆਪਣੀ ਹੋਂਦ ਮਿਟਾ ਬੈਠੇ। ਉਹ ਅਭੁੱਲ ਵਕਤ ਤਾਂ ਕਦੋਂ ਦਾ ਲੰਘ ਚੁੱਕਾ ਸੀ। ਭੁੱਬਲ ਦੀ ਅੱਗ ਹੌਲੀ-ਹੌਲੀ ਠੰਢੀ ਪੈ ਗਈ। ਇਹਨਾਂ ਸ਼ਬਦਾਂ ਨਾਲ ਇਸ ਸਿਰਲੇਖ ਹੇਠ ਸ਼ੁਰੂਆਤ ਕਰਨ ਉਪਰੰਤ ਇਸ ਉਪਭਾਗ ਵਿੱਚ ਨਾਵਲਕਾਰ ਕਿਰਪਾਲ ਨਾਂਅ ਦੇ ਪਾਤਰ ਦੁਆਰਾ ਵਿਉਂਤ ਬਣਾ ਕੇ ਭੀਰੀ ਮਾਈ ਦਾ ਡੇਰਾ ਬਣਾਏ ਜਾਣ ਦੀ ਘਟਨਾ ਪੇਸ਼ ਕਰਦਾ ਹੈ ਅਤੇ ਡੇਰਾਵਾਦ ਅਤੇ ਅਖੌਤੀ ਬਾਬਿਆਂ ਦੀ ਪੋਲ ਖੋਲ੍ਹਦਾ ਹੈ, ਜੋ ਇਹਨਾਂ ਡੇਰਿਆਂ ਰੂਪੀ ਵਪਾਰ ਰਾਹੀਂ ਆਮ ਲੋਕਾਂ ਦੀਆਂ ਭਾਵਨਾਵਾਂ ਨਾਲ਼ ਖੇਡਦੇ ਹਨ। ਪਾਤਰ ਕਿਰਪਾਲ ਅਸਲ ਵਿੱਚ ਉਸ ਕਾਲੇ ਦੌਰ ਵਿੱਚ ਅੱਤਵਾਦੀਆਂ ਨਾਲ਼ ਸਰਗਰਮ ਰਿਹਾ ਸੀ ਅਤੇ ਹੁਣ ਭਾਵੇਂ ਪੁਲਸ ਤੋਂ ਬਚ ਆਇਆ ਸੀ, ਪਰ ਅਜੇ ਵੀ ਉਸ ਨੂੰ ਸ਼ੱਕ ਦੇ ਆਧਾਰ 'ਤੇ ਪੁਲਸ ਥਾਣੇ ਵਿੱਚ ਹਾਜ਼ਰੀ ਭਰਨੀ ਪੈਂਦੀ ਸੀ। ਉਸ ਦੀ ਵਿਉਂਤ ਦੇ ਨਾਲ਼ ਬਾਬਾ ਬੂਝਾ ਨਾਥ ਦੇ ਯਤਨਾਂ ਕਾਰਨ ਭਾਰਾ ਮਾਈ ਦਾ ਡੇਰਾ ਹੋਂਦ ਵਿੱਚ ਆਉਂਦਾ ਹੈ ਤੇ ਹੌਲੀ-ਹੌਲੀ ਸੰਗਤ ਦੀ ਮਾਨਤਾ ਉਸ ਡੇਰੇ 'ਚ ਬਣਨ ਲੱਗਦੀ ਹੈ। ਇਹਨਾਂ ਵਰਤਾਰਿਆਂ ਨਾਲ਼ ਪੰਜਾਬੀ ਖ਼ਾਸ ਕਰਕੇ ਪਿੰਡਾਂ ਵਿੱਚ ਵੱਸਦੇ ਲੋਕਾਂ ਦੀ ਮਾਨਸਿਕਤਾ ਸਾਹਮਣੇ ਆਉਂਦੀ ਹੈ, ਜਿਸ ਅਧੀਨ ਧਰਮ ਦੀ ਗ੍ਰਿਫ਼ਤ ਵਿੱਚ ਆਮ ਲੋਕਾਂ ਦੀ ਅਜਿਹੇ ਡੇਰਿਆਂ ਵਿੱਚ ਬਣਿਆ ਵਿਸ਼ਵਾਸ ਸਾਹਮਣੇ ਆਉਂਦਾ ਹੈ, ਭਾਵੇਂ ਉਸ ਵਿਸ਼ਵਾਸ ਦਾ ਆਧਾਰ ਡਰ ਹੀ ਕਿਉਂ ਨਾ ਹੋਵੇ।

ਨਾਵਲ ਦੇ ਦੂਸਰੇ ਕਾਂਡ ਦੇ ਦਸ ਉਪ-ਭਾਗ ਹਨ ਤੇ ਨਾਵਲਕਾਰ ਨੇ ਇਹਨਾਂ ਦਸ ਉਪਭਾਗਾਂ ਵਿੱਚ ਹੀ ਨਾਵਲ ਦਾ ਸਾਰਾ ਕਥਾਨਕ ਉਸਾਰਿਆ ਹੈ। ਇਹ ਨਾਵਲਕਾਰ ਦੀ ਸ਼ਬਦ ਭੰਡਾਰ ਅਤੇ ਭਾਸ਼ਾ ਦੇ ਸੁਯੋਗ ਵਰਤੋਂ ਦੀ ਕਲਾ ਦਾ ਨਮੂਨਾ ਹੀ ਹੈ ਕਿ ਉਸ ਨੇ ਇਹਨਾਂ ਦਸ ਭਾਗਾਂ ਦੇ ਸਿਰਲੇਖ ਇਸ ਢੰਗ ਨਾਲ ਲਿਖੇ ਹਨ ਕਿ ਪਾਠਕ ਦੇ ਮਨ ਵਿੱਚ ਇਹਨਾਂ ਸਿਰਲੇਖਾਂ ਬਾਰੇ ਹੋਰ ਜਾਨਣ ਦੀ ਉਤਸੁਕਤਾ ਪੈਦਾ ਹੁੰਦੀ ਹੈ। ਇਹੀ ਉਤਸੁਕਤਾ ਪਾਠਕ ਨੂੰ ਨਾਵਲ ਦੀ ਅਗਲੀ ਪੜ੍ਹਤ ਵੱਲ ਤੋਰਦੀ ਹੈ। 'ਵੰਨ-ਸੁਵੰਨੇ ਰੰਗਾਂ ਦੇ ਪੰਛੀ' ਸਿਰਲੇਖ ਹੇਠ ਨਾਵਲਕਾਰ ਇਸ ਨਾਵਲ ਦੀ ਨਾਇਕਾ ਭੀਰੀ ਦੇ ਬਚਪਨ, ਪਰਵਾਰ ਅਤੇ ਵਿਆਹ ਬਾਰੇ ਬਿਰਤਾਂਤ ਸਿਰਜਦਾ ਹੈ। ਜੰਟੇ ਦੇ ਭੀਰੀ ਨਾਲ਼ ਵਿਆਹ ਸਮੇਂ ਉਸ ਦੇ ਚਾਵਾਂ ਨੂੰ ਨਾਵਲਕਾਰ ਨੇ ਬੜੇ ਸੋਹਣੇ ਸ਼ਬਦਾਂ ਵਿੱਚ ਚਿਤਰਤ ਕੀਤਾ ਹੈ। ਭੀਰੀ ਰੱਜ ਕੇ ਸੋਹਣੀ ਸੀ, ਦਲੇਰ ਸੀ ਅਤੇ ਆਪਣੇ ਇਸ ਖੁੱਲ੍ਹੇ-ਡੁੱਲ੍ਹੇ ਸੁਭਾਅ ਕਾਰਨ ਉਸ ਨੇ ਜੰਟੇ ਨੂੰ ਵੀ ਹਮੇਸ਼ਾ ਮਿਹਨਤ ਕਰਨ ਦੀ ਹੱਲਾਸ਼ੇਰੀ ਦਿੰਦੀ ਸੀ, ਜਿਸ ਕਾਰਨ ਜੰਟਾ ਆਪਣੇ-ਆਪ ਨੂੰ ਖੁਸ਼-ਕਿਸਮਤ ਸਮਝਦਾ ਸੀ। ਉਸ ਦਾ ਸੁਹੱਪਣ ਵੇਖ ਕੇ ਉਹ ਨਸ਼ਿਆਇਆ ਜਾਂਦਾ ਸੀ। ਇਸ ਦੇ ਨਾਲ਼ ਹੀ ਨਾਵਲਕਾਰ ਕਈ ਸਮਾਜਿਕ ਬੁਰਾਈਆਂ ਨੂੰ ਵਿਸ਼ਾ ਬਣਾਉਂਦਾ ਹੈ। ਸਾਡੇ ਸਮਾਜ ਵਿੱਚ ਧੀਆਂ ਨੂੰ ਪੱਥਰ ਅਤੇ ਪੁੱਤਰ ਪੈਦਾ ਹੋਣ ਨੂੰ ਹੀ ਦੇਹਲੀ ਵਧਣਾ ਜਾਂ ਪਰਵਾਰ ਅੱਗੇ ਵਧਣਾ ਮੰਨਿਆ ਜਾਂਦਾ ਹੈ। ਇਸ ਵਿਸ਼ੇ ਨੂੰ ਆਧਾਰ ਬਣਾ ਕੇ ਵੀ ਨਾਵਲਕਾਰ ਨੇ ਇਸ ਨਾਵਲ ਵਿੱਚ ਭੀਰੀ ਦੀ ਸਹੇਲੀ ਸੁਖਚੈਨੋ ਦਾ ਕਿਰਦਾਰ ਸਿਰਜਿਆ ਹੈ। ਉਹ ਇਸ ਬਿਰਤਾਂਤ ਰਾਹੀਂ ਉਹ ਕੌੜਾ ਸੱਚ ਪਾਠਕ ਸਾਹਮਣੇ ਲਿਆਉਣ ਵਿੱਚ ਕਾਮਯਾਬ ਹੋਇਆ ਹੈ, ਜਿਸ ਵਿੱਚ ਉਹ ਪੁੱਤਰ ਪ੍ਰਾਪਤੀ ਲਈ ਕੋਈ ਵੀ ਅਨੈਤਿਕ ਕਦਮ ਚੁੱਕਣ ਲਈ ਤਿਆਰ ਹੁੰਦੀ ਹੈ, ਕਿਉਂਕਿ ਇਸ ਤੋਂ ਬਿਨਾਂ ਉਸ ਦਾ ਆਪਣੇ ਘਰ ਵਿੱਚ ਵੱਸਣਾ ਵੀ ਸੰਭਵ ਨਹੀਂ ਹੋ ਸਕਦਾ। ਉਸ ਨੂੰ ਨਾ ਚਾਹੁੰਦੇ ਹੋਏ ਵੀ ਘਰ ਅਤੇ ਸਮਾਜ ਵਿੱਚ ਪੈਰ ਜਮਾਉਣ ਲਈ ਅੱਕ ਚੱਬਣਾ ਪੈਂਦਾ ਹੈ। ਇਸੇ ਲਈ ਉਹ ਆਟੇ ਦੀ ਚੱਕੀ ਚਲਾ ਰਹੇ ਦਮੋਦਰ ਨਾਲ਼ ਨਾਜਾਇਜ਼ ਸੰਬੰਧ ਵੀ ਬਣਾਉਂਦੀ ਹੈ ਤਾਂ ਕਿ ਉਹ ਪੁੱਤਰ ਦੀ ਮਾਂ ਬਣ ਸਕੇ। ਅਗਲੇ ਭਾਗਾਂ ਵਿੱਚ ਨਾਵਲਕਾਰ ਸੇਪੀ ਪ੍ਰਬੰਧ ਅਧੀਨ ਸਰਦਾਰ ਦੇ ਖੇਤਾਂ ਵਿੱਚ ਕੰਮ ਕਰਨਾ ਹਰ ਸੰਬੰਧਤ ਅਤੇ ਨਿਮਾਣੇ ਘਰ ਲਈ ਜ਼ਰੂਰੀ ਹੋ ਜਾਂਦਾ ਹੈ।

ਇਸ ਢੰਗ ਨਾਲ ਨਾਵਲ ਦੇ ਇਸ ਭਾਗ ਵਿੱਚ ਨਾਵਲਕਾਰ ਕਲਾਮਈ ਢੰਗ ਨਾਲ ਸੁੰਦਰ ਭਾਸ਼ਾ ਵਿੱਚ ਬਿਰਤਾਂਤ ਸਿਰਜਦੇ ਹੋਏ ਸਾਰੇ ਨਾਵਲ ਦਾ ਕਥਾਨਕ ਪਾਠਕ ਸਾਹਮਣੇ ਰੱਖ ਦਿੰਦਾ ਹੈ। ਤੀਜੇ ਕਾਂਡ ਦੇ ਤਿੰਨ ਉਪਭਾਗ ਹਨ, ਜਿਨ੍ਹਾਂ ਵਿੱਚੋਂ ਪਹਿਲੇ ਦੋ ਉਪਭਾਗਾਂ ਵਿੱਚ ਨਾਵਲਕਾਰ ਉਸ ਸਮੇਂ ਦੇ ਪੰਜਾਬ ਦੇ ਹਾਲਾਤ ਨੂੰ ਪੇਸ਼ ਕਰਦਾ ਹੈ। ਉਹ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਚੌਗਿਰਦੇ ਨੂੰ ਪੇਸ਼ ਕਰਦਾ ਹੋਇਆ ਉਸ ਦਾ ਨਾਵਲ ਦੇ ਪਾਤਰਾਂ ਅਤੇ ਹਾਲਾਤਾਂ 'ਤੇ ਪੈ ਰਹੇ ਪ੍ਰਭਾਵ ਨੂੰ ਇਸ ਨਾਵਲ ਦਾ ਵਿਸ਼ਾ ਬਣਾਉਂਦਾ ਹੈ। 1984 ਦੀਆਂ ਘਟਨਾਵਾਂ ਦੇ ਪ੍ਰਭਾਵ ਹੇਠ ਪੰਜਾਬ ਵਿੱਚ ਅੱਤਵਾਦ ਦਾ ਕਾਲਾ ਦੌਰ ਸ਼ੁਰੂ ਹੁੰਦਾ ਹੈ, ਜਿਸ ਦਾ ਖ਼ਮਿਆਜ਼ਾ ਹਰ ਪੰਜਾਬੀ ਨੂੰ ਭੁਗਤਣਾ ਪਿਆ ਸੀ, ਪਰ ਇਸ ਸੰਬੰਧ ਵਿੱਚ ਵੱਡਾ ਨੁਕਸਾਨ ਉਹਨਾਂ ਲੋਕਾਂ ਨੂੰ ਹੋਇਆ, ਜਿਹੜੇ ਛੋਟੀ ਕਿਸਾਨੀ ਜਾਂ ਗਰੀਬੀ ਵਿੱਚ ਫਸੇ ਹੋਏ ਸਨ। ਨਾਵਲਕਾਰ ਦੇ ਸ਼ਬਦਾਂ ਵਿੱਚ ਸੰਤਾਲੀ ਦਾ ਦਰਦ ਅਜੇ ਵਿਸਰਿਆ ਹੀ ਸੀ ਕਿ ਚੁਰਾਸੀ ਆ ਗਈ। 37 ਵਰ੍ਹਿਆਂ ਦਾ ਅੰਤਰ ਆ ਗਿਆ। ਲੱਗਭੱਗ ਤਿੰਨ ਦਹਾਕਿਆਂ ਬਾਅਦ ਆਜ਼ਾਦ ਮੁਲਕ ਨੇ ਐਨੀ ਕੁ ਤਰੱਕੀ ਕਰ ਲਈ ਸੀ ਕਿ ਹੁਣ ਦੇਹਾਂ ਭੋਗਣ ਲਈ ਖੇਤਾਂ-ਖਲਿਆਣਾਂ ਦੀ ਜ਼ਰੂਰਤ ਨਹੀਂ ਸੀ ਰਹੀ। ਨਕਾਬਪੋਸ਼ ਲੁਟੇਰੇ ਕੰਬਲ, ਭੂਰੇ, ਲੋਈ ਜਾਂ ਡੱਬੀਦਾਰ ਖੇਸ ਹੇਠੋਂ 47 ਵਿਖਾ ਕੇ ਹੁਣ ਘਰਾਂ ਅੰਦਰ ਵੜਦੇ। ਸਵਾਦੀ ਪਕਵਾਨ ਤਿਆਰ ਕਰਨ ਦੇ ਹੁਕਮ ਚਾੜ੍ਹਦੇ। ਡਰਦੀ, ਕੀ ਨਾ ਕਰਦੀ ਮੁਟਿਆਰਾਂ ਜਾਂ ਸੁਹਾਗਣਾਂ ਭੋਜਨ ਤਿਆਰ ਕਰਦੀਆਂ। ਮਰਦਾਂ ਦੀਆਂ ਅੱਖਾਂ ਵਿੱਚ ਬੇਵੱਸੀ ਝਲਕਦੀ। ਦੂਹਰੀਆਂ-ਤੀਹਰੀਆਂ ਆਫ਼ਤਾਂ ਮੂੰਹ ਅੱਡਦੀਆਂ। ਭਰੇ-ਭਰਾਏ ਘਰ ਵਿੱਚ ਸਾਧਾਂ ਦੇ ਭੇਸ 'ਚ ਆਏ ਲੁਟੇਰੇ, ਬਘਿਆੜ ਬਣ ਜਾਂਦੇ। ਅਜਿਹੇ ਵੇਲੇ ਹੀ ਕਿਰਪਾਲ ਸਿੰਘ ਅਤੇ ਨਾਲ਼ ਦੇ ਪਿੰਡ ਮਾਝੀ ਦਾ ਜਗਰੂਪ ਵੀ ਅੱਤਵਾਦੀਆਂ ਨਾਲ਼ ਜਾ ਰਲਦੇ ਹਨ, ਜਿਨ੍ਹਾਂ ਨੂੰ ਖਾਲਿਸਤਾਨ ਜਾਂ ਖਾੜਕੂ ਲਹਿਰ ਨਾਲ਼ ਕੋਈ ਮਤਲਬ ਨਹੀਂ ਸੀ, ਉਹਨਾਂ ਦਾ ਟੀਚਾ ਤਾਂ ਭੀਰੀ ਅਤੇ ਸੁਖਚੈਨੋ ਵਰਗੀਆਂ ਔਰਤਾਂ ਨੂੰ ਚਿੱਤ ਕਰਨਾ ਸੀ। ਨਾਵਲਕਾਰ ਲਿਖਦਾ ਹੈ, ਮਾਝੀ ਪਿੰਡ ਦਾ ਜਗਰੂਪ ਤੇ ਜੁਗਤੀ ਬਾਬੇ ਦਾ ਪੋਤਾ ਕਿਰਪਾਲਾ, ਹਰ ਤਰ੍ਹਾਂ ਦੀ ਫਸਲ ਵੱਢਣ ਲਈ ਤਿਆਰ ਸਨ। ਦੋਹਾਂ ਨੂੰ ਖਾਲਿਸਤਾਨ ਨਾਲ਼ ਕੋਈ ਤਅੱਲੁਕ ਨਹੀਂ ਸੀ। ਨਾ ਹੀ ਉਹਨਾਂ ਨੂੰ ਖਾਲਸਾ ਰਾਜ ਦੀ ਕੋਈ ਚੱਸ ਸੀ। ਜੇ ਉਹਨਾਂ ਦੇ ਜ਼ਿਹਨ 'ਚ ਖਾਲਿਸਤਾਨ ਦਾ ਬੀਜ ਹੁੰਦਾ ਤਾਂ ਜਗਰੂਪ ਨੂੰ ਚੇਤ ਗੁਰੂ ਦਾ ਸਿੱਖ ਨਜ਼ਰ ਆਉਣਾ ਸੀ। ਭੀਰੀ ਜਾਂ ਸੁਖਚੈਨੋ ਉਸ ਨੂੰ ਨੀਚ ਨਜ਼ਰ ਨਾ ਆਉਂਦੀਆਂ। ਇਹਨਾਂ ਸਾਰੇ ਹਾਲਾਤਾਂ ਵਿੱਚ ਸਭ ਤੋਂ ਵੱਡਾ ਨੁਕਸਾਨ ਭੀਰੀ ਵਰਗੀ ਅਣਖ ਨਾਲ ਜੀਣ ਵਾਲੀ ਤੀਵੀਂ ਦਾ ਹੁੰਦਾ ਹੈ। ਪਿੰਡ ਵਿੱਚ ਜਿਹੜਾ ਵੀ ਉਸ ਦੇ ਸੁਹੱਪਣ ਨੂੰ ਵੇਖ ਕੇ ਹਉਕੇ ਭਰਦਾ ਸੀ, ਉਸ ਦਾ ਹੁਣ ਦਾਅ ਲੱਗ ਗਿਆ ਲੱਗਦਾ ਸੀ। ਆਪਣੇ ਪਤੀ ਅਤੇ ਪਰਵਾਰ ਨੂੰ ਬਚਾਉਣ ਲਈ ਭੀਰੀ ਨੂੰ ਹਰ ਥਾਂ ਝੁਕਣਾ ਪੈਂਦਾ ਹੈ, ਉਸ ਨੂੰ ਪੁਲਸ ਦੀ ਵੀ ਈਨ ਮੰਨਣੀ ਪੈਂਦੀ ਹੈ, ਜਗਰੂਪ ਤੇ ਕਿਰਪਾਲੇ ਨਾਲ ਵੀ ਹਮ ਬਿਸਤਰ ਹੋਣਾ ਪੈਂਦਾ ਹੈ ਅਤੇ ਲੋੜ ਪੈਣ 'ਤੇ ਪਿੰਡ ਦੇ ਸਰਦਾਰ ਦੇ ਬੁਲਾਵੇ ਨੂੰ ਵੀ ਉਹ ਨਜ਼ਰਅੰਦਾਜ਼ ਨਹੀਂ ਕਰ ਸਕਦੀ ਸੀ। ਉਸ ਨੂੰ ਲੱਗਦਾ ਸੀ ਕਿ ਇਸ ਢੰਗ ਨਾਲ ਉਹ ਆਪਣੇ ਪਤੀ ਅਤੇ ਬੱਚਿਆਂ ਨੂੰ ਬਚਾ ਲਵੇਗੀ। ਜਗਰੂਪ ਅਤੇ ਕਿਰਪਾਲਾ ਹਰ ਵਾਰ ਉਸ ਦੀ ਬੇਵੱਸੀ 'ਤੇ ਆਪਣੀ ਮਰਜ਼ੀ ਚਲਾਉਂਦੇ ਹਨ ਅਤੇ ਉਸ ਦੀ ਮੌਤ ਦਾ ਕਾਰਨ ਵੀ ਬਣਦੇ ਹਨ।

ਨਾਵਲ ਦੇ ਅੰਤਿਮ ਕਾਂਡ ਵਿੱਚ ਨਾਵਲਕਾਰ ਨੇ ਨਿਮਨ ਕਿਸਾਨੀ ਅਤੇ ਗਰੀਬ ਪੇਂਡੂ ਲੋਕਾਂ ਦੇ ਸੇਪੀ ਪ੍ਰਬੰਧ ਵਿੱਚੋਂ ਬਾਹਰ ਨਿਕਲ ਛੁਟਕਾਰਾ ਪਾਉਣ ਬਾਰੇ ਬਿਰਤਾਂਤ ਸ਼ਾਮਲ ਕੀਤਾ ਹੈ। ਪੰਜਾਬ ਦੇ ਹਾਲਾਤ ਜਦੋਂ ਨਾਰਮਲ ਹੋਣ ਲੱਗਦੇ ਹਨ ਤਾਂ ਹੌਲੀ-ਹੌਲੀ ਨਿਮਨ ਜਾਤ ਵਾਲੇ ਲੋਕਾਂ ਦੀ ਔਲਾਦ ਵੀ ਪੜ੍ਹਨ ਲਿਖਣ ਲੱਗੀ ਤੇ ਲੋਕ ਵੀ ਜਾਗਰੂਕ ਹੋ ਗਏ, ਜਿਸ ਕਾਰਨ ਉੱਚੀ ਜਾਤ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਵਕਤ ਦੇ ਖੀਸੇ 'ਚੋਂ

(ਨਾਵਲ)
**ਮਨਦੀਪ ਰਿੰਪੀ**
**ਸਫ਼ੇ : 185, ਮੁੱਲ : 400 ਰੁਪਏ**
**ਯੂਨੀਸਟਰ ਬੁੱਕਸ, ਮੋਹਾਲੀ**

# ਘਟਨਾਵਾਂ ਰਾਹੀਂ ਤਿੰਨ ਪੀੜ੍ਹੀਆਂ ਦਾ ਸਫ਼ਰ

**ਸਾਹਿਤ ਚਿੰਤਨ**

**ਡਾ. ਜਸਵਿੰਦਰ ਕੌਰ ਬਿੰਦਰਾ**

ਪਿਛਲੇ ਕੁਝ ਹੀ ਅਰਸੇ ਤੋਂ ਸਾਹਿਤ ਨਾਲ ਜੁੜੀ ਮਨਦੀਪ ਰਿੰਪੀ ਦੇ ਸਾਹਿਤਕ ਸਫ਼ਰ ਨੇ ਬਹੁਤ ਕੁਝ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾ ਦਿੱਤਾ, ਜਿਵੇਂ ਕਾਵਿ-ਸੰਗ੍ਰਹਿ, ਕਹਾਣੀ ਸੰਗ੍ਰਹਿ, ਨਾਵਲ, ਬਾਲ ਸਾਹਿਤ ਵਿੱਚ ਵੀ ਕਵਿਤਾ, ਕਹਾਣੀ ਤੇ ਨਾਵਲ ਦੀ ਆਮਦ। 'ਵਕਤ ਦੇ ਖੀਸੇ 'ਚੋਂ' ਉਸ ਦਾ ਨਵਾਂ ਨਾਵਲ ਹੈ। ਪਹਿਲੀ ਵਾਰ ਇਸ ਲੇਖਿਕਾ ਦੀ ਕੋਈ ਰਚਨਾ ਪੜ੍ਹਨ ਦਾ ਮੌਕਾ ਮਿਲਿਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਨਦੀਪ ਰਿੰਪੀ ਦੀ ਰਚਨਾ ਪਾਠਕ ਨੂੰ ਆਪਣੇ ਨਾਲ ਲੈ ਤੁਰਦੀ ਹੈ। ਹਾਲਾਂਕਿ ਨਾਵਲ ਦਾ ਆਰੰਭ ਇਕ ਅਜਿਹੇ ਸੁਫ਼ਨੇ ਨਾਲ ਹੁੰਦਾ ਹੈ, ਜੋ ਦੁਖਦਾਈ ਤੇ ਉਦਾਸ ਕਰਨ ਵਾਲਾ ਹੈ। ਜਗਜੀਤ ਨੂੰ ਦੋ ਕੁੜੀਆਂ ਸੁਫਨੇ ਵਿੱਚ ਲਾਹਨਤਾਂ ਪਾਉਂਦੀਆਂ ਹਨ ਤੇ ਉਹ ਉਨ੍ਹਾਂ ਦੋਵਾਂ ਤੋਂ ਵਾਰ-ਵਾਰ ਮਾਫ਼ੀ ਮੰਗਦਾ ਹੋਇਆ ਆਪਣੇ-ਆਪ ਵਿੱਚ ਹੀ ਸ਼ਰਮਿੰਦਾ ਹੋਇਆ ਮਹਿਸੂਸ ਕਰਦਾ ਹੈ। ਜਿਹੜੀਆਂ ਦੋ ਕੁੜੀਆਂ ਉਸ ਦੇ ਸੁਫਨੇ ਵਿੱਚ ਆ ਕੇ ਉਸ ਦੀ ਨੀਂਦ ਖੋਹ ਲੈ ਜਾਂਦੀਆਂ ਹਨ, ਉਹ ਬਹੁਤ ਬਾਅਦ ਵਿੱਚ ਨਾਵਲ ਦਾ ਹਿੱਸਾ ਬਣਦੀਆਂ ਹਨ।

ਸਾਰਾ ਨਾਵਲ ਜਗਜੀਤ ਦੇ ਬਚਪਨ ਤੋਂ ਲੈ ਕੇ ਉਸ ਦੇ ਬੁਢਾਪੇ ਤੱਕ ਦੇ ਜੀਵਨ ਨੂੰ ਉਲੀਕਦਾ ਹੈ। ਪਿੰਡ ਵਿੱਚ ਸਾਧਾਰਨ ਮੈਕੇਨਿਕ ਦਾ ਇਕੋ-ਇਕ ਮੁੰਡਾ ਜਗਜੀਤ, ਸਾਧਾਰਨ ਪਿੰਡਾਂ ਵਰਗੇ ਬਾਲ ਵਰਗਾ, ਪੜ੍ਹਾਈ ਵਿੱਚ ਔਸਤ ਹੀ ਤੇ ਹੋਰ ਕੰਮਾਂ ਨੂੰ ਅੱਗੇ। ਇਸ ਦੇ ਮਾਂ-ਬਾਪ ਬਹੁਤ ਹੀ ਸਰਲ ਤੇ ਮਿਹਨਤੀ ਸੁਭਾਅ ਵਾਲੇ, ਚੰਗੇ ਬੰਦੇ। ਜਿਨ੍ਹਾਂ ਦੀਆਂ ਨਾ ਕੋਈ ਬਹੁਤੀਆਂ ਇੱਛਾਵਾਂ ਤੇ ਨਾ ਹੀ ਬਹੁਤੇ ਸੁਫਨੇ।

ਵੈਸੇ ਇਹ ਕਹਾਣੀ ਉਸ ਵੇਲੇ ਦੀ ਹੈ, ਜਦੋਂ ਨਾ ਬਹੁਤੀਆਂ ਸਹੂਲਤਾਂ ਸਨ, ਨਾ ਉਨ੍ਹਾਂ ਦੀ ਲਲਕ ਤੇ ਨਾ ਹੀ ਉਨ੍ਹਾਂ ਨੂੰ ਪਾਉਣ ਦੀ ਸੋਚ ਤੇ ਮਹੱਤਵ ਅਕਾਂਖਿਆ। ਉਹ ਤਿੰਨਾਂ ਜੀਆਂ ਦਾ ਪਰਵਾਰ ਸਕੂਟਰ/ ਸਾਈਕਲ ਦੀ ਮੁਰੰਮਤ ਕਰਕੇ ਜੋ ਵੀ ਮਿਲਦਾ, ਉਸ ਨਾਲ ਰੁੱਖੀ-ਮਿੱਸੀ ਖਾ ਕੇ ਖ਼ੁਸ਼ ਰਹਿਣ ਵਾਲਾ। ਭਾਵੇਂ ਕਾਲਜ ਜਾ ਕੇ ਜਗਜੀਤ ਉੱਤੇ ਵੀ ਮੋਟਰਸਾਈਕਲ ਲੈਣ ਦਾ ਭੂਤ ਸਵਾਰ ਹੋਇਆ ਤੇ ਮਾਂ-ਬਾਪ ਨੇ ਪੁੱਤਰ ਦੀ ਉਦਾਸੀ ਨੂੰ ਮਹਿਸੂਸ ਕਰਦੇ ਹੋਏ, ਔਖੇ-ਸੌਖੇ ਹੋ ਕੇ, ਉਸ ਨੂੰ ਉਹ ਲੈ ਵੀ ਦਿੱਤਾ, ਪਰ ਇਕ ਦਿਨ ਇਸੇ ਮੋਟਰਸਾਈਕਲ ਪਿੱਛੇ ਬੈਠੇ ਉਸ ਦੇ ਇਕ ਮਿੱਤਰ ਨੇ ਜਦੋਂ ਦੋ-ਤਿੰਨ ਕੁੜੀਆਂ ਨੂੰ ਛੇੜ ਦਿੱਤਾ ਤਾਂ ਉਹ ਸਾਰੀਆਂ ਤਿੱਖੀਆਂ ਹੋ ਕੇ ਇਨ੍ਹਾਂ ਨੂੰ ਚਿੰਬੜ ਗਈਆਂ। ਵਿੱਚੇ ਹੀ ਜਗਜੀਤ ਨੂੰ ਵੀ ਖ਼ਰੀ-ਖੋਟੀ ਸੁਣਾ ਗਈਆਂ। ਜਗਜੀਤ ਨੇ ਇਸ ਨੂੰ ਬੜੀ ਨਮੋਸ਼ੀ ਮੰਨਿਆ ਤੇ ਮੋਟਰਸਾਈਕਲ 'ਤੇ ਕਾਲਜ ਜਾਣਾ ਹੀ ਛੱਡ ਦਿੱਤਾ। ਐਨਾ ਹੀ ਨਹੀਂ, ਹੁਣ ਉਹ ਕਾਲਜ ਵਿੱਚ ਪੀਰੀਅਡ ਵੀ ਲਾਉਣ ਲੱਗਾ। ਚੜ੍ਹਦੀ ਜਵਾਨੀ ਦਾ ਜਗਜੀਤ ਕਲਾਸ ਵਿੱਚ ਪੜ੍ਹਦੀ ਕਿਰਨਜੀਤ ਨੂੰ ਦਿਲ ਦੇ ਬੈਠਾ, ਜੋ ਮੁੰਡਿਆਂ ਦੀ ਉਸ ਦਿਨ ਚੰਗੀ ਝਾੜ-ਝੰਬ ਕਰਨ ਵਿੱਚ ਸ਼ਾਮਲ ਸੀ। ਪਤਾ ਲੱਗਣ 'ਤੇ ਕਿ ਕਿਰਨਜੀਤ ਵੱਡੇ ਸਰਦਾਰਾਂ ਦੀ ਧੀ ਹੈ, ਉਸ ਨੇ ਵਾਲ ਰੱਖ ਲਏ ਤੇ ਪਗੜੀ ਬੰਨ੍ਹ ਕੇ ਕਾਲਜ ਜਾਣ ਲੱਗਾ, ਪਰ ਕਿਰਨਜੀਤ ਅੱਗੇ ਹਿੰਮਤ ਕਰਕੇ ਆਪਣੇ ਪਿਆਰ ਦਾ ਇਜ਼ਹਾਰ ਕਰਨ ਦੇ ਬਾਵਜੂਦ, ਉਸ ਨੂੰ ਹੁੰਗਾਰਾ ਮਿਲਣ ਦੀ ਬਜਾਏ ਨਮੋਸ਼ੀ ਹੀ ਮਿਲੀ। ਜਲਦੀ ਹੀ ਕਿਰਨਜੀਤ ਦਾ ਵਿਆਹ ਹੋ ਗਿਆ, ਭਾਵੇਂ ਜਗਜੀਤ ਨੇ ਉਸ ਨੂੰ ਪਾਉਣ ਲਈ ਕਿਸੇ ਕਾਲੇ ਤੰਤਰ ਵਾਲੇ ਨੂੰ ਵੱਡੀ ਰਕਮ ਵੀ ਤਾਰੀ। ਉਸ ਦੇ ਜਾਣ ਤੋਂ ਬਾਅਦ ਜਗਜੀਤ ਦਾ ਪੜ੍ਹਾਈ ਵਿੱਚੋਂ ਮਨ ਉਚਾਟ ਹੋ ਗਿਆ, ਕਿਉਂਕਿ ਉਸ ਕੋਲ ਕਾਲਜ ਜਾਣ ਤੇ ਕਲਾਸ ਲਗਾਉਣ ਦਾ ਵੱਡਾ ਕਾਰਨ ਕਿਰਨਜੀਤ ਹੀ ਸੀ।



ਉਸ ਮਗਰੋਂ ਪੰਜਾਬ ਦੇ ਹਾਲਾਤ ਬਦਲਣ ਲੱਗੇ। ਕਾਲੇ ਦਿਨਾਂ ਦਾ ਸਾਇਆ ਸਾਰੇ ਪੰਜਾਬ ਦਾ ਸਾਹ ਘੋਟਣ ਲੱਗਾ। ਸ਼ਰੀਫ਼ ਬੰਦਾ ਨਾ ਘਰ ਸੁਰੱਖਿਅਤ ਤੇ ਨਾ ਹੀ ਬਾਹਰ। ਕਦੇ ਕਮਾਂਡੋ ਵਾਲੇ ਆ ਕੇ ਪਿੰਡ ਵਾਲਿਆਂ ਨੂੰ ਧੌਂਸ ਦੇਂਦੇ ਤੇ ਕਦੇ ਪੁਲਸ ਵਾਲੇ, ਬਿਨ ਕਿਸੇ ਸੂਚਨਾ ਦੇ, ਬਿਨਾਂ ਕਿਸੇ ਤਰਕ ਦੇ, ਕਦੇ ਵੀ ਕਿਸੇ ਨੂੰ ਕਿਧਰੋਂ ਵੀ ਚੁੱਕ ਕੇ ਲੈ ਜਾਂਦੇ। ਘਰਵਾਲਿਆਂ ਦੇ ਸਾਹਮਣੇ ਕਿਸੇ ਨੂੰ ਵੀ ਚੁੱਕ ਕੇ ਕਿਧਰੇ ਖਪਾ ਦਿੱਤਾ ਜਾਂਦਾ, ਪੁਲਸ ਇਸ ਦੀ ਧੂਅ ਵੀ ਨਾ ਲੱਗਣ ਦੇਂਦੀ। ਬਸ, ਜਿਸ ਦੀ ਉੱਪਰ ਤੱਕ ਪਹੁੰਚ ਹੁੰਦੀ ਜਾਂ ਪੈਸਿਆਂ ਦਾ ਧੰਦਾ ਹੁੰਦਾ, ਉਸ ਦੇ ਹੀ ਘਰ ਦਾ ਜੀਅ ਕਦੇ ਫੱਟੜ, ਕਦੇ ਅੱਧਾ-ਅਧੂਰਾ ਵਾਪਸ ਆਉਂਦਾ ਤੇ ਬਹੁਤ ਵਾਰ ਪਤਾ ਹੀ ਨਾ ਲੱਗਦਾ, ਉਸ ਨੂੰ ਕਿਹੜੀ ਧਰਤੀ ਨਿਗਲ ਗਈ ਜਾਂ ਆਸਮਾਨ ਖਾ ਗਿਆ। ਅਜਿਹੇ ਸਮਿਆਂ ਵਿੱਚ ਜਗਜੀਤ ਦਾ ਪਰਵਾਰ ਵੀ ਇਨ੍ਹਾਂ ਵੱਲੋਂ ਚੂਨਾ ਲਾਏ ਜਾਣ ਤੋਂ ਅਛੂਤਾ ਨਾ ਰਿਹਾ, ਪਰ ਉਦੋਂ ਪੁਲਸ ਦੇ ਸਾਹਮਣੇ ਟੱਕਰਨ 'ਤੇ ਐਨਾ ਡਰ ਸੀ ਕਿ ਉਨ੍ਹਾਂ ਆਪਣੀ ਨਵੀਂ ਮੋਟਰਸਾਈਕਲ ਵੀ ਪਛਾਣੇ ਜਾਣ ਤੋਂ ਇਨਕਾਰ ਕਰ ਦਿੱਤਾ, ਜੋ ਸੜਕ ਉਤੇ ਖੜ੍ਹੇ-ਖਲੋਤੇ ਤਿੰਨ ਨੌਜਵਾਨ ਉਨ੍ਹਾਂ ਪਿਓ-ਪੁੱਤਰ ਤੋਂ ਆਸਾਨੀ ਨਾਲ ਖੋਹ ਕੇ ਲੈ ਗਏ ਤੇ ਉਨ੍ਹਾਂ ਇਸ ਦੀ ਭਾਫ਼ ਤੱਕ ਕਿੱਧਰੇ ਨਾ ਕੱਢੀ। ਅਜਿਹੇ ਖ਼ਤਰਿਆਂ ਤੋਂ ਡਰਦੇ ਹੋਏ ਬਾਪ ਨੇ ਮੁਸ਼ਕਲ ਨਾਲ ਪੁੱਤਰ ਨੂੰ ਦੁਬਈ ਭੇਜ ਦਿੱਤਾ, ਤਾਂ ਕਿ ਉਥੇ ਉਹ ਸੁਰੱਖਿਅਤ ਤਾਂ ਰਹੇਗਾ। ਇਸ ਵਿੱਚ ਉਸ ਦੀ ਮਦਦ ਉਸ ਦੇ ਇਕ ਪੁਰਾਣੇ ਮਿੱਤਰ ਗੁਰਨਾਮ ਨੇ ਕੀਤੀ, ਪਰ ਜਗਜੀਤ ਜਲਦੀ ਹੀ ਡਰਾਈਵਰ ਤਾਰੀ ਦੀ ਸੰਗਤ ਵਿੱਚ ਸ਼ਰਾਬ ਦਾ ਨਾਜਾਇਜ਼ ਧੰਦਾ ਕਰਨ ਲੱਗਾ। ਇਸ ਧੰਦੇ ਕਾਰਨ ਤਾਰੀ ਨੂੰ ਕਿਸੇ ਮਾਰ ਸੁੱਟਿਆ ਤਾਂ ਜਗਜੀਤ ਵੀ ਭੈਅਭੀਤ ਹੋ ਕੇ ਉਸ ਦੀ ਲੋਥ ਦੀ ਬਹਾਨੇ ਪੰਜਾਬ ਵਾਪਸ ਆ ਗਿਆ।

ਤਾਰੀ ਤੋਂ ਸ਼ਰਾਬ ਪੀਣ ਦੀ ਜੋ ਆਦਤ ਉਸ ਨੂੰ ਉਥੇ ਲੱਗੀ ਸੀ, ਹੁਣ ਉਹ ਸਾਰੇ ਹੱਦ ਬੰਨ੍ਹੇ ਤੋੜ ਚੁੱਕੀ ਸੀ। ਜਿਸ ਕਾਰਨ ਉਸ ਦਾ ਕਿਧਰੇ ਵਿਆਹ ਨਹੀਂ ਹੋ ਰਿਹਾ ਸੀ। ਇਕ ਪਰਵਾਰ ਨੇ ਜਦੋਂ ਜਗਜੀਤ ਦੀਆਂ ਮਾੜੀਆਂ ਆਦਤਾਂ ਕਾਰਨ ਆਪਣੀ ਸੁਖੀ ਦਾ ਵਿਆਹ ਉਸ ਨਾਲ ਕਰਨ ਤੋਂ ਸਾਫ਼ ਮਨ੍ਹਾ ਕਰ ਦਿੱਤਾ ਤਾਂ ਜਗਜੀਤ ਨੇ ਆਪਣੀ ਮਾਂ ਦੀ ਕਥਿਤ ਬੇਇੱਜ਼ਤੀ ਦਾ ਬਦਲਾ ਲੈਣ ਲਈ ਆਪਣੇ ਦੋ ਦੋਸਤਾਂ ਨਾਲ ਰਲ ਕੇ ਉਸ ਕੁੜੀ ਸੁਖੀ ਨੂੰ ਇਕ ਦਿਨ ਰਾਹ ਵਿੱਚੋਂ ਚੁੱਕ ਲਿਆ। ਸੁਖੀ ਨੂੰ ਚੁੱਕੇ ਜਾਣ ਦੇ ਕਾਰਨ ਦਾ ਪਤਾ ਲੱਗਾ ਤਾਂ ਉਸ ਨੇ ਮੂੰਹ ਤੋੜ ਜਵਾਬ ਦਿੱਤਾ ਕਿ ਤੇਰੇ ਜਿਹੇ ਮੁੰਡੇ ਨਾਲ ਵਿਆਹ ਕਰਨ ਦੀ ਬਜਾਏ ਤਾਂ ਉਹ ਮਰਨਾ ਪਸੰਦ ਕਰੇਗੀ। ਜਗਜੀਤ ਦੇ ਮਾਂ-ਬਾਪ ਨੇ ਕੁੜੀ ਨੂੰ ਉਸ ਦੇ ਘਰ ਪਹੁੰਚਾਇਆ। ਇਕ ਗਰੀਬ ਘਰ ਦੀ ਕੁੜੀ ਤੇ ਜਗਜੀਤ ਤੋਂ ਕਈ ਵਰ੍ਹੇ ਛੋਟੀ ਕੁੜੀ ਰਣਜੀਤ ਨਾਲ ਬਾਅਦ ਵਿੱਚ ਉਸ ਦਾ ਵਿਆਹ ਹੋ ਗਿਆ। ਬਾਅਦ ਵਿੱਚ ਪਤਾ ਲੱਗਾ ਕਿ ਕਿਸੇ ਨੇ ਰਾਹ ਵਿੱਚ ਉਸ ਨਾਲ ਜਬਰ-ਜ਼ਨਾਹ ਕੀਤਾ ਤੇ ਉਸ ਕਾਰਨ ਉਹ ਗਰਭਵਤੀ ਹੋ ਗਈ। ਉਸ ਦਾ ਪਹਿਲਾ ਪੁੱਤਰ ਮਨੀ ਹੋਇਆ, ਜਿਸ ਦੇ ਬਾਪ ਦਾ ਪਤਾ ਨਹੀਂ ਸੀ। ਹਾਲਾਂਕਿ ਜਗਜੀਤ ਨੇ ਉਸ ਨੂੰ ਅਪਨਾਇਆ, ਪਰ ਕਿੱਧਰੇ ਨਾ ਕਿੱਧਰੇ ਉਹ ਆਪਣੇ ਪੁੱਤਰ ਗਿੰਦੀ ਨੂੰ ਮਨੀ ਤੋਂ ਵੱਧ ਅਹਿਮੀਅਤ ਦੇਂਦਾ, ਜਦਕਿ ਮਨੀ ਪੜ੍ਹਿਆ-ਲਿਖਿਆ ਸੀ ਤੇ ਗਿੰਦੀ ਆਵਾਰਾਗਰਦੀ ਬਹੁਤੀ ਕਰਦਾ ਸੀ। ਉਹ ਕਿਸੇ ਵੀ ਕੰਮ ਨੂੰ ਲੈ ਕੇ ਗੰਭੀਰ ਨਹੀਂ ਸੀ। ਜਗਜੀਤ ਦੀ ਛੋਟੀ ਧੀ ਸ਼ਰਨਜੀਤ ਪੜ੍ਹ-ਲਿਖ ਕੇ ਆਪਣੇ ਪੈਰਾਂ ਉਤੇ ਖੜੀ ਹੋਣਾ ਚਾਹੁੰਦੀ ਸੀ। ਜਦੋਂ ਗਿੰਦੀ ਨੇ ਕਿਸੇ ਪੁਲਸ ਵਾਲੇ ਦੇ ਵਿਗੜੇ ਹੋਏ ਕਾਕੇ ਨੂੰ ਕਿਸੇ ਕੁੜੀ ਨੂੰ ਛੇੜਨ 'ਤੇ ਚੰਗਾ ਸਬਕ ਸਿਖਾਇਆ ਤਾਂ ਸ਼ਰਨਜੀਤ ਤੇ ਮਨੀ ਉਸ ਦੀ ਇਸ ਹਿੰਮਤ ਦੀ ਸ਼ਲਾਘਾ ਕਰਦੇ ਹੋਏ ਉਸ ਨਾਲ ਖੜੇ ਹੋ ਗਏ।

ਨਾਵਲ ਘਟਨਾਵਾਂ ਦੀ ਲੜੀ ਨੂੰ ਕਿਧਰੇ ਵੀ ਟੁੱਟਣ ਨਹੀਂ ਦੇਂਦਾ। ਇਸ ਆਖ਼ਰੀ ਘਟਨਾ ਤੱਕ ਪਹੁੰਚਣ ਤੀਕ ਜਗਜੀਤ ਆਪਣੀ ਜੀਵਨ ਕਹਾਣੀ ਪਾਠਕਾਂ ਨਾਲ ਸਾਂਝੀ ਕਰਦਾ ਹੈ, ਜਿਸ ਤੋਂ ਨਾਵਲ ਦਾ ਸਿਰਲੇਖ 'ਵਕਤ ਦੇ ਖੀਸੇ 'ਚੋਂ' ਸਾਰਥਕ ਲੱਗਦਾ ਹੈ। ਵਿੱਚ-ਵਿਚਾਲੇ ਉਹ ਕਿਸੇ ਘਟਨਾ ਨਾਲ ਜਾਂ ਸੰਵਾਦਾਂ ਰਾਹੀਂ ਆਪਣੇ ਬੱਚਿਆਂ ਨਾਲ ਜੁੜ ਕੇ ਵਰਤਮਾਨ ਸਮੇਂ ਨੂੰ ਬਿਆਨ ਕਰਦਾ ਹੈ। ਜਗਜੀਤ ਕੋਈ ਕਥਾ ਨਾਇਕ ਨਹੀਂ ਜਾਪਦਾ। ਅਤਿ ਸਾਧਾਰਨ ਜਿਹਾ ਬਚਪਨ ਤੇ ਫਿਰ ਜਵਾਨੀ, ਜਵਾਨੀ ਦੇ ਕੁਝ ਗਲਤ ਕਾਰੇ! ਜੋ ਅੱਜ ਵੀ ਪਿੱਛਾ ਨਾ ਛੱਡਦੇ। ਸੁਫ਼ਨਿਆਂ ਵਿੱਚ ਆ-ਆ ਕੇ ਡਰਾਉਂਦੇ ਤੇ ਉਹ ਨਮੋਸ਼ੀ ਵਿੱਚ ਘਿਰਿਆ, ਆਪਣੇ ਕੀਤੇ ਦੀ ਮਾਫ਼ੀ ਮੰਗਦਾ, ਪਰ ਫਿਰ ਵੀ ਦਿਲੋਂ ਕਿਸੇ ਦਾ ਬੁਰਾ ਨਾ ਕਰਨ ਵਾਲਾ। ਉਸ ਨੇ ਸੁਖੀ ਜਾਂ ਕਿਰਨਜੀਤ ਦਾ ਕਦੇ ਫਾਇਦਾ ਚੁੱਕਣ ਦੀ ਕੋਸ਼ਿਸ਼ ਨਹੀਂ ਕੀਤੀ। ਆਪਣੀਆਂ ਛੋਟੀਆਂ ਜ਼ਰੂਰਤਾਂ ਨੂੰ ਪੂਰਾ ਕਰਕੇ ਹੀ ਖੁਸ਼। ਰਣਜੀਤ ਦੀ ਮਜਬੂਰੀ ਨੂੰ ਸਮਝ ਕੇ ਉਸ ਨਾਲ ਗ੍ਰਹਿਸਥ ਜੀਵਨ ਬਿਤਾ ਲਿਆ।

ਜਗਜੀਤ ਦੁਨੀਆ ਦੇ ਆਮ/ਸਾਧਾਰਨ ਜਿਹੇ ਬੰਦਿਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਸੱਚਾਈ ਨੂੰ ਦਰਸਾਉਂਦਾ ਹੈ ਕਿ ਜ਼ਿਆਦਾਤਰ ਲੋਕਾਂ ਦੀ ਜ਼ਿੰਦਗੀ ਇਸੇ ਤਰ੍ਹਾਂ ਹੀ ਲੰਘਦੀ ਹੈ। ਕਦੇ ਘੋਲ ਵਿੱਚ ਮੱਝ ਜਿੱਤ ਲੈਣ ਵਾਲੀ ਖ਼ੁਸ਼ੀ, ਕਦੇ ਕਾਲਜ ਅਧਿਆਪਕਾਂ ਤੋਂ ਡਾਂਟ ਪੈ ਜਾਣੀ, ਕਦੇ ਕਿਸੇ ਨੂੰ ਪਾਉਣ ਦੀ ਜ਼ਿੱਦ ਵਿੱਚ ਕਿਸੇ ਤਾਂਤ੍ਰਿਕ ਤੱਕ ਪੁੱਜ ਜਾਣਾ। ਦੂਜਿਆਂ ਮੁੰਡਿਆਂ ਦੀ ਰੀਸ ਵਾਂਗ ਮੋਟਰਸਾਈਕਲ ਉਤੇ ਹਵਾ ਨਾਲ ਗੱਲਾਂ ਕਰਨ ਦੀ ਰੀਝ ਪੂਰੀ ਕਰ ਲੈਣਾ। ਗਲਤ ਆਦਤਾਂ ਸਦਕਾ ਬੇਸਮਝੀ ਵਿੱਚ ਲਏ ਫੈਸਲਿਆਂ ਲਈ ਜੀਵਨ ਭਰ ਪਛਤਾਉਣਾ, ਪਰ ਤਾਕਤਵਰ ਸਾਹਮਣੇ ਝੱਟ ਘਬਰਾ ਜਾਣਾ, ਹਿੰਮਤ ਨ ਕਰ ਸਕਣਾ ਉਸ ਦਾ ਬਾਪ ਸੱਚਾ-ਸੁਥਰਾ ਤੇ ਮਿਹਨਤੀ। ਸੁਖੀ ਨੂੰ ਉਸ ਦੇ ਘਰ ਪਹੁੰਚਾ ਕੇ ਆਇਆ, ਪਰ ਪੁਲਸ ਤੋਂ ਡਰ ਕੇ ਰਹਿਣਾ ਪੈਂਦਾ। ਵੈਸੇ ਹਾਲਾਤ ਹੁਣ ਵੀ ਕੋਈ ਬਹੁਤੇ ਨਹੀਂ ਬਦਲੇ, ਪਰ ਐਨਾ ਜ਼ਰੂਰ ਹੈ ਕਿ ਹੁਣ ਨੌਜਵਾਨ ਪੀੜ੍ਹੀ ਖੁੱਲ੍ਹ ਕੇ ਬੋਲਣ ਦਾ ਹੀਆ ਕਰਨ ਲੱਗ ਪਈ ਹੈ। ਮਨੀ ਆਪਣੀ ਤੇ ਸਾਥੀਆਂ ਦੀ ਤਨਖ਼ਾਹ ਵਧਾਉਣ ਲਈ ਧਰਨੇ/ਪ੍ਰਦਰਸ਼ਨ ਕਰਨ ਲੱਗ ਪਿਆ ਹੈ। ਗਿੰਦੀ ਨੇ ਪੁਲਸ ਵਾਲੇ ਦੇ ਮੁੰਡੇ ਨੂੰ ਜਾ ਹੱਥ ਪਾਇਆ ਤੇ ਸ਼ਰਨਜੀਤ ਆਪਣੇ ਸੁਫ਼ਨੇ ਆਪ ਪੂਰੇ ਕਰਨ ਦਾ ਵਿਸ਼ਵਾਸ ਰੱਖਦੀ ਹੈ। ਉਹ ਬਾਪ ਤੇ ਭਰਾ ਦੋਵਾਂ ਨੂੰ ਹੌਸਲਾ ਦੇਂਦੀ ਹੈ। ਬੰਦਾ ਆਪਣੇ ਸਮੇਂ ਦੇ ਹਾਲਾਤ ਦਾ ਬਣਿਆ ਹੁੰਦਾ ਹੈ। ਸਾਡੇ ਤੋਂ ਪਹਿਲੀਆਂ ਪੀੜ੍ਹੀਆਂ ਸੁਥਰੀਆਂ ਸਨ, ਕਿਉਂਕਿ ਹਾਲਾਤ ਨਰਮ ਸਨ, ਪੰਜਾਬ ਸੰਕਟ ਵੇਲੇ ਕਮਾਂਡੋਜ਼, ਪੁਲਸ ਤੇ ਬਾਕੀ ਵਰਦੀ ਵਾਲਿਆਂ ਦਾ ਖ਼ੌਫ਼ ਸਭ ਦੇ ਸਿਰਾਂ ਉਤੇ ਚੜ੍ਹ ਕੇ ਬੋਲਦਾ ਸੀ। ਪੜ੍ਹਾਈ ਕਾਰਨ ਨੌਜਵਾਨ ਥੋੜ੍ਹੀ-ਬਹੁਤ ਹਿੰਮਤ ਕਰਨ ਲੱਗ ਪਏ ਹਨ, ਪਰ ਆਮ ਤੌਰ 'ਤੇ ਜੀਵਨ ਇਸੇ ਤਰ੍ਹਾਂ ਹੀ ਚਲਦਾ ਹੈ। ਥੋੜ੍ਹੀ ਖੁਸ਼ੀ, ਥੋੜ੍ਹੇ ਦੁੱਖ, ਜ਼ਿੰਦਗੀ ਦੇ ਉਤਾਰ-ਚੜ੍ਹਾਅ ਤੇ ਬਸ..!

ਮਨਦੀਪ ਰਿੰਪੀ ਨੇ ਪੰਜਾਬ ਦੇ ਪੇਂਡੂ ਰਹਿਤਲ ਨੂੰ ਚੰਗੀ ਤਰ੍ਹਾਂ ਨਾਲ ਬਿਆਨ ਕੀਤਾ ਹੈ। ਬਾਤਾਂ, ਮੁਹਾਵਰੇ, ਆਪਸੀ ਛੇੜ-ਛਾੜ, ਦੋਸਤੀ ਨਿਭਾਉਣ ਵਾਲੇ ਚੰਗੇ ਦੋਸਤ ਤੇ ਮਾੜੇ ਵੀ। ਮਾਂ-ਬਾਪ ਦਾ ਆਪਣੀ ਔਲਾਦ ਨੂੰ ਖੁਸ਼ ਰੱਖਣ ਲਈ ਹਰ ਯਤਨ ਕਰਨਾ ਤੇ ਉਸ ਦੀ ਸੁੱਖ-ਸਾਂਦ ਲਈ ਇਕਲੌਤੇ ਪੁੱਤਰ ਨੂੰ ਪ੍ਰਦੇਸਾਂ ਵੱਲ ਭੇਜਣ ਦਾ ਭਾਰੀ ਕਦਮ ਵੀ ਚੁੱਕ ਲੈਣਾ। ਇਸ ਸਭ ਦੇ ਬਾਵਜੂਦ ਇਹ ਲੱਗਦਾ ਹੈ ਕਿ ਬਿਰਤਾਂਤ ਦਾ ਪੱਧਰ ਸਤਹੀ ਰਿਹਾ, ਉਨ੍ਹਾਂ ਨਾਲ ਕੋਈ ਡੂੰਘਾ ਮਸਲਾ ਜਾਂ ਮੁੱਦਾ ਨਹੀਂ ਚੁੱਕਿਆ ਗਿਆ। ਗਿੰਦੀ ਦੀਆਂ ਹਰਕਤਾਂ ਸੰਦੇਹੀ ਰਹੀਆਂ। ਉਹ ਖੁੱਲ੍ਹ ਕੇ ਸਾਹਮਣੇ ਨਹੀਂ ਆ ਸਕਿਆ। ਸ਼ਰਨਜੀਤ ਦੀ ਇਕ-ਦੋ ਵਾਰ ਦੀ ਆਮਦ ਨਾਲ ਨੌਜਵਾਨ ਪੀੜ੍ਹੀ ਦੇ ਸੁਫ਼ਨਿਆਂ ਤੇ ਸਵੈ-ਵਿਸ਼ਵਾਸੀ ਹੋਣ ਦੀ ਝਲਕ ਮਿਲਦੀ ਹੈ। ਮੈਨੂੰ ਆਸ ਹੈ ਅਗਲੀ ਰਚਨਾ ਵਿੱਚ ਮਨਦੀਪ ਇਸ ਤੋਂ ਵਧੇਰੇ ਡੂੰਘੀ ਤੇ ਬਿਹਤਰ ਅੰਦਾਜ਼ ਵਿੱਚ ਪੇਸ਼ ਆਏਗੀ।

—ਮੋਬਾ. 98681-82835

## 'ਨਵਾਂ ਜ਼ਮਾਨਾ' ਟੇਬਲ 'ਤੋਂ

### ਸੁਖ਼ਨ ਦੇ ਵਾਰਿਸ

ਸੰਪਾਦਕੀ ਮੰਡਲ : ਚਰਨ ਸਿੰਘ, ਰਮਿੰਦਰ ਵਾਲੀਆ, ਮਨਦੀਪ ਸਿੰਘ, ਭੁਪਿੰਦਰ ਸੱਗੂ, ਸੰਧੂ ਵਰਿਆਣਵੀ ਤੇ ਸਾਬੀ ਈਸਪੁਰੀ
ਮੁੱਲ : 650, ਪੰਨੇ : 434
ਬਸੰਤ ਸੁਹੇਲ ਪਬਲੀਕੇਸ਼ਨ, ਫਗਵਾੜਾ



ਬਿਨਾ ਸ਼ੱਕ ਪੰਜਾਬੀ ਵਿਚ ਕਵਿਤਾ ਭਰਵੇਂ ਰੂਪ ਵਿਚ ਲਿਖੀ ਜਾਂਦੀ ਹੈ। ਕਵੀ ਦਰਬਾਰਾਂ 'ਚ ਹਾਜ਼ਰੀ ਵੀ ਭਰਵੇਂ ਰੂਪ ਵਿੱਚ ਹੁੰਦੀ ਹੈ। ਹਰ ਵਰਤਾਰੇ, ਘਟਨਾ ਤੇ ਸਮੱਸਿਆ ਉੱਤੇ ਕਵੀ ਤੁਰੰਤ ਪ੍ਰਭਾਵ ਕਬੂਲਦਾ ਹੋਇਆ ਕਵਿਤਾ ਦੀ ਸਿਰਜਣਾ ਕਰਦਾ ਹੈ। ਪਰ ਚੰਗੀ ਕਵਿਤਾ ਬਹੁਤ ਥੋੜ੍ਹੀ ਗਿਣਤੀ ਵਿੱਚ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਪੁਸਤਕ ਦੀਆਂ ਕਵਿਤਾਵਾਂ, ਗੀਤ, ਗ਼ਜ਼ਲਾਂ ਨੂੰ ਪੜ੍ਹ ਕੇ ਲੱਗਦਾ ਹੈ ਕਿ ਸੰਪਾਦਕੀ ਟੀਮ ਨੇ ਮਿਆਰੀ ਕਾਵਿ ਰਚਨਾਵਾਂ ਦੀ ਚੋਣ ਕੀਤੀ ਹੈ। ਪੁਸਤਕ ਵਿੱਚ ਹਰ ਸ਼ਾਇਰ ਨਾਲ ਫੋਟੋ ਸਮੇਤ ਦੋ ਤੋਂ ਤਿੰਨ ਕਵਿਤਾਵਾਂ ਦਿੱਤੀਆਂ ਗਈਆਂ ਹਨ। 88 ਸ਼ਾਇਰਾ ਦੀ ਸਮੁੱਚੀ ਸ਼ਾਇਰੀ ਦਾ ਅਧਿਐਨ ਕਰਦਿਆਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਹ ਸਾਰੇ ਸ਼ਾਇਰ ਲੋਕ ਮੁੱਦੇ ਉਭਾਰਦੇ ਹਨ। ਹੱਕ-ਸੱਚ ਦਾ ਹੋਕਾ ਦਿੰਦੇ ਹਨ। ਇਹ ਸਾਰੇ ਸ਼ਾਇਰਾਂ ਦੀ ਸੁਰ ਮਾਨਵਤਾ , ਪ੍ਰਕਿਰਤੀ ਚਿੱਤਰਨ ਵਾਲੀ, ਲਿਤਾੜੇ ਲੋਕਾਂ ਦੇ ਦਰਦ ਵਾਲੀ, ਰਿਸ਼ਵਤਖੋਰੀ, ਸਿਆਸੀ ਨੇਤਾਵਾ ਖ਼ਿਲਾਫ਼ ਪ੍ਰਵਚਨ ਉਸਾਰਦੀ ਹੋਈ ਲੋਕ ਚੇਤਨਾ ਦਾ ਹੋਕਾ ਦਿੰਦੀ ਹੈ। ਹਰਮਿੰਦਰ ਸਿੰਘ ਵਿਰਦੀ ਨੇ ਇਸ ਪੁਸਤਕ ਦੀ ਵਿਉਂਤਕਾਰੀ ਕੀਤੀ ਹੈ ਤੇ ਇਸ ਪੁਸਤਕ ਵਿੱਚ ਸੁਖਦੇਵ ਸਿੰਘ ਗੰਧਵਾਂ, ਭੁਪਿੰਦਰ ਸੱਗੂ, ਸਾਬੀ ਈਸਪੁਰੀ, ਮੀਤ ਮਨਦੀਪ, ਦਰਸ਼ਨ ਬੁਲੰਦਵੀ, ਡਾ. ਦੇਵਿੰਦਰ ਕੌਰ, ਗੁਰਮੇਲ ਕੌਰ ਸੰਘਾ, ਹਰਮਿੰਦਰ ਸਾਹਿਲ, ਸਿਮਰਤ ਸੁਮੇਰਾ, ਨਵਤੇਜ ਗੜ੍ਹਦੀਵਾਲਾ, ਸੰਧੂ ਵਰਿਆਣਵੀ, ਨਕਸ਼ ਵਰਿਆਣਵੀ, ਆਰਿਫ ਗੋਬਿੰਦਪੁਰੀ, ਅਜ਼ੀਮ ਸ਼ੇਖਰ, ਗੁਰਭਜਨ ਗਿੱਲ, ਜਗਦੀਸ਼ ਰਾਣਾ, ਸੱਤਪਾਲ ਸਾਹਲੋਂ, ਸੁਖਵਿੰਦਰ ਕੰਬੋਜ, ਮਨਦੀਪ ਕੌਰ ਭੰਮਰਾ, ਸ਼ੰਮੀ ਜਲੰਧਰੀ, ਮਲਕੀਤ ਜੌੜਾ, ਸੁਰਜੀਤ ਸਮੇਤ ਅਨੇਕਾਂ ਸ਼ਾਇਰਾ ਦੀਆਂ ਰਚਨਾਵਾਂ ਪੁਸਤਕ ਵਿੱਚ ਦਰਜ ਹਨ।

### ਇੱਕੀਵੀਂ ਸਦੀ ਅਤੇ ਔਰਤ ਦੀ ਸਥਿਤੀ

'ਤਿੜਕਦਾ ਮੋਤੀ'
**ਦਵਿੰਦਰ ਕੌਰ ਖੁਸ਼ ਧਾਲੀਵਾਲ**
**ਮੁੱਲ : 350, ਪੰਨੇ : 252**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**



ਹੱਥਲੀ ਪੁਸਤਕ ਔਰਤ ਦੇ ਹੱਕਾਂ ਦੀ ਗੱਲ ਕਰਨ ਵਾਲੀ ਖੋਜ ਭਰਪੂਰ ਪੁਸਤਕ ਹੈ। ਲੇਖਿਕਾ ਨੇ ਤੱਥ ਤੇ ਅੰਕੜਿਆ ਦੇ ਅਧਾਰ ਤੇ ਪੁਸਤਕ 'ਚ ਮੁੱਲਵਾਨ ਧਾਰਨਾਵਾਂ ਦਿੱਤੀਆਂ ਹਨ। ਪੁਸਤਕ ਦੇ ਸਾਰੇ ਲੇਖ ਨਾਰੀਵਾਦੀ ਨਜ਼ਰੀਏ ਤੋਂ ਲਿਖੇ ਗਏ ਹਨ।

ਪੁਸਤਕ ਕੁੜੀਆਂ ਦੀ ਘਰ 'ਚੋਂ ਬਾਹਰ ਦੀ ਸਥਿਤੀ, ਦਹੇਜ ਪ੍ਰਥਾ, ਜਿਣਸੀ ਅਪਰਾਧ, ਕੁਪੋਸ਼ਣ ਦੀ ਮਾਰ ਝੱਲ ਰਹੀਆਂ ਔਰਤਾਂ, ਔਰਤਾਂ ਦੀ ਗੁਲਾਮੀ ਦੇ ਸੰਦ, ਬੱਚੀਆਂ ਦੀਆਂ ਗੁੰਮਨਾਮ ਮੌਤਾਂ, ਦਫ਼ਤਰ ਵਿੱਚ ਕੰਮ ਕਰਦੀਆਂ ਔਰਤਾਂ, ਮਾਵਾਂ ਦੀ ਕੁੱਖ ਜੋ ਕਬਰ ਬਣਾ ਰਹੀਆਂ ਹਨ, ਔਰਤ ਦੀ ਦੁਰਦਸ਼ਾ, ਔਰਤ ਵਿਰੁੱਧ ਅਪਰਾਧ, ਔਰਤ ਤੇ ਵਿੱਦਿਆ, ਮਜ਼ਦੂਰ ਔਰਤਾਂ ਦੀਆਂ ਔਕੜਾ, ਪਿੱਤਰੀ ਸੱਤਾ ਦਾ ਘਿਨਾਉਣਾ ਰੂਪ, ਔਰਤ ਦੇ ਜਿਸਮ ਦੀ ਨਿਲਾਮੀ, ਦੇਹ ਵਪਾਰ, ਔਰਤ ਦਿਵਸ, ਯੂਨੀਵਰਸਿਟੀ 'ਚ ਕੁੜੀਆਂ ਦੀ ਅਜ਼ਾਦੀ ਦਾ ਮਸਲਾ, ਨਾਬਾਲਗ ਬੱਚੀਆਂ ਨਾਲ ਬਲਾਤਕਾਰ ਅਤੇ ਭਾਰਤੀ ਨਿਆਂ ਪ੍ਰਬੰਧ ਵਰਗੇ ਮੁੱਦੇ ਖੁਸ਼ ਧਾਲੀਵਾਲ ਨੇ ਹੱਥਲੀ ਪੁਸਤਕ ਵਿੱਚ ਅਤੇ ਆਪਣੇ ਲਿਖੇ ਲੇਖਾਂ ਵਿੱਚ ਉਭਾਰਨ ਦਾ ਸਫ਼ਲ ਯਤਨ ਕੀਤਾ ਹੈ। ਪੁਸਤਕ ਦੇ 54 ਲੇਖ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਲੇਖਿਕਾਂ ਨੇ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਲੇਖ ਲਿਖ ਕੇ ਨਾਬਰੀ ਦੀ ਸੁਰ ਸਥਾਪਤ ਕੀਤੀ ਹੈ। ਇਨ੍ਹਾਂ ਲੇਖਾਂ ਵਿੱਚ ਨਾਬਰੀ ਦੀ ਸੁਰ ਉੱਚੀ ਹੁੰਦੀ ਦਿਖਾਈ ਦਿੰਦੀ ਹੈ। ਉਸ ਔਰਤ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਹੈ ਜੋ ਅਨਿਆ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦੀ ਹੈ। ਭਾਵੇਂ ਕਿ ਅੱਜ ਵੀ ਸਮਾਜ ਨਾਰੀ ਦਾਬੇ ਅਤੇ ਸੋਸ਼ਣ ਵਰਗੇ ਮਸਲਿਆਂ ਨਾਲ ਦੋ ਚਾਰ ਹੁੰਦੀ ਆ ਰਹੀ ਹੈ, ਪ੍ਰੰਤੂ ਪੁਸਤਕ ਨਾਰੀ ਦੇ ਸੰਵੇਦਸ਼ੀਲ ਮੁੱਦੇ ਉਭਾਰਦੀ ਹੈ।

# ਪੁਸਤਕ ਰੀਵਿਊ

## ਅਤੀਤ ਦੇ ਰੰਗ

(ਵਾਰਤਕ)
**ਸੁਖਦੇਵ ਸਿੰਘ ਔਲਖ**
**ਪੰਨੇ : 136, ਮੁੱਲ : 300 ਰੁਪਏ**
**ਨਵਰੰਗ ਪਬਲੀਕੇਸ਼ਨ, ਸਮਾਣਾ**




ਸੁਖਦੇਵ ਸਿੰਘ ਔਲਖ ਪੰਜਾਬੀ ਸਾਹਿਤ ਵਿੱਚ ਲੰਬੇ ਸਮੇਂ ਤੋਂ ਵਿਚਰ ਰਿਹਾ ਲੇਖਕ ਹੈ। ਉਹ ਪੰਜਾਬੀ ਸਾਹਿਤ ਵਿੱਚ ਵੱਖ-ਵੱਖ ਵਿਧਾਵਾਂ ਵਿੱਚ ਲਿਖਣ ਵਾਲਾ ਸਰਗਰਮ ਲੇਖਕ ਹੈ। ਨਾਵਲ, ਕਾਵਿ-ਸੰਗ੍ਰਹਿ, ਮਿੰਨੀ ਕਹਾਣੀ-ਸੰਗ੍ਰਹਿ, ਗ਼ਜ਼ਲ-ਸੰਗ੍ਰਹਿ ਅਤੇ ਵਿਅੰਗ-ਸੰਗ੍ਰਹਿ ਆਦਿ ਦੀਆਂ ਦਰਜਨ ਤੋਂ ਉਪਰ ਪੁਸਤਕਾਂ ਤੋਂ ਬਾਅਦ 'ਅਤੀਤ ਦੇ ਰੰਗ' ਪੁਸਤਕ ਲੇਖਕ ਦਾ ਇੱਕ ਹੋਰ ਨਿਵੇਕਲਾ ਯਤਨ ਹੈ। ਇਸ ਪੁਸਤਕ ਦੇ ਸਿਰਲੇਖ ਤੋਂ ਹੀ ਇਸ ਪੁਸਤਕ ਦੀ ਰਚਨਾ ਪਿੱਛੇ ਵਾਰਤਕਕਾਰ ਦੀ ਮਨਸ਼ਾ ਸਪੱਸ਼ਟ ਹੁੰਦੀ ਹੈ। ਇਸ ਪੁਸਤਕ ਵਿੱਚ ਵੀਹ ਨਿਬੰਧ ਹਨ, ਜਿਹਨਾਂ ਨੂੰ ਵਾਰਤਕ ਦਾ ਨਾਂਅ ਦਿੱਤਾ ਗਿਆ ਹੈ। ਇਨ੍ਹਾਂ ਨਿਬੰਧਾਂ ਦੇ ਮੁੱਖ ਪਾਤਰ ਲਛਮਨ, ਫੁੰਬੀ, ਦਲੀਪੋ, ਸ਼ੇਰਾ, ਭਾਨਾ, ਪੰਡਿਤ ਰਾਮ ਮੂਰਤੀ, ਜਿਊਣਾ, ਨਸੀਬੋ, ਰਤਨਾ ਆਦਿ ਲੇਖਕ ਦੀਆਂ ਸਿਮਰਤੀਆਂ ਵਿੱਚੋਂ ਇਸ ਪੁਸਤਕ ਦੇ ਪੰਨਿਆਂ ਤੱਕ ਪੁੱਜੇ ਹਨ। ਇਸ ਲਈ ਇਹ ਲੇਖ ਵਾਰਤਕ ਵਿਧਾ ਰੂਪ ਸੰਸਮਰਣ ਦੇ ਵੱਧ ਨੇੜੇ ਮੰਨੇ ਜਾਣਗੇ। ਇਹਨਾਂ ਸਾਰੇ ਪਾਤਰਾਂ ਜਾਂ ਘਟਨਾਵਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਬਣਦੀ ਹੈ ਕਿ ਇਹ ਸਾਧਾਰਨ ਮਨੁੱਖ ਹੁੰਦੇ ਹੋਏ ਵੀ ਆਸਾਧਾਰਨ ਕੰਮਾਂ ਨੂੰ ਨਿਵੇਕਲੇ ਢੰਗਾਂ ਨਾਲ ਨੇਪਰੇ ਚਾੜ੍ਹਦੇ ਹਨ, ਜਿਸ ਨਾਲ ਇਹ ਆਮ ਹੁੰਦੇ ਹੋਏ ਵੀ ਖ਼ਾਸ ਅਤੇ ਅਹਿਮ ਬਣ ਪਾਠਕ ਦੇ ਦਿਲ ਵਿੱਚ ਉਤਰਨ ਦੀ ਯੋਗਤਾ ਰੱਖਦੇ ਹਨ। ਸੁਖਦੇਵ ਸਿੰਘ ਔਲਖ ਨੇ ਪਿੰਡਾਂ ਦੇ ਅਲੋਪ ਹੋ ਰਹੇ ਪੁਰਾਤਨ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦਾ ਯਤਨ ਕੀਤਾ ਹੈ, ਜਿਸ ਵਿੱਚ ਉਹ ਸਫ਼ਲ ਵੀ ਹੋਇਆ ਹੈ।

ਇਸ ਪੁਸਤਕ ਵਿੱਚ ਵਾਰਤਕਕਾਰ ਨੇ ਪੁਰਾਣੇ ਪੰਜਾਬ ਦੇ ਲੋਕ ਸੱਭਿਆਚਾਰ, ਲੋਕ ਵਿਸ਼ਵਾਸ, ਲੋਕਾਂ ਦਾ ਰਹਿਣ-ਸਹਿਣ ਤੇ ਉਸ ਸਮੇਂ ਲੋਕਾਂ ਦੀ ਮਾਨਸਿਕਤਾ ਨੂੰ ਬੜੇ ਰੌਚਕ ਤੇ ਨਿਵੇਕਲੇ ਢੰਗ ਨਾਲ ਚਿਤਰਤ ਕੀਤਾ ਹੈ। ਪਾਠਕ ਇਸ ਨੂੰ ਪੜ੍ਹਦਾ ਹੋਇਆ ਉਸ ਪੁਰਾਤਨ ਦੌਰ ਵਿੱਚ ਚਲਾ ਜਾਂਦਾ ਹੈ ਤੇ ਆਪਣੇ ਆਪ ਨੂੰ ਉਸ ਸਮੇਂ ਦੇ ਸਨਮੁੱਖ ਹੋ ਕੇ ਉਹਨਾਂ ਘਟਨਾਵਾਂ ਨੂੰ ਆਪ ਜਿਉਂਦਾ ਮਹਿਸੂਸ ਕਰਦਾ ਹੈ। ਇਸੇ ਅਹਿਸਾਸ ਵਿੱਚ ਕਈ ਵਾਰ ਇਹ ਵਾਰਤਕ ਲੇਖ ਕਹਾਣੀ ਵਿਧਾ ਦੇ ਵੱਲ ਝੁਕਦੇ ਪ੍ਰਤੀਤ ਹੁੰਦੇ ਹਨ। ਅਜੋਕੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਇਹ ਪਾਤਰ ਕਿਤੇ ਨਾ ਕਿਤੇ ਗਵਾਚ ਗਏ ਪ੍ਰਤੀਤ ਹੁੰਦੇ ਹਨ। ਨਵੀਂ ਪੀੜ੍ਹੀ ਨੂੰ ਪੁਰਾਣੇ ਸਮੇਂ ਦੇ ਲੋਕਾਂ ਦੀ ਮਾਨਸਿਕਤਾ ਨੂੰ ਪੁਰਾਤਨ ਸੱਭਿਆਚਾਰ ਨਾਲ ਜੋੜਨਾ ਇਸ ਪੁਸਤਕ ਦਾ ਇੱਕ ਹੋਰ ਸਾਰਥਕ ਯਤਨ ਹੈ। ਸੁਰਜੀਤ ਸਿੰਘ ਔਲਖ ਨੇ ਇਸ ਕਿਤਾਬ ਰਾਹੀਂ ਸਾਦ-ਮੁਰਾਦੇ ਲੋਕਾਂ ਦੀ ਜ਼ਿੰਦਗੀ ਨੂੰ ਰੌਚਕਤਾ ਨਾਲ ਉਕੇਰਿਆ ਹੈ, ਇਸ ਪੁਸਤਕ ਦੇ ਸਾਰੇ ਪਾਤਰ ਪੁਰਾਣੇ ਪਿੰਡਾਂ ਵਿੱਚ ਵਸਦੇ ਆਮ ਪਾਤਰ ਹਨ, ਜਿਹੜੇ ਆਪਣੀ ਸਾਹਸ ਅਤੇ ਯੋਗਤਾ ਦੀਆਂ ਕਹਾਣੀਆਂ ਨਾਲ ਵਿਸ਼ੇਸ਼ ਹੋਣ ਦਾ ਦਰਜਾ ਰੱਖਦੇ ਹਨ। 'ਅਤੀਤ ਦੇ ਰੰਗ' ਪੁਸਤਕ ਪੁਰਾਤਨ ਸਮੇਂ ਦਾ ਸਮੁੱਚਾ ਸਮਾਜਿਕ, ਯਥਾਰਥਕ ਅਤੇ ਸੱਭਿਆਚਾਰਕ ਤਸਵੀਰ ਪੇਸ਼ ਕਰਨ ਵਿੱਚ ਸਫ਼ਲ ਤਾਂ ਹੁੰਦੀ ਹੈ, ਪਰੰਤੂ ਕਈ ਥਾਈਂ ਬੇਲੋੜਾ ਵਿਸਥਾਰ ਇਸ ਦੀ ਸੀਮਾ ਵੀ ਹੋ ਨਿਬੜਦਾ ਹੈ।

-ਡਾ. ਜਸਵੀਰ ਸਿੰਘ

## ਹਸਤੀ ਵਿਚਲਾ ਚੀਰ

**ਬਲਰਾਜ ਧਾਲੀਵਾਲ**
**ਪੰਨੇ-86, ਮੁੱਲ-200 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਬਲਰਾਜ ਧਾਲੀਵਾਲ ਆਪਣੇ ਦੂਜੇ ਗ਼ਜ਼ਲ ਸੰਗ੍ਰਹਿ 'ਹਸਤੀ ਵਿਚਲਾ ਚੀਰ' ਦੇ ਨਾਲ ਪਾਠਕਾਂ ਦੇ ਨਾਲ ਮੁੜ ਰੂ-ਬ-ਰੂ ਹੋਇਆ ਹੈ। ਉਸ ਨੇ 2017 ਵਿਚ ਪਲੇਠੇ ਗ਼ਜ਼ਲ ਸੰਗ੍ਰਹਿ 'ਦਿਲ ਕਹੇ' ਨਾਲ ਪੰਜਾਬੀ ਗ਼ਜ਼ਲਕਾਰੀ ਦੇ ਪਿੜ ਵਿਚ ਪੈਰ ਧਰਿਆ ਸੀ ਅਤੇ ਹੁਣ ਲੱਗਭੱਗ ਸੱਤ ਸਾਲਾਂ ਬਾਅਦ ਉਹ ਮੁੜ ਪਾਠਕਾਂ ਦੇ ਸਨਮੁਖ ਹੋਇਆ ਹੈ। ਗ਼ਜ਼ਲਕਾਰ ਦਾ ਰਹਿਣ ਬਸੇਰਾ ਕੈਨੇਡਾ ਵਿਚ ਹੈ। ਉਸ ਦੀਆਂ ਗ਼ਜ਼ਲਾਂ ਦੇ ਸ਼ੇਅਰ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਦੇ ਹਨ, ਜਿਨ੍ਹਾਂ ਵਿਚ ਕੌੜੇ-ਮਿੱਠੇ ਅਹਿਸਾਸ, ਤਲਖ਼ ਅਤੇ ਖ਼ੁਸ਼ੀ ਭਰੇ ਤਜਰਬੇ, ਮੁਹੱਬਤ, ਬੇਬਸੀ, ਤੜਪ, ਖ਼ਵਾਬ, ਖ਼ਵਾਹਿਸ਼, ਰਿਸ਼ਤੇ, ਪਰਵਾਸ, ਭੂ-ਹੇਰਵਾ, ਜੀਵਨ ਦੀ ਵਿਸੰਗਤੀ, ਰਾਜਨੀਤੀਵਾਨਾਂ ਦੀ ਮੰਦੀ ਰਾਜਨੀਤੀ ਆਦਿ ਜਿਹੇ ਵਿਸ਼ਿਆਂ ਨੂੰ ਖ਼ੂਬਸੂਰਤ ਲਫ਼ਜ਼ਾਂ ਦਾ ਜਾਮਾ ਪਹਿਨਾਇਆ ਹੈ। ਇਹ ਪੁਸਤਕ ਉਨ੍ਹਾਂ ਆਪਣੇ ਪਰਵਾਰ ਜਿਸ ਵਿਚ ਉਨ੍ਹਾਂ ਦੀ ਪਤਨੀ, ਬੇਟਾ ਅਤੇ ਬੇਟੀ ਸ਼ਾਮਲ ਹਨ, ਨੂੰ ਸਮਰਪਿਤ ਕੀਤੀ ਹੈ।

ਗ਼ਜ਼ਲ ਦੋ ਤਰ੍ਹਾਂ ਦੀ ਹੁੰਦੀ ਹੈ-ਮੁਸਲਸਲ ਅਤੇ ਗ਼ੈਰ ਮੁਸਲਸਲ। ਮੁਸਲਸਲ ਗ਼ਜ਼ਲ ਵਿਚ ਸਾਰੇ ਸ਼ੇਅਰਾਂ ਦਾ ਵਿਸ਼ਾ ਇਕ ਹੀ ਹੁੰਦਾ ਹੈ ਅਤੇ ਗ਼ੈਰ ਮੁਸਲਸਲ ਗ਼ਜ਼ਲ ਵਿਚ ਹਰ ਸ਼ੇਅਰ ਦਾ ਵਿਸ਼ਾ ਸੁਤੰਤਰ ਹੁੰਦਾ ਹੈ। ਬਲਰਾਜ ਧਾਲੀਵਾਲ ਗ਼ੈਰ ਮੁਸਲਸਲ ਗ਼ਜ਼ਲ ਰਚਨਾ ਕਰਦੇ ਹਨ। ਉਨ੍ਹਾਂ ਦੀ ਗ਼ਜ਼ਲ ਵਿਚ ਘੱਟ ਤੋਂ ਘੱਟ ਛੇ ਅਤੇ ਵੱਧ ਤੋਂ ਵੱਧ ਦਸ ਸ਼ੇਅਰ ਹਨ। ਗ਼ਜ਼ਲਕਾਰ ਨੇ ਕਾਫ਼ੀਆ ਰਦੀਫ਼ ਦੀ ਨਿਯਮਾਵਲੀ ਦਾ ਨਿਭਾਅ ਕਰਦੇ ਹੋਏ ਗ਼ਜ਼ਲ ਰਚਨਾ ਕੀਤੀ ਹੈ। ਆਮ ਤੌਰ 'ਤੇ ਗ਼ਜ਼ਲਕਾਰ ਆਪਣਾ ਤਖ਼ੱਲਸ (ਕਵੀ ਦੁਆਰਾ ਵਰਤਿਆ ਜਾਂਦਾ ਕਲਮੀ ਨਾਂਅ) ਜ਼ਰੂਰ ਰੱਖਦੇ ਹਨ ਅਤੇ ਉਸ ਦੀ ਵਰਤੋਂ ਗ਼ਜ਼ਲਾਂ ਵਿਚ ਕਰਦੇ ਹਨ, ਪਰ ਬਲਰਾਜ ਧਾਲੀਵਾਲ ਨੇ ਇਸ ਪੁਸਤਕ ਵਿਚ ਸ਼ਾਮਲ ਛਿਆਹਠ ਗ਼ਜ਼ਲਾਂ ਵਿੱਚੋਂ ਕਿਸੇ ਵੀ ਗ਼ਜ਼ਲ ਦੇ ਮਕਤੇ (ਗ਼ਜ਼ਲ ਦਾ ਆਖ਼ਰੀ ਸ਼ੇਅਰ) ਵਿਚ ਤਖ਼ੱਲਸ ਦੀ ਵਰਤੋਂ ਨਹੀਂ ਕੀਤੀ ਹੈ। ਪੁਸਤਕ ਦਾ ਸਿਰਲੇਖ 'ਹਸਤੀ ਵਿਚਲਾ ਚੀਰ' ਨਿਦਾ ਫ਼ਾਜ਼ਲੀ ਦੇ ਸ਼ੇਅਰ 'ਕਭੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ, ਕਹੀਂ ਜ਼ਮੀਂ ਤੋ ਕਹੀਂ ਆਸਮਾਂ ਨਹੀਂ ਮਿਲਤਾ' ਦੀ ਤਰਜਮਾਨੀ ਕਰਦਾ ਹੈ, ਕਿਉਂਕਿ ਹਰ ਵਿਅਕਤੀ ਦੇ ਜੀਵਨ ਵਿਚ ਕੋਈ ਨਾ ਕੋਈ ਕਮੀਂ ਜਾਂ ਖ਼ਲਿਸ਼ ਜ਼ਰੂਰ ਰਹਿ ਜਾਂਦੀ ਹੈ, ਜਿਹੜੀ ਉਸ ਦੇ ਜੀਵਨ ਨੂੰ ਮੁਕੰਮਲ ਨਹੀਂ ਹੋਣ ਦਿੰਦੀ ਅਤੇ ਉਸ ਦੀ ਹਸਤੀ ਵਿਚ ਚੀਰ ਵਾਂਗ ਸਮੋਈ ਰਹਿੰਦੀ ਹੈ। ਗ਼ਜ਼ਲਕਾਰ ਇਨ੍ਹਾਂ ਚੀਰਾਂ ਦੀ ਡੂੰਘਿਆਈ ਵਿਚ ਉੱਤਰ ਕੇ ਆਪਣੇ ਸ਼ੇਅਰਾਂ ਨੂੰ ਰੰਗ ਚੜ੍ਹਾਉਂਦਾ ਹੈ।ਉਸ ਦੇ ਸ਼ੇਅਰ ਕਿਸਾਨੀ ਦੀਆਂ ਕਠਿਨਾਈਆਂ ਦੀ ਪੇਸ਼ਕਾਰੀ ਕਰਦਾ ਹੈ ਅਤੇ ਉਨ੍ਹਾਂ ਕਿਸਾਨਾਂ ਦੀ ਬਾਤ ਪਾਉਂਦਾ ਹੈ, ਜਿਨ੍ਹਾਂ ਨੂੰ ਮਾੜੇ ਆਰਥਿਕ ਹਾਲਾਤ ਵਿਚ ਘਿਰਿਆਂ ਨੂੰ ਆਤਮਘਾਤ ਦਾ ਰਾਹ ਹੀ ਸਭ ਤੋਂ ਵੱਧ ਸੁਖਾਲਾ ਦਿਸਦਾ ਹੈ।

ਇਸ ਤਰ੍ਹਾਂ ਲੇਖਕ ਆਪਣੇ ਸ਼ੇਅਰਾਂ ਵਿਚ ਵੰਨ-ਸੁਵੰਨੇ ਵਿਸ਼ਿਆਂ ਦੀ ਪੇਸ਼ਕਾਰੀ ਬਹੁਤ ਹੀ ਖ਼ੂਬਸੂਰਤੀ ਨਾਲ ਕਰਦਾ ਹੈ। ਬਲਰਾਜ ਧਾਲੀਵਾਲ ਦੇ ਇਸ ਦੂਜੇ ਗ਼ਜ਼ਲ ਸੰਗ੍ਰਹਿ 'ਹਸਤੀ ਵਿਚਲਾ ਚੀਰ' ਲਈ ਉਨ੍ਹਾਂ ਨੂੰ ਢੇਰ ਸਾਰੀ ਮੁਬਾਰਕ ਅਤੇ ਉਨ੍ਹਾਂ ਦੀ ਇਸ ਪੁਸਤਕ ਦਾ ਤਹਿ ਦਿਲੋਂ ਸਵਾਗਤ।

— ਸਤਨਾਮ ਕੌਰ

# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਕਵੀ ਦਰਬਾਰ

**ਨਵੀਂ ਦਿੱਲੀ**-ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ ਇੱਕ ਵਿਸ਼ੇਸ਼ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬੀ ਸਾਹਿਤ ਦੇ ਮਸ਼ਹੂਰ ਕਵੀਆਂ ਅਤੇ ਨੌਜਵਾਨ ਰਚਨਾਕਾਰਾਂ ਨੇ ਭਰਪੂਰ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸੀਨੀਅਰ ਕਵਿੱਤਰੀ, ਵਾਰਤਕਕਾਰ ਅਤੇ ਅਨੁਵਾਦਕ ਅਮੀਆ ਕੁੰਵਰ ਦੀ ਕਵਿਤਾ 'ਤੂੰ ਹੀ ਤੂੰ' ਨਾਲ ਹੋਈ, ਜਿਸ ਨੇ ਦਰਸ਼ਕਾਂ ਤੋਂ ਖ਼ੂਬ ਵਾਹ-ਵਾਹ ਹਾਸਲ ਕੀਤੀ। ਪ੍ਰਸਿੱਧ ਕਵੀ ਤੇ ਚਿੱਤਰਕਾਰ ਜਗਤਾਰ ਜੀਤ ਨੇ ਆਪਣੀਆਂ ਗਹਿਰ-ਗੰਭੀਰ ਕਵਿਤਾਵਾਂ ਰਾਹੀਂ ਦਰਸ਼ਕਾਂ ਦੇ ਦਿਲ ਜਿੱਤ ਲਏ। ਉਨ੍ਹਾਂ ਦੀ ਕਵਿਤਾ 'ਸਵੈਟਰ' ਦੀਆਂ ਇਹ ਸਤਰਾਂ ਖਾਸ ਤੌਰ 'ਤੇ ਸਰੋਤਿਆਂ ਨੂੰ ਭਾ ਗਈਆਂ। ਸਵੈਟਰ ਦੇ ਨਾਲ ਨਾਲ/ ਉਹ ਬੁਣ ਰਹੀ ਹੈ ਸੁਫਨਾ/ ਸਵੈਟਰ ਤੇ ਸੁਫਨਾ/ ਨਾਲੋਂ ਨਾਲ ਬੁਣ ਹੋ ਰਹੇ ਹਨ।ਅਰਕਮਲ ਕੌਰ ਨੇ ਮਾਂ ਦੀ ਮਮਤਾ ਦਾ ਬਿਆਨ ਕਰਦੀ ਆਪਣੀ ਕਵਿਤਾ ਰਾਹੀਂ ਦਰਸ਼ਕਾਂ ਦੇ ਮਨ ਨੂੰ ਛੂਹ ਲਿਆ। ਸੱਟ ਲੱਗ ਕੇ ਵੀ ਨਾ ਲੱਗੀ ਕਦੇ/ ਹਰ ਦਰਦ ਵੀ ਸਾਰਾ ਭੁੱਲ ਗਿਆ/ ਗੋਦੀ ਚੁੱਕ ਕੇ ਜਦ ਮਾਂ ਕਹਿੰਦੀ/ ਕੀੜੀ ਦਾ ਆਟਾ ਡੁਲ੍ਹ ਗਿਆ।ਨੌਜਵਾਨ ਕਵੀ ਗਗਨਦੀਪ ਸ਼ਰਮਾ ਨੇ ਆਪਣੇ ਸ਼ੇਅਰ 'ਇਸ਼ਾਰਾ ਇੱਕ ਤੇਰਾ ਇਸ਼ਕ ਜਿਸਨੂੰ ਕਰ ਗਿਆ ਹੋਣੈ, ਉਹ ਬੰਦਾ ਅੱਗ ਦਾ ਦਰਿਆ ਵੀ ਹੱਸ ਕੇ ਤਰ ਗਿਆ ਹੋਣੈ' ਨਾਲ ਸ਼ੁਰੂਆਤ ਕਰਕੇ ਸਮਕਾਲੀ ਹਾਲਾਤ ਨੂੰ ਚੁਣੌਤੀ ਦਿੰਦੀਆਂ ਕਵਿਤਾਵਾਂ ਰਾਹੀਂ ਕਵੀ ਦਰਬਾਰ ਨੂੰ ਉੱਚੇ ਬੌਧਿਕ ਪੱਧਰ 'ਤੇ ਲੈ ਗਿਆ।ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕਵਿੱਤਰੀ ਵਨੀਤਾ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਨੌਜਵਾਨ ਖੋਜਾਰਥੀਆਂ ਅਤੇ ਹੋਣਹਾਰ ਕਵੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਨੇ ਆਪਣੀ ਕਵਿਤਾ 'ਕੈਂਡੀ ਕ੍ਰਸ਼' ਨਾਲ ਚੰਗਾ ਕਾਵਿਕ ਮਾਹੌਲ ਉਸਾਰ ਕੇ ਅਗਲੀ ਕਵਿਤਾ 'ਦੋ ਨੰਬਰ ਘੱਟ', ਜਿਸ ਵਿੱਚ ਮੌਜੂਦਾ ਸਿੱਖਿਆ ਪ੍ਰਣਾਲੀ ਉੱਤੇ ਵਿਅੰਗ ਸੀ, ਨਾਲ ਕਵੀ ਦਰਬਾਰ ਨੂੰ ਸਿਖਰ 'ਤੇ ਪਹੁੰਚਾ ਦਿੱਤਾ।ਇਸ ਮੌਕੇ ਪੰਜਾਬੀ ਸਾਹਿਤ ਸਭਾ ਦੇ ਚੇਅਰਪਰਸਨ ਪ੍ਰੋ. ਰੇਣੂਕਾ ਸਿੰਘ, ਡਾ. ਹਿਨਾ ਨਾਂਦਰਾਜੋਗ, ਡਾ. ਗੁਣਤਾਸ਼ਾ ਕੌਰ ਤੁਲਸੀ, ਡਾ. ਜਗੀਰ ਕੌਰ, ਸੁਰਿੰਦਰ ਸਿੰਘ ਓਬਰਾਏ, ਜਗਦੀਪ ਸਿੱਧੂ, ਨਰਿੰਦਰ ਸਿੰਘ ਸੇਠੀ, ਜਸਵਿੰਦਰ ਬਿੰਦਰਾ, ਫ਼ਿਲਮਕਾਰ ਤਰਸੇਮ, ਮਨਧੀਰ ਦਿਓਲ ਤੇ ਪੰਜਾਬੀ ਪ੍ਰਕਾਸ਼ਨ ਜਗਤ ਦੇ ਨੁਮਾਇੰਦੇ ਮੌਜੂਦ ਰਹੇ। ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਦੂਰ-ਨੇੜੇ ਤੋਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਸਾਹਿਤ ਸਭਾ ਵੱਲੋਂ ਹੋਰ ਵੀ ਦਿਲਚਸਪ ਅਤੇ ਉੱਚ ਪੱਧਰੀ ਪ੍ਰੋਗਰਾਮ ਕਰਵਾਏ ਜਾਣਗੇ। ਉਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਪ੍ਰੇਮੀਆਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਵਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ।




# ਜਸਵੰਤ ਗਿੱਲ ਸਮਾਲਸਰ ਦੀ ਪੁਸਤਕ 'ਜ਼ਿੰਦਗੀ ਦੇ ਪਰਛਾਵੇਂ' 'ਤੇ ਗੋਸ਼ਟੀ

**ਮੋਗਾ**-ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਵੱਲੋਂ ਲੋਕ ਸਾਹਿਤ ਅਕਾਦਮੀ (ਰਜਿ.) ਮੋਗਾ ਦੇ ਸਹਿਯੋਗ ਨਾਲ ਨੌਜਵਾਨ ਕਵੀ ਜਸਵੰਤ ਗਿੱਲ ਸਮਾਲਸਰ ਦੀ ਪੁਸਤਕ 'ਜ਼ਿੰਦਗੀ ਦੇ ਪਰਛਾਵੇਂ' 'ਤੇ ਗੋਸ਼ਟੀ ਡਾ. ਕੁਲਦੀਪ ਸਿੰਘ ਦੀਪ, ਪਰਮਜੀਤ ਸਿੰਘ ਮਾਨ, ਡਾ. ਸੁਰਜੀਤ ਦੌਧਰ, ਡਾ. ਸੁਰਜੀਤ ਬਰਾੜ, ਹਰਨੇਕ ਸਿੰਘ ਰੋਡੇ ਅਤੇ ਜੰਗੀਰ ਸਿੰਘ ਖੋਖਰ ਦੀ ਪ੍ਰਧਾਨਗੀ 'ਚ ਹੋਈ। ਕੁਲਦੀਪ ਦੀਪ ਨੇ ਜਿੱਥੇ ਪ੍ਰਗਤੀਸ਼ੀਲ ਲੇਖਕ ਸੰਘ ਦੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਚਰਚਾ ਕੀਤੀ ਤੇ ਕਿਹਾ ਕਿ ਜਸਵੰਤ ਦੱਬੇ-ਕੁਚਲੇ ਮਜ਼ਦੂਰਾਂ ਦੇ ਹੱਕ ਵਿੱਚ ਲਿਖਣ ਵਾਲਾ ਲੇਖਕ ਹੈ। ਪਰਮਜੀਤ ਮਾਨ ਨੇ ਜਸਵੰਤ ਦੀ ਕਵਿਤਾ ਨੂੰ ਸੰਤ ਰਾਮ ਉਦਾਸੀ ਤੋਂ ਬਾਅਦ ਦੀ ਅਰਥ ਭਰਪੂਰ ਕਵਿਤਾ ਕਹਿ ਕੇ ਵਡਿਆਇਆ ਹੈ। ਉੱਘੇ ਆਲੋਚਕ ਡਾ. ਸੁਰਜੀਤ ਬਰਾੜ ਨੇ ਪੁਸਤਕ 'ਤੇ ਪੇਪਰ ਪੜ੍ਹਦਿਆਂ ਕਿਹਾ ਕਿ ਜਸਵੰਤ ਗਿੱਲ ਸਮਾਲਸਰ ਦੀ ਕਵਿਤਾ ਦੀ ਸੁਰ ਵੱਖਰੀ ਅਤੇ ਬਗਾਵਤੀ ਹੈ, ਜਿਸ ਕਰਕੇ ਜਸਵੰਤ ਨੇ ਆਪਣੇ ਸਮਕਾਲੀਆਂ ਨਾਲੋਂ ਜਲਦ ਤੇ ਨਿਵੇਕਲੀ ਪਹਿਚਾਣ ਬਣਾਈ ਹੈ। ਡਾ. ਸੁਰਜੀਤ ਸਿੰਘ ਦੌਧਰ ਨੇ ਕਿਹਾ ਕਿ ਜਸਵੰਤ ਅਜੋਕੇ ਸਮੇਂ ਦਾ ਨਾਬਰੀ ਸੁਰ ਵਿੱਚ ਲਿਖਣ ਵਾਲਾ ਕਵੀ ਹੈ। ਹਰਨੇਕ ਸਿੰਘ ਰੋਡੇ ਨੇ ਕਿਹਾ ਕਿ ਬੜੀ ਦੇਰ ਬਾਅਦ ਇਹੋ ਜਿਹੀ ਵਿਲੱਖਣ ਸੁਰ ਦੀ ਕਵਿਤਾ ਸੁਣਨ ਨੂੰ ਮਿਲੀ ਹੈ। ਜੰਗੀਰ ਸਿੰਘ ਖੋਖਰ ਤੇ ਰਣਜੀਤ ਸਰਾਂਵਾਲੀ ਨੇ ਜਸਵੰਤ ਨੂੰ ਨਵੀਂ ਪੀੜ੍ਹੀ ਦਾ ਪ੍ਰਤੀਬੱਧ ਸ਼ਾਇਰ ਕਿਹਾ ਹੈ। ਕੁਲਵਿੰਦਰ ਸਿੰਘ ਦਿਲਗੀਰ, ਰੁਪਿੰਦਰ ਕੌਰ ਬਲਾਸੀ, ਮਹਿੰਦਰ ਸਾਥੀ, ਯਾਦਗਾਰੀ ਮੰਚ ਦੇ ਸਕੱਤਰ ਗੁਰਪ੍ਰੀਤ ਧਰਮਕੋਟ ਅਤੇ ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਮੋਗਾ ਦੀ ਪ੍ਰਧਾਨ ਡਾ. ਸਰਬਜੀਤ ਕੌਰ ਬਰਾੜ ਨੇ ਵਧਾਈ ਦਿੰਦਿਆਂ ਕਿਹਾ ਕਿ ਜਸਵੰਤ ਦੀ ਕਲਮ ਤੋਂ ਪਾਠਕਾਂ ਨੂੰ ਬਹੁਤ ਉਮੀਦਾਂ ਹਨ। ਸਮਾਗਮ ਦਾ ਮੰਚ ਸੰਚਾਲਨ ਨੌਜਵਾਨ ਸ਼ਾਇਰ ਚਰਨਜੀਤ ਸਮਾਲਸਰ ਨੇ ਸ਼ਾਇਰੋ-ਸ਼ਾਇਰੀ ਰਾਹੀਂ ਬੇਹੱਦ ਖ਼ੂਬਸੂਰਤ ਅੰਦਾਜ਼ ਵਿੱਚ ਕੀਤਾ।ਹਾਜ਼ਰ ਕਵੀਆਂ ਨੇ ਕਵੀ ਦਰਬਾਰ 'ਚ ਹਿੱਸਾ ਲਿਆ। ਅੰਤ ਵਿੱਚ ਸੁਖਮੰਦਰ ਕੌਰ ਮੋਗਾ ਨੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।



# ਸਮਕਾਲ

## ਏਕਮ : ਨੌਂ ਕਹਾਣੀਆਂ


ਏਕਮ ਦਾ ਜੁਲਾਈ-ਸਤੰਬਰ, 2025 ਅੰਕ ਵੰਨ ਸੁਵੰਨੀ ਸਮੱਗਰੀ ਨਾਲ ਹਾਜ਼ਰ ਹੈ। ਇਸ ਅੰਕ ਵਿੱਚ ਆਪਣਾ ਘਰ (ਮਨਸਾ ਯਾਦ, ਅਨੁ. ਨਿਰਮਲ ਪ੍ਰੇਮੀ), ਇਨਕਲਾਬੀ ਭਾਫ਼ (ਡਾ. ਕਰਮਜੀਤ ਸਿੰਘ ਨਡਾਲਾ), ਨਿਮਫੋਮੀਨੀਯਾਕ..? ( ਸੰਧਿਆ ਤਿਵਾੜੀ, ਅਨੁ. ਗੁਰਦਿਆਲ ਦਲਾਲ), ਬਰਫ਼ 'ਚੋਂ ਉੱਡਦੀਆਂ ਤਿਤਲੀਆਂ (ਪਰਮਜੀਤ ਢੀਂਗਰਾ), ਬਬਲੂ ਦੀ ਡਾਇਰੀ (ਇੰਦਰਜੀਤ ਪਾਲ ਕੌਰ), ਮੈਂ ਤਾਂ ਹੁਣ ਪੜ੍ਹਾਂਗੀ! (ਤਰਸੇਮ ਭੰਗੂ), ਚਾਰਾ (ਸੁਸ਼ਾਂਤ ਸੁਪ੍ਰਿਯ, ਅਨੁ. ਸੰਜਨਾ ਸ਼ਰਮਾ), ਕੌਣ ਲਿਖੇ ਸੰਯੋਗ (ਸੁਖਵਿੰਦਰ ਸਿੰਘ), ਤਥਾਸਤੂ (ਸਨੀ ਵਰਮਾ) ਆਦਿ ਨੌਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਅਨੁ. ਕਹਾਣੀਆਂ ਜਾਨਦਾਰ ਹਨ। ਨਵੇਂ ਕਹਾਣੀਕਾਰਾਂ ਦਾ ਸਵਾਗਤ ਹੈ। ਸਥਾਪਤ ਲੇਖਕਾਂ ਦਾ ਸਿਰੜ ਹੈ। ਸ਼ਿਆਮ ਸੁੰਦਰ ਦੀਪਤੀ (ਸਾਡੇ ਕੋਲ ਅੰਗੂਠਾ ਹੈ), ਖ਼ਲੀਲ ਜਿਬਰਾਨ (ਅੱਠ ਮਿੰਨੀ ਨਿਬੰਧ), ਓਮ ਪ੍ਰਕਾਸ਼ ਗਾਸੋ (ਮਨਫ਼ੀ ਉਮਰ ਲਈ ਹਕੀਕੀ ਹਾਸਲ), ਡਾ. ਗੁਰਬਖਸ਼ ਸਿੰਘ ਭੰਡਾਲ (ਜ਼ਿੰਦਗੀ ਦਾ ਪਰਛਾਵਾਂ) ਦੇ ਲੇਖ ਮਿਆਰੀ ਹਨ। ਸ਼ਾਇਰਾ ਵਿਸ਼ੇਸ਼ ਤਹਿਤ ਦੀਪ ਇੰਦਰ ਦੀਆਂ ਕਵਿਤਾਵਾਂ ਛਪੀਆਂ ਹਨ। ਸਵਿੰਦਰ ਸੰਧੂ, ਚਰਨਜੀਤ ਸਮਾਲਸਰ, ਸੁਖਿੰਦਰ, ਭਗਵਾਨ ਢਿੱਲੋਂ, ਸ਼ਹਿਜ਼ਾਦ ਅਸਲਮ, ਸੰਧੂ ਗਗਨ, ਮਲਕੀਤ ਰਾਸੀ, ਪਰਗਟ ਸਿੰਘ ਜਠੌਲ, ਦੇਵਿੰਦਰ ਬਿਮਰਾ, ਹਰਜੀਤ ਸਿੰਘ ਉੱਪਲ, ਲਖਵਿੰਦਰ ਸਿੰਘ ਬਾਜਵਾ, ਗੁਰਦੇਵ ਸਿੰਘ, ਜਸਵੀਰ ਸਿੰਘ ਸ਼ਾਇਰ, ਦੀਪ, ਆਦੇਸ਼ ਅੰਕੁਸ਼, ਜਸਵੀਰ ਕੌਰ ਮਾਂਗਟ, ਜਗਤਾਰ ਗਿੱਲ, ਚਰਨਜੀਤ ਕੌਰ ਜੋਤ (ਪੇਸ਼ਕਾਰ ਡਾ. ਮੋਹਨ ਤਿਆਗੀ) ਦੀਆਂ ਕਵਿਤਾਵਾਂ ਗ਼ਜ਼ਲਾਂ ਤੇ ਦੋਹੇ ਪ੍ਰਕਾਸ਼ਤ ਕੀਤੇ ਗਏ ਹਨ। ਤਕਰੀਬਨ ਦੋ ਦਰਜਨ ਕਿਤਾਬਾਂ ਉੱਤੇ ਚਰਚਾ ਕੀਤੀ ਗਈ ਹੈ। ਏਸ ਵਾਰ ਸੰਪਾਦਕੀ ਵਿੱਚ ਪਾਕ ਨਾਲ ਜੰਗ ਤੇ ਜ਼ਹਿਰੀਲੀ ਸ਼ਰਾਬ ਦੇ ਪ੍ਰਸੰਗ ਲਿਖੇ ਗਏ ਹਨ। ਸਾਹਿਤਕ ਰਸਾਲਿਆਂ ਵਿੱਚ ਸਾਹਿਤ, ਭਾਸ਼ਾ, ਸਭਿਆਚਾਰ ਆਦਿ ਮੁੱਦਿਆ 'ਤੇ ਸੰਪਾਦਕੀਆਂ ਹੋਣੀਆਂ ਚਾਹੀਦੀਆਂ ਹਨ। ਅਖ਼ਬਾਰੀ ਮੁੱਦੇ ਅਖ਼ਬਾਰਾਂ ਲਈ ਢੁੱਕਵੇ ਹੁੰਦੇ ਹਨ। 'ਸਿੱਪੀਆਂ' ਤੇ 'ਹਵਾ ਦੇ ਨਾਮ' ਕਾਲਮ ਵਿੱਚ ਪੜ੍ਹਨਯੋਗ ਸਮੱਗਰੀ ਹੈ।




ਏਕਮ ਦੇ ਸੰਪਾਦਕ : ਅਰਤਿੰਦਰ ਸੰਧੂ (98153-02081), ਮੁੱਲ : 80 ਰੁਪਏ, ਪੰਨੇ : 80, ਪਤਾ- 404, ਤਿਲਕ ਨਗਰ, ਅੰਮ੍ਰਿਤਸਰ-143001

## ਪਰਵਾਜ਼ : ਮਜ਼ਦੂਰਾਂ ਤੇ ਕੇਂਦਰਿਤ ਅੰਕ

'ਪਰਵਾਜ਼' ਰਸਾਲਾ ਲੋਕਪੱਖੀ ਵਿਚਾਰਧਾਰਾ ਨੂੰ ਸਮਰਪਿਤ ਹੈ। ਹੱਥਲੇ ਅੰਕ ਦੀ ਸੰਪਾਦਕੀ 'ਸ਼ਿਕਾਗੋ ਤੋਂ ਜੈਤੋ ਵਾਇਆ ਦਿੱਲੀ' ਮਜ਼ਦੂਰਾ ਦੀ ਚੇਤਨਾ ਤੇ ਕੇਂਦਰਿਤ ਹੈ। ਵੀ. ਆਈ. ਲੈਨਿਨ (ਮਈ ਦਿਵਸ ਦੇ ਸ਼ਹੀਦਾਂ ਦੀ ਵਿਰਾਸਤ ਨੂੰ ਸੰਭਾਲਣ ਦਾ ਅਹਿਦ), ਰੋਜ਼ਾ ਲਕਸਮ ਬਰਗ (ਮਈ ਦਿਵਸ ਦਾ ਮੂਲ), ਕਲਾਰਾ ਜੈਟਕਿਨ (ਵਰਕਰਜ਼ ਇੰਟਰਨੈਸ਼ਨਲ ਫੈਸਟੀਵਲ), ਏਲੀ ਨੋਰ ਮਾਰਕਸ (ਕਾਰਲ ਮਾਰਕਸ ਦੀ ਧੀ ਦਾ ਭਾਸ਼ਣ), ਹਰਮੇਸ਼ ਮਾਲੜੀ (ਬੇਜ਼ਮੀਨੇ ਸਾਧਨਹੀਣ ਲੋਕਾਂ ਦੀ ਦਰਦ ਕਹਾਣੀ ਸਦੀਆਂ ਪੁਰਾਣੀ), ਭਾਸ਼ਾ ਸਿੰਘ (ਕਸ਼ਮੀਰ ਲਾਟੀਂ ਬਲਦਾ ਸਵਰਗ ਅੱਤ ਦਾ ਨਰਕ) ਆਦਿ ਦੇ ਕਿਰਤੀ-ਮਜ਼ਦੂਰਾਂ ਤੇ ਸਮਕਾਲੀ ਵਰਤਾਰੇ ਦੀ ਪਰਖ ਪੜਚੋਲ ਕਰਦੇ ਮਹੱਤਵਪੂਰਨ ਲੇਖ ਹਨ। ਕੇਸ਼ਵ ਦੱਤ (ਸੇਵਾ-ਪਾਣੀ) ਅਤੇ ਅਤਰਜੀਤ (ਗਰੀਬ ਨਿਵਾਜ਼) ਦੀਆਂ ਮਜ਼ਦੂਰਾਂ ਦੀ ਮਨੋਦਿਸ਼ਾ ਨੂੰ ਉਭਾਰਦੀਆਂ ਕਹਾਣੀਆਂ ਹਨ। ਅੰਤ ਵਿੱਚ ਸੁਰਜੀਤ ਗੱਗ, ਗੁਰਮੀਤ ਕੜਿਆਲਵੀ, ਬਲਵਿੰਦਰ ਸਿੰਘ ਭੁੱਲਰ, ਸੁਖਮਿੰਦਰ ਸੇਖੋਂ ਦੀਆਂ ਕਵਿਤਾਵਾਂ ਸਮੇਤ ਕੁਝ ਹੋਰ ਲੇਖ ਛਪੇ ਹਨ। ਪਰਚੇ ਉੱਤੇ ਮੁੱਲ, ਪ੍ਰਿੰਟ ਲਾਇਨ ਕੁਝ ਵੀ ਦਰਜ ਨਹੀਂ। ਪਰਵਾਜ਼ ਦੇ ਸੰਪਾਦਕ : ਜਸਪਾਲ ਮਾਨਖੇੜਾ (97800-42156)




## ਸ਼ਬਦ ਤ੍ਰਿੰਜਣ: ਵਿਅੰਗ ਹੀ ਵਿਅੰਗ

'ਸ਼ਬਦ ਤ੍ਰਿੰਜਣ' ਦਾ ਅਪ੍ਰੈਲ-ਜੂਨ, 2025 ਅੰਕ ਛਪ ਗਿਆ ਹੈ। ਸੰਪਾਦਕੀ 'ਇਹ ਮਨ ਹੈ ਕੀ' ਤੇ ਹੈ। ਹੱਥਲੇ ਅੰਕ ਵਿੱਚ ਸ਼ੇਰ ਜੰਗ ਜਾਂਗਲੀ (ਕਾਸ਼ ਮੈਂ ਕਾਲਾ ਹੁੰਦਾ), ਡਾ. ਮੋਨੋਜੀਤ (ਗੱਲ ਨੂੰਹ ਦੀ), ਸੁਰਿੰਦਰ ਸਿੰਘ ਓਬਰਾਏ (ਭਾਗਤੇ ਚੋਰ ਕੀ ਲੰਗੋਟੀ ਹੀ ਸਹੀ), ਚੰਚਲ ਉਰਫ ਲੁਤਰੋ (ਮੰਗਤ ਕੁਲਜਿੰਦ), ਇੰਦਰਜੀਤ ਕੌਰ (ਸਾਡੇ ਵਿੱਚ ਦਹੇਜ ਨਹੀਂ ਮੰਗਿਆ ਜਾਂਦਾ), ਰਮੇਸ਼ ਗਰਗ (ਗਰਾਰੀ ਅੜ ਗਈ), ਨੂਰ ਸੰਤੋਖਪੁਰੀ (ਜਦੋਂ ਚੈਨ ਸਿਹੁੰ ਨੇ ਸ਼ਾਂਤੀ ਦੇਵੀ ਨੂੰ ਮੌਕਾ ਦਿੱਤਾ), ਸਾਧੂ ਰਾਮ ਲੰਗੇਆਣਾ (ਤਾਈ ਨਿਹਾਲੀ ਦੀਆਂ ਡੂੰਘੀਆਂ ਰਮਜ਼ਾਂ) ਆਦਿ ਮਹੱਤਵਪੂਰਨ ਵਿਅੰਗ ਲੇਖਾਂ ਸਮੇਤ ਹੋਰ ਸਮੱਗਰੀ ਵੀ ਪ੍ਰਕਾਸ਼ਤ ਹੋਈ ਹੈ। ਜਿਨ੍ਹਾਂ ਵਿੱਚ ਦੇਵਿੰਦਰ ਖੇਤਰਪਾਲ, ਜਗਦੀਸ਼ ਰਾਏ ਕੁਲਰੀਆਂ, ਸੁਖਦਰਸ਼ਨ ਗਰਗ, ਸੁਖਦੇਵ ਸਿੰਘ ਔਲਖ, ਬਿਕਰਮਜੀਤ ਨੂਰ, ਐਮ ਕੇ ਰਾਹੀ, ਰਵਿੰਦਰ ਪਾਲ ਕੌਲਗੜ੍ਹ, ਮਾਲਵਿੰਦਰ ਸ਼ਾਇਰ, ਸੁਖਦਰਸ਼ਨ ਗਰਗ, ਜਸਵੰਤ ਗਿੱਲ ਸਮਾਲਸਰ, ਸੁੰਦਰਪਾਲ ਪ੍ਰੇਮੀ ਅਤੇ ਹੋਰਨਾਂ ਦੀਆਂ ਵੀ ਰਚਨਾਵਾਂ ਪ੍ਰਕਾਸ਼ਤ ਹੋਈਆਂ ਹਨ। ਰਮੇਸ਼ ਐਮ. ਐਮ. ਦਾ ਨਾਟਕ 'ਲੈਪਟੌਪ' ਪ੍ਰਕਾਸ਼ਤ ਕੀਤਾ ਗਿਆ ਹੈ। ਮੰਗਤ ਕੁਲਜਿੰਦ ਵੱਲੋਂ ਕੁਝ ਵਿਅੰਗ ਕਿਤਾਬਾਂ ਦੇ ਰੀਵਿਊ ਹਨ। ਵਿਅੰਗ ਪੜ੍ਹਨ ਵਾਲੇ ਪਾਠਕਾਂ ਲਈ ਇਹ ਰਸਾਲਾ ਪੜ੍ਹਨਯੋਗ ਹੈ।




ਰਸਾਲੇ ਦਾ ਮੁੱਲ :30 ਰੁਪਏ, ਪੰਨੇ : 48, ਸ਼ਬਦ ਤ੍ਰਿਜਣ ਦੇ ਸੰਪਾਦਕ : ਮੰਗਤ ਰਾਏ ਮਿੱਤਲ (94177-53892) ਹਨ।

## ਜਾਗੋ ਇੰਟਰਨੈਸ਼ਨਲ

'ਜਾਗੋ ਇੰਟਰਨੈਸ਼ਨਲ' ਦਾ ਹੱਥਲਾ ਅੰਕ ਅਪ੍ਰੈਲ-2024 ਤੋਂ ਮਾਰਚ, 2025 ਕਾਫੀ ਪੱਛੜ ਕੇ ਛਪਿਆ ਹੈ। ਹੱਥਲੇ ਅੰਕ ਵਿੱਚ 'ਕੋਸ਼ਕਾਰੀ ਅਤੇ ਭਾਸ਼ਾ ਵਿਭਾਗ, ਪੰਜਾਬ' ਤੇ ਸੰਪਾਦਕੀ ਹੈ। ਮਹੱਤਪੂਰਨ ਮੁੱਦੇ ਉੱਤੇ ਗੱਲ ਹੋਈ ਹੈ। ਇਕ ਅੰਕ ਵਿੱਚ ਅਮਰਜੀਤ ਸਿੰਘ ਧਵਨ ਦਾ ਲੇਖ 'ਮਹਾਨ ਕੋਸ਼ ਦੀ ਗਾਥਾ' ਗੰਭੀਰ ਮੁੱਦੇ ਉਭਾਰਨ ਵਾਲਾ ਪੜ੍ਹਨਯੋਗ ਲੇਖ ਹੈ। ਅਗਲੇ ਪੰਨਿਆਂ ਉੱਤੇ ਸੁਰਜੀਤ ਪੰਛੀ, ਹਰਚੰਦ ਬਾਗੜੀ, ਲਾਲ ਸਿੰਘ ਦਿਲ, ਅਨੋਖ ਸਿੰਘ ਵਿਰਕ, ਸ਼ੇਰ ਸਿੰਘ ਕੰਵਲ, ਰਘੁਬੀਰ ਸਿੰਘ ਰੰਧਾਵਾ, ਜੋਗਿੰਦਰ ਪ੍ਰਵਾਨਾ, ਦੇਸ਼ ਭੂਸ਼ਨ, ਨੀਲਿਮਾ ਨਾਹੀਦ ਦਰਾਨੀ ਦੀਆਂ ਕਵਿਤਾਵਾਂ ਹਨ। ਜੋਗਿੰਦਰ ਕੌਰ ਅਗਨੀਹੋਤਰੀ ਨੇ ਪੀਲੂ ਦੀ ਸਾਹਿਤ ਰਚਨਾ ਦਾ ਅਧਿਐਨ, ਬੌਬੀ ਹੰਸ ਨੇ ਪ੍ਰਵਾਸ, ਡਾ. ਗੁਰਇਕਬਾਲ ਸਿੰਘ ਨੇ ਮੇਹਰ ਮਾਣਕ ਦੀ ਕਿਤਾਬ, ਗੁਰਬਚਨ ਸਿੰਘ ਨੇ ਸਿੱਖੀ, ਡਾ. ਰਾਜਵੀਰ ਕੌਰ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਲਿਤ ਚੇਤਨਾ, ਡਾ. ਭੁਪਿੰਦਰ ਕੌਰ ਨੇ ਸ਼ੇਰ ਸਿੰਘ ਕੰਵਲ ਦੀ ਸ਼ਾਇਰੀ, ਆਦਿਤਿਆ ਬਹਿਲ ਨੇ ਹਰੇ ਇਨਕਲਾਬ, ਡਾ. ਪਰਮਿੰਦਰਜੀਤ ਕੌਰ ਨੇ ਨੌਰਾ ਰਿਚਰਡਜ਼, ਲਖਵੀਰ ਕੌਰ ਨੇ ਪੰਜਾਬ ਦੇ ਲੋਕ ਨਾਚ, ਡਾ. ਰਮਿੰਦਰ ਕੌਰ ਨੇ ਦੀਵਾਨ ਸਿੰਘ ਕਾਲੇ ਪਾਣੀ, ਡਾ. ਤਰਸਪਾਲ ਕੌਰ ਨੇ ਸ਼ੇਰ ਸਿੰਘ ਸ਼ੇਰਪੁਰੀ ਦੇ ਕਿੱਸੇ, ਆਦਿ ਵਿਸ਼ਿਆ ਦਾ ਅਧਿਐਨ ਕਰਨ ਵਾਲੇ ਲੇਖ ਇਸ ਅੰਕ ਵਿੱਚ ਛਪੇ ਹਨ। ਇਨ੍ਹਾਂ ਤੋਂ ਇਲਾਵਾ ਕੇਵਲ ਬਰਾੜ, ਦੇਵਿੰਦਰ ਸਿੰਘ ਗਿੱਲ, ਗੁਰਪ੍ਰੀਤ ਸਿੰਘ ਤੂਰ, ਗੁਰਤੇਜ ਸਿੰਘ, ਵਰਿਆਮ ਸਿੰਘ ਸੰਧੂ, ਸੰਧੂ ਵਰਿਆਣਵੀ, ਅਰਵਿੰਦਰ ਕੌਰ ਕਾਕੜਾ ਆਦਿ ਦੇ ਲੇਖ ਵੀ ਛਪੇ ਹਨ। ਸੁਖਮਿੰਦਰ ਸੇਖੋਂ (ਔਕਾਤ), ਭੁਪਿੰਦਰ ਉਸਤਾਦ (ਰਿਸ਼ਤਿਆਂ ਦਾ ਦਰਦ) ਦੀਆਂ ਕਹਾਣੀਆਂ ਛਪੀਆਂ ਹਨ। ਮੱਲ ਸਿੰਘ ਰਾਮਪੁਰੀ 'ਸ਼ਹੀਦ ਬੰਤ ਸਿੰਘ ਰਾਜੇਆਣਾ' ਦਾ ਸ਼ਬਦ ਚਿੱਤਰ ਵੀ ਪੜ੍ਹਨਯੋਗ ਹੈ। ਅੰਤ ਵਿੱਚ ਕੁਝ ਕਿਤਾਬਾਂ ਦੀ ਰੀਵਿਊ ਵੀ ਦਰਜ ਕੀਤੇ ਗਏ ਹਨ। ਜਾਗੋ ਇੰਟਰਨੈਸ਼ਨਲ ਦੇ ਮੁੱਖ ਸੰਪਾਦਕ ਡਾ. ਭਗਵੰਤ ਸਿੰਘ (98148-51500) ਹਨ। ਮੁੱਲ : 200 ਰੁਪਏ ਤੇ ਪੰਨੇ : 223 ਹਨ।




## ਸੰਗਰਾਮੀ ਲਹਿਰ, ਜੁਲਾਈ 2025

ਹੱਥਲੇ ਅੰਕ ਵਿੱਚ ਪਰਗਟ ਸਿੰਘ ਜਾਮਾਰਾਏ (ਪਾਣੀ ਬਚਾਓ), ਪ੍ਰੋ. ਜੈਪਾਲ ਸਿੰਘ (ਜ਼ਮੀਨਾਂ ਖੋਹਣ ਵਿਰੁੱਧ ਨਿੱਤਰੋ), ਸ਼ਮਸ਼ੁਲ ਇਸਲਾਮ (ਰਾਖਵਾਂਕਰਨ ਤੇ ਆਰ ਐਸ ਐਸ), ਸੁਖਦੇਵ ਸਿੰਘ ਸੋਹਲ (1857 ਦਾ ਗ਼ਦਰ) ਸ਼ਮਸ਼ੇਰ ਸਿੰਘ ਬਟਾਲਾ (ਪੰਡਤ ਕਿਸ਼ੋਰੀ ਲਾਲ) ਆਦਿ ਲੇਖ ਛਪੇ ਹਨ। ਲੋਕ ਮਸਲੇ ਤਹਿਤ ਬੱਸ ਸਟੈਂਡ ਬਚਾਓ ਘੋਲ ਦਾ ਜ਼ਿਕਰ ਹੈ। ਕੇ. ਐੱਲ. ਗਰਗ ਦੀ ਕਹਾਣੀ 'ਸ਼ਹੀਦ' ਛਾਪੀ ਹੈ। ਕੌਮਾਂਤਰੀ ਪਿੜ ਵਿੱਚ ਆਮਰੀਕਾ-ਨਾਟੋ ਅਸੈਂਬਲੀ ਦੇ ਸਮਾਂਤਰ ਲੋਕ ਅਸੈਂਬਲੀ, ਬ੍ਰਿਟੇਨ- ਹਥਿਆਰੀਕਰਨ ਤੇ ਲੋਕ ਸਹੂਲਤਾਂ, ਅਰਜਨਟੀਨਾ-ਰਾਸ਼ਟਰਪਤੀ ਦੇ ਨਵ ਉਦਾਰਵਾਦੀ ਹੱਲੇ ਆਦਿ ਦਾ ਸੰਪਾਦਕੀ ਦ੍ਰਿਸ਼ਟੀਕੋਣ ਨਾਲ ਵਿਸ਼ਲੇਸ਼ਣ ਹੈ। ਜਨਤਕ ਲਾਮਬੰਦੀ ਵਿੱਚ ਵੱਖ ਵੱਖ ਲੋਕ ਮੁੱਦਿਆਂ ਉੱਤੇ ਸਰਗਰਮੀਆਂ ਹਨ।

ਸੰਗਰਾਮੀ ਲਹਿਰ ਦੇ ਸੰਪਾਦਕ : ਮੰਗਤ ਰਾਮ ਪਾਸਲਾ ਹਨ। ਮੁੱਲ :20 ਰੁਪਏ, ਪੰਨੇ : 42, ਡਾਕ : ਪਤਾ ਸ਼ਹੀਦ ਸਰਵਣ ਸਿੰਘ ਚੀਮਾ ਮੈਮੋਰੀਅਲ ਭਵਨ, 352-1, ਗੜ੍ਹਾ, ਜਲੰਧਰ, (ਸੰਪਰਕ-99153-12806.)

***- ਭਗਵੰਤ ਰਸੂਲਪੁਰੀ***

# ਪੰਜਾਬ ਭਵਨ ਸਰੀ (ਕੈਨੇਡਾ) ਵੱਲੋਂ ਡਾ. ਆਸ਼ਟ ਦਾ ਸਨਮਾਨ




**ਪਟਿਆਲਾ**-ਡਾ. ਦਰਸ਼ਨ ਸਿੰਘ 'ਆਸ਼ਟ' ਦਾ ਬੀਤੇ ਦਿਨੀਂ ਪੰਜਾਬ ਭਵਨ ਸਰੀ (ਕੈਨੇਡਾ) ਦੇ ਸੰਸਥਾਪਕ ਸੁੱਖੀ ਬਾਠ ਵੱਲੋਂ ਅਕਾਲ ਕਾਲਜ ਆਫ਼ ਫ਼ਿਜੀਕਲ ਐਜੂਕੇਸ਼ਨ ਮਸਤੂਆਣਾ ਸਾਹਿਬ ਵਿਖੇ ਆਯੋਜਿਤ ਇਕ ਰੋਜ਼ਾ ਬਾਲ ਸਾਹਿਤ ਉਤਸਵ ਦੌਰਾਨ ਸਨਮਾਨ ਕੀਤਾ ਗਿਆ। ਇਸ ਮੌਕੇ ਸ੍ਰੀ ਸੁੱਖੀ ਬਾਠ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਵੱਲੋਂ 'ਨਵੀਆਂ ਕਲਮਾਂ ਨਵੀਂ ਉਡਾਣ' ਪ੍ਰਾਜੈਕਟ ਤਹਿਤ ਨਾ ਕੇਵਲ ਭਾਰਤੀ ਪੰਜਾਬ ਵਿਚ ਸਗੋਂ ਹੋਰਨਾਂ ਦੇਸ਼ਾਂ ਵਿਚ ਸਕੂਲਾਂ ਦੇ ਵਿਦਿਆਰਥੀਆਂ ਵਿਚ ਪੰਜਾਬੀ ਬਾਲ ਸਾਹਿਤ ਪ੍ਰਤੀ ਚੇਤਨਾ ਪੈਦਾ ਕਰਨ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਡਾ. ਦਰਸ਼ਨ ਸਿੰਘ 'ਆਸ਼ਟ' ਨੂੰ ਸਨਮਾਨਿਤ ਕਰਕੇ ਪੰਜਾਬੀ ਭਵਨ ਗੌਰਵ ਮਹਿਸੂਸ ਕਰ ਰਿਹਾ ਹੈ। ਡਾ. ਦਰਸ਼ਨ ਸਿੰਘ ਆਸ਼ਟ ਨੇ ਸ੍ਰੀ ਸੁੱਖੀ ਬਾਠ ਹੁਰਾਂ ਦਾ ਇਸ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਆਪਣੀ ਮਾਤ-ਭਾਸ਼ਾ ਦਾ ਰੁਤਬਾ ਹੋਰ ਬੁਲੰਦ ਕਰਨ ਲਈ ਨਿਰੰਤਰ ਯਤਨਸ਼ੀਲ ਰਹਿਣਾ ਚਾਹੀਦਾ ਹੈ। ਪ੍ਰਾਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਨੇ ਵੀ ਪੰਜਾਬ ਭਵਨ ਸਰੀ ਦੀਆਂ ਬਹੁਪੱਖੀ ਗਤੀਵਿਧੀਆਂ 'ਤੇ ਵਿਸਥਾਰਪੂਰਵਕ ਚਾਨਣਾ ਪਾਇਆ। ਇਸ ਮੌਕੇ ਸ. ਸੁਖਵਿੰਦਰ ਸਿੰਘ ਫੁੱਲ, ਸ. ਜਸਵੰਤ ਸਿੰਘ ਖਹਿਰਾ, ਅਵਤਾਰ ਸਿੰਘ ਚੋਟੀਆਂ, ਗੁਰਵਿੰਦਰ ਸਿੰਘ ਸਿੱਧੂ, ਸ਼ਸ਼ੀਬਾਲਾ ਸੰਗਰੂਰ, ਰਸਵਿੰਦਰ ਕੌਰ ਤੇਜੇ, ਲਖਵਿੰਦਰ ਸਿੰਘ ਮਾਲੇਰਕੋਟਲਾ, ਦਮਦਮੀ ਸੰਗਰੂਰ, ਜੰਗ ਸਿੰਘ ਫੱਟੜ, ਮੂਲ ਚੰਦ ਸ਼ਰਮਾ, ਭੀਮ ਸਿੰਘ ਆਦਿ ਵਿਦਵਾਨ, ਅਧਿਆਪਕ ਤੇ ਲੇਖਕ ਆਦਿ ਵੀ ਸ਼ਾਮਲ ਸਨ।

# ਹਾਕਮ ਸਿੰਘ ਰੂੜੇਕੇ ਦੇ ਗੀਤ ਸੰਗ੍ਰਹਿ 'ਨਣਦ ਦਿਆ ਵੀਰਾ' ਦਾ ਲੋਕ ਅਰਪਣ

**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪ੍ਰਸਿੱਧ ਗੀਤਕਾਰ ਹਾਕਮ ਸਿੰਘ ਰੂੜੇਕੇ ਦੇ ਗੀਤ ਸੰਗ੍ਰਹਿ 'ਨਣਦ ਦਿਆ ਵੀਰਾ' ਦਾ ਲੋਕ ਅਰਪਣ ਕੀਤਾ ਗਿਆ। ਉਪਰੰਤ ਇਸ ਪੁਸਤਕ ਉੱਪਰ ਗੋਸ਼ਟੀ ਕਰਵਾਈ ਗਈ, ਜਿਸ ਬਾਰੇ ਪਰਚਾ ਪੜ੍ਹਦਿਆਂ ਡਾ. ਸੁਰਿੰਦਰ ਸਿੰਘ ਭੱਠਲ ਨੇ ਕਿਹਾ ਕਿ ਹਾਕਮ ਸਿੰਘ ਰੂੜੇਕੇ ਨੇ ਆਪਣੇ ਗੀਤਾਂ ਵਿੱਚ ਪੰਜਾਬੀ ਸੱਭਿਆਚਾਰ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਉਸ ਦੇ ਗੀਤ ਰਿਸ਼ਤਿਆਂ ਦੀ ਨੋਕ-ਝੋਕ, ਰਵਾਇਤੀ ਖਾਣੇ, ਪੰਜਾਬੀ ਪਹਿਰਾਵੇ ਅਤੇ ਕਿਸਾਨੀ ਨਾਲ ਸੰਬੰਧਤ ਹਰ ਵਿਸ਼ੇ 'ਤੇ ਗੱਲ ਕਰਦੇ ਯਥਾਰਥਵਾਦ ਦੇ ਨੇੜੇ ਹਨ। ਡਾ. ਕਮਲਜੀਤ ਸਿੰਘ ਟਿੱਬਾ ਨੇ ਕਿਹਾ ਕਿ ਸਰਲਤਾ, ਸਾਦਗੀ ਤੇ ਸਹਿਜਤਾ ਇਹਨਾਂ ਗੀਤਾਂ ਦੇ ਮੀਰੀ ਗੁਣ ਹਨ, ਜੋ ਲੇਖਕ ਦੀ ਜੀਵਨ ਪ੍ਰਤੀ ਸੁਹਿਰਦਤਾ, ਸਿਆਣਪ ਤੇ ਸੁਹੱਪਣ ਨੂੰ ਸੰਕੇਤਦੀਆਂ ਹਨ। ਗੀਤਾਂ ਵਿਚਲਾ ਸਹਿਜ, ਸੁਹਜ ਤੇ ਸੁੱਚਤਾ ਉਸ ਨੂੰ ਅਜੋਕੇ ਗੀਤਕਾਰਾਂ ਵਿੱਚ ਵੀ ਨਿਵੇਕਲਾ ਗੀਤਕਾਰ ਬਣਾਉਂਦੇ ਹਨ। ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਹ ਪੁਸਤਕ ਪੰਜਾਬੀ ਸੱਭਿਆਚਾਰ ਦੇ ਸੱਚੇ-ਸੁੱਚੇ ਰਿਸ਼ਤਿਆਂ ਨਾਲ ਓਤ-ਪੋਤ ਸੱਚੇ-ਸੁੱਚੇ ਗੀਤਾਂ ਦਾ ਸੰਗ੍ਰਹਿ ਹੈ । ਬੂਟਾ ਸਿੰਘ ਚੌਹਾਨ, ਤੇਜਾ ਸਿੰਘ ਤਿਲਕ, ਜਗਰਾਜ ਧੌਲਾ, ਕੰਵਰਜੀਤ ਭੱਠਲ, ਭੋਲਾ ਸਿੰਘ ਸੰਘੇੜਾ, ਜਗਤਾਰ ਜਜ਼ੀਰਾ, ਦਰਸ਼ਨ ਸਿੰਘ ਗੁਰੂ, ਡਾ. ਅਮਨਦੀਪ ਸਿੰਘ ਟੱਲੇਵਾਲੀਆ ਅਤੇ ਸੁਖਦੇਵ ਸਿੰਘ ਔਲਖ ਨੇ ਵੀ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਸਾਗਰ ਸਿੰਘ ਸਾਗਰ, ਸੁਦਰਸ਼ਨ ਕੁਮਾਰ ਗੁੱਡੂ, ਡਾ. ਰਾਮਪਾਲ ਸ਼ਾਹਪੁਰੀ, ਪ੍ਰਿੰਸੀਪਲ ਕੌਰ ਸਿੰਘ ਧਨੌਲਾ, ਕਰਮਿੰਦਰ ਸਿੰਘ, ਇਕਬਾਲ ਕੌਰ ਉਦਾਸੀ, ਕੁਲਵੰਤ ਸਿੰਘ ਧਿੰਗੜ, ਜਗਸੀਰ ਸਿੰਘ, ਇਕਬਾਲ ਕੌਰ ਉਦਾਸੀ, ਮਮਤਾ ਸੇਤੀਆ, ਸੇਖਾ ਮੁਨਸ਼ੀ ਖਾਂ ਰੂੜੇਕੇ, ਬਘੇਲ ਸਿੰਘ ਧਾਲੀਵਾਲ, ਪਾਠਕ ਭਰਾ ਧਨੌਲੇ ਵਾਲੇ, ਕਵੀਸ਼ਰੀ ਜਥਾ ਰਘਵੀਰ ਸਿੰਘ ਗਿੱਲ ਕੱਟੂ, ਮਾਲਵਿੰਦਰ ਸ਼ਾਇਰ, ਸਰੂਪ ਚੰਦ ਹਰੀਗੜ੍ਹ, ਤੇਜਿੰਦਰ ਚੰਡਿਹੋਕ, ਸੁਖਵਿੰਦਰ ਸਿੰਘ ਸਨੇਹ, ਅਜਾਇਬ ਸਿੰਘ ਬਿੱਟੂ, ਗੁਰਤੇਜ ਸਿੰਘ ਮੱਖਣ, ਡਾ. ਉਜਾਗਰ ਸਿੰਘ ਮਾਨ, ਪਰਗਟ ਸਿੰਘ ਧੂਰਕੋਟ, ਚਰਨੀ ਬੇਦਿਲ, ਮਲਕੀਤ ਸਿੰਘ ਗਿੱਲ, ਰਣਜੀਤ ਆਜ਼ਾਦ ਕਾਂਝਲਾ ਤੇ ਦਲਵਾਰ ਸਿੰਘ ਧਨੌਲਾ, ਨਵਦੀਪ ਸਿੰਘ ਧੌਲਾ, ਰਜਿੰਦਰ ਕੁਮਾਰ ਪੱਪੂ, ਮਨਦੀਪ ਕੁਮਾਰ, ਗੁਰਮੇਲ ਸਿੰਘ ਰੂੜੇਕੇ, ਗੁਰਪ੍ਰੀਤ ਸਿੰਘ ਧੌਲਾ, ਅਨੁਰੀਤ ਕੌਰ ਅਤੇ ਮਹਿਕਦੀਪ ਕੌਰ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ । ਇਸ ਮੌਕੇ ਹੈੱਡ ਮਾਸਟਰ ਰਣਜੀਤ ਸਿੰਘ ਟੱਲੇਵਾਲ, ਬਿਰਜ ਲਾਲ ਧਨੌਲਾ, ਪੱਤਰਕਾਰ ਅਸ਼ੋਕ ਭਾਰਤੀ, ਮਨਜੀਤ ਸਿੰਘ ਮਹਿਤਾ, ਬਲਜੀਤ ਸਿੰਘ ਬਾਂਸਲ ਧੂਰੀ, ਡਾ. ਮਨਜੀਤ ਸਿੰਘ ਪਟਿਆਲਾ, ਗੁਰਦੀਪ ਸਿੰਘ ਦੀਪ ਧਾਲੀਵਾਲ ਅਤੇ ਹੋਰ ਸਾਹਿਤ ਪ੍ਰੇਮੀ ਹਾਜ਼ਰ ਸਨ।




# ਪ੍ਰਿੰ. ਨਰੋਤਮ ਸਿੰਘ ਦੀ ਰੇਖਾ-ਚਿੱਤਰ ਪੁਸਤਕ ਲੋਕ ਅਰਪਿਤ

**ਅੰਮ੍ਰਿਤਸਰ**-ਨਾਰੀ ਚੇਤਨਾ ਮੰਚ, ਜਨਵਾਦੀ ਲੇਖਕ ਸੰਘ ਅਤੇ ਈ ਬਲਾਕ ਰਣਜੀਤ ਐਵੇਨਿਊ ਵੈੱਲਫੇਅਰ ਸੋਸਾਇਟੀ ਵੱਲੋਂ ਪ੍ਰਿੰ. ਨਰੋਤਮ ਸਿੰਘ ਦੇ ਜੀਵਨ 'ਤੇ ਵੱਖ-ਵੱਖ ਲੇਖਕਾਂ ਵੱਲੋਂ ਲਿਖੇ ਰੇਖਾ-ਚਿੱਤਰਾਂ 'ਤੇ ਅਧਾਰਤ ਲਿਖੀ ਪੁਸਤਕ ਲੋਕ ਅਰਪਿਤ ਕੀਤੀ ਗਈ। ਨਾਰੀ ਚੇਤਨਾ ਮੰਚ ਦੇ ਸਰਪ੍ਰਸਤ ਡਾ. ਇਕਬਾਲ ਕੌਰ ਨੇ ਸਵਾਗਤੀ ਸ਼ਬਦ ਕਹਿੰਦਿਆਂ ਪੁਸਤਕ ਬਾਰੇ ਜਾਣ-ਪਛਾਣ ਕਰਾਈ, ਜਦੋਂ ਕਿ ਡਾ. ਇੰਦਰਾ ਵਿਰਕ ਨੇ ਸਮਾਗਮ ਨੂੰ ਲੜੀਬੱਧ ਕੀਤਾ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਖਾਲਸਾ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ ਡਾ. ਮਹਿਲ ਸਿੰਘ ਨੇ ਕਿਹਾ ਕਿ ਉਹਨਾਂ ਪ੍ਰਿੰ. ਨਰੋਤਮ ਸਿੰਘ ਹੁਰਾਂ ਨਾਲ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਕੰਮ ਕੀਤਾ ਹੈ, ਇਹਨਾਂ ਕੋਲ ਕੰਮ ਕਰਨ ਦਾ ਜਨੂੰਨ ਅਤੇ ਸਹੀ ਫੈਸਲਾ ਲੈਣ ਦੀ ਦ੍ਰਿੜ੍ਹਤਾ ਕਮਾਲ ਦੀ ਸੀ।ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਵਧਾਈ ਦੇਂਦਿਆਂ ਕਿਹਾ ਕਿ ਅਜਿਹੀਆਂ ਪੁਸਤਕਾਂ ਸਿਖਾਂਦਰੂ ਲੇਖਕਾਂ ਅਤੇ ਖੋਜ ਕਾਰਜ ਕਰ ਰਹੇ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੁੰਦੀਆਂ ਹਨ। ਜਸਪਾਲ ਭਾਟੀਆ, ਰਜਿੰਦਰਪਾਲ ਕੌਰ, ਗੁਰਦੇਵ ਸਿੰਘ ਮਹਿਲਾਂ ਵਾਲਾ ਅਤੇ ਰਾਣਾ ਰਣਬੀਰ ਕੌਰ ਨੇ ਪੁਸਤਕ ਉਪਰ ਮੁੱਲਵਾਨ ਟਿੱਪਣੀਆਂ ਕੀਤੀਆਂ।





# ਡਾ. ਦਲਬੀਰ ਸਿੰਘ ਕਥੂਰੀਆ ਬਾਰੇ ਲਿਖੀ ਪੁਸਤਕ ਲੋਕ ਅਰਪਣ

**ਜਲੰਧਰ**-ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸਹਿਯੋਗ ਨਾਲ਼ ਇਕ ਸਾਹਿਤਕ ਸਮਾਗਮ ਦਾ ਆਯੋਜਨ ਕਰਕੇ ਮਨਜੀਤ ਕੌਰ ਮੀਤ ਦੁਆਰਾ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਬਾਰੇ ਲਿਖੀ ਪੁਸਤਕ ਮਾਂ ਬੋਲੀ ਦਾ ਸੁਹਿਰਦ ਪੁੱਤ ਡਾ. ਦਲਬੀਰ ਸਿੰਘ ਕਥੂਰੀਆ ਲੋਕ ਅਰਪਣ ਕਰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ, ਡਾ. ਸੁਰਜੀਤ ਸਿੰਘ ਬਰਾੜ, ਜਗਦੀਸ਼ ਰਾਣਾ ਨੇ ਕਿਹਾ ਕਿ ਡਾ. ਦਲਬੀਰ ਸਿੰਘ ਕਥੂਰੀਆ ਵਿਸ਼ਵ ਪੱਧਰ 'ਤੇ ਮਾਂ ਬੋਲੀ ਪੰਜਾਬੀ ਦਾ ਮਾਣ ਵਧਾ ਰਿਹਾ ਹੈ ਤੇ ਅਸਲ ਵਿੱਚ ਮਾਂ ਬੋਲੀ ਪੰਜਾਬੀ ਪ੍ਰਤੀ ਆਪਣੇ ਫਰਜ਼ ਨਿਭਾਅ ਰਿਹਾ ਹੈ।ਨਵਤੇਜ ਗੜ੍ਹਦੀਵਾਲਾ ਅਤੇ ਬਲਬੀਰ ਕੌਰ ਰਾਏਕੋਟੀ ਨੇ ਕਿਹਾ ਕਿ ਡਾ. ਦਲਬੀਰ ਸਿੰਘ ਕਥੂਰੀਆ ਇਹ ਆਪਣੇ ਆਪ ਵਿੱਚ ਹੀ ਵੱਡਾ ਤੇ ਮਹਾਨ ਕਾਰਜ ਹੈ।

# ਰਘਬੀਰ ਸਿੰਘ ਮਹਿਮੀ ਦੀ ਸਵੈ-ਜੀਵਨੀ 'ਅੰਗਰੇਜ਼ੋ ਦਾ ਲਾਡਲਾ' ਲੋਕ ਅਰਪਣ

**ਪਟਿਆਲਾ**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਲੈਕਚਰ ਹਾਲ ਵਿਖੇ ਸਾਹਿਤਕ ਸਮਾਗਮ ਆਯੋਜਿਤ ਕੀਤਾ ਗਿਆ। ਡਾ. ਭੀਮ ਇੰਦਰ ਸਿੰਘ ਨੇ ਪ੍ਰਧਾਨਗੀ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ ਪੰਜਾਬੀ ਸ਼ਾਮਲ ਹੋਏ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਵਜੋਂ ਸੁਰਿੰਦਰ ਕੈਲੇ, ਡਾ. ਗੁਲਜ਼ਾਰ ਸਿੰਘ ਪੰਧੇਰ, ਸਤਿੰਦਰ ਸਿੰਘ ਨੰਦਾ ਸ਼ਾਮਲ ਹੋਏ। ਇਸ ਸਮਾਗਮ ਵਿਚ ਪ੍ਰਸਿੱਧ ਲੇਖਕ ਰਘਬੀਰ ਸਿੰਘ ਮਹਿਮੀ ਦੀ ਸਵੈ ਜੀਵਨੀ 'ਅੰਗਰੇਜ਼ੋ ਦਾ ਲਾਡਲਾ' (ਭਾਗ ਦੂਜਾ) ਦਾ ਲੋਕ ਅਰਪਣ ਕੀਤਾ ਗਿਆ। ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਪੁੱਜੇ ਲੇਖਕਾਂ ਦਾ ਸੁਆਗਤ ਕੀਤਾ। ਡਾ. ਭੀਮ ਇੰਦਰ ਸਿੰਘ ਨੇ ਕਿਹਾ ਕਿ ਸਵੈ-ਜੀਵਨੀ ਲਿਖਣਾ ਸਰਲ ਕਾਰਜ ਨਹੀਂ, ਸਗੋਂ ਸਖ਼ਤ ਮਿਹਨਤ, ਲਗਨ ਤੇ ਇਕਾਗਰਤਾ ਦਾ ਸਿੱਟਾ ਹੁੰਦਾ ਹੈ। ਡਾ. ਰਾਜਵੰਤ ਕੌਰ ਪੰਜਾਬੀ ਦਾ ਮਤ ਸੀ ਕਿ ਰਘਬੀਰ ਸਿੰਘ ਮਹਿਮੀ ਦੀ ਜੀਵਨ ਦੇ ਕੌੜੇ ਸੱਚ ਨੂੰ ਬਿਆਨਦੀ ਇਹ ਪੁਸਤਕ ਸਵੈ-ਜੀਵਨੀ ਪਿੜ ਦੇ ਖੋਜਾਰਥੀਆਂ ਲਈ ਲਾਹੇਵੰਦ ਸਿੱਧ ਹੋਵੇਗੀ। ਸੁਰਿੰਦਰ ਕੈਲੇ ਨੇ ਕਿਹਾ ਕਿ ਅਜਿਹੇ ਸਮਾਗਮ ਵਰਕਸ਼ਾਪਾਂ ਦੀ ਭੂਮਿਕਾ ਨਿਭਾਉਂਦੇ ਹਨ, ਜਦੋਂ ਕਿ ਡਾ. ਪੰਧੇਰ ਦਾ ਕਹਿਣਾ ਸੀ ਕਿ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੂੰ ਪੰਜਾਬੀ ਸਾਹਿਤ ਸਭਾ ਪਟਿਆਲਾ ਵਰਗੀਆਂ ਸਰਗਰਮ ਸਭਾਵਾਂ ਦੀ ਨਿਰੰਤਰ ਕਾਰਜਸ਼ੀਲਤਾ ਉਪਰ ਫ਼ਖ਼ਰ ਹੈ। ਸਤਿੰਦਰ ਸਿੰਘ ਨੰਦਾ ਨੇ ਕਿਹਾ ਕਿ ਮਹਿਮੀ ਦੀ ਇਹ ਪੁਸਤਕ ਉਸ ਦੇ ਜੀਵਨ ਦੇ ਲੰਮੇਰੇ ਸੰਘਰਸ਼ ਦੀ ਦਾਸਤਾਨ ਦਾ ਦੂਜਾ ਨਾਂਅ ਹੈ। ਸਮਾਗਮ ਵਿਚ ਪਹੁੰਚੇ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਕਿਤਾਬ 'ਤੇ ਚਰਚਾ ਕੀਤੀ। ਅੰਤ ਵਿੱਚ ਸੁਖਦੇਵ ਸਿੰਘ ਚਹਿਲ ਨੇ ਸਭ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਜਨਰਲ ਸਕੱਤਰ ਪਟਿਆਲਵੀ ਨੇ ਬਾਖ਼ੂਬੀ ਨਿਭਾਈ।



# ਪਾਠਕਾਂ ਦੇ ਝਰੋਖੇ 'ਚੋਂ

## ਈ ਐੱਮ ਐੱਸ ਨੰਬੂਦਰੀਪਾਦ

ਕੇਰਲਾ ਦੇ ਪਹਿਲੇ ਕਮਿਊਨਿਸਟ ਮੁੱਖ ਮੰਤਰੀ ਨੰਬੂਰਦੀਪਾਦ ਦਾ ਅਨਿਲ ਰਾਜੀਮਵਾਲੇ ਦਾ ਪੜ੍ਹ ਕੇ ਪਤਾ ਲੱਗਾ ਕਿ ਉਹ ਕਿਸ ਤਰ੍ਹਾਂ ਦੇ ਜ਼ਮੀਨ ਨਾਲ ਜੁੜੇ ਹੋਏ ਕਮਿਊਨਿਸਟ ਆਗੂ ਸਨ ਜਿਨ੍ਹਾਂ ਨੇ ਕੇਰਲਾ ਵਿੱਚ ਖੱਬੇਪੱਖੀ ਲਹਿਰ ਲਈ ਜ਼ਮੀਨ ਤਿਆਰ ਕੀਤੀ। ਬਹੁਤ ਹੀ ਜਾਣਕਾਰੀ ਭਰਪੂਰ ਲੇਖ ਹੈ। ਡਾ. ਗੁਰਬਖਸ ਸਿੰਘ ਭੰਡਾਲ ਚੰਗੀ ਵਾਰਤਕ ਲਿਖਣ ਵਾਲਾ ਲਿਖਾਰੀ ਹੈ। ਉਨ੍ਹਾਂ ਮਨੁੱਖੀ ਮਨ ਦਾ ਸੁਭਾਅ ਬੜੇ ਸੁਲਝੇ ਤਰੀਕੇ ਨਾਲ ਪੇਸ਼ ਕੀਤਾ ਹੈ। 'ਭਾਰਤੀ ਦੀ ਚੋਣ ਪ੍ਰਕਿਰਿਆ ਅਤੇ ਟੀ ਐੱਨ ਸੈਸ਼ਾਨ ਦੇ ਸਖਤ ਪਹਿਰੇ ਤੋਂ ਅੱਜ ਦੇ ਹਾਲਾਤ ਤੱਕ' ਜਤਿੰਦਰ ਪਨੂੰ ਸਾਹਿਬ ਨੇ ਲੰਮੇ ਇਤਿਹਾਸਕ ਸੰਦਰਭ ਵਿੱਚ ਆਪਣੀਆਂ ਮੁੱਲਵਾਨ ਗੱਲਾਂ ਕੀਤੀਆਂ ਹਨ। ਬੂਟਾ ਸਿੰਘ ਦਾ ਅਨੁਵਾਦ ਕੀਤੀ ਤਸੀਹਿਆਂ ਖਿਲਾਫ਼ ਵਿਸ਼ਵ ਸੰਗਠਨਾਂ ਦੀ ਰਿਪੋਰਟ ਕਈ ਤੱਥ ਸਾਡੇ ਸਾਹਮਣੇ ਰੱਖਦੀ ਹੈ ਕਿ ਭਾਰਤੀ ਪੁਲਸ ਮਨੁੱਖਾ ਨੂੰ ਤਸੀਹੇ ਦੇਣ ਵਿੱਚ ਪ੍ਰਮੁੱਖ ਰੋਲ ਅਦਾ ਕਰਦਾ ਆ ਰਹੀ ਹੈ। ਵਿਜੈ ਬੰਬੇਲੀ ਨੇ ਸਾਮ ਚੋਰਾਸੀ ਬਾਰੇ ਤੱਥ ਭਰਪੂਰ ਜਾਣਕਾਰੀ ਦਿੱਤੀ ਹੈ। ਸੁਰਜੀਤ ਸੁਮਨ ਦਾ ਕਾਲਮ 'ਸ਼ੀਸ਼ੇ ਵੱਲ ਦੇਖ ਨਾ ਹੋਵੇ-23 ਵੀ ਦੋਸਤਾਂ ਦੇ ਸਫ਼ਰ ਬਹਾਨੇ ਵਾਤਾਵਰਨ ਅਤੇ ਪਾਣੀ ਦੀ ਗੱਲ ਕਰਦਾ ਹੈ।

**-ਕਮਲਜੀਤ ਸਿੰਘ ਥਿੰਦ, ਪਿੰਡ ਸੇਖਾਂ, ਜਲੰਧਰ**

## ਨੋਬੇਲ ਪੁਰਸਕਾਰ ਤੇ ਐਲਫ਼ਰੈਡ ਨੋਬੇਲ

ਐਲਫ਼ਰੈਡ ਨੋਬੇਲ ਬਾਰੇ ਡਾ. ਆਤਮ ਹਮਰਾਹੀ ਦਾ ਛਪਿਆ ਲੇਖ ਉਸ ਦੇ ਜੀਵਨ ਤੇ ਖੋਜੀ ਬਿਰਤੀ ਨੂੰ ਉਭਾਰਨ ਵਾਲਾ ਹੈ। ਡਾਇਨਾਮਾਈਟ ਦਾ ਕਾਢਕਾਰ ਸੀ ਜਿਨ੍ਹਾਂ ਕਾਢਾ ਨੇ ਸੰਸਾਰ ਨੂੰ ਹਥਿਆਰਾਂ ਅਤੇ ਪਰਮਾਣੂ ਬੰਬਾਂ ਦੀ ਭੱਠੀ ਵਿੱਚ ਸੁੱਟ ਦੇਣਾ ਸੀ। ਪਹਿਲਾਂ ਕਿਸ ਤਰ੍ਹਾਂ ਇਸ ਰਸਾਇਣ ਵਿਗਿਆਨੀ ਨੇ ਵਿਸਫੋਟਕ ਪਦਾਰਥਾਂ ਦੀਆਂ ਕਾਢਾਂ ਕੱਢੀਆਂ ਅਤੇ ਫਿਰ ਕਿਸ ਤਰ੍ਹਾਂ ਉਸ ਨੇ ਇਨ੍ਹਾਂ ਨੂੰ ਪੇਟੈਂਟ ਕਰਵਾਇਆ ਤੇ ਫੈਕਟਰੀਆਂ ਲਾ ਕੇ ਧੰਨ ਕਮਾਇਆ ਅੰਤ ਇਹ ਸਾਰੇ ਪੈਸੇ ਨੂੰ ਕਿਵੇਂ ਨੋਬੇਲ ਪੁਰਸਕਾਰਾਂ ਲਈ ਵਰਤਣ ਲਈ ਨਿਯਮ ਤੇ ਸ਼ਰਤਾਂ ਤਿਆਰ ਕੀਤੀਆਂ। ਭਾਵੇਂ ਕਿ ਐਲਫ਼ਰੈਡ ਨੇ ਵਿਸ਼ਫੋਟਕ ਪਦਾਰਥਾਂ ਦੀਆਂ ਕਾਢਾਂ ਕੱਢੀਆਂ ਪੈਸਾ ਕਮਾਇਆ ਪਰ ਉਸ ਨੂੰ ਅੱਜ ਵੀ ਅਤੇ ਭਵਿੱਖ ਵਿੱਚ ਚੇਤੇ ਕੀਤਾ ਜਾਂਦਾ ਰਹੇਗਾ। ਬਾਕੀ ਫਲਸਤੀਨ ਦੇ ਕਵੀ ਮੁਹੰਮਦ ਮੂਸਾ ਦੀਆਂ ਜੰਗ ਨਾਲ ਸਬੰਧਤ ਕਵਿਤਾਵਾਂ ਮਨੁੱਖਤਾ ਦੀ ਤਬਾਹੀ ਦੀ ਕਹਾਣੀ ਬਿਆਨ ਕਰਦੀਆਂ ਹਨ।

**-ਮਨਦੀਪ ਸਿੰਘ ਮਨੂੰ, ਅੰਮ੍ਰਿਤਸਰ**

## ਪੁਸਤਕ ਸੱਭਿਆਚਾਰ

ਨਵਾਂ ਜ਼ਮਾਨਾ ਪੁਸਤਕਾਂ ਬਾਰੇ ਹਰ ਐਤਵਾਰ ਇਕ ਪੰਨਾ ਛਾਪ ਕੇ ਪੰਜਾਬੀ ਵਿੱਚ ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰ ਰਿਹਾ ਹੈ। ਇਸ ਪੰਨੇ ਨੂੰ ਪੜ੍ਹ ਕੇ ਸਾਨੂੰ ਨਵੀਆਂ ਅਤੇ ਮਿਆਰੀ ਪੁਸਤਕਾਂ ਬਾਰੇ ਜਾਣਕਾਰੀ ਮਿਲ ਜਾਂਦੀ ਹੈ। 13 ਜੁਲਾਈ ਦੇ ਅੰਕ ਵਿੱਚ ਅਰਵਿੰਦਰ ਕੌਰ ਕਾਕੜਾ ਨੇ ਅਮਰਜੀਤ ਕੌਂਕੇ ਦੀ ਕਿਤਾਬ 'ਇਸ ਧਰਤੀ 'ਤੇ ਰਹਿੰਦਿਆਂ' ਬਾਰੇ ਖੁੱਲ੍ਹ ਕੇ ਲਿਖਿਆ ਹੈ। ਨਿਰੰਜਣ ਬੋਹਾ ਨੇ 'ਵਿਰਾਸਤੀ ਸ਼ਹਿਰ ਜਲੰਧਰ' ਦੀ ਸ਼ਾਨਦਾਰ 'ਸਾਹਿਤ ਚਿੰਤਨ' ਕੀਤਾ ਹੈ। ਇਹ ਕਿਤਾਬ ਪੜ੍ਹਨ ਦੀ ਬੜੀ ਉਤਸੁਕਤਾ ਹੈ। ਭਾਵੇਂ ਕਿ ਇੱਕ ਦੋ ਲੇਖ ਅਖ਼ਬਾਰਾਂ ਵਿੱਚ ਛਪ ਚੁੱਕੇ ਹਨ। 'ਨਵਾਂ ਜ਼ਮਾਨਾ' ਦੇ ਟੇਬਲ ਤੋਂ' ਕਾਲਮ ਵਿੱਚ ਕਿਤਾਬਾਂ ਬਾਰੇ ਬੜੀ ਸੰਖੇਪ ਟਿੱਪਣੀ ਜਾਨਦਾਰ ਹੁੰਦੀ ਹੈ।

**- ਰਜਿੰਦਰ ਰੋਜ਼ੀ, ਸਰਕਾਰੀ ਹਾਈ ਸਕੂਲ ਖੰਨਾ**

## ਜ਼ਮੀਨ ਦਾ ਵੱਤਰ

13 ਜੁਲਾਈ ਦੇ ਨਵਾਂ ਜ਼ਮਾਨਾ ਵਿਚ ਕੇਰਲਾ ਦੇ ਪਹਿਲੇ ਮੁੱਖ ਮੰਤਰੀ ਨੰਬੂਦਰੀਪਾਦ ਦਾ ਜ਼ਿਕਰ ਪੜ੍ਹਿਆ।ਪਤਾ ਲੱਗਾ ਕਿ ਖੇਤੀ ਦੇ ਵਿਸ਼ਿਆਂ ਬਾਰੇ ਉਨ੍ਹਾ ਨੇ ਕਿਤਾਬਾਂ ਵੀ ਲਿਖੀਆਂ ਸਨ।ਇਸ ਕਾਲਮ ਵਿਚ ਪਿਛਲੇ ਐਤਵਾਰ ਅਛੂਤਾ ਮੈਨਨ ਨੂੰ ਵੀ ਕੇਰਲਾ ਦੇ ਪਹਿਲੇ ਮੁੱਖ ਮੰਤਰੀ ਲਿਖਿਆ ਸੀ।ਕੇਰਲਾ ਤੋਂ ਸਾਡੇ ਸਿਆਸਤਦਾਨ ਬਹੁਤ ਕੁਝ ਸਿੱਖ ਸਕਦੇ ਹਨ। ਕੇਰਲਾ ਵਿੱਚ ਲੋਕ ਕਿਤਾਬਾਂ ਨੂੰ ਪਿਆਰ ਕਰਦੇ ਹਨ।ਇਹ ਚੇਟਕ ਮੁੱਖ ਮੰਤਰੀਆਂ ਸਦਕਾ ਹੈ।ਇਸ ਅੰਕ ਵਿੱਚ ਡਾ. ਗੁਰਬਖ਼ਸ਼ ਸਿੰਘ ਭੰਡਾਲ ਦਾ ਲੇਖ ਜ਼ਮੀਨ ਦਾ ਵਤਰ ਬਹੁਤ ਗਹਿਰਾ ਹੈ। ਪਰਖ ਦੀ ਲੋੜ ਹਰ ਦਿਸ਼ਾ ਵਿੱਚ ਹੈ।ਹੁਣ ਤਾਂ ਰਿਸ਼ਤੇ ਵੀ ਪਰਖ ਕੇ ਕਰਨ ਦੀ ਲੋੜ ਹੈ।ਇਸ ਲੇਖ ਵਿੱਚ ਲੱਗੀ ਤਸਵੀਰ ਵਿਸ਼ੇ ਤੋਂ ਬਾਹਰਲੀ ਹੈ, ਕੁਝ ਪਤਾ ਜਿਹਾ ਨਹੀਂ ਲੱਗਦਾ ਕਿ ਤਸਵੀਰਾਂ ਕੀ ਕਹਿ ਰਹੀਆਂ ਹਨ।ਆਤਮ ਹਮਰਾਹੀ ਦਾ ਲੇਖ ਐਲਫਰੈਡ ਨੋਬੇਲ ਲੰਮਾ ਹੋਣ ਦੇ ਬਾਵਜੂਦ ਪੜ੍ਹਿਆ।ਲੇਖਕ ਨੇ ਵਿਸਫੋਟ ਬਣਾਉਣ ਵਾਲੇ ਵਿਗਿਆਨੀ ਬਾਰੇ ਜਾਣਕਾਰੀ ਦਿੱਤੀ ਹੈ।ਨੋਬਲ ਪੁਰਸਕਾਰ ਦੀ ਪਿਰਤ ਸ਼ੁਰੂ ਕਰਨ ਵਾਲੇ ਵਿਗਿਆਨੀ ਦੀ ਦੇਣ ਨੂੰ ਸਜਦਾ ਹੈ।ਅਸਲ਼ ਵਿੱਚ ਵਿਗਿਆਨੀਆਂ ਦੀ ਅਣਥੱਕ ਮਿਹਨਤ ਦਾ ਫ਼ਲ ਮਨੁੱਖਤਾ ਲੈ ਰਹੀ ਹੈ, ਪਰ ਹਰੇਕ ਦੇਸ਼ ਨੂੰ ਵਿਗਿਆਨ ਦੀ ਵਰਤੋਂ ਲੋਕ ਭਲਾਈ ਵਿੱਚ ਕਰਨੀ ਚਾਹੀਦੀ ਹੈ। ਮਰਨ ਮਰਾਉਣ ਦੀਆਂ ਗੱਲਾਂ ਧਰਤੀ ਦੇ ਭਵਿੱਖ ਲਈ ਚੰਗੀਆਂ ਨਹੀਂ ਹਨ।ਮਿੰਨੀ ਕਹਾਣੀਆਂ ਵਿੱਚ ਬਿਕਰਮਜੀਤ ਨੂਰ ਦੀ ਖਾਨਦਾਨੀ ਮੁੰਡਾ ਤੇ ਗੋਪਾਲ ਸ਼ਰਮਾ ਦੀ ਖਤ ਲਈ ਸ਼ੁਕਰੀਆ, ਬਹੁਤ ਵਧੀਆ ਰਚਨਾਵਾਂ ਹਨ।ਵਿਜੇ ਬੰਬੇਲੀ ਦਾ ਪਿੰਡ ਸ਼ਾਮ ਚੁਰਾਸੀ ਬਾਰੇ ਖੋਜਮਈ ਲੇਖ ਪੜ੍ਹ ਕੇ ਚੰਗੀ ਜਾਣਕਾਰੀ ਮਿਲੀ।ਸੁਰਜੀਤ ਸੁਮਨ ਨੇ ਆਪਣੀ ਸਾਹਿਤਕ ਸਮਾਗਮ ਦੀ ਲਾਈ ਹਾਜ਼ਰੀ ਦਾ ਜ਼ਿਕਰ ਦਿਲਚਸਪ ਸ਼ੈਲੀ ਵਿਚ ਲਿਖਿਆ ਹੈ।ਦ੍ਰਿਸ਼ਟੀਕੋਣ ਨੇ ਸਿਆਸਤਦਾਨਾਂ ਨੂੰ ਤੇ ਚੋਣ ਕਮਿਸ਼ਨ ਨੂੰ ਬਹੁਤ ਸੋਹਣੇ ਸ਼ਬਦਾਂ ਵਿੱਚ ਸਮਝਾਉਣ ਦਾ ਯਤਨ ਕੀਤਾ ਹੈ। ਅਰਵਿੰਦਰ ਕਾਕੜਾ ਨੇ ਅਮਰਜੀਤ ਕੌਂਕੇ ਦੀ ਕਾਵਿ ਕਿਤਾਬ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਬਹੁਤ ਸ਼ਿੱਦਤ ਨਾਲ ਕੀਤਾ ਹੈ ।ਕੌਂਕੇ ਸਾਡਾ ਹਰਮਨਪਿਆਰਾ ਕਵੀ ਤੇ ਸੰਪਾਦਕ ਹੈ।ਕਿਤਾਬ ਪੰਜਾਬ ਨੂੰ ਨਸ਼ਿਆਂ ਦਾ ਸੇਕ ਲੇਖਿਕਾ ਪ੍ਰਭਜੋਤ ਕੌਰ ਢਿੱਲੋਂ ਦਾ ਰੀਵਿਊ ਪੜ੍ਹ ਕੇ ਚੰਗਾ ਲੱਗਾ। ਸੰਧੂ ਵਰਿਆਣਵੀ ਨੂੰ ਜਨਮ ਦਿਨ ਸਮਾਗਮ ਦੀ ਮੁਬਾਰਕ।ਪਰਮਿੰਦਰ ਸਵੈਚ ਨੂੰ ਕਿਤਾਬਾਂ ਦੇ ਲੋਕ ਅਰਪਣ ਦੀ ਵਧਾਈ।

**—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

**ਪਾਠਕਾਂ ਲਈ**

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

**- ਸੰਪਾਦਕ**

**ਆਉਂਦੇ ਐਤਵਾਰਤਾ 'ਚ ਵਿਸ਼ੇਸ਼**

**ਸੋਮਨਾਥ ਲਹਿਰੀ : ਅਨਿਲ ਰਾਜੀਮਵਾਲੇ**

**ਗ਼ਦਰੀਆਂ ਦਾ ਸੂਹਾ ਪਿੰਡ ਕੋਟਲਾ ਨੌਧ ਸਿੰਘ : ਵਿਜੈ ਬੰਬੇਲੀ**

**'ਸ੍ਰੀ' : ਸੁਰਿੰਦਰ ਸੀਹਰਾ (ਫੋਕਸ) ਡਾ. ਮਨਦੀਪ ਕੌਰ ਖੰਨਾ**

**ਤਰਲੋਚਨ ਲੋਚੀ ਦੀਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ**

*ਗੁਰਦੀਪ ਸਿੰਘ ਸੈਣੀ ਦੀਆਂ ਗ਼ਜ਼ਲਾਂ ਵਿਚ ਪੰਜਾਬ ਦੇ ਆਮ ਲੋਕਾਂ ਦੇ ਮਸਲਿਆਂ ਦੇ ਨਾਲ਼-ਨਾਲ਼ ਦੁਨੀਆ ਭਰ ਦੇ ਕਿਰਤੀਆਂ, ਕਿਸਾਨਾਂ, ਕਾਮਿਆਂ ਦੀਆਂ ਲੋੜਾਂ, ਥੁੜ੍ਹਾਂ ਦਾ ਜ਼ਿਕਰ ਤੇ ਫ਼ਿਕਰ ਹੈ।ਬੜੀ ਹੀ ਸਾਦਗੀ ਤੇ ਸਰਲਤਾ ਨਾਲ਼ ਉਹ ਵੱਡੀ ਤੋਂ ਵੱਡੀ ਗੱਲ ਵੀ ਆਸਾਨੀ ਨਾਲ਼ ਸ਼ਿਅਰਾਂ ਵਿਚ ਢਾਲ ਲੈਂਦਾ ਹੈ।ਉਸ ਦੇ ਗ਼ਜ਼ਲ ਸੰਗ੍ਰਹਿ 'ਔੜ ਤੇ ਬਰਸਾਤ' ਨੇ ਉਸ ਦਾ ਸਾਹਿਤਕ ਘੇਰਾ ਹੋਰ ਵੀ ਵਿਸ਼ਾਲ ਕਰ ਦਿੱਤਾ ਹੈ।ਪੰਜਾਬੀ ਦਾ ਇਹ ਪ੍ਰੌਢ ਗ਼ਜ਼ਲਗੋ ਆਉਣ ਵਾਲੇ ਸਮੇਂ 'ਚ ਵੱਡਾ ਸ਼ਾਇਰ ਸਾਬਿਤ ਹੋਵੇਗਾ, ਅਜਿਹਾ ਉਸ ਦੀ ਸ਼ਾਇਰੀ ਪੜ੍ਹ-ਸੁਣ ਕੇ ਸਹਿਜੇ ਹੀ ਕਿਹਾ ਜਾ ਸਕਦਾ ਹੈ।*

*— ਜਗਦੀਸ਼ ਰਾਣਾ*

# ਗੁਰਦੀਪ ਸਿੰਘ ਸੈਣੀ ਦੀਆਂ ਗ਼ਜ਼ਲਾਂ



ਗ਼ਜ਼ਲ ਮੇਰੀ 'ਚੋਂ ਜਦ ਤੱਕ ਸਕਤਿਆਂ ਦਾ ਫ਼ਰਕ ਨਈਂ ਜਾਂਦਾ।
ਮੇਰਾ ਹਰ ਸ਼ਿਅਰ ਮੁੜ-ਮੁੜ ਵਾਚਣੇ ਦਾ ਠਰਕ ਨਈਂ ਜਾਂਦਾ।

ਬਣਾਉਟੀ ਫੁੱਲ ਦੇ ਵਰਗੀ ਹੈ ਰਹਿੰਦੀ ਸ਼ਿਅਰ ਦੀ ਹਾਲਤ,
ਕਿਸੇ ਵੀ ਖ਼ਿਆਲ ਦਾ ਕੱਢਿਆ ਜਦੋਂ ਤੱਕ ਅਰਕ ਨਈਂ ਜਾਂਦਾ।

ਗ਼ਜ਼ਲ ਦਾ ਹੋ ਨਹੀਂ ਸਕਦਾ ਉਹ ਹਾਸਿਲ ਸ਼ਿਅਰ ਹਰਗਿਜ਼ ਹੀ,
ਜਦੋਂ ਤੱਕ ਮਿਸਰਿਆਂ ਵਿਚ ਉਸ ਦੇ ਪਾਇਆ ਤਰਕ ਨਈਂ ਜਾਂਦਾ।

ਦਿਲਾਂ ਦੀ ਖਿੱਚ ਢਿੱਲੀ ਪੈਣ ਲੱਗੇ ਤਾਂ ਵਜ੍ਹਾ ਬਣਦੀ,
ਕਿਸੇ ਦਾ ਹੱਥ ਕਿਸੇ ਦੇ ਹੱਥ 'ਚੋਂ ਐਵੇਂ ਸਰਕ ਨਈਂ ਜਾਂਦਾ।

ਜਿਨ੍ਹਾਂ ਕੋਲ਼ੋਂ ਕਿਸੇ ਦੀ ਵੀ ਖ਼ੁਸ਼ੀ ਦੇਖੀ ਨਹੀਂ ਜਾਂਦੀ,
ਉਨ੍ਹਾਂ ਦੀ ਜ਼ਿੰਦਗੀ ਵਿੱਚੋਂ ਗ਼ਮੀਂ ਦਾ ਨਰਕ ਨਈਂ ਜਾਂਦਾ।

ਦੁਬਾਰਾ ਗਰਮ ਕੀਤੀ ਚਾਹ ਤੇ ਟੁੱਟ ਕੇ ਮੁੜ ਜੁੜੇ ਰਿਸ਼ਤੇ,
ਨਹੀਂ ਪਹਿਲਾਂ ਜਿਹੇ ਰਹਿੰਦੇ ਇਨ੍ਹਾਂ 'ਚੋਂ ਫ਼ਰਕ ਨਈਂ ਜਾਂਦਾ।

ਹਰਿਕ ਦੇ ਬੇੜੀਆਂ ਦੇ ਵਿੱਚ ਉਹ ਪਾਉਂਦੇ ਰਹਿਣਗੇ ਵੱਟੇ,
ਜਦੋਂ ਤੱਕ ਖ਼ੁਦ ਰਕੀਬਾਂ ਦਾ ਹੀ ਬੇੜਾ ਗ਼ਰਕ ਨਈਂ ਜਾਂਦਾ।

(2)

ਸ਼ਿਅਰ ਨੇ ਮੇਰੇ ਸ਼ੋਰ ਨਾ ਸਮਝੀਂ।
ਰਮਜ਼ਾਂ ਨੇ ਕੁਝ ਹੋਰ ਨਾ ਸਮਝੀਂ।

ਚੋਟ ਇਨ੍ਹਾਂ ਦੀ ਪਾੜੇ ਪੱਥਰ,
ਸ਼ਬਦਾਂ ਨੂੰ ਕਮਜ਼ੋਰ ਨਾ ਸਮਝੀਂ।

ਆਰ ਸਿਤਮ ਦੀ ਲਾਈ ਰੱਖਦੈਂ,
ਦਿਲ ਹੈ ਮੇਰਾ, ਢੋਰ ਨਾ ਸਮਝੀਂ।

ਹੱਥ ਵਸ ਤੇਰੇ ਉਡਣਾ ਏ ਬਸ,
ਹੱਥ ਵਿੱਚ ਆਪਣੇ ਡੋਰ ਨਾ ਸਮਝੀਂ।

ਖੋਹ ਖਿੱਚ ਲੈਣਾ, ਖ਼ਿਆਲ ਫਿਜ਼ਾ 'ਚੋਂ,
ਸ਼ਾਇਰ ਹਾਂ ਮੈਂ ਚੋਰ ਨਾ ਸਮਝੀਂ।

ਪੈਸੇ ਅੱਗੇ ਪਾਉਣ ਜੋ ਪੈਲਾਂ,
ਚਮਚੇ ਨੇ ਸਭ ਮੋਰ ਨਾ ਸਮਝੀਂ।

ਹੋਰ ਨਸ਼ੇ ਕੀ ? ਜ਼ਹਿਰ ਨੇ ਮਿੱਠਾ,
ਮੌਤ ਏ ਤੇਰੀ ਲੋਰ ਨਾ ਸਮਝੀਂ।

ਲੁੱਟ ਦੇ ਮਾਲ 'ਤੇ ਸ਼ਾਨੋ-ਸ਼ੌਕਤ,
ਹਨੇਰਾ ਹੈ ਲਿਸ਼ਕੋਰ ਨਾ ਸਮਝੀਂ।

(3)

ਡੋਲਦਾ ਜੀਵਨ 'ਚ ਜਦ ਅਪਣਾ ਮੈਂ ਜੇਰਾ ਵੇਖਿਆ ਸੀ।
ਠੋਕਰਾਂ ਵਿਚ ਮੰਜ਼ਲਾਂ ਦਾ ਰਾਹ-ਦਸੇਰਾ ਵੇਖਿਆ ਸੀ।

ਰੌਸ਼ਨੀ ਵੀ ਦੇਰ ਤੱਕ ਖਾਂਦੀ ਰਹੀ ਅੱਖਾਂ ਨੂੰ ਮੇਰੇ,
ਇਸ ਕਦਰ ਜੀਵਨ 'ਚ ਅਪਣੇ ਮੈਂ ਹਨੇਰਾ ਵੇਖਿਆ ਸੀ।

ਕਾਲ਼ੇ ਜਾਦੂ ਵਾਂਗ ਦਿਲ 'ਤੇ ਝੱਟ ਅਸਰ ਉਸ ਨੇ ਸੀ ਕੀਤਾ,
ਮੁਸਕਰਾ ਕੇ ਦਿਲ ਨੂੰ ਲੁੱਟਦਾ ਇਕ ਲੁਟੇਰਾ ਵੇਖਿਆ ਸੀ।

ਇਸ਼ਕ ਵਿਚ ਪਹਿਲਾਂ ਕਰਾਏ ਸਨ ਖ਼ਸਾਰੇ ਰੱਜ ਕੇ ਮੈਂ,
ਤਾਂ ਕਿਤੇ ਦਿਲ ਨੇ ਮੇਰੇ ਖ਼ੁਸ਼ੀਆਂ ਦਾ ਡੇਰਾ ਵੇਖਿਆ ਸੀ।

ਭੁੱਖ ਦੀ ਸੀ ਅੱਗ ਦੇ ਵਿੱਚ ਵਿਲ੍ਹਕਦਾ ਪਰਵਾਰ ਜਿਸ ਦਾ,
ਮੀਨ ਵਾਂਗੂੰ ਤੜਫ਼ਦਾ ਮੈਂ ਇਕ ਮਛੇਰਾ ਵੇਖਿਆ ਸੀ।

ਖ਼ੁਦ ਨੂੰ ਹੀ ਝੂਠੀ ਤਸੱਲੀ ਦੇ ਕੇ ਮੈਂ ਸਮਝਾ ਲਿਆ ਫਿਰ,
ਸੱਚ ਸੁਣ ਕੇ ਜਦ ਬਦਲਦਾ ਰੰਗ ਤੇਰਾ ਵੇਖਿਆ ਸੀ।

ਪੀੜ ਹੈ ਤੇਰੀ ਜਫ਼ਾ ਦੀ, ਹੈ ਬੜਾ ਆਰਾਮ ਇਸ ਵਿੱਚ,
ਉਂਝ ਮੈਂ ਬੇਹਾਲ ਕਰਦਾ ਗ਼ਮ ਬਥੇਰਾ ਵੇਖਿਆ ਸੀ।

(4)

ਜਿਸ ਦੇ ਗ਼ਮ ਵਿਚ ਖੱਡ ਵਹਾਈ ਨੀਰਾਂ ਦੀ।
ਉਸ ਦੀ ਫ਼ਿਤਰਤ ਨਿਕਲ਼ੀ ਖਿੱਦੋ ਲੀਰਾਂ ਦੀ।

ਕਿਸਮਤ ਦੇ ਹੁਣ ਰੋਣੇ-ਧੋਣੇ ਛੱਡ ਪਰ੍ਹੇ,
ਹਿੰਮਤ ਅੱਗੇ ਹਸਤੀ ਕੀ ਤਕਦੀਰਾਂ ਦੀ।

ਖ਼ਾਕ 'ਚ ਰੋਲਣ ਦੇ ਮਨਸੂਬੇ ਘੜਦੀ ਏ,
ਅਣਖ ਗ਼ਰੀਬਾਂ ਦੀ ਨੂੰ ਮੱਤ ਅਮੀਰਾਂ ਦੀ।

ਉਸ ਦੇ ਨੈਣੋਂ ਸ਼ਿਕਵੇ ਬਣ ਕੇ ਨਿਕਲ਼ੇ ਜੋ,
ਮੇਰਾ ਦਿਲ ਸੀ ਮੰਜ਼ਲ ਉਹਨਾਂ ਤੀਰਾਂ ਦੀ।

ਅੱਜ ਕਰੀ ਜਾਂਦੀ ਹੈ ਜ਼ਿਹਨ 'ਚ ਘਰ ਆਪਣਾ,
ਕੱਲ੍ਹ ਗ਼ੁਲਾਮੀ ਜਿਹੜੀ ਸੀ ਜ਼ੰਜੀਰਾਂ ਦੀ।

ਜਨਤਾ ਵਿਚ ਜਿੰਨੀ ਅਨਪੜ੍ਹਤਾ ਹੋਣੀ ਏਂ,
ਓਨੀ ਲੱਗੀ ਰਹਿਣੀ ਮੌਜ ਵਜ਼ੀਰਾਂ ਦੀ।

ਕਿਹੜਾ ਮੂੰਹ ਲੈ ਕੇ ਰੱਬ ਅੱਗੇ ਜਾਏਂਗਾ,
ਖੁੱਲ੍ਹੀ ਤੇਰੀ ਪੰਡ ਜਦੋਂ ਤਕਸੀਰਾਂ ਦੀ।

ਲੋੜ ਪਈ ਅੱਜ ਓਹੀ ਪਿੱਠ ਵਿਖਾ ਨਿਕਲ਼ੇ,
ਸ਼ਾਨ ਵਧਾਉਂਦੇ ਸੀ ਜੋ ਕੱਲ੍ਹ ਤਸਵੀਰਾਂ ਦੀ।

ਪਾੜ ਦਿਲਾਂ ਵਿਚ ਪਾ ਕੇ ਅੱਜ ਸਿਆਸਤ ਨੇ,
ਦੁਨੀਆ ਕਰ ਦਿੱਤੀ ਮੁਹਤਾਜ ਲਕੀਰਾਂ ਦੀ।

(5)

ਮੇਰਾ ਖ਼ੁਦਾ ਖ਼ੁਦਾ ਹੈ ਪਰ, ਤੇਰਾ ਖ਼ੁਦਾ, ਖ਼ੁਦਾ ਨਹੀਂ।
ਇਹ ਫ਼ਲਸਫ਼ਾ ਹੈ ਕਾਫ਼ਿਰਾਂ ਦਾ, ਰੱਬ ਦੀ ਇਹ ਰਜ਼ਾ ਨਹੀਂ।

ਤੇਰੇ ਨਗਰ 'ਚ ਦੀਨ ਧਰਮ ਕਾਗ਼ਜ਼ੀ ਹੈ ਸਭ ਦਾ ਹੀ,
ਕਹਾਣੀਆਂ ਵਫ਼ਾ ਦੀਆਂ, ਦਿਲਾਂ 'ਚ ਪਰ ਵਫ਼ਾ ਨਹੀਂ।

ਗਿਲੇ-ਗੁਮਾਨ ਮੌਸਮਾਂ 'ਚ ਜ਼ਹਿਰ ਬਣ ਕੇ ਘੁਲ਼ ਗਏ,
ਜਿਦ੍ਹੇ 'ਚ ਪਿਆਰ ਸਾਹ ਲਵੇ ਦਿਲਾਂ 'ਚ ਹੁਣ ਹਵਾ ਨਹੀਂ।

ਦਿਲੋਂ ਨਿਕਲ਼ ਕੇ ਮੈਂ ਕਿਸੇ ਦੀ ਰੂਹ ਦੀ ਹਾਂ ਤਲਾਸ਼ ਵਿਚ,
ਕਿਸੇ ਦੇ ਤਨ-ਬਦਨ ਲਈ ਰੁਲ਼ਾਂ ਉਹ ਵਲਵਲਾ ਨਹੀਂ।

ਜ਼ਹੀਨ ਤਾਂ ਹਰਿਕ ਹੀ ਸ਼ਖ਼ਸ ਹੈ ਤੇਰੇ ਨਗਰ ਦਾ ਪਰ,
ਜ਼ਮੀਰ ਨਾਂ ਦੀ ਸ਼ੈਅ ਕਿਸੇ 'ਚ ਹੈ ਕਿ ਨਈਂ ਪਤਾ ਨਹੀਂ।

ਜੇ ਇਸ਼ਕ ਹੈ ਨਾ ਤਿਲਮਿਲਾ, ਖ਼ਸਾਰਿਆਂ ਨੂੰ ਹੱਸ ਹੰਢਾਅ,
ਵਫ਼ਾ ਨੂੰ ਲਾ ਕੇ ਚਿਤ ਨਿਭਾਅ ਇਹ ਫ਼ਰਜ਼ ਹੈ ਸਜ਼ਾ ਨਹੀਂ।

ਮਨਾਉਣ ਦਾ ਰਿਵਾਜ ਰਿਸ਼ਤਿਆਂ 'ਚ ਖ਼ਤਮ ਹੋ ਗਿਆ,
ਕਿਸੇ ਦੇ ਨਾਲ਼ ਹੁਣ ਖ਼ਫ਼ਾ ਵੀ ਹੋਣ ਵਿਚ ਮਜ਼ਾ ਨਹੀਂ।

ਬੁਰਾ ਸਹੀ ਖਰਾ ਸਹੀ, ਮੇਰਾ ਸੁਭਾਅ ਹੈ ਬਸ ਇਹੀ,
ਬੁਰੇ ਲਈ ਖਰਾ ਨਹੀਂ, ਖਰੇ ਲਈ ਬੁਰਾ ਨਹੀਂ।

6

ਨਾ ਸਾਡੀ ਜਾਨ ਹੀ ਮੁੱਕੀ, ਨਾ ਤੇਰੇ ਤੌਖ਼ਲੇ ਮੁੱਕੇ।
ਨਾ ਬੇਚੈਨੀ ਗਈ ਸਾਡੀ, ਨਾ ਗ਼ੈਰਾਂ ਦੇ ਮਜ਼ੇ ਮੁੱਕੇ।

ਤੇਰੇ ਟੁਰ ਜਾਣ ਮਗਰੋਂ ਦਿਨ, ਮਹੀਨੇ, ਸਾਲ ਮੁੱਕੇ ਪਰ,
ਨਹੀਂ ਇਸ ਦਿਲ 'ਚੋਂ ਯਾਦਾਂ ਤੇਰੀਆਂ ਦੇ ਸਿਲਸਿਲੇ ਮੁੱਕੇ।

ਮੇਰਾ ਦਿਲ ਫੋਲ ਕੇ ਤੈਨੂੰ ਇਦ੍ਹੇ 'ਚੋਂ ਕੀ ਮਿਲ਼ੇਗਾ ਦੱਸ ?
ਦੱਬੇ ਅਰਮਾਨ ਹੀ ਤਾਂ ਨੇ ਮੁਹੱਬਤ ਦੇ ਮਰੇ ਮੁੱਕੇ।

ਜਿਨ੍ਹਾਂ ਦੇ ਮਨ 'ਚੋਂ ਹੋਰਾਂ ਦੇ ਨਾ ਸੁੱਖਾਂ ਦੀ ਜਲਨ ਮੁੱਕੀ,
ਉਨ੍ਹਾਂ ਦੇ ਸੁੱਖ ਦੇ ਰਾਹਾਂ 'ਚੋਂ ਕਦੀ ਨਾ ਰੋੜਕੇ ਮੁੱਕੇ।

ਅਦਬ ਦਾ ਵੀ ਨਾ ਹੋ ਜਾਵੇ ਸਿਆਸੀਕਰਨ ਡਰਦਾ ਹਾਂ,
ਅਗਰ ਜਲਦੀ ਹੀ ਨਾ ਸਾਹਿਤ ਦੀ ਦੁਨੀਆ 'ਚੋਂ ਧੜੇ ਮੁੱਕੇ।

## ਸਫ਼ਾ 3 ਦੀ ਬਾਕੀ — ਮਾਨਵਵਾਦੀ ਚਿੰਤਨ ਸ਼ੈਲੀ...

ਵਾਲਿਆਂ ਦੀ ਈਨ ਮੰਨਣ ਤੋਂ ਇਨਕਾਰੀ ਹੋ ਗਏ। ਨਾਵਲ ਅੰਸ਼ ਵੇਖੋ, ਸਰਦ ਰੁੱਤ 'ਚ ਕੰਮੀਆਂ ਦੀਆਂ ਭੜੋਲੀਆਂ ਵਿੱਚੋਂ ਦਾਣੇ ਮੁੱਕ ਜਾਂਦੇ। ਹੁਣ ਉਹ ਪਹਿਲਾਂ ਵਾਂਗ ਨਿਰਾਸ਼ ਨਾ ਹੁੰਦੇ। ਨਗੀਨਾ ਮੱਲ ਉਹਨਾਂ ਲਈ ਆਸ ਦੀ ਕਿਰਨ ਸੀ। ਉਹ ਮਲੂਹੇ ਪਿੰਡ ਵਿੱਚ ਲੋੜਵੰਦਾਂ ਨੂੰ ਕਣਕ ਦਿੰਦਾ। ਅਪ੍ਰੈਲ ਮਹੀਨੇ ਕੰਮੀਂ ਟੱਬਰ-ਟੀਰ ਨਾਲ਼ ਲੱਗ ਕੇ ਹਿੱਸੇ 'ਤੇ ਕਣਕ ਵੱਢਦੇ। ਅੱਠ-ਦਸ ਮਣ ਜੋ ਹੁੰਦੀ, ਉਹ ਡੂਢੀ ਜਾਂ ਸਵਾਈ 'ਚ ਨਗੀਨਾ ਲੈ ਜਾਂਦਾ। ਮਲੂਹੇ ਪਿੰਡ ਤੋਂ ਸ਼ੁਰੂ ਹੋਇਆ ਡੂਢੀ ਸਵਾਈ ਦਾ ਧੰਦਾ ਨੇੜਲੇ ਪਿੰਡਾਂ ਤੱਕ ਵੀ ਫੈਲ ਗਿਆ। ਦੂਜੇ ਪਾਸੇ ਇਹ ਕਾਲਾ ਦੌਰ ਲੰਘ ਜਾਣ ਤੋਂ ਬਾਅਦ ਪੁਲਸ ਤੋਂ ਬਰੀ ਹੋ ਕੇ ਜਦੋਂ ਕਿਰਪਾਲਾ ਆਪਣੇ ਪਿੰਡ ਵਾਪਸ ਆਉਂਦਾ ਹੈ ਤਾਂ ਪਹਿਲਾਂ-ਪਹਿਲ ਤਾਂ ਪਿੰਡ ਵਿੱਚ ਸਾਰੇ ਉਸ ਤੋਂ ਡਰਦੇ ਹਨ, ਪਰ ਹੌਲੀ-ਹੌਲੀ ਉਸ ਦੀਆਂ ਪੁਰਾਣੀਆਂ ਫਿੱਕੀਆਂ ਪੈਣ ਲੱਗਦੀਆਂ ਹਨ। ਉਹ ਪਿੰਡ ਵਾਸੀਆਂ ਨਾਲ਼ ਰਚਣ-ਮਿਚਣ ਲੱਗਦਾ ਹੈ, ਪਰ ਅਸਲ ਵਿੱਚ ਉਹ ਇੱਥੇ ਵੀ ਕਿਸੇ ਵਿਉਂਤ ਹੇਠ ਹੀ ਕੰਮ ਕਰ ਰਿਹਾ ਹੁੰਦਾ ਹੈ। ਭੀਰੀ ਦੀ ਮਟੀ ਤੋਂ ਭੀਰੀ ਦਾ ਡੇਰਾ ਬਣਾਉਣ ਦੀ ਕਾਰਵਾਈ ਅਸਲ ਵਿੱਚ ਨਵਾਂ ਕਮਾਈ ਦਾ ਢੰਗ ਹੀ ਹੁੰਦਾ ਹੈ।

ਅੰਤ ਵਿੱਚ ਇਹ ਨਾਵਲ ਅਜ਼ੀਜ਼ ਸਰੋਏ ਨੂੰ ਇਕ ਬਾਹੁਨਰ ਨਾਵਲਕਾਰ ਸਿੱਧ ਕਰਦਾ ਹੈ, ਜੋ ਪੇਂਡੂ ਸਮਾਜ ਦੀ ਪੇਸ਼ਕਾਰੀ ਵਾਸਤਵਿਕ ਪਾਤਰਾਂ ਅਤੇ ਯਥਾਰਥਕ ਬਿਰਤਾਂਤ ਨਾਲ਼ ਕਰਦਾ ਹੈ। ਨਾਵਲਕਾਰ ਇਸ ਸਮਾਜ ਦੇ ਰਾਜਨੀਤਕ, ਧਾਰਮਿਕ ਅਤੇ ਆਰਥਿਕ ਸਿਸਟਮ ਨੂੰ ਬਹੁਤ ਕਲਾਤਮਿਕ ਢੰਗ ਨਾਲ਼ ਬਿਆਨ ਕਰਨ ਦਾ ਹੁਨਰ ਰੱਖਦਾ ਹੈ ਅਤੇ ਉਸ ਦੀ ਮਾਨਵਵਾਦੀ ਚਿੰਤਨ ਸ਼ੈਲੀ ਉਸ ਨੂੰ ਵਿਲੱਖਣ ਵੀ ਸਿੱਧ ਕਰਦੀ ਹੈ। ਸਭ ਤੋਂ ਉਪਰ ਉਹ ਸੰਵਾਦ ਕਲਾ ਹੈ, ਜਿਸ ਨਾਲ਼ ਪਾਠਕ ਨਸ਼ਿਆਇਆ ਮਹਿਸੂਸ ਕਰਦਾ ਹੈ।

## ਸਫ਼ਾ 1 ਦੀ ਬਾਕੀ — ਵਿਕਾਸ ਲਈ ਕਿਹੜਾ ਰਸਤਾ ਤਾਨਾਸ਼ਾਹੀ...

ਅਜੀਬ ਲੱਗੇਗਾ ਕਿ ਚੀਨ ਦੇ ਗੈਰ-ਕੁਦਰਤੀ ਵਿਕਾਸ ਦੇ ਬਾਵਜੂਦ ਇਸ ਦਾ ਸਟਾਕ ਬਾਜ਼ਾਰ ਦੁਨੀਆ ਵਿਚ ਸਭ ਤੋਂ ਮਾੜਾ ਗਿਣਿਆ ਜਾਂਦਾ ਹੈ।" ਉਹ ਕਹਿੰਦੀ ਹੈ। ਚੀਨ ਦੀ ਸਰਕਾਰ ਕੁਲ ਘਰੇਲੂ ਉਤਪਾਦਨ ਦੇ ਅੰਕੜੇ ਇਕੱਠੇ ਕਰਨ ਵੇਲੇ ਦੇਸ਼ ਦੇ ਨਾਗਰਿਕਾਂ ਦੀ ਸੰਤੁਸ਼ਟੀ ਅਤੇ ਵਾਤਾਵਰਣ ਦੀ ਸੁਰੱਖਿਆ ਦੇ ਮੁੱਦਿਆਂ ਨੂੰ ਨਾਲ ਜੋੜਦੀ ਹੈ ਤਾਂ ਕਿ ਸਰਕਾਰ ਦੇ ਆਪਣੇ ਅਤੇ ਸਥਾਨਕ ਸਰਕਾਰਾਂ ਦੇ ਪ੍ਰਦਰਸ਼ਨ ਦਾ ਲੇਖਾ-ਜੋਖਾ ਕੀਤਾ ਜਾ ਸਕੇ। ਸੰਨ 2000 ਤੋਂ ਲੈ ਕੇ 2019 ਦਰਮਿਆਨ ਨਿੱਜੀ ਖੇਤਰ ਦੀਆਂ ਫਰਮਾਂ ਦੀ ਗਿਣਤੀ ਨੌਂ ਗੁਣਾ ਵਧੀ ਹੈ । ਇਹ ਗਿਣਤੀ ਅਮਰੀਕਾ ਤੋਂ ਵੀ ਜ਼ਿਆਦਾ ਹੋ ਗਈ ਹੈ, ਪਰ ਕਿਊ ਜਿਨ ਦਾ ਕਹਿਣਾ ਹੈ, ਸਭ ਤੋਂ ਹੈਰਾਨ ਕਰਨ ਵਾਲਾ ਤੱਥ ਇਹ ਹੈ ਨਿੱਜੀ ਮਾਲਕ ਜਿਨ੍ਹਾਂ ਦਾ ਸਰਕਾਰ ਨਾਲ ਸੰਬੰਧ ਹੈ, ਉਹ ਇਨ੍ਹਾਂ ਫਰਮਾਂ ਦੇ ਕੁਲ ਸਰਮਾਏ ਦੇ ਤੀਜੇ ਹਿੱਸੇ ਦੇ ਮਾਲਕ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਨਿੱਜੀ ਵਪਾਰਕ ਅਦਾਰਿਆਂ ਅਤੇ ਸਰਕਾਰ ਦਰਮਿਆਨ ਮਲਕੀਅਤ ਦੀਆਂ ਵਿਆਪਕ ਸਾਂਝੇਦਾਰੀਆਂ ਹਨ। "ਸਰਕਾਰ ਨੇ ਜਨਤਕ ਖੇਤਰ ਦੇ ਅਦਾਰਿਆਂ ਦੀ ਗਿਣਤੀ ਘਟਾ ਦਿੱਤੀ ਹੈ, ਪਰ ਨਿੱਜੀ ਕੰਪਨੀਆਂ ਲਈ ਸਮਾਜਿਕ ਜ਼ਰੂਰਤਾਂ ਦੀ ਪੂਰਤੀ ਵੱਲ ਧਿਆਨ ਦੇਣਾ ਜ਼ਰੂਰੀ ਹੈ । ਜਿਹਨਾਂ ਜ਼ਮੀਨੀ ਜਾਇਦਾਦ ਜਾਂ ਟੈਕਨੀਕਲ ਨਾਲ ਸੰਬੰਧਤ ਵੱਡੇ ਵਪਾਰਕ ਅਦਾਰਿਆਂ ਨੇ ਸਮਾਜਵਾਦੀ ਰਸਤੇ ਨੂੰ ਨਜ਼ਰਅੰਦਾਜ਼ ਕੀਤਾ, ਉਹਨਾਂ ਨੂੰ ਔਕਾਤ ਦਿਖਾ ਦਿੱਤੀ ਗਈ ਹੈ । ਜਨਤਕ ਸ਼ਕਤੀ-ਚੀਨ ਦੇ ਸ਼ਾਸਨ-ਤੰਤਰ ਦੇ ਤਿੰਨ ਵਿਸ਼ੇਸ਼ ਪੱਖ ਹਨ। ਚੀਨ ਦੇ ਇਤਿਹਾਸ ਵਿਚ ਰਜਵਾੜਾ-ਸ਼ਾਹੀ ਤੋਂ ਲੈ ਕੇ ਹੀ ਸਮਾਜਿਕ ਭਲਾਈ ਜਾਂ ਨਾਗਰਿਕਾਂ ਦੀ ਭਲਾਈ ਦਾ ਮੁੱਦਾ ਸ਼ਾਸਨਤੰਤਰ ਦੀਆਂ ਨੀਤੀਆਂ ਦਾ ਵਿਸ਼ੇਸ਼ ਅੰਗ ਰਿਹਾ ਹੈ । ਚੀਨ ਦੇ ਇਤਿਹਾਸ ਦਾ ਇਹ ਵਿਸ਼ੇਸ਼ ਪੱਖ ਰਾਜਿਆਂ ਤੋਂ ਲੈ ਕੇ ਕਮਿਊਨਿਸਟ ਰਾਜ ਤੱਕ ਹਮੇਸ਼ਾ ਰਿਹਾ ਹੈ । ਸ਼੍ਰੇਸ਼ਠ ਬਾਦਸ਼ਾਹ ਉਹ ਹੁੰਦਾ ਹੈ ਜੋ ਸਭ ਤੋਂ ਖਲਕਤ ਦਾ ਜ਼ਿਆਦਾ ਧਿਆਨ ਰੱਖਦਾ ਹੈ, ਨਾ ਕਿ ਉਹ ਜੋ ਸਭ ਤੋਂ ਜ਼ਿਆਦਾ ਜੰਗਾਂ ਜਿੱਤਦਾ ਹੈ । ਚੀਨ ਦਾ ਰਾਜਨੀਤਕ ਇਤਿਹਾਸਕਾਰ ਯੈਂਗ ਯੋਗੀਅਨ ਆਪਣੀ ਕਿਤਾਬ- Communist Party as Organisational Emperor -ਵਿਚ ਲਿਖਦਾ ਹੈ ਕਿ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਨੇ ਹਮੇਸ਼ਾ ਇਸ ਵਿਚਾਰ ਦੀ ਪੈਰਵੀ ਕੀਤੀ ਹੈ । ਕਿਊ ਜਿਨ ਆਪਣੀ ਕਿਤਾਬ ਚਾਈਨਾ ਪਲੇਅ ਬੁਕ ਵਿਚ ਵਿਸਥਾਰ ਨਾਲ ਬਿਆਨ ਕਰਦੀ ਹੈ ਕਿ ਇਸ ਸਮਾਜਿਕ ਭਲਾਈ ਦੇ ਸਿਧਾਂਤ ਪ੍ਰਤੀ ਪ੍ਰਤੀਬੱਧਤਾ ਨੇ ਕਿਵੇਂ ਕਮਿਊਨਿਸਟ ਪਾਰਟੀ ਦੀਆਂ ਸਮਾਜਿਕ, ਰਾਜਨੀਤਕ ਨੀਤੀਆਂ ਨੂੰ ਪ੍ਰਭਾਵਤ ਕੀਤਾ ਹੈ ਅਤੇ ਇਸੇ ਕਰਕੇ ਹੀ ਪਾਰਟੀ ਨੂੰ ਵਿਆਪਕ ਜਨਤਕ ਸਹਿਯੋਗ ਹਾਸਲ ਹੋਇਆ ਹੈ, 21ਵੀਂ ਸਦੀ ਵਿਚ ਜਨਮੇ ਜਵਾਨ ਲੋਕ ਵੀ ਪਾਰਟੀ ਦਾ ਪੂਰਾ ਸਮਰਥਨ ਕਰ ਰਹੇ ਹਨ। ਨੰਬਰ ਦੋ-ਚੀਨ ਵਿਚਲੀ ਪ੍ਰਸ਼ਾਸਨਕ ਵਿਵਸਥਾ ਬਹੁਤ ਜ਼ਿਆਦਾ ਵਿਕੇਂਦਰੀਕ੍ਰਿਤ ਹੈ। ਸਥਾਨਕ ਸਮਾਜਿਕ ਸਮੂਹ ਆਪਣੀਆਂ ਸਮੱਸਿਆਵਾਂ ਨੂੰ ਖੁਦ ਆਪਣੀ ਲੋੜ ਅਨੁਸਾਰ ਹੱਲ ਕਰਨ ਲਈ ਆਜ਼ਾਦ ਹਨ। ਲੋਕਲ ਪਾਰਟੀ ਮੈਂਬਰਾਂ ਦੀ ਪ੍ਰਤਿਭਾ ਦਾ ਮੁਲਾਂਕਣ ਸਥਾਨਕ ਨਾਗਰਿਕਾਂ ਦੀ ਸੰਤੁਸ਼ਟੀ ਉਪਰ ਨਿਰਭਰ ਕਰਦਾ ਹੈ ਕਿ ਉਹ ਹੋਈ ਪ੍ਰਗਤੀ ਤੋਂ ਕਿੰਨੇ ਕੁ ਖੁਸ਼ ਹਨ। ਚੀਨ ਦੀ ਸਦੀਆਂ ਪੁਰਾਣੀ ਕੰਨਫੂਸ਼ੀਅਨ ਰਵਾਇਤ ਨੂੰ ਕਾਇਮ ਰੱਖਦੇ ਹੋਏ ਸਟੇਟ-ਪਾਰਟੀ ਪ੍ਰਬੰਧ ਯੋਗਤਾ ਅਧਾਰਤ ਹੈ । ਸਾਰੇ ਪਾਰਟੀ ਜਾਂ ਸਟੇਟ ਦੇ ਉਪਰਲੇ ਅਹੁਦਿਆਂ ਉਪਰ ਪਹੁੰਚਣ ਵਾਲੇ ਵਿਅਕਤੀਆਂ ਨੂੰ ਹੇਠਲੇ ਪੱਧਰ 'ਤੇ ਆਪਣੀ ਕਾਬਲੀਅਤ ਸਾਬਤ ਕਰਨੀ ਹੁੰਦੀ ਹੈ। ਚੀਨ ਵਿਚ 'ਪੇਸ਼ਾਵਰ ਸਿਆਸਤਦਾਨ' ਨਹੀਂ ਹਨ । ਦੁਨੀਆ ਵਿਚਲੇ ਬਹੁਤ ਸਾਰੇ ਬਹੁ-ਪਾਰਟੀ ਲੋਕਤੰਤਰ ਵਾਲੇ ਦੇਸ਼ਾਂ ਵਿਚ ਆਮ ਲੋਕ ਆਪਣੇ ਰਾਜਸੀ ਨੇਤਾਵਾਂ ਤੋਂ ਅਵਾਜਾਰ ਹੋ ਰਹੇ ਹਨ, ਇੱਥੋਂ ਤੱਕ ਕਿ ਜਮਹੂਰੀ ਉਦਾਰਵਾਦੀ ਰਾਜਸੀ ਵਿਵਸਥਾ ਤੋਂ ਵੀ ਨਿਰਾਸ਼ ਹੋ ਰਹੇ ਹਨ। ਨੰਬਰ ਤਿੰਨ-ਚੀਨ ਦੇ ਰਾਜਸੀ ਚਿੰਤਕ, ਨੇਤਾ ਅਤੇ ਅਰਥਸ਼ਾਸਤਰੀ 'ਸਿਸਟਮਜ਼ ਥਿੰਕਰ' ਹਨ, ਯਾਨੀ ਉਹ ਆਰਥਿਕ ਵਿਵਸਥਾ ਨੂੰ ਪੂਰੀ ਪੇਚੀਦਾ ਸਮਾਜਿਕ ਵਿਵਸਥਾ ਦਾ ਇੱਕ ਭਾਗ ਸਮਝਦੇ ਹਨ । ਉਹਨਾਂ ਲਈ ਆਰਥਿਕ ਵਿਕਾਸ ਦਾ ਅਰਥ ਹੈ ਸਮਾਜਕ ਭਲਾਈ ਦੇ ਲਈ ਉਤਪਾਦਨ ਨੂੰ ਵਧਾਉਣਾ, ਖਾਸ ਕਰ ਸਮਾਜ ਦੇ ਹੇਠਲੇ ਪੱਧਰ 'ਤੇ ਬੈਠੇ ਲੋਕਾਂ ਨੂੰ ਉਪਰ ਚੁੱਕਣਾ । ਜਦ ਕਦੇ ਅਰਥ ਵਿਵਸਥਾ ਇਸ ਮਕਸਦ ਤੋਂ ਪਰ੍ਹੇ ਜਾਂਦੀ ਦਿਸਦੀ ਹੈ ਤਾਂ ਸੁਧਾਰ ਕਰਕੇ ਇਸ ਨੂੰ ਵਾਪਸ ਸਮਾਜਵਾਦੀ ਰਸਤੇ 'ਤੇ ਪਾਇਆ ਜਾਂਦਾ ਹੈ। ਭਾਰਤ ਇੱਕ ਵਚਿੱਤਰ ਦੇਸ਼ ਹੈ-1947 ਵਿਚ ਆਪਣੇ ਜਨਮ ਤੋਂ ਬਾਅਦ ਇਸ ਨੇ ਨਿਵੇਕਲਾ ਰਾਹ ਚੁਣਿਆ। ਵਿਕਾਸ ਦੇ ਲਈ ਇਸ ਨੇ ਲੋਕਤਾਂਤਰਕ ਰਾਹ ਅਖਤਿਆਰ ਕੀਤਾ। ਦੇਸ਼ ਅੰਦਰ ਅਤੇ ਬਾਹਰ ਵੀ ਵਿਦਵਾਨ ਚਿੰਤਤ ਸਨ ਕਿ ਅਜਿਹਾ ਵਿਲੱਖਣ, ਅਣਗਿਣਤ ਧਰਮਾਂ, ਭਾਸ਼ਾਵਾਂ, ਨਸਲਾਂ, ਕਬੀਲਿਆਂ ਦਾ ਇਹ ਦੇਸ਼ ਆਪਣੇ-ਆਪ ਨੂੰ ਇਕੱਠਿਆਂ ਰੱਖ ਸਕੇਗਾ? ਆਜ਼ਾਦ ਭਾਰਤ ਜਦ ਹੋਂਦ ਵਿਚ ਆਉਂਦਾ ਹੈ ਉਸ ਵਕਤ ਬਹੁਤ ਗਰੀਬ ਦੇਸ਼ ਸੀ। ਭਾਰਤ ਦੀ ਅਰਥ ਵਿਵਸਥਾ 18ਵੀਂ ਸਦੀ ਵਿਚ ਵਿਸ਼ਵ ਦੀ ਸਭ ਤੋਂ ਅਮੀਰ ਅਰਥ ਵਿਵਸਥਾ ਸੀ। ਬਸਤੀਵਾਦੀ ਸ਼ਾਸਕ ਭਾਰਤ ਦੀ ਬਹੁਤ ਸਾਰੀ ਦੌਲਤ ਲੁੱਟ ਕੇ ਆਪਣੇ ਦੇਸ਼ ਲੈ ਗਏ ਅਤੇ ਉਹਨਾਂ ਆਪਣੇ ਦੇਸ਼ਾਂ ਦੇ ਉਦਯੋਗਾਂ ਨੂੰ ਵਿਕਸਤ ਕਰ ਲਿਆ, ਇਸ ਪੈਸੇ ਦੇ ਨਾਲ ਉਹ ਬਸਤੀਵਾਦੀ ਜੰਗਾਂ ਲੜਦੇ ਰਹੇ। ਆਖੀਰ ਜਦ ਅੰਗਰੇਜ਼ ਭਾਰਤ ਨੂੰ ਭਾਰਤੀਆਂ ਦੇ ਹਵਾਲੇ ਕਰਕੇ ਗਏ, ਇਹ ਦੁਨੀਆ ਦੇ ਸਭ ਤੋਂ ਗਰੀਬ ਦੇਸ਼ਾਂ ਵਿਚੋਂ ਇੱਕ ਸੀ। ਕੁਝ ਅਰਥ ਸ਼ਾਸਤਰੀ ਸੋਚਦੇ ਹਨ ਕਿ ਲੋਕਤੰਤਰ ਤੋਂ ਪਹਿਲਾਂ ਆਰਥਿਕ ਵਿਕਾਸ ਹੋਣਾ ਚਾਹੀਦਾ ਹੈ । ਦੇਸ਼ ਵਿਚ ਵਿਕਾਸ ਦਾ ਮੁਢਲਾ ਢਾਂਚਾ ਉਸਾਰਨ ਦੇ ਲਈ ਤਾਨਾਸ਼ਾਹੀ ਪ੍ਰਸ਼ਾਸਨ ਚਲਾਉਣਾ ਚਾਹੀਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜਦ ਰਾਜ ਦੇ ਲੋਕਾਂ ਦਾ ਆਮਦਨ ਦਾ ਪੱਧਰ ਉੱਚਾ ਹੋ ਜਾਵੇਗਾ (ਪਰ ਉਨ੍ਹਾਂ ਨੂੰ ਇਹ ਗਿਆਨ ਨਹੀਂ ਹੈ ਕਿ ਆਮਦਨ ਦਾ ਉੱਚਾ ਪੱਧਰ ਹੈ ਕਿਹੜਾ) ਤਾਂ ਲੋਕਤੰਤਰ ਆਪਣੇ ਆਪ ਹੀ ਪੈਦਾ ਹੋ ਜਾਵੇਗਾ, ਪਰ ਇਤਿਹਾਸ ਕੁਝ ਹੋਰ ਕਹਿੰਦਾ ਹੈ-70 ਸਾਲ ਪਹਿਲਾਂ ਚੀਨ ਵੀ ਭਾਰਤ ਵਰਗਾ ਗਰੀਬ ਦੇਸ਼ ਸੀ। ਹੁਣ ਚੀਨ ਦਾ ਅਰਥਚਾਰਾ ਭਾਰਤ ਤੋਂ ਪੰਜ ਗੁਣਾ ਹੈ । ਇਹ ਇਸ ਵਿਚਾਰ ਦੀ ਗਵਾਹੀ ਭਰਦਾ ਹੈ ਕਿ ਵਿਕਾਸ ਤੋਂ ਪਹਿਲਾਂ ਡਿਕਟੇਟਰਸ਼ਿਪ ਹੋਣੀ ਚਾਹੀਦੀ ਹੈ, ਪਰ ਇਸ ਸਿਧਾਂਤ ਦਾ ਪੱਖ ਨਹੀਂ ਪੂਰਦਾ ਕਿ ਪੱਛਮੀ ਤਰਜ਼ ਦੀ ਜਮਹੂਰੀਅਤ ਵਿਕਾਸ ਦੇ ਬਾਅਦ ਆਪਣੇ ਆਪ ਆ ਜਾਵੇਗੀ । ਉਲਟਾ ਇਹ ਵਰਤਾਰਾ ਦੇਖਣ ਨੂੰ ਮਿਲ ਰਿਹਾ ਹੈ ਕਿ ਵਿਕਸਤ ਪੱਛਮ ਵਿਚ ਲੋਕਤੰਤਰ ਵੀ ਤਾਨਾਸ਼ਾਹੀ ਵੱਲ ਵਧ ਰਿਹਾ ਹੈ। ਭਾਰਤ ਨੇ ਆਪਣਾ ਰਸਤਾ ਆਪ ਚੁਣਨਾ ਹੈ-ਜਦ ਮੈਂ ਯੋਜਨਾ ਕਮਿਸ਼ਨ ਵਿਚ ਦਾਖਲ ਹੋਇਆ ਸੀ ਤਾਂ ਮੇਰੀ ਜ਼ਿੰਮੇਵਾਰੀ ਦੇਸ਼ ਦੇ ਉਦਯੋਗ ਅਤੇ ਰੁਜ਼ਗਾਰ ਦੇ ਵਿਕਾਸ ਨੂੰ ਤੇਜ਼ ਕਰਨ ਦੇ ਢੰਗ ਤਰੀਕੇ ਤਲਾਸ਼ਣ ਦੀ ਸੀ। ਅੱਜ ਤੋਂ 50 ਸਾਲ ਪਹਿਲਾਂ ਇਕੋ ਪੱਧਰ ਤੋਂ ਸ਼ੁਰੂ ਕਰਦਿਆਂ ਚੀਨ ਦੇ ਯੋਜਨਾਕਾਰਾਂ ਨੇ ਭਾਰਤ ਤੋਂ ਬਹੁਤ ਬਿਹਤਰ ਕੰਮ ਕੀਤਾ ਹੈ। ਚੀਨ ਦੀ ਜੀ ਡੀ ਪੀ ਅਤੇ ਪ੍ਰਤੀ ਵਿਅਕਤੀ ਆਮਦਨ ਭਾਰਤ ਤੋਂ ਪੰਜ ਗੁਣਾ ਜ਼ਿਆਦਾ ਹੈ । ਪੱਛਮ ਦੇ ਇੱਕ ਇਕਨਾਮਿਕ ਮੈਗਜ਼ੀਨ ਨੇ ਮੈਨੂੰ ਚੀਨ ਦੇ ਅਰਥ-ਸ਼ਾਸਤਰੀ ਨਾਲ ਸੰਵਾਦ ਲਈ ਬੁਲਾਇਆ ਸੀ। ਵਿਸ਼ਾ ਸੀ-ਆਰਥਿਕ ਵਿਕਾਸ ਦੇ ਲਈ ਕੀ ਪਹਿਲਾਂ ਤਾਨਾਸ਼ਾਹੀ ਜ਼ਰੂਰੀ ਹੈ? ਬਹਿਸ ਦੇ ਮੇਜ਼ਬਾਨ ਨੇ ਭਾਰਤ ਅਤੇ ਚੀਨ ਦੇ ਆਰਥਿਕ ਵਿਕਾਸ ਦੀ ਤੁਲਨਾ ਕੀਤੀ । ਉਸ ਦਾ ਪਹਿਲਾ ਸਵਾਲ ਸੀ-ਕੀ ਆਜ਼ਾਦੀ ਤੋਂ ਬਾਅਦ ਭਾਰਤ ਨੇ ਬਹੁ ਪਾਰਟੀ ਲੋਕਤੰਤਰ ਅਪਨਾ ਕੇ ਗਲਤੀ ਨਹੀਂ ਕੀਤੀ ? ਕੀ ਇਸ ਨੂੰ ਵੀ ਚੀਨ ਵਾਂਗ ਤਾਨਾਸ਼ਾਹੀ ਮਾਡਲ ਨਹੀਂ ਅਪਨਾ ਲੈਣਾ ਚਾਹੀਦਾ ਸੀ? ਮੈਂ ਅਜੇ ਜਵਾਬ ਦੇਣ ਦੀ ਤਿਆਰੀ ਹੀ ਕਰ ਰਿਹਾ ਸੀ ਕਿ ਮੇਰੇ ਚੀਨ ਦੇ ਮਿੱਤਰ ਨੇ ਮੇਜ਼ਬਾਨ ਨੂੰ ਕਿਹਾ, ਉਹ ਗਲਤ ਸਵਾਲ ਕਰ ਰਿਹਾ ਹੈ। ਭਾਰਤ ਅਤੇ ਚੀਨ ਦਾ ਸਫਰ ਕਦੇ ਸਮਾਨ ਨਹੀਂ ਹੋ ਸਕਦਾ ਅਤੇ ਇਨ੍ਹਾਂ ਦੋਹਾਂ ਦੀ ਤੁਲਨਾ ਵੀ ਨਹੀਂ ਕਰਨੀ ਚਾਹੀਦੀ। ਉਸ ਨੇ ਚੀਨ ਦੇ ਨੇਤਾ ਡੈਂਗ ਸ਼ੀਆਓਪਿੰਗ ਦੇ ਪ੍ਰਸਿੱਧ ਮੁਹਾਵਰੇ ਦਾ ਹਵਾਲਾ ਦਿੱਤਾ-ਆਰਥਿਕ ਵਿਕਾਸ ਦੀ ਪ੍ਰਕਿਰਿਆ ਤੂਫਾਨੀ ਨਦੀ ਪਾਰ ਕਰਨ ਦੀ ਉਸ ਪ੍ਰਕਿਰਿਆ ਵਾਂਗ ਹੈ ਜਦੋਂ ਅਸੀਂ ਨਦੀ ਵਿਚ ਲੰਘਦੇ ਵਕਤ ਪੈਰਾਂ ਨੂੰ ਪੱਥਰਾਂ ਦੀ ਚੁੱਭਣ ਮਹਿਸੂਸ ਕਰ ਰਹੇ ਹੁੰਦੇ ਹਾਂ। ਕੋਈ ਪੱਕਾ ਨਕਸ਼ਾ ਨਹੀਂ ਹੈ, ਜਿਸ ਅਨੁਸਾਰ ਅਸੀਂ ਚੱਲ ਸਕਦੇ ਹਾਂ। ਕਦਮ-ਕਦਮ 'ਤੇ ਹੌਲੀ-ਹੌਲੀ ਰਸਤਾ ਤਲਾਸ਼ ਕਰਨਾ ਹੈ। ਹਰ ਕਦਮ ਅਜਿਹਾ ਹੋਵੇ, ਜੋ ਨਵਾਂ ਕਦਮ ਪੁੱਟਣ ਲਈ ਉਤਸ਼ਾਹਤ ਕਰੇ । ਕਦੇ ਕੋਈ ਲੜਖੜਾ ਵੀ ਸਕਦਾ ਹੈ, ਸਾਨੂੰ ਰੁਕਣਾ ਵੀ ਪੈ ਸਕਦਾ ਹੈ। ਉਸ ਨੇ ਕਿਹਾ ਸੀ, ਵਿਕਾਸ ਕੰਮ ਕਰਦਿਆਂ ਹੋਇਆਂ ਤਜਰਬਾ ਕਰਨ ਅਤੇ ਨਵਾਂ ਕੁਝ ਸਿਖਣ ਦੀ ਪ੍ਰਕਿਰਿਆ ਹੈ। ਉਸ ਨੇ ਚੀਨ ਅਤੇ ਭਾਰਤ ਦੇ ਸਫਰ ਦੀ ਤੁਲਨਾ ਕੀਤੀ। ਦੋਨਾਂ ਨੇ ਇੱਕੋ ਤੂਫਾਨੀ ਨਦੀ ਵਿਚ ਪ੍ਰਵੇਸ਼ ਕੀਤਾ ਸੀ, ਇੱਕੋ ਪਾਸੇ ਤੋਂ, ਇੱਕੋ ਵਕਤ। ਦੋਨੋਂ ਨਦੀ ਦੇ ਦੂਸਰੇ ਪਾਸੇ ਇੱਕੋ ਮੁਹਾਣੇ 'ਤੇ ਪਹੁੰਚਣਾ ਚਾਹੁੰਦੇ ਸਨ, ਅਜਿਹੇ ਦੇਸ਼ ਬਨਣ ਦੇ ਲਈ ਜਿੱਥੇ ਲੋਕ ਚੰਗੀ ਖੁਸ਼ਹਾਲ ਜ਼ਿੰਦਗੀ ਜੀਅ ਸਕਣ, ਮਜ਼ਬੂਤ ਸਵੈ ਵਿਸ਼ਵਾਸ ਭਰਪੂਰ ਦੇਸ਼ ਬਣ ਸਕਣ । ਉਨ੍ਹਾ ਨਦੀ ਦੇ ਇਕੋ ਪਾਸੇ ਤੋਂ ਦੋ ਵੱਖਰੀਆਂ ਥਾਵਾਂ ਤੋਂ ਪ੍ਰਵੇਸ਼ ਕੀਤਾ ਸੀ, ਇਸ ਲਈ ਦੋਹਾਂ ਨੂੰ ਨਦੀ ਦੇ ਹੇਠਾਂ ਪਏ ਪੱਥਰਾਂ ਤੋਂ ਪੈਰਾਂ ਨੂੰ ਲਗਦੀ ਚੁੱਭਣ ਨੂੰ ਮਹਿਸੂਸ ਕਰਦਿਆਂ ਆਪਣੇ-ਆਪਣੇ ਰਸਤੇ ਲੱਭਣੇ ਸਨ। ਉਸ ਨੇ ਬਿਆਨ ਕੀਤਾ ਕਿ ਚੀਨ ਅਤੇ ਭਾਰਤ ਨੂੰ ਆਜ਼ਾਦੀ ਤੋਂ ਬਾਅਦ ਆਪਣੇ ਵੱਖਰੇ ਚੁਣਨੇ ਪੈਣੇ ਸਨ, ਕਿਉਂਕਿ ਚੀਨ ਨੇ ਹਿੰਸਾਤਮਕ ਅੰਦੋਲਨ ਰਾਹੀਂ ਬੰਦੂਕ ਦੀ ਤਾਕਤ ਨਾਲ ਆਜ਼ਾਦੀ ਪ੍ਰਾਪਤ ਕੀਤੀ ਸੀ । ਉਸ ਨੇ ਮਾਓ ਦਾ ਹਵਾਲਾ ਵੀ ਦਿੱਤਾ, 'ਤਾਕਤ ਬੰਦੂਕ ਦੀ ਨਾਲੀ 'ਚੋਂ ਨਿਕਲਦੀ ਹੈ'। ਭਾਰਤ ਦੀ ਆਜ਼ਾਦੀ ਗੈਰ-ਹਿੰਸਕ ਇਨਕਲਾਬ ਦੇ ਰਾਹੀਂ ਆਈ, ਉਸ ਨੇ ਲੋਕਤੰਤਰ ਤਰੀਕੇ ਨਾਲ ਤਰੱਕੀ ਕਰਨ ਦੀ ਆਸ ਕੀਤੀ । ਜੇ ਭਾਰਤ ਚੀਨ ਵਾਲਾ ਰਸਤਾ ਅਪਨਾਉਣਾ ਚਾਹੇਗਾ ਤਾਂ ਇਸ ਨੂੰ ਨਦੀ ਦੇ ਅੱਧਵਾਟੇ ਤੋਂ ਵਾਪਸ ਨਦੀ ਦੇ ਕੰਢੇ 'ਤੇ ਜਾਣਾ ਪਏਗਾ, ਸਫਰ ਦੁਬਾਰਾ ਸ਼ੁਰੂ ਕਰਨਾ ਪਵੇਗਾ, ਜਿੱਥੋਂ ਚੀਨ ਨੇ ਆਪਣਾ ਸਫਰ ਸ਼ੁਰੂ ਕੀਤਾ ਸੀ । ਨਦੀ ਦੇ ਮੰਝਧਾਰ ਵਿਚ ਅਜਿਹੀ ਖਤਰਨਾਕ ਚਾਲ ਚਲਣ ਦੀ ਉਹ ਸਿਫਾਰਸ਼ ਨਹੀਂ ਕਰੇਗਾ। ਭਾਰਤ ਅਤੇ ਚੀਨ ਨੂੰ ਆਪਣੇ-ਆਪਣੇ ਰਸਤੇ ਲੱਭਣੇ ਹੋਣਗੇ। ਭਾਰਤ ਦੇ ਨੇਤਾ ਚੁਰਾਹੇ 'ਤੇ ਖੜ੍ਹੇ ਹਨ । ਗੁਲਾਮੀ ਦੀ ਮਾਨਸਿਕਤਾ ਨਾਲ ਭਾਰਤ ਨੂੰ ਪੱਛਮੀ ਮਾਡਲ ਦੀ ਅੰਨ੍ਹੇਵਾਹ ਨਕਲ ਨਹੀਂ ਕਰਨੀ ਚਾਹੀਦੀ ਅਤੇ ਭਾਰਤ ਚੀਨ ਵੀ ਨਹੀਂ ਬਣ ਸਕਦਾ । ਵਕਤ ਆ ਗਿਆ ਹੈ ਕਿ ਭਾਰਤ ਆਪਣੇ ਵੱਖਰੇ ਰਸਤੇ ਦੀ ਤਲਾਸ਼ ਕਰੇ, ਚੀਨ ਤੇ ਪੱਛਮ ਦੇ ਮਾਡਲ ਨੂੰ ਤਿਆਗ ਕੇ ਵੱਖਰਾ ਗਾਂਧੀਅਨ ਮਾਡਲ।

**scroll. in ਤੋਂ ਬਹੁਤ ਧੰਨਵਾਦ ਸਹਿਤ ।**

# ਡਗਸ਼ਈ ਦੀ ਜੇਲ੍ਹ ਯਾਤਰਾ

ਅਮਰਬੀਰ ਸਿੰਘ ਚੀਮਾ




ਬੇਟੀ ਬਾਹਰੋਂ ਆਈ ਹੋਈ ਸੀ ਤੇ ਨਵਾਂ ਸਾਲ ਮਨਾਉਣ ਲਈ ਕਿਸੇ ਨੇੜੇ ਦੇ ਸ਼ਹਿਰ ਜਾਣ ਦਾ ਪ੍ਰੋਗਰਾਮ ਬਣਾ ਆ। ਸਲਾਹ ਕਰਕੇ ਮੈਂ, ਪਤਨੀ ਹਰਜੀਤ, ਬੇਟੀ ਰਸ਼ਮੀਤ ਤੇ ਭਤੀਜੇ ਦੀਪਕੰਵਲ ਨੇ ਬੜੋਗ ਤੇ ਡਗਸ਼ਈ ਵੱਲ ਚਾਲੇ ਪਾ ਦਿੱਤੇ। ਸ਼ਿਮਲੇ ਰੋਡ ਵੱਲ ਜਾਂਦਿਆਂ ਹਿਮਾਚਲ ਪ੍ਰਦੇਸ਼ ਵਿੱਚ ਐਂਟਰ ਹੋਣ ਤੋਂ ਬਾਅਦ ਸੜਕ ਦੇ ਸੱਜੇ ਹੱਥ ਇੱਕ ਬਹੁਤ ਸੋਹਣਾ ਨਵਾਂ ਹੀ ਪਾਰਕ ਆਉਂਦਾ ਹੈ, ਜਿੱਥੇ ਵੱਡੇ-ਵੱਡੇ ਅੱਖਰਾਂ 'ਚ 'ਆਈ ਲਵ ਹਿਮਾਚਲ' ਲਿਖਿਆ ਹੋਇਆ ਹੈ। ਇੱਥੇ ਬਹੁਤ ਹੀ ਸੋਹਣੇ-ਸੋਹਣੇ ਫੁੱਲਾਂ ਦੇ ਬੂਟੇ ਲੱਗੇ ਹੋਏ ਹਨ। ਚਾਰੇ ਪਾਸੇ ਹਰਿਆਵਲ ਬਾਹਾਂ ਖੋਲ੍ਹ ਕੇ ਤੁਹਾਡਾ ਸਵਾਗਤ ਕਰਦੀ ਹੈ। ਸੋਹਣੇ-ਸੋਹਣੇ ਫੁੱਲਾਂ 'ਚ ਸੋਹਣੀਆਂ-ਸੋਹਣੀਆਂ ਤਸਵੀਰਾਂ ਨੂੰ ਆਪਣੇ ਮੋਬਾਈਲ ਦੇ ਕੈਮਰੇ ਵਿੱਚ ਕੈਦ ਕੀਤਾ।

ਜਾਣ ਤੋਂ ਪਹਿਲਾਂ ਮੇਰਾ ਇੱਕ ਵਕੀਲ ਦੋਸਤ ਗਗਨਦੀਪ ਗੋਰਾਇਆ ਕਹਿੰਦਾ ਕਿ ਉੱਥੇ ਮੇਨ ਸੜਕ 'ਤੇ ਹੀ ਆਪਣੇ ਨਾਲ ਦੇ ਪਿੰਡ ਦੇ ਇੱਕ ਸਰਦਾਰ ਜੀ ਨੇ ਆਪਣਾ ਰੈਸਟ ਹਾਊਸ ਬਣਾਇਆ ਹੋਇਆ ਹੈ ਅਤੇ ਉਹ ਫ਼ਤਿਹਗੜ੍ਹ ਸਾਹਿਬ ਤੋਂ ਗਿਆਂ ਨੂੰ ਬਹੁਤ ਪਿਆਰ ਨਾਲ ਮਿਲਦੇ ਹਨ। ਉੱਥੇ ਉਹਨਾਂ ਨੂੰ ਮਿਲ ਲੈਣਾ, ਪਰ ਉਹ ਕਾਫੀ ਬਜ਼ੁਰਗ ਨੇ, ਹੋ ਸਕਦਾ ਹੁਣ ਜਿਉਂਦੇ ਵੀ ਹੋਣ ਜਾਂ ਨਾ। ਉਸ ਤੋਂ ਬਾਅਦ ਉਹਨੇ ਕਿਹਾ ਕਿ ਕੁਝ ਦੂਰੀ ਉੱਤੇ ਹੀ ਚਾਚਾ ਜੀ ਦਾ ਢਾਬਾ ਹੈ, ਜਿੱਥੇ ਪਰੌਂਠੇ ਬਹੁਤ ਸਵਾਦ ਹੁੰਦੇ ਹਨ, ਉੱਥੇ ਪਰੌਂਠੇ ਛਕ ਲੈਣਾ। ਜਾਂਦਿਆਂ ਸਾਨੂੰ ਸੌਖਿਆਂ ਹੀ ਸਰਦਾਰ ਜੀ ਦਾ ਉਹ ਰੈਸਟ ਹਾਊਸ ਮਿਲ ਗਿਆ। ਉੱਥੇ ਉਹਨਾਂ ਨੂੰ ਮਿਲ ਕੇ ਗੱਲਾਂਬਾਤਾਂ ਕੀਤੀਆਂ ਤੇ ਉਹਨਾਂ ਨੇ ਸਾਨੂੰ ਹਿਮਾਚਲ ਦੀ ਸਪੈਸ਼ਲ ਚਾਹ ਪਿਲਾਈ। ਭਾਵ ਉਹ ਬਿਲਕੁਲ ਤੰਦਰੁਸਤ ਤੇ ਸਹੀ-ਸਲਾਮਤ ਸਨ। ਉਸ ਤੋਂ ਅੱਧੇ ਕੁਝ ਘੰਟੇ ਬਾਅਦ ਸਾਹਮਣੇ ਚਾਚਾ ਜੀ ਦੇ ਢਾਬੇ ਦਾ ਬੋਰਡ ਲੱਗਿਆ ਦੇਖਿਆ ਤੇ ਗੱਡੀ ਰੋਕ ਲਈ। ਢਾਬੇ ਅੰਦਰ ਬੈਠਿਆਂ ਤੋਂ ਆਰਡਰ ਲੈਣ ਆਏ ਮੁੰਡੇ ਨੂੰ ਪੁੱਛਿਆ ਕਿ ਚਾਚਾ ਜੀ ਕਿੱਥੇ ਹਨ। ਉਸ ਨੇ ਤਾਂਹ ਨੂੰ ਉਂਗਲ ਕਰਕੇ ਕਿਹਾ ਜੀ ਉਹ ਤਾਂ ਉੱਪਰ ਹਨ। ਮੈਂ ਨਾਲ ਹੀ ਕਿਹਾ ਕਿ ਬੁਲਾਓ ਉਹਨਾਂ ਨੂੰ, ਮਿਲਣਾ ਹੈ। ਉਸ ਨੇ ਫਿਰ ਜਵਾਬ ਦਿੱਤਾ ਕਿ ਉਹ ਤਾਂ ਜੀ ਉੱਪਰ ਚਲੇ ਗਏ, ਭਾਵ ਉਹਨਾਂ ਦੀ ਮੌਤ ਹੋ ਚੁੱਕੀ ਹੈ। ਮਤਲਬ ਕਿ ਜਿਸ ਦੇ ਜਿਉਂਦੇ ਹੋਣ ਦੀ ਉਮੀਦ ਨਹੀਂ ਸੀ, ਉਹ ਸਹੀ ਸਲਾਮਤੀ ਤੇ ਜਿਸ ਬਾਰੇ ਇਹ ਸ਼ੰਕਾ ਵੀ ਨਹੀਂ ਸੀ, ਉਹ ਫੌਤ ਹੋ ਚੁੱਕਾ ਸੀ। ਇਸ ਲਈ ਰਹਿੰਦੇ ਸਾਹਾਂ ਤੱਕ ਜਿੰਨਾ ਹੋ ਸਕੇ ਜ਼ਿੰਦਗੀ ਜੀਅ ਲਈ ਜਾਵੇ, ਘੁੰਮ-ਫਿਰ ਕੇ ਦੁਨੀਆਦਾਰੀ ਦੇਖ ਲਈ ਜਾਵੇ। ਖੈਰ ਉੱਥੇ ਨਾਸ਼ਤਾ ਕੀਤਾ ਤੇ ਥੋੜ੍ਹੀ ਅੱਗੇ ਜਾ ਕੇ ਇੱਕ ਹੋਮਸਟੇਅ ਵਿਖੇ ਕਮਰਾ ਲੈ ਲਿਆ, ਕਿਉਂਕਿ 31 ਦਸੰਬਰ ਹੋਣ ਕਰਕੇ ਸ਼ਾਮ ਤੱਕ ਟੂਰਿਸਟਾਂ ਦੀ ਬਹੁਤ ਜ਼ਿਆਦਾ ਭੀੜ ਹੋ ਜਾਣੀ ਸੀ ਤੇ ਕਮਰਾ ਲੱਭਣ ਵਿੱਚ ਦਿੱਕਤ ਆਉਣੀ ਸੀ।

ਫਰੈਸ਼ ਹੋਣ ਉਪਰੰਤ ਹੋਮਸਟੇਅ ਤੋਂ ਇੱਕ ਪਹਾੜੀ ਥੱਲੇ ਉੱਤਰ ਕੇ ਤੇ ਦੂਜੇ ਪਾਸੇ ਇੱਕ ਹੋਰ ਪਹਾੜੀ ਦੇ ਉੱਪਰ ਵੱਲ ਡਗਸ਼ਈ ਨੂੰ ਚੱਲ ਪਏ। ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ 'ਚ ਪੈਂਦਾ ਡਗਸ਼ਈ ਪੁਰਾਣੇ ਛਾਉਣੀ ਖੇਤਰਾਂ ਵਿੱਚੋਂ ਇੱਕ ਹੈ, ਜਿਹੜਾ ਕਿ ਸੋਲਨ ਤੋਂ 11 ਤੇ ਕਾਲਕਾ ਤੋਂ 27 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਇਸਦੀ ਸਥਾਪਨਾ 1847 'ਚ ਈਸਟ ਇੰਡੀਆ ਕੰਪਨੀ ਦੁਆਰਾ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਤੋਂ ਡੱਬਲੀ, ਬੁਘਤਿਆਲਾ, ਚੁਨਾਗ, ਜਾਵੂਗ ਅਤੇ ਡਗਸ਼ਈ ਨਾਮਕ ਪੰਜ ਪਿੰਡ ਮੁਫ਼ਤ ਵਿੱਚ ਪ੍ਰਾਪਤ ਕਰਕੇ ਕੀਤੀ ਸੀ। ਨਵੀਂ ਛਾਉਣੀ ਦਾ ਨਾਂਅ ਆਖਰੀ ਨਾਂਅ ਵਾਲੇ ਪਿੰਡ ਦੇ ਨਾਂਅ 'ਤੇ ਰੱਖਿਆ ਗਿਆ ਸੀ, ਕਿਉਂਕਿ ਇਹ ਸਭ ਤੋਂ ਵੱਡਾ ਅਤੇ ਰਣਨੀਤਕ ਤੌਰ 'ਤੇ ਸਭ ਤੋਂ ਵੱਧ ਸੁਰੱਖਿਅਤ ਸੀ। ਕਿਹਾ ਜਾਂਦਾ ਹੈ ਕਿ ਡਗਸ਼ਈ ਨਾਂਅ 'ਦਾਗ-ਏ-ਸ਼ਾਹੀ' ਤੋਂ ਲਿਆ ਗਿਆ ਸੀ। ਮੁਗਲਾਂ ਦੇ ਸਮੇਂ ਅਪਰਾਧੀਆਂ ਦੇ ਮੱਥੇ 'ਤੇ ਦਾਗ-ਏ-ਸ਼ਾਹੀ ਲਿਖਿਆ ਜਾਂਦਾ ਸੀ ਅਤੇ ਉਹਨਾਂ ਨੂੰ ਉਸ ਸਮੇਂ ਦੇ ਡਗਸ਼ਈ ਪਿੰਡ ਭੇਜ ਦਿੱਤਾ ਜਾਂਦਾ ਸੀ।

ਡਗਸ਼ਈ ਸ਼ਹਿਰ 'ਚ 'ਡਗਸ਼ਈ ਦੀ ਕੇਂਦਰੀ ਜੇਲ੍ਹ', 'ਮਿਊਜ਼ੀਅਮ' ਤੇ 'ਕੈਥੋਲਿਕ ਚਰਚ' ਮੁੱਖ ਤੌਰ 'ਤੇ ਵੇਖਣਯੋਗ ਥਾਵਾਂ ਹਨ। ਇੱਥੇ ਛਾਉਣੀ 'ਚ ਦੀ ਹੁੰਦਿਆਂ ਹੋਇਆਂ 'ਡਗਸ਼ਈ ਪਬਲਿਕ ਸਕੂਲ' ਦੇਖਿਆ। ਉਸ ਸਕੂਲ ਅੰਦਰ ਬਣੇ ਹੋਏ ਗੁਰਦੁਆਰੇ ਦੇ ਦਰਸ਼ਨ ਕੀਤੇ। ਛੁੱਟੀ ਉਪਰੰਤ ਉਥੇ ਬੈਠੇ ਕਲਰਕ ਮੈਡਮ ਨਾਲ ਸਕੂਲ ਬਾਬਤ ਗੱਲਬਾਤ ਕੀਤੀ। ਉਪਰੰਤ ਅੰਗਰੇਜ਼ਾਂ ਦੇ ਸਮੇਂ ਦੀ ਬਣੀ ਹੋਈ 'ਡਗਸ਼ਈ ਸੈਂਟਰਲ ਜੇਲ੍ਹ' ਵੇਖਣ ਤੋਂ ਪਹਿਲਾਂ ਜੇਲ੍ਹ ਦੇ ਬਿਲਕੁਲ ਸਾਹਮਣੇ ਹੀ ਫਾਸਟ ਫੂਡ ਦੀ ਦੁਕਾਨ ਕਰ ਰਹੇ ਇੱਕ ਸਰਦਾਰ ਜੀ ਦੀ ਦੁਕਾਨ ਤੋਂ ਦੁਪਹਿਰ ਦਾ ਖਾਣਾ ਖਾਧਾ। ਉਹ ਪਿਛਲੇ 16 ਸਾਲਾਂ ਤੋਂ ਇੱਥੇ ਰਹਿ ਰਹੇ ਹਨ। ਖਾਣਾ ਖਾਂਦਿਆਂ ਉਹਨਾਂ ਨਾਲ ਇੱਥੋਂ ਦੀ ਜੇਲ੍ਹ, ਮੌਸਮ ਤੇ ਸ਼ਹਿਰ ਦੇ ਲੋਕਾਂ ਬਾਰੇ ਗੱਲਬਾਤ ਕੀਤੀ। ਉਹਨਾਂ ਦੱਸਿਆ ਕਿ ਦੁਪਹਿਰ ਦੀ ਲੰਚ ਬ੍ਰੇਕ ਤੋਂ ਬਾਅਦ ਹੁਣ 4 ਵਜੇ ਜੇਲ੍ਹ ਦੁਬਾਰਾ ਖੁੱਲ੍ਹੇਗੀ।

ਇਸ ਜੇਲ੍ਹ ਦਾ ਨਿਰਮਾਣ 1849 ਈਸਵੀ 'ਚ 72875 ਰੁਪਏ ਦੀ ਲਾਗਤ ਨਾਲ ਕੀਤਾ ਗਿਆ ਸੀ। ਇਸ ਵਿਚ ਕੈਦੀਆਂ ਲਈ 8 ਵਾਏ 12 ਦੇ 20 ਫੁੱਟ ਉੱਚੇ 54 ਕਮਰੇ ਹਨ, ਜਿਨ੍ਹਾਂ 'ਚੋਂ 11 ਕਮਰਿਆਂ ਨੂੰ ਹੁਣ ਕਰਮਚਾਰੀਆਂ ਦੇ ਰਹਿਣ ਲਈ ਤਬਦੀਲ ਕਰ ਦਿੱਤਾ ਗਿਆ ਹੈ। ਬਾਕੀ 43 ਕੈਦਖਾਨਿਆਂ ਵਿੱਚੋਂ 27 ਸਧਾਰਨ ਕੈਦੀਆਂ ਲਈ, ਜਦਕਿ 16 ਕਮਰੇ ਇੱਕ ਇਕੱਲੇ ਕੈਦੀ ਦੇ ਰਹਿਣ ਲਈ ਵਰਤੇ ਜਾਂਦੇ ਸਨ। ਇਸ ਜੇਲ੍ਹ ਦੀ ਖਾਸੀਅਤ ਇਹ ਹੈ ਕਿ ਜੇਲ੍ਹ ਪਰਿਸ਼ਦ ਵਿੱਚ ਅੱਗ ਲੱਗਣ ਵਰਗੀ ਸਥਿਤੀ 'ਤੇ ਕਾਬੂ ਪਾਉਣ ਲਈ ਸਕਾਟਲੈਂਡ ਦੀ 'ਗਲੈਨਫੀਲਡ ਐਂਡ ਕੰਪਨੀ' ਤੋਂ ਸਿਰਕਾ ਟਾਈਪ ਅੱਗ ਰੋਕੂ ਯੰਤਰ ਖਰੀਦਿਆ ਗਿਆ, ਜਿਸ ਨੂੰ 1865 'ਚ ਇਸ ਜੇਲ੍ਹ ਵਿੱਚ ਲਗਾਇਆ ਗਿਆ। ਉਸ ਸਮੇਂ ਦੀ ਬ੍ਰਿਟਿਸ਼ ਹਕੂਮਤ ਵੱਖ-ਵੱਖ ਜੁਰਮਾਂ ਦੇ ਅਪਰਾਧੀਆਂ ਨੂੰ ਇਸ ਜੇਲ੍ਹ ਵਿੱਚ ਰੱਖਦੀ ਸੀ। ਪਹਾੜੀ ਦੀ ਚੋਟੀ ਦੇ ਬਿਲਕੁਲ ਉੱਪਰ ਬਣੀ ਹੋਈ ਇਹ ਜੇਲ੍ਹ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਰੱਖੀ ਹੋਈ ਹੈ। ਹਵਾ ਤੇ ਰੋਸ਼ਨੀ ਲਈ ਇੱਕ ਮਜ਼ਬੂਤ ਖਿੜਕੀ ਹੈ,



ਇਸ ਤੋਂ ਇਲਾਵਾ ਹਵਾ ਲਈ ਜ਼ਮੀਨਦੋਜ਼ ਪਾਈਪਾਂ ਵੀ ਪਾਈਆਂ ਹੋਈਆਂ ਹਨ। ਟੀ-ਟਾਈਪ ਦੀ ਇਸ ਜੇਲ੍ਹ ਦੀ ਉੱਚੀ ਛੱਤ ਹੈ ਤੇ ਇਸ ਦਾ ਫਰਸ਼ ਲੱਕੜ ਦਾ ਹੈ, ਤਾਂ ਕਿ ਕੈਦੀ ਦੀ ਕਿਸੇ ਵੀ ਗਤੀਵਿਧੀ ਦੀ ਆਵਾਜ਼ ਜੇਲ੍ਹ ਅਧਿਕਾਰੀਆਂ ਨੂੰ ਸੌਖਿਆਂ ਹੀ ਸੁਣਾਈ ਦੇ ਸਕੇ। ਪੱਥਰ ਤੇ ਮਿੱਟੀ ਪੀਹਣ ਦਾ ਯੰਤਰ ਵੀ ਇਸ ਜੇਲ੍ਹ 'ਚ ਰੱਖਿਆ ਹੋਇਆ ਹੈ ਜੋ ਕਿ 19ਵੀਂ ਸਦੀ ਵਿੱਚ ਇਮਾਰਤਾਂ ਬਣਾਉਣ ਲਈ ਵਰਤਿਆ ਜਾਂਦਾ ਸੀ, ਜੀਹਦੇ ਵਿੱਚ ਡਗਸ਼ਈ ਜੇਲ੍ਹ ਵੀ ਸ਼ਾਮਲ ਹੈ। ਇਸ ਯੰਤਰ ਨੂੰ 'ਕਲੇਅ ਮੌਰਟਰ ਗਰਾਇੰਡਰ' ਕਿਹਾ ਜਾਂਦਾ ਹੈ। ਜੇਲ੍ਹ ਦੇ ਮੁੱਖ ਗੇਟ ਦੇ ਉੱਤੇ ਸੱਜੇ ਪਾਸੇ ਇੱਕ ਘੰਟੀ ਬੰਨ੍ਹੀ ਹੋਈ ਹੈ, ਜਿਸ ਨੂੰ 'ਬੈੱਲ ਆਫ ਐਗਜ਼ੀਕਿਊਸ਼ਨ' ਕਿਹਾ ਜਾਂਦਾ ਹੈ। ਇਸ ਤੋਂ ਭਾਵ ਜਦੋਂ ਕਿਸੇ ਕੈਦੀ ਨੂੰ ਫਾਂਸੀ ਲੱਗਣ ਦਾ ਸਮਾਂ ਮੁਕੱਰਰ ਹੁੰਦਾ ਸੀ, ਤਾਂ ਬਾਹਰੋਂ ਇਹ ਘੰਟੀ ਵੱਜਦੀ ਸੀ, ਜਿਸ ਦੀ ਆਵਾਜ਼ ਅੰਦਰ ਪਹੁੰਚਦੀ ਸੀ ਤੇ ਉਸ ਕੈਦੀ ਨੂੰ ਫਾਂਸੀ ਲਗਾ ਦਿੱਤੀ ਜਾਂਦੀ ਸੀ।

ਮਹਾਤਮਾ ਗਾਂਧੀ ਦੀ ਹੱਤਿਆ ਤੋਂ ਤੁਰੰਤ ਬਾਅਦ ਨੱਥੂ ਰਾਮ ਗੌਡਸੇ ਨੂੰ ਟਰਾਇਲ ਲਈ ਪੰਜਾਬ ਹਾਈ ਕੋਰਟ, ਪਿੱਟਰਹਾਫ, ਸ਼ਿਮਲਾ ਲਿਜਾਇਆ ਗਿਆ। ਇਸ ਜੇਲ੍ਹ ਦੀ ਉਹ ਛੇ ਨੰਬਰ ਬੈਰਕ ਅੱਜ ਵੀ ਮੌਜੂਦ ਹੈ, ਜਿੱਥੇ ਪੁਲਸ ਦੀ ਹਿਰਾਸਤ ਵਿੱਚ ਸ਼ਿਮਲੇ ਲਿਜਾਂਦੇ ਸਮੇਂ ਪੁਲਸ ਅਧਿਕਾਰੀਆਂ ਨੇ ਨੱਥੂ ਰਾਮ ਗੌਡਸੇ ਨੂੰ ਇੱਕ ਰਾਤ ਲਈ ਰੱਖਿਆ ਸੀ। ਇਸ ਜੇਲ੍ਹ ਨੂੰ ਵੇਖਣ ਦਾ ਸਮਾਂ ਸਵੇਰੇ 9 ਤੋਂ 12:30 ਵਜੇ ਅਤੇ ਸ਼ਾਮੀਂ 4 ਤੋਂ 6 ਵਜੇ ਤੱਕ ਹੈ, ਜਦਕਿ ਸੋਮਵਾਰ ਨੂੰ ਛੁੱਟੀ ਹੁੰਦੀ ਹੈ। ਡਗਸ਼ਈ ਸੈਂਟਰਲ ਜੇਲ੍ਹ ਦੇ ਬਿਲਕੁਲ ਨਾਲ ਹੀ ਡਗਸ਼ਈ ਹੈਰੀਟੇਜ਼ ਮਿਊਜ਼ੀਅਮ ਹੈ। ਇੱਥੇ ਉਸ ਸਮੇਂ ਦੇ ਕੈਦੀਆਂ ਦੀ ਪੂਰੀ ਵਿਸਥਾਰਤ ਜਾਣਕਾਰੀ ਦਿੱਤੀ ਹੋਈ ਹੈ। ਅੰਗਰੇਜ਼ ਅਫਸਰਾਂ ਦੀਆਂ ਤਸਵੀਰਾਂ ਤੇ ਜੇਲ੍ਹ ਦਾ ਵੱਡਾ ਨਕਸ਼ਾ ਬਣਿਆ ਹੋਇਆ ਹੈ।

ਡਗਸ਼ਈ ਤੋਂ ਵਾਪਸ ਆਉਂਦਿਆਂ ਰਸਤੇ ਵਿੱਚ ਸੂਰਜ ਛਿਪਣ ਦਾ ਲਾਈਵ ਨਜ਼ਾਰਾ ਜ਼ਿੰਦਗੀ 'ਚ ਪਹਿਲੀ ਵਾਰ ਦੇਖਿਆ, ਜੋ ਕਿ ਨਾ ਭੁੱਲਣਯੋਗ ਹੋ ਨਿੱਬੜਿਆ। ਹੁਣ ਭੁੱਖ ਲੱਗ ਚੁੱਕੀ ਸੀ ਤੇ ਸੜਕ 'ਤੇ ਢਾਬੇ ਦੀ ਭਾਲ ਕਰਦਿਆਂ ਹੋਟਲ ਵਾਲਾ ਕਮਰਾ ਵੀ ਲੰਘ ਗਿਆ, ਪਰ ਕੋਈ ਢਾਬਾ ਨਜ਼ਰ ਨਾ ਪਿਆ। ਫੇਰ 10 ਕਿਲੋਮੀਟਰ ਅੱਗੇ ਜਾ ਕੇ ਸੋਲਨ ਦੇ ਇੱਕ ਰੈਸਤਰਾਂ 'ਚ ਰਾਤ ਦਾ ਖਾਣਾ ਖਾਧਾ ਤੇ ਉੱਥੇ ਕੁਝ ਸਮਾਂ ਘੁੰਮਣ ਉਪਰੰਤ ਵਾਪਸ ਕਮਰੇ 'ਚ ਆ ਗਏ। ਅਸੀਂ ਆਪਣਾ ਭੋਂਪੂ ਨਾਲ ਲੈ ਕੇ ਗਏ ਸਾਂ। ਕਮਰੇ ਵਿੱਚ ਗਾਣੇ ਲਾ ਕੇ ਕਿੰਨੇ ਦੇਰ ਤੱਕ ਮਸਤੀ ਕਰਦਿਆਂ ਥੱਕ ਕੇ ਸੌਂ ਗਏ।

ਦੂਜੀ ਸਵੇਰ ਵਾਪਸ ਜਾਂਦਿਆਂ ਬੜੋਗ ਹਾਈਟਸ ਰੁਕਣਾ ਸੀ। ਇੱਕ ਵਾਰੀ ਤਿੰਨ-ਚਾਰ ਸਾਲ ਪਹਿਲਾਂ ਵੀ ਏਦਾਂ ਦਾ ਇੱਕ ਛੋਟਾ ਟਰਿਪ ਕੀਤਾ ਸੀ, ਉਦੋਂ ਚੈਲ ਰਾਤ ਰੁਕੇ ਸੀ। ਉਸ ਸਮੇਂ ਵੀ ਗਗਨ ਨੇ ਕਿਹਾ ਸੀ ਕਿ ਰਸਤੇ 'ਚ ਬੜੋਗ ਹਾਈਟਸ ਹੈ, ਬਹੁਤ ਜ਼ਿਆਦਾ ਉਚਾਈ ਉੱਤੇ, ਉੱਥੇ ਜ਼ਰੂਰ ਜਾ ਕੇ ਆਇਓ। ਅਸੀਂ ਲੰਘੇ ਵੀ ਸੀ ਉਥੋਂ, ਪਰ ਗਗਨ ਵੱਲੋਂ ਚੜ੍ਹਾਈ ਸ਼ਬਦ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਸੀ, ਇਸ ਲਈ ਅਸੀਂ ਉਦੋਂ ਸਕਿੱਪ ਕਰ ਗਏ ਸੀ। ਇਸ ਵਾਰ ਵਾਪਸੀ 'ਤੇ ਸੜਕ ਉੱਤੇ ਬੜੋਗ ਹਾਈਟਸ ਦਾ ਬੋਰਡ ਨਜ਼ਰੀਂ ਪਿਆ ਤਾਂ ਸਾਈਡ 'ਤੇ ਗੱਡੀ ਰੋਕ ਲਈ। ਅਸੀਂ ਚਾਰ ਜਣੇ ਪੈਦਲ ਹੀ ਚੜ੍ਹਾਈ ਚੜ੍ਹਨ ਲੱਗ ਪਏ ਕਿ ਚਲੋ ਜਿੱਥੋਂ ਥੱਕ ਗਏ, ਵਾਪਸ ਮੁੜ ਆਵਾਂਗੇ, ਪਰ ਅੱਠ-ਦਸ ਮਿੰਟਾਂ ਬਾਅਦ ਹੀ ਸਾਹਮਣੇ ਬੜੋਗ ਹਾਈਟਸ ਆ ਗਿਆ। ਕਹਿਣ ਤੋਂ ਭਾਵ ਕਿ ਚੜ੍ਹਾਈ ਬਿਲਕੁਲ ਵੀ ਜ਼ਿਆਦਾ ਨਹੀਂ ਸੀ। ਅਸੀਂ ਸਾਰੇ ਉਥੋਂ ਹੀ ਵਾਪਸ ਚੜ੍ਹਾਈ ਉਤਰ ਆਏ ਤੇ ਦੁਬਾਰਾ ਚਾਰੇ ਜਣੇ ਗੱਡੀ 'ਚ ਤਾਂਹ ਗਏ। ਉਹ ਬਹੁਤ ਸੋਹਣਾ ਹੋਟਲ ਹੈ। ਉੱਥੇ ਵੀ ਦੇਰ ਰਾਤ ਤੱਕ ਨਵੇਂ ਸਾਲ ਦੇ ਜਸ਼ਨ ਚੱਲੇ ਹੋਣਗੇ, ਕਿਉਂਕਿ ਸਾਰੇ ਮੇਜ਼ਾਂ ਉੱਪਰ ਖਾਲੀ ਬੋਤਲਾਂ, ਥਾਲੀਆਂ ਤੇ ਗਲਾਸ ਇਧਰ-ਉਧਰ ਖਿੱਲਰੇ ਪਏ ਸਨ। ਉੱਥੇ ਕੁਝ ਦੇਰ ਫੋਟੋਆਂ ਖਿੱਚਣ ਤੋਂ ਬਾਅਦ ਅਸੀਂ ਵਾਪਸ ਆਉਣ ਦੀ ਬਜਾਏ ਉਸ ਤੋਂ ਵੀ ਉੱਪਰ ਵੱਲ ਛੋਟੇ ਜਿਹੇ ਕੱਚੇ ਪਹੇ 'ਤੇ ਗੱਡੀ ਪਾ ਦਿੱਤੀ। ਰਸਤਾ ਸਿਰਫ ਕਾਰ ਜੋਗਾ ਪੂਰਾ ਪੂਰਾ ਹੀ ਸੀ। ਪਹੇ ਦੇ ਇੱਕ ਪਾਸੇ ਖੇਤ ਤੇ ਦੂਜੇ ਪਾਸੇ ਖਤਾਨ ਜਾਂ ਛੋਟੀਆਂ ਖਾਈਆਂ ਕਹਿ ਸਕਦੇ ਹਾਂ। ਬੱਚੇ ਤਾਂ ਡਰ ਕੇ ਕਾਰ ਵਾਪਸ ਮੋੜਨ ਦੀ ਜ਼ਿੱਦ ਕਰਨ ਲੱਗ ਗਏ, ਪਰ ਮੈਨੂੰ ਹੋਰ ਅੱਗੇ ਜਾਣ ਦਾ ਚਾਅ ਸੀ। ਕੁਝ ਹੋਰ ਅੱਗੇ ਜਾ ਕੇ ਦੇਖਿਆ ਕਿ ਪਹਾੜੀ ਪਿੰਡਾਂ ਵਿਚਲੇ ਫਾਰਮ ਹਾਊਸ, ਖੇਤੀਬਾੜੀ ਕਰਨ ਵਾਲੇ ਕਿਸਾਨਾਂ ਦੇ ਵੱਡੇ-ਛੋਟੇ ਘਰ ਤੇ ਪਹਾੜੀ ਸਬਜ਼ੀਆਂ ਦੇ ਕਿਆਰੀਨੁਮਾ ਖੇਤ ਦੇਖ ਕੇ ਮਨ ਬਾਗੋਬਾਗ ਹੋ ਗਿਆ। ਪਹਿਲੀ ਜਨਵਰੀ ਮੌਕੇ ਕੜਾਕੇ ਦੀ ਠੰਢ ਵਿੱਚ ਸਿਆਲ ਦੀ ਨਿੱਘੀ-ਨਿੱਘੀ ਧੁੱਪ, ਭਲਾ ਬੰਦੇ ਨੂੰ ਹੋਰ ਕੀ ਚਾਹੀਦਾ। ਉਥੇ ਗੱਡੀ ਖੜ੍ਹਾ ਕੇ ਹੋਰ ਦੂਰ ਤੱਕ ਪੈਦਲ ਖੇਤਾਂ 'ਚ ਘੁੰਮੇ, ਫੋਟੋਆਂ ਖਿੱਚੀਆਂ। ਇਧਰ ਖੇਤਾਂ 'ਚ ਫ਼ਸਲਾਂ ਲਹਿਰਾ ਰਹੀਆਂ ਸਨ ਤੇ ਉਧਰ ਛੋਟੀਆਂ ਗੱਡੀਆਂ 'ਚ ਸਬਜ਼ੀਆਂ ਤੇ ਫਲ ਲੋਡ ਕੀਤੇ ਜਾ ਰਹੇ ਸਨ। ਵਾਪਸੀ 'ਤੇ ਕਸੌਲੀ ਚਲੇ ਗਏ, ਜਿੱਥੇ ਨਵੇਂ ਸਾਲ ਮੌਕੇ ਸੈਲਾਨੀਆਂ ਦੀ ਆਮਦ ਹੋ ਰਹੀ ਸੀ। ਉੱਥੇ ਕੁਝ ਦੇਰ ਹੈਰੀਟੇਜ਼ ਮਾਰਕੀਟ ਘੁੰਮੇ, ਚਰਚ ਦੇਖੀ ਤੇ ਦੁਪਹਿਰ ਦਾ ਖਾਣਾ ਖਾ ਕੇ ਸਰਹਿੰਦ ਲਈ ਵਾਪਸੀ ਕਰ ਦਿੱਤੀ।

ਮੋਬਾਈਲ: 98889-40211

## ਸ਼ਬਦ-ਚਿੱਤਰ

# ਤੁਰਦੇ-ਫਿਰਦੇ ਚਿਹਰੇ : ਨਰਿੰਦਰ ਬੇਦੀ

**ਰਜਿੰਦਰ ਸਿੰਘ ਬੇਦੀ**

**ਅਨੁਵਾਦ : ਅਜੈ ਤਨਵੀਰ**

ਇਸ ਸਮੇਂ ਮੈਂ ਇੱਥੇ ਸਿਰਫ ਇਕ ਚਿਹਰੇ ਦੀ ਗੱਲ ਕਰ ਰਿਹਾ ਹਾਂ। ਜੋ ਕਿ ਬਹੁਤ ਚਲੰਤ ਚਿਹਰਾ ਹੈ। ਉਹ ਚਿਹਰਾ ਹੈ ਅੱਜ ਦੇ ਨੌਜਵਾਨ ਦਾ। ਅਗਰ ਇੱਥੇ ਮੈਂ ਆਪਣੇ ਪੁੱਤਰ ਦਾ ਚਿਹਰਾ ਦਿਖਾਉਣ ਦੀ ਕੋਸ਼ਿਸ਼ ਕਰਾਂ, ਤੁਸੀਂ ਇਸ ਵਿਚਾਰਾਂ ਦੀ ਲੜੀ ਵਿੱਚੋਂ ਮੇਰਾ ਚਿਹਰਾ ਵੀ ਵੇਖ ਸਕਦੇ ਹੋ। ਮੇਰਾ ਚਿਹਰਾ ਵੇਖਦੇ ਹੋਏ। ਤੁਸੀਂ ਨਾਰਾਜ਼ ਨਾ ਹੋਣਾ, ਕਿਉਂਕਿ ਮੈਂ ਉਸ ਦਾ ਪਿਤਾ ਹਾਂ। ਮੈਂ ਆਪਣੇ ਪੁੱਤਰ ਕੋਲ ਹਾਂ, ਪੁੱਤਰ ਮੇਰੇ ਕੋਲ ਹੈ। ਅਸੀਂ ਦੋਵੇਂ ਇਕੱਠੇ ਹਾਂ। ਇਸ ਲਈ ਤੁਸੀਂ ਜੋ ਕੁਝ ਵੀ ਪੁੱਤਰ ਦੇ ਖ਼ਿਲਾਫ਼ ਲਿਖਿਆ ਪੜ੍ਹੋਗੇ, ਉਹ ਅਸਲ ਵਿੱਚ ਮੇਰੇ ਖ਼ਿਲਾਫ਼ ਹੀ ਹੋਵੇਗਾ, ਕਿਉਂਕਿ ਉਸ ਨੂੰ ਇਸ ਦੁਨੀਆ ਵਿੱਚ ਲਿਆਉਣ ਤੋਂ ਇਲਾਵਾ ਉਸ ਦੀ ਸਰੀਰਕ ਅਤੇ ਮਾਨਸਿਕ ਸਿਖਲਾਈ ਦੀ ਜ਼ੁੰਮੇਵਾਰੀ ਵੀ ਮੈਂ ਹੀ ਨਿਭਾਈ ਹੈ। ਉਂਝ ਮੈਂ ਉਸ ਦੇ ਹੱਕ ਵਿੱਚ ਜੋ ਕਹਾਂਗਾ, ਉਹ ਮੇਰੇ ਪੁੱਤਰ ਦੀ ਯੋਗਤਾ ਹੋਵੇਗੀ, ਜਿਸ ਵਿੱਚ ਮੈਂ ਵੀ ਦੋਸ਼ੀ ਨਹੀਂ ਹਾਂ। ਮੇਰਾ ਪੁੱਤਰ ਲੰਮਾ ਹੈ, ਰੰਗ ਦਾ ਗੋਰਾ ਹੈ। ਜਦ ਕਿ ਮੈਂ ਛੋਟਾ ਹਾਂ, ਰੰਗ ਵਿੱਚ ਗੋਰਾ ਹਾਂ। ਇਹ ਸ਼ਾਇਦ ਮੇਰੀ ਪਤਨੀ ਦੇ ਕਾਰਨ ਹੈ। ਜਿਸ ਦੇ ਘਰ ਦੇ ਸਾਰੇ ਲੋਕ ਲੰਮੇ ਅਤੇ ਗੋਰੀ ਚਮੜੀ ਵਾਲੇ ਹਨ। ਪਤੀ-ਪਤਨੀ ਦੇ ਮਿਲਾਪ ਦਾ ਨਤੀਜਾ ਹਮੇਸ਼ਾ ਹੀ ਸ਼ਾਨਦਾਰ ਹੁੰਦਾ ਹੈ। ਉਸ ਮਿਲਾਪ ਵਿੱਚ ਬਹੁਤ ਕੁਝ ਪਿਆ ਹੁੰਦਾ ਹੈ। ਉਦਾਹਰਨ ਲਈ ਅਭਿਨੇਤਰੀ ਹੈਲਨ ਟੈਰੀ ਨੇ ਜਾਰਜ ਬਰਨਾਰਡ ਸ਼ਾਅ ਨੂੰ ਲਿਖਿਆ। ਬੱਚਾ ਕਿੰਨਾ ਚੰਗਾ ਹੋਵੇਗਾ ਅਗਰ ਆਪਾਂ ਦੋਵੇਂ ਇਕੱਠੇ ਹੋ ਜਾਈਏ। ਇਸ 'ਤੇ ਬਰਨਾਰਡ ਸ਼ਾਅ ਨੇ ਜਵਾਬ ਦਿੱਤਾ, ਮੈਡਮ ਬਦਕਿਸਮਤੀ ਨਾਲ ਜੇ ਬੱਚੇ ਨੂੰ ਮੇਰੀ ਦਿੱਖ ਅਤੇ ਸਮਝ ਮਿਲ ਗਈ ਤਾਂ ਤੁਸੀਂ ਜਾਣਦੇ ਨਹੀਂ ਅੰਜਾਮ ਕੀ ਹੋਵੇਗਾ। ਇਸ ਲਈ ਤੁਹਾਨੂੰ ਜੇ ਉਸ ਦਾ ਇਕ ਮਜ਼ਾਕ ਲੰਗੜਾ ਲਗਦਾ ਹੈ। ਤੁਸੀਂ ਫਿਰ ਦੁਬਾਰਾ ਸੋਚੋ। ਅਗਰ ਬੱਚੇ ਨੂੰ ਹੈਲਨ ਦੀ ਸ਼ਕਲ ਅਤੇ ਬੁੱਧੀ ਮਿਲ ਗਈ ਤਾਂ ਕੀ ਹੋਏਗਾ। ਮੇਰਾ ਪੁੱਤਰ ਬਹੁਤ ਪਤਲਾ ਹੈ। ਉਸ ਦਾ ਸਰੀਰ ਛਾਂਟਵਾਂ ਹੈ। ਇਕ ਉਸ ਦੀ ਹੋਰ ਖਾਸੀਅਤ ਹੈ ਕਿ ਉਸ ਨੂੰ ਥੋੜੇ ਕੀਤੀ ਕੋਈ ਚੀਜ਼ ਪਸੰਦ ਨਹੀਂ ਆਉਂਦੀ ਜਾਂ ਇਸ ਤਰ੍ਹਾਂ ਆਖ ਲਵੋ ਕਿ ਕੋਈ ਮੇਰੇ ਬੇਟੇ ਦੇ ਨੱਕ ਹੇਠ ਨਹੀਂ ਆਉਂਦਾ। ਉਸ ਦੇ ਚਿਹਰੇ 'ਤੇ ਇਕ ਮੋਟੀ ਨੱਕ ਹੈ। ਜੋ ਉਸ ਦੀਆਂ ਬਾਕੀ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹੈ। ਉਸ ਨੂੰ ਆਪਣੀ ਇਸ ਵਿਸ਼ੇਸ਼ਤਾਈ 'ਤੇ ਸ਼ਰਮਿੰਦਾ ਨਹੀਂ ਹੋਣਾ ਪੈਂਦਾ ਕਿਉਂਕਿ ਵਿਸ਼ੇਸ਼ ਹੋਣਾ ਤੇ ਵਿਸ਼ੇਸ਼ ਸਮਝਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਉਸ ਦੇ ਨੱਕ ਦੀਆਂ ਨਾਸਾਂ ਸਿਕੰਦਰ ਦੇ ਘੋੜੇ ਬੋਸ ਕਾਇਲਬ ਵਾਂਗ ਖੁੱਲ੍ਹੀਆਂ ਹਨ। ਤੇ ਬੰਦ ਹੁੰਦੀਆਂ ਹਨ। ਜੋ ਯੂਨਾਨ ਤੋਂ ਭਾਰਤ ਆਇਆ ਸੀ। ਕਈ ਵਾਰ ਉਹ ਆਪਣੇ ਨੱਕ ਦੀਆਂ ਨਾਸਾਂ ਦੀ ਵਰਤੋਂ ਉਦੋਂ ਵੀ ਕਰਦਾ ਹੈ, ਜਦੋਂ ਉਸ ਨੇ ਆਪਣੇ ਮਾਲਕ ਦੀ ਹਉਮੈ ਜਾਂ ਭਰਮ ਨੂੰ ਹਰਾਉਣਾ ਹੁੰਦਾ ਹੈ। ਠੰਢ ਵਿੱਚ ਕਈਆਂ ਦੇ ਨੱਕ ਵਗਦੇ ਹਨ, ਪਰ ਮੇਰੇ ਪੁੱਤਰ ਦਾ ਨੱਕ ਠੰਢ ਵਿੱਚ ਬੰਦ ਹੋ ਜਾਂਦਾ ਹੈ। ਭਾਵ ਨਾਸਾਂ ਵਗਦੀਆਂ ਨਹੀਂ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਜਦੋਂ ਮੈਂ ਜਵਾਨ ਸੀ, ਮੈਨੂੰ ਅਕਸਰ ਠੰਢ ਲੱਗ ਜਾਂਦੀ ਸੀ, ਪਰ ਮੈਂ ਇਸ ਠੰਢ ਨੂੰ ਕਸਰਤ, ਸੌਣ ਅਤੇ ਜਾਗਣ ਨਾਲ ਠੀਕ ਕਰ ਲੈਂਦਾ ਸੀ, ਪਰ ਮੇਰਾ ਬੇਟਾ ਇਸ ਜ਼ੁਕਾਮ ਨੂੰ ਬਿਲਕੁਲ ਕ੍ਰਾਂਤੀਕਾਰੀ ਤਰੀਕੇ ਨਾਲ ਠੀਕ ਕਰਦਾ ਹੈ। ਉਹ ਰਾਤ ਦੇ 1.30 ਵਜੇ ਤੀਕਰ ਜਾਗਦਾ ਰਹਿੰਦਾ ਹੈ। ਫਿਰ ਪੈਕਸ ਜਾਂ ਟਾਈਮ, ਨਿਊਯਾਰਕ ਦਾ ਹਫਤਾਵਾਰੀ ਰਸਾਲਾ ਪੜ੍ਹਦਾ ਹੈ। ਜਿਸ 'ਤੇ ਉਸ ਦਾ ਸੰਸਾਰ ਦਾ ਗਿਆਨ ਅਧਾਰਿਤ ਹੈ। ਫਿਰ ਸਵੇਰੇ ਆਰਾਮ ਨਾਲ ਉੱਠਦਾ ਹੈ। ਜਦੋਂ ਉਸ ਦੇ ਭੈਣ-ਭਰਾ ਸਕੂਲ ਗਏ ਹੁੰਦੇ ਹਨ। ਮਾਂ ਘਰ ਦਾ ਸਾਰਾ ਕੰਮ ਕਰਦੀ ਹੈ। ਮੇਰਾ ਇਕ ਪੈਰ ਘਰ ਦੇ ਅੰਦਰ, ਇਕ ਬਾਹਰ ਹੁੰਦਾ ਹੈ। ਜਦ ਮੈਂ ਘਰ ਪੈਰ ਰੱਖਾਂ ਤਾਂ ਉਸ ਦੀ ਮਾਂ ਅੱਖਾਂ ਵਿੱਚ ਨੀਂਦ ਲੈ ਕੇ ਮੇਰੇ ਕੋਲ ਆਉਂਦੀ ਹੈ। ਮੇਰੇ ਵੱਲ ਇਸ ਤਰ੍ਹਾਂ ਵੇਖਦੀ ਹੈ ਜਿਵੇਂ ਮੈਂ ਕੋਈ ਅਜਨਬੀ ਹੋਵਾਂ। ਜਦ ਉਸ ਨੂੰ ਵੇਖਦਾ ਹਾਂ ਤਾਂ ਮੈਂ ਉਸ ਨੂੰ ਨਮਸਕਾਰ ਕਰਦਾ ਹਾਂ। ਪਰ ਮੈਨੂੰ ਡਰ ਹੈ ਕਿ ਜਦੋਂ ਮੈਂ ਉਸ ਨੂੰ ਆਪਣੇ ਸਵਾਗਤ ਲਈ ਬੁਲਾਵਾਂਗਾ, ਉਹ ਮੈਨੂੰ ਨਮਸਕਾਰ ਨਹੀਂ ਕਰੇਗੀ। ਇਸ ਗੱਲ ਦਾ ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ, ਪਰ ਮੇਰਾ ਸਾਰਾ ਦਿਨ ਹੀ ਘਰਾੜਿਆਂ ਵਿੱਚ ਬਰਬਾਦ ਹੋਵੇਗਾ। ਫਿਰ ਸੋਚਦਾ ਹਾਂ ਬਸ ਇਹ ਹੀ ਜ਼ਿੰਦਗੀ ਹੈ। ਮੇਰੇ ਬੇਟੇ ਦੇ ਬੁੱਲ੍ਹ ਪਤਲੇ ਤੇ ਮਜ਼ਬੂਤ ਠੋਡੀ ਹੈ। ਜੋ ਮਜ਼ਬੂਤ ਇੱਛਾ ਸ਼ਕਤੀ ਨੂੰ ਦਰਸਾਉਂਦੀ ਹੈ। ਉਹ ਇਹ ਸ਼ਕਤੀ ਅਕਸਰ ਆਪਣੇ ਮਾਤਾ-ਪਿਤਾ ਅਤੇ ਭੈਣ-ਭਰਾਵਾਂ 'ਤੇ ਵਰਤਦਾ ਹੈ। ਉਸ ਦੀਆਂ ਅੱਖਾਂ ਛੋਟੀਆਂ ਹਨ, ਨੇੜਲੀ ਚੀਜ਼ ਨੂੰ ਅਸਾਨੀ ਨਾਲ ਵੇਖ ਸਕਦਾ ਹੈ। ਇਸ ਲਈ ਮੇਰਾ ਪੁੱਤਰ ਨਵੇਂ ਗਿਆਨ ਦੀ ਐਨਕ ਪਾਉਂਦਾ ਹੈ। ਉਸ ਦੀਆਂ ਭਰਵੀਆਂ ਮੋਟੀਆਂ ਅੱਖਾਂ ਮੈਨੂੰ ਈਮਾਨਦਾਰੀ ਦੀ ਨਿਸ਼ਾਨੀ ਲੱਗਦੀਆਂ ਹਨ, ਪਰ ਅਜਿਹਾ ਵੀ ਨਹੀਂ ਕਿ ਮੇਰੇ ਪੁੱਤਰ ਵਿੱਚ ਈਮਾਨਦਾਰੀ ਦੀ ਕਮੀ ਹੈ। ਉਸ ਵਿੱਚ ਬਹੁਤ ਸੁਹਿਰਦਤਾ ਹੈ। ਇਸ ਲਈ ਉਹ ਕਿਸੇ ਨੂੰ ਵੀ ਧੋਖਾ ਨਹੀਂ ਦਿੰਦਾ। ਮੈਨੂੰ ਅੱਜ ਇਹ ਸਮਝ ਨਹੀਂ ਆਈ ਕਿ ਉਸ ਕੋਲ ਸ਼ੁੱਧ ਦਿਲ ਹੈ। ਸ਼ੁੱਧ ਈਮਾਨਦਾਰੀ ਹੈ। ਪਰ ਫਿਰ ਵੀ ਉਹ ਪਤਾ ਨਹੀਂ ਧੋਖਾ ਕਿਉਂ ਨਹੀਂ ਦਿੰਦਾ। ਮੇਰੇ ਬੇਟੇ ਦਾ ਮੱਥਾ ਛੋਟਾ ਹੈ। ਅਕਸਰ ਹੀ ਕਿਹਾ ਜਾਂਦਾ ਹੈ ਕਿ ਤੰਗ ਮੱਥੇ ਵਾਲੇ ਬਹੁਤੇ ਸੋਹਣੇ ਨਹੀਂ ਹੁੰਦੇ। ਇਸ ਦਾ ਇਕ ਸਬੂਤ ਇਹ ਹੈ ਕਿ ਉਹ ਰੌਕਫੈਲਰ ਦੇ ਘਰ ਪੈਦਾ ਹੋਣ ਨਾਲੋਂ ਸਾਡੇ ਘਰ ਪੈਦਾ ਹੋਇਆ। ਜਦੋਂ ਵੇਖਦਾ ਹਾਂ ਕਿ ਉਸ ਦੀ ਮਾਂ ਕਿਵੇਂ ਮਰ-ਮਰ ਕੇ ਕੰਮ ਕਰ ਰਹੀ ਹੈ। ਮੈਂ ਬਾਹਰ ਸਖਤ ਮਿਹਨਤ ਕਰਦਾ ਹਾਂ। ਉਹ ਆਪਣੇ ਕਮਰੇ ਵਿੱਚ ਅਨੰਦ ਲੈ ਰਿਹਾ ਹੈ। ਉਸ ਨੂੰ ਬਜ਼ੁਰਗ ਦੀ ਕਹੀ ਗੱਲ 'ਤੇ ਕੋਈ ਵਿਸ਼ਵਾਸ ਨਹੀਂ ਹੈ। ਉਹ ਸੁਭਾਅ ਤੋਂ ਵੱਖਰਾ ਹੀ ਹੈ। ਉਸ ਵਿਚ ਇਕ ਗੁਣ ਹੈ। ਉਹ ਆਪ ਭਾਵੇਂ ਕਿਸੇ 'ਤੇ ਵਿਸ਼ਵਾਸ ਕਰੇ ਜਾਂ ਨਾ ਕਰੇ, ਪਰ ਦੂਜੇ ਨੂੰ ਆਪਣੇ 'ਤੇ ਵਿਸ਼ਵਾਸ ਕਰਾਉਣ ਵਿੱਚ ਆਏ ਚਿਹਰੇ ਦਾ ਹਰ ਰੰਗ ਵਰਤਦਾ ਹੈ। ਫਿਰ ਨਾਲ ਹੀ ਆਖ ਦੇਵੇਗਾ, ਮੈਂ ਤੁਹਾਡੀ ਗੱਲ ਪਹਿਲਾਂ ਹੀ ਸਮਝ ਗਿਆ ਸੀ। ਅੱਜ ਦੀ ਤੇਜ਼ ਰਫਤਾਰ ਦੁਨੀਆ ਨੂੰ ਮੇਰਾ ਬੇਟਾ ਆਪਣੇ ਅਨਕੂਲ ਹੀ ਚਲਾਉਂਦਾ ਹੈ। ਮੈਂ ਉਸ ਦੇ ਉਲਟ ਹਾਂ। ਉਸ ਨੂੰ ਤੇਜ਼ ਕਾਰ ਚਲਾਉਣ ਦਾ ਸ਼ੌਕ ਹੈ। ਉਸ ਨਾਲ ਕਈ ਹਾਦਸੇ ਵੀ ਹੋਏ। ਕਈ ਹਾਦਸੇ ਖਤਰਨਾਕ ਵੀ ਹੋਏ। ਮੈਂ ਆਪਣੀ ਕਾਰ ਪੱਚੀ ਦੀ ਰਫ਼ਤਾਰ ਨਾਲ ਚਲਾਉਂਦਾ ਹਾਂ। ਉਸ ਦੇ ਨਾਲ ਹੋਏ ਕੀਮਤੀ ਹਾਦਸਿਆਂ ਦੀ ਕੀਮਤ ਮੈਨੂੰ ਬੜੀ ਮਹਿੰਗੀ ਤਾਰਨੀ ਪਈ। ਇਕ ਹਾਦਸੇ ਦੀ ਕੀਮਤ ਅਠਾਰਾਂ ਸੌ ਰੁਪਏ ਅਤੇ ਦੂਜੇ ਹਾਦਸੇ ਦੀ ਕੀਮਤ ਬਾਰਾਂ ਸੌ ਰੁਪਏ। ਇਕ ਦਿਨ ਮੇਰਾ ਬੇਟਾ ਮੇਰੇ ਨਾਲ ਕਾਰ ਵਿੱਚ ਬੈਠਾ ਸੀ। ਮੈਂ ਕਾਰ ਚਲਾ ਰਿਹਾ ਸੀ। ਮੈਂ ਕਾਰ ਵੀ ਆਮ ਰਫ਼ਤਾਰ ਵਾਂਗ ਹੌਲੀ ਚਲਾ ਰਿਹਾ ਸੀ। ਅਚਾਨਕ ਇੱਕ ਬੱਚਾ ਕਾਰ ਅੱਗੇ ਆ ਗਿਆ। ਕਾਰ ਨੇ ਉਸ ਨੂੰ ਟੱਕਰ ਮਾਰੀ। ਉਹ ਫੁੱਟਪਾਥ 'ਤੇ ਡਿੱਗ ਪਿਆ। ਖੁਸ਼ਕਿਸਮਤੀ ਨਾਲ ਉਸ ਦੀ ਜਾਨ ਬਚ ਗਈ। ਸਾਡੀ ਵੀ ਜਾਨ ਬਚ ਗਈ। ਅਸੀਂ ਹਸਪਤਾਲ ਤੋਂ ਪੱਟੀ ਕਰਾ ਕੇ ਘਰ ਲਈ ਰਵਾਨਾ ਹੋਏ। ਮੈਂ ਆਪਣੇ ਬੇਟੇ ਨੂੰ ਕਿਹਾ, "ਵੇਖੋ ਜੇ ਮੈਂ ਤੇਰੀ ਤਰ੍ਹਾਂ ਕਾਰ ਚਲਾਉਂਦਾ ਤਾਂ ਬੱਚੇ ਨੇ ਮਰ ਜਾਣਾ ਸੀ। ਮੇਰੀ ਸਾਰੀ ਗੱਲ ਮੇਰਾ ਬੇਟਾ ਚੁੱਪ ਕਰਕੇ ਸੁਣਦਾ ਰਿਹਾ ਅਤੇ ਬੋਲਿਆ ਅਗਰ ਤੁਸੀਂ ਮੇਰੀ ਰਫ਼ਤਾਰ ਨਾਲ ਕਾਰ ਚਲਾਉਂਦੇ ਤਾਂ ਬੱਚੇ ਦੇ ਅੱਗੇ ਆਉਣ ਨਾਲ ਤੁਸੀਂ ਪਹਿਲਾਂ ਨਿਕਲ ਜਾਣਾ ਸੀ। ਅਸੀਂ ਵੀ ਜ਼ਖ਼ਮੀ ਨਾ ਹੁੰਦੇ, ਨਾ ਬੱਚੇ ਨੂੰ ਟੱਕਰ ਮਿਲਦੀ। ਉਸ ਦੀ ਗੱਲ ਸੁਣ ਕੇ ਮੈਂ ਸੋਚਿਆ ਸ਼ਾਇਦ ਖਲੀਲ ਜ਼ਿਬਰਾਨ ਨੇ ਸਹੀ ਹੀ ਕਿਹਾ ਹੈ ਕਿ ਤੁਸੀਂ ਬੱਚੇ ਨੂੰ ਆਪਣਾ ਤਨ ਅਤੇ ਮਨ ਦੇ ਸਕਦੇ ਹੋ, ਪਰ ਆਪਣੇ ਵਿਚਾਰ ਨਹੀਂ ਦੇ ਸਕਦੇ। ਅੱਜ ਦੇ ਬੱਚਿਆਂ ਦੀ ਗੱਲ ਕਈ ਵਾਰ ਸੁਣਨ ਨੂੰ ਦਿਲ ਵੀ ਕਰਦਾ ਹੈ। ਪਤਾ ਨਹੀਂ ਫਿਰ ਕਿਉਂ ਸੋਚਦੇ ਹਾਂ ਕਿ ਇਹ ਅਜੇ ਬੱਚੇ ਹਨ, ਜੋ ਹਕੀਕਤ ਨੂੰ ਹਰ ਸਮੇਂ ਸ਼ਬਦਾਂ ਵਿੱਚ ਕੈਦ ਕਰਦੇ ਹਨ। ਉਹ ਉਸ ਸਮੇਂ ਇਹ ਨਹੀਂ ਸੋਚਦੇ ਕਿ ਸੰਸਾਰ ਦੀ ਹਰ ਚੀਜ਼ ਦਾ ਕੋਈ ਵਾਧੂ ਦਰਜਾ ਵੀ ਹੈ। ਕੋਈ ਵੀ ਅਸਲੀਅਤ ਪੂਰਨ ਨਹੀਂ ਹੁੰਦੀ। ਅਸਲੀਅਤ ਸਥਾਨਕ ਹੈ ਅਤੇ ਆਲਸੀ, ਸੰਜੀਵ ਮਨ ਕਈ ਵਾਰ ਪੜ੍ਹਨਾ ਅਤੇ ਸੋਚਣਾ ਬੰਦ ਕਰ ਦਿੰਦਾ ਹੈ, ਪਰ ਇਸ ਸੀਮਤ ਅਸਲੀਅਤ ਨੂੰ ਦੁਨੀਆ ਵਿੱਚ ਫੈਲਾਉਂਦਾ ਹੈ। ਹਾਂ ਚਲੋ ਬੱਚਿਆਂ ਦਾ ਵਿੱਚ ਹੀ ਰਹਿ ਗਿਆ ਸੀ। ਕਿਸੇ ਨੇ ਖਲੀਲ ਜ਼ਿਬਰਾਨ ਨੂੰ ਪੁੱਛਿਆ, ਅਸੀਂ ਬੱਚਿਆਂ ਨੂੰ ਆਪਣੇ ਵਿਚਾਰ ਕਿਉਂ ਨਹੀਂ ਦੇ ਸਕਦੇ। ਸਾਨੂੰ ਕਿਉਂ ਕਿਹਾ ਜਾਂਦਾ ਹੈ ਕਿ ਪਤੀ-ਪਤਨੀ ਨੂੰ ਬੱਚਿਆਂ ਦੇ ਨਾਲ ਨਹੀਂ ਲੜਨਾ



ਚਾਹੀਦਾ। ਭਾਵੇਂ ਕਿ ਇਹ ਕੁਦਰਤੀ ਟਕਰਾਅ ਹੈ। ਹਰ ਬੱਚੇ ਨੂੰ ਡੂੰਘੀ ਨਿਗ੍ਹਾ ਨਾਲ ਵੇਖਣਾ ਅਤੇ ਸਮਝਣਾ ਚਾਹੀਦਾ ਹੈ। ਬੱਚਿਆਂ ਤੋਂ ਸਿੱਖਣ ਲਈ ਬਹੁਤ ਕੁਝ ਮਿਲਦਾ ਹੈ। ਅਗਰ ਤੁਸੀਂ ਕੁਝ ਸਿੱਖਣਾ ਚਾਹੁੰਦੇ ਹੋ ਤਾਂ ਅੱਜਕੱਲ੍ਹ ਹਜ਼ਾਰਾਂ ਬੱਚੇ ਆਪਣੇ ਵਿਚਾਰਾਂ ਨੂੰ ਆਪਣੇ ਕੰਨਾਂ ਅਤੇ ਅੱਖਾਂ ਰਾਹੀਂ ਆਪਣੇ ਅੰਦਰ ਸਮਾ ਲੈਂਦੇ ਹਨ। ਉਹ ਜਿਹੜੇ ਤਰੀਕਿਆਂ ਨਾਲ ਵਿਚਾਰਾਂ ਨੂੰ ਆਪਣੇ ਅੰਦਰ ਸਮਾ ਲੈਂਦੇ ਹਨ। ਇਹ ਨੁਕਤਾ ਨਾ ਮੈਂ ਸਮਝ ਸਕਿਆ, ਨਾ ਤੁਸੀਂ ਸਮਝ ਸਕਦੇ ਹੋ। ਅੱਜ ਦਾ ਬੱਚਾ ਇਹ ਸਵੀਕਾਰ ਨਹੀਂ ਕਰਦਾ ਕਿ ਉਹ ਬੂੰਦ ਦੀ ਉਹ ਕਣੀ (ਭਾਵ ਨੀਂਦ ਦੀ ਉਹ ਕਣੀ) ਨਾਲ ਹੀ ਧਰਤੀ 'ਤੇ ਡਿੱਗਿਆ ਜਾਂ ਜੰਮਿਆ। ਉਹ ਆਪਣੇ ਬਜ਼ੁਰਗਾਂ ਨੂੰ ਆਪਣੇ ਅਤੇ ਉਹਨਾਂ ਦੇ ਜੰਮਣ ਬਾਰੇ ਸਵਾਲ ਪੁੱਛਦਾ ਹੈ। ਰਸਮੀ ਜਵਾਬ ਮਿਲਣ ਕਰਕੇ ਹੀ ਉਹ ਕਲਮ ਚੁੱਕਦਾ ਹੈ। ਫਿਰ ਉਹ ਉਸ ਦੇ ਜਵਾਬ ਵਿੱਚ ਲੇਖ ਲਿਖਦਾ ਹੈ। ਹਰ ਕੋਈ ਕੁਦਰਤੀ ਪੈਦਾ ਨਹੀਂ ਹੁੰਦਾ। ਸਾਰਿਆਂ ਨੂੰ ਪੈਦਾ ਕੀਤਾ ਜਾਂਦਾ ਹੈ। ਚਲੋ ਇਹ ਤਾਂ ਬੱਚਿਆਂ ਦਾ ਸਵਾਲ ਸੀ। ਸਾਡੇ ਲੇਖਕਾਂ ਨੇ ਵੀ ਬਹੁਤ ਗੜਬੜ ਕੀਤੀ ਹੈ। ਕ੍ਰਿਸ਼ਨ ਵਿਆਸ ਤੋਂ ਲੈ ਕੇ ਵਿਸ਼ਨੂੰ ਪ੍ਰਭਾਕਰ ਤੀਕਰ। ਉਸ ਸਮੇਂ ਤੋਂ ਉਨੇ ਹੀ ਪਿੱਛੇ ਹਨ। ਜਿੰਨਾ ਸਮਾਂ ਉਨ੍ਹਾਂ ਤੋਂ ਅੱਗੇ ਹੈ। ਸਮੇਂ ਦੇ ਲਿਹਾਜ ਨਾਲ ਵੇਖੀਏ ਤਾਂ ਅਸੀਂ ਓਨਾ ਪਾਇਆ ਨਹੀਂ, ਜਿੰਨਾ ਗੁਆਇਆ ਹੈ। ਪਰ ਅਸੀਂ ਇਸ ਘਾਟੇ 'ਚੋਂ ਜੋ ਵੀ ਪਾਇਆ ਹੈ, ਉਹ ਕਾਲੀਦਾਸ, ਭੁਭੂਤੀ ਅਤੇ ਸ਼ੈਕਸਪੀਅਰ ਹਨ। ਮੈਂ ਤੁਹਾਨੂੰ ਬੇਨਤੀ ਕਰਾਂਗਾ, ਅੱਜ ਦੇ ਦ੍ਰਿਸ਼ਟੀਕੋਣ ਤੋਂ ਕਿ ਮੈਨੂੰ ਇਹਨਾ ਮਹਾਂਪੁਰਖਾਂ ਦੇ ਦਰਸ਼ਨ ਨਾ ਕਰਨ ਦਿਓ। ਮੈਂ ਇਹਨਾਂ ਅੱਗੇ ਬਹੁਤ ਨਿਕੰਮਾ ਆਦਮੀ ਹਾਂ। ਅੱਜ ਦੇ ਨੌਜਵਾਨ ਨੂੰ ਮੇਰੀ ਸਲਾਹ ਹੈ। ਮੈਨੂੰ ਪੜ੍ਹੋ ਅਤੇ ਮੈਨੂੰ ਰੱਦ ਕਰ ਦਿਓ। ਪਰ ਮੇਰੇ ਬਾਰੇ ਆਪਣੇ ਵਿਚਾਰਾਂ ਨੂੰ ਰੱਦ ਨਾ ਕਰਨਾ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਮੇਰਾ ਬੇਟਾ ਇਹੀ ਹੈ, ਪਰ ਮੈਂ ਗਲਤ ਹਾਂ। ਮੇਰਾ ਪੁੱਤਰ ਮੇਰੇ ਅਧਿਕਾਰ ਨੂੰ ਨਹੀਂ ਮੰਨਦਾ, ਨਾ ਹੀ ਉਹ ਹੋਰ ਕਿਸੇ ਦੇ ਅਧਿਕਾਰ ਨੂੰ ਮੰਨਦਾ ਹੈ। ਇਹ ਵਰਤਾਰਾ ਵੇਖ ਕੇ ਮੈਂ ਰੋਣ ਲੱਗਦਾ ਹਾਂ। ਮੈਨੂੰ ਇੰਝ ਲਗਦਾ ਹੈ, ਮੇਰਾ ਬਜ਼ੁਰਗਾਂ ਅਤੇ ਮੇਰੇ ਪੂਰਵਜ਼ਾਂ ਦੀਆਂ ਰੂਹਾਂ ਕਿਸੇ ਸਵਰਗਾਂ ਵਿੱਚ ਭਟਕ ਰਹੀਆਂ ਹਨ। ਕਦੇ ਉਹ ਵੀ ਆਪਣੇ ਸਮੇਂ ਵਿੱਚ ਕ੍ਰਾਂਤੀਕਾਰੀ ਸਨ। ਉਹਨਾਂ ਨੇ ਸੱਤਾ ਦੇ ਵਿਰੁੱਧ ਕਦੇ ਜਿਹਾਦ ਛੇੜਿਆ ਸੀ। ਬਹੁਤ ਹੀ ਤਸੀਹੇ ਝੱਲੇ ਸਨ। ਮੈਂ ਸੋਚਦਾ ਹਾਂ ਉਹ ਵੀ ਮੇਰੇ ਵਰਗੇ ਹੋਣਗੇ, ਜਿਨ੍ਹਾਂ ਨੇ ਸਮੇਂ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਸਾਨੂੰ ਜਿੰਨਾ ਹੋ ਸਕਿਆ, ਉਨ੍ਹਾਂ ਨੇ ਦਿੱਤਾ। ਹੁਣ ਤੁਸੀਂ ਇਹ ਕਲਪਨਾ ਕਰ ਸਕਦੇ ਹੋ ਕਿ ਮੇਰੇ ਪੁੱਤਰ ਨੂੰ ਕਿਹੜੀਆਂ ਚੀਜ਼ਾਂ ਨਾਲ ਨਜਿੱਠਣਾ ਪੈਂਦਾ ਹੈ। ਜੀਵਨ ਦੀ ਰਫ਼ਤਾਰ, ਕਦਮ ਦਰ ਕਦਮ ਨਾਲ ਸਖਤ ਮੁਕਾਬਲਾ, ਪਦਾਰਥ ਅਤੇ ਅਧਿਆਤਮਕ ਮੁੱਲਾਂ ਦਾ ਸੰਘਰਸ਼, ਪੁਰਾਣੇ ਅਤੇ ਨਵੇਂ ਟਕਰਾਵਾਂ। ਭਾਵੇਂ ਮੈਂ ਬਹੁਤ ਪੜ੍ਹਦਾ ਹਾਂ, ਪਰ ਮੇਰਾ ਮਨ ਜਗੀਰੂ ਹੈ, ਪਰ ਮੇਰੇ ਪੁੱਤਰ ਦਾ ਨਹੀਂ। ਮੈਂ ਉਸ ਕੋਲੋਂ ਇਕ ਖਾਸ ਕਿਸਮ ਦੀ ਨਿਮਰਤਾ ਅਤੇ ਆਗਿਆਕਾਰੀ ਦੀ ਮੰਗ ਕਰਦਾ ਹਾਂ। ਜੋ ਉਹ ਮੈਨੂੰ ਨਹੀਂ ਦੇ ਸਕਦਾ। ਨਾ ਹੀ ਦੇਣਾ ਚਾਹੁੰਦਾ ਹੈ। ਮੈਂ ਉਸ ਵੱਲ ਮੁਸਕਰਾ ਕੇ ਵੇਖਦਾ ਹਾਂ ਅਤੇ ਸੋਚਦਾ ਹਾਂ ਅੱਜ ਦੇ ਨੌਜਵਾਨ ਨੂੰ ਕੀ ਹੋ ਗਿਆ ਹੈ। ਇਹ ਹੀ ਵਾਕ ਕਦੇ ਮੇਰੇ ਬਜ਼ੁਰਗਾਂ ਨੇ ਵੀ ਮੈਨੂੰ ਆਖੇ ਸਨ। ਬਜ਼ੁਰਗਾਂ ਦਾ ਸਮਾਂ ਬੜਾ ਕਮਾਲ ਦਾ ਸਮਾਂ ਸੀ। ਉਸ ਸਮੇਂ ਵਿੱਚ ਮਨੁੱਖੀ ਸ਼ਖ਼ਸੀਅਤ ਟੁੱਟੇ ਹੋਏ ਸੀਨੇ ਵਾਂਗ ਦਿਖਾਈ ਨਹੀਂ ਦਿੰਦੀ ਸੀ। ਉਸ ਵਕਤ 'ਸਕੂਜ਼' ਅਤੇ 'ਫਰਨਾ' ਸ਼ਬਦ ਦੀ ਕਾਢ ਨਹੀਂ ਕੱਢੀ ਗਈ ਸੀ। ਨੀਂਦ ਦੀਆਂ ਗੋਲੀਆਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ। ਐੱਸ.ਡੀ. ਚੋਬਿਸ ਜਾਂ ਫਿਰ ਦਰੱਖਤ ਦੇ ਪੱਤੇ ਦਾ ਰਸ ਪੀਤਾ ਜਾਂਦਾ ਸੀ। ਮਨੁੱਖ ਆਪਣੇ ਆਪ ਨੂੰ ਡੂੰਘਾਈ ਅਤੇ ਉਚਾਈ ਤੀਕਰ ਲੈਂਦੇ ਚਲੇ ਜਾਂਦਾ ਸੀ।

ਮੇਰਾ ਬੇਟਾ ਉਚਾਈਆਂ ਵਿੱਚ ਉੱਡਣ ਦਾ ਆਦੀ ਹੋ ਗਿਆ ਹੈ। ਉਹ ਉਚਾਈ ਨੂੰ ਉਚਾਈ ਤੋਂ ਹੋਰ ਅੱਗੇ ਵੇਖਦਾ ਹੈ। ਉਹ ਜਿਸ ਹਰਿਆਵਲ ਵਿੱਚ ਸਫ਼ਰ ਕਰਦਾ ਹੈ, ਉਹ ਉਸ ਦੇ ਮਨ ਅਤੇ ਚੇਤਨਾ ਦੀਆਂ ਪਰਤਾਂ ਹਨ। ਜਿਸ ਵਿੱਚ ਕੋਇਲਾ ਕੈਂਥ ਮੱਛੀ ਤੋਂ ਲੈ ਕੇ ਆਈਨਸਟਾਈਨ ਤੱਕ ਦੇ ਸਾਰੇ ਅਨੁਭਵ ਛੁਪੇ ਹੋਏ ਹਨ। ਜਿੱਥੇ ਪਹੁੰਚਣ ਲਈ ਸਾਡੇ ਸਾਧੂਆਂ ਨੇ ਹਜ਼ਾਰਾਂ ਸਾਲ ਤਪੱਸਿਆ ਕੀਤੀ। ਇਹ ਵੀ ਇਕ ਤੱਥ ਹੈ ਕਿ ਮੈਂ ਆਪਣੇ ਪੁੱਤਰ ਵਾਂਗ ਬਹੁਤਾ ਨਹੀਂ ਜਾਣਦਾ। ਜੇਕਰ ਤੁਸੀਂ ਸੋਚਦੇ ਹੋ ਕਿ ਮੈਂ ਆਪਣੇ-ਆਪ ਨੂੰ ਇੱਥੇ ਜ਼ੀਰੋ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਤਾਂ ਇਹ ਮੇਰੇ ਨਾਲ ਬਹੁਤ ਵੱਡੀ ਬੇਇਨਸਾਫ਼ੀ ਹੋਵੇਗੀ। ਭਾਵੇਂ ਕਿ ਮੈਨੂੰ ਪਤਾ ਹੁੰਦਾ ਹੈ ਕਿ ਸੁਏਜ਼ ਨਹਿਰ ਫਰਾਂਸੀਸੀ ਇੰਜੀਨੀਅਰ ਨੇ ਬਣਾਈ ਹੈ, ਜਿਸ ਦਾ ਨਾਂਅ ਡੀਲੇਲਿਪਸ ਹੈ। ਮੈਂ ਆਪਣੇ ਪੁੱਤਰ ਦੇ ਸਵਾਲਾਂ ਦੇ ਜਵਾਬ ਜਿਸ ਤਰੀਕੇ ਨਾਲ ਦਿੰਦਾ ਹਾਂ, ਉਹ ਸੰਤੁਸ਼ਟ ਨਹੀਂ ਹੁੰਦਾ। ਇਸ ਲਈ ਉਸ ਦੇ ਕੁਝ ਸਵਾਲਾਂ ਦੇ ਜਵਾਬ ਮੈਂ ਆਪਣੇ ਅੰਦਰ ਹੀ ਦੱਬ ਲੈਂਦਾ ਹਾਂ। ਹੁਣ ਮੈਨੂੰ ਲਗਦਾ ਹੈ ਕਿ ਮੈਂ ਬੇਸਮਝ ਹਾਂ ਅਤੇ ਮੇਰਾ ਸਮਾਂ ਬੀਤ ਗਿਆ ਹੈ। ਉਸ ਸਮੇਂ ਮੇਰੀ ਸਥਿਤੀ ਉਸ ਡੈਡੀ ਵਰਗੀ ਹੁੰਦੀ ਹੈ, ਜਿਸ ਨੂੰ ਉਸ ਦਾ ਪੁੱਤਰ ਪੁੱਛਦਾ ਹੈ, 'ਡੈਡੀ ਮਿਸਰ ਦੇ ਇਹ ਟਾਵਰ ਕਿਉਂ ਬਣਾਏ ਗਏ ਸਨ? ਜੋ ਹੱਥ ਆਉਂਦਾ, ਬਸ ਬਣਾਈ ਜਾਵੋ। ਪਹਿਲੇ ਸਮਿਆਂ ਵਿੱਚ ਲੋਕਾਂ ਕੋਲ ਬਹੁਤ ਸਮਾਂ ਹੁੰਦਾ ਸੀ। ਮੈਂ ਆਖਦਾ ਹਾਂ ਹੱਬ ਜਾਣਦਾ ਪੁੱਤਰ ਜੀ। ਫਿਰ ਉਹ ਸਵਾਲ ਕਰਦਾ, ਡੈਡੀ ਜਿਰਾਫ਼ ਦੀ ਗਰਦਨ ਐਨੀ ਲੰਬੀ ਕਿਉਂ ਹੁੰਦੀ ਹੈ। ਬੇਟਾ ਕੁਝ ਜਾਨਵਰਾਂ ਦਾ ਕੱਦ ਲੰਬਾ ਹੁੰਦਾ ਹੈ ਅਤੇ ਕੁਝ ਕੁ ਦਾ ਛੋਟਾ। ਡੈਡੀ ਬੱਚਾ ਕੇਵਲ ਔਰਤ ਕੋਲੋਂ ਹੀ ਕਿਉਂ ਪੈਦਾ ਹੁੰਦਾ ਹੈ। ਤੁਸੀਂ ਇਸ ਬਾਰੇ ਕੀ ਸੋਚਦੇ ਹੋ। ਅਗਰ ਮਰਦ ਕੋਲੋਂ ਬੱਚਾ ਪੈਦਾ ਹੋ ਜਾਵੇ, ਉਹ ਔਰਤ ਬਣ ਜਾਵੇ। ਡੈਡੀ ਲਗਦਾ ਤੁਸੀਂ ਮੇਰੇ ਸਵਾਲਾਂ ਨੂੰ ਸੁਣ ਕੇ ਕਾਫੀ ਉਲਝਣ ਵਿੱਚ ਫਸੇ ਲਗਦੇ ਹੋ। ਲਗਦਾ ਮੈਨੂੰ ਤੁਹਾਡੇ ਕੋਲੋਂ ਇਹ ਸਵਾਲ ਪੁੱਛਣੇ ਨਹੀਂ ਚਾਹੀਦੇ। ਬੇਟਾ ਤੇਰੀ ਮਰਜ਼ੀ ਹੈ। ਅਗਰ ਤੁਸੀਂ ਸਵਾਲ ਨਹੀਂ ਪੁੱਛੋਗੇ ਤਾਂ ਗਿਆਨ ਕਿਵੇਂ ਹੋਵੇਗਾ। ਸਾਡੀ ਆਪਸੀ ਨੋਕ-ਝੋਕ ਕਾਫੀ ਹੁੰਦੀ। ਮੇਰਾ ਬੇਟਾ ਰਾਤ ਨੂੰ ਕੀ ਸੋਚਦਾ ਹੈ। ਉਹ ਰਾਤ ਨੂੰ ਦੇਰ ਤੀਕਰ ਕਿਉਂ ਨਹੀਂ ਸੌਂਦਾ। ਕੀ ਬਦਾਮ ਜਾਂ ਨੀਂਦ ਦੀਆਂ ਗੋਲੀਆਂ ਹੀ ਇਲਾਜ ਹਨ। ਕੀ ਸੈਕਸ ਉਸ ਨੂੰ ਪਰੇਸ਼ਾਨ ਕਰਦਾ ਹੈ। ਉਹ ਸਤਾਈ ਸਾਲ ਦਾ ਹੈ। ਉਸ ਦੀਆਂ ਕੁਝ ਮੰਗਾਂ ਜਾਇਜ਼ ਹਨ। ਜਦ ਮੈਂ ਉਸ ਦੇ ਵਿਆਹ ਦੀ ਗੱਲ ਛੇੜਾਂ। ਉਹ ਸਦਾ ਇਨਕਾਰ ਹੀ ਕਰਦਾ ਹੈ। ਮੈਨੂੰ ਲਗਦਾ ਉਹ ਵਿਆਹ ਤੋਂ ਇਸ ਲਈ ਇਨਕਾਰ ਕਰਦਾ ਹੈ ਕਿ ਉਹ ਉਦੋਂ ਤੀਕਰ ਕੁੜੀ ਦੀ ਜ਼ਿੰਦਗੀ ਤਬਾਹ ਨਹੀਂ ਕਰੇਗਾ, ਜਦੋਂ ਤੱਕ ਉਹ ਇਸ ਦੁਨੀਆ ਵਿੱਚ ਆਪਣੀ ਜਗ੍ਹਾ ਨਹੀਂ ਬਣਾ ਲੈਂਦਾ। ਸਾਡੇ ਜ਼ਮਾਨੇ ਵਿੱਚ ਲੋਕ ਇੱਕ-ਦੂਜੇ 'ਤੇ ਹੀ ਨਹੀਂ, ਆਪਣੇ ਆਪ 'ਤੇ ਵੀ ਵਿਸ਼ਵਾਸ ਕਰਦੇ ਸਨ। ਉਹ ਜਿਸ ਔਰਤ ਨਾਲ ਵਿਆਹ ਕਰਦੇ ਸਨ, ਉਸ ਨੂੰ ਲਕਸ਼ਮੀ ਸਮਝਦੇ ਸਨ। ਜਿਸ ਦੇ ਆਉਣ ਨਾਲ ਕਿਸਮਤ ਦੇ ਦਰਵਾਜ਼ੇ ਆਪਣੇ-ਆਪ ਖੁੱਲ੍ਹ ਜਾਂਦੇ ਹਨ। ਮੇਰੇ ਬੇਟੇ ਦੇ ਕੀ ਵਿਚਾਰ ਹਨ? ਮੈਂ ਉਹਨਾਂ ਤੀਕਰ ਪਹੁੰਚਣ ਦੀ ਕੋਸ਼ਿਸ਼ ਕਰਾਂਗਾ। ਆਓ ਉਸ ਦੀ ਰੂਹ ਤੀਕਰ ਉੱਤਰੀਏ ਅਤੇ ਵੇਖੀਏ ਕਿ ਉਹ ਕਿੰਨਾ ਸਵਾਰਥੀ ਹੋ ਗਿਆ। ਉਹ ਹਮੇਸ਼ਾ ਹੀ ਕਿਸੇ ਹੋਰ ਬਾਪੂ ਦੇ ਪੈਰ ਛੂਹ ਲਵੇਗਾ, ਪਰ ਸਵੇਰੇ ਉੱਠ ਕੇ ਉਹ ਆਪਣੇ ਬਾਪ ਵੱਲ ਵੇਖਦਾ ਵੀ ਨਹੀਂ। ਕੀ ਇਹ ਸਿਰਫ ਇਸ ਲਈ ਹੈ ਕਿ ਦੂਜੇ ਬਾਪ ਨੇ ਆਪਣੇ ਪੁੱਤਰਾਂ ਦੇ ਪਿਤਾ ਨੇ ਉਸ ਨੂੰ ਕੁਝ ਕਾਲੇ ਪੰਨਿਆਂ ਤੋਂ ਇਲਾਵਾ ਕੁਝ ਵੀ ਨਹੀਂ ਦਿੱਤਾ। ਇੱਥੇ ਇਹ ਕਹਿਣਾ ਬਣਦਾ ਹੈ ਕਿ ਮੇਰਾ ਪੁੱਤਰ ਬਾਕੀ ਨੌਜਵਾਨਾਂ ਵਾਂਗ ਰਾਤੋ-ਰਾਤ ਅਮੀਰ ਬਣਨਾ ਚਾਹੁੰਦਾ ਹੈ। ਉਹ ਇਹ ਨਹੀਂ ਜਾਣਦਾ ਕਿ ਪੈਸਾ ਕਮਾਉਣ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਕੀ ਤੁਹਾਨੂੰ ਇਕ ਰੱਦੀ ਨੂੰ ਦੂਜੀ ਰੱਦੀ ਉਪਰ ਰੱਖਣਾ ਪਵੇਗਾ? ਜਿਸ ਤਰ੍ਹਾਂ ਉਹ ਧਰਮ ਅਤੇ ਹੋਰ ਰੀਤੀ-ਰਿਵਾਜਾਂ ਦਾ ਕਾਇਲ ਨਹੀਂ। ਇਸ ਤਰ੍ਹਾਂ ਹੀ ਉਹ ਮਿਹਨਤ ਕਰਨ ਦਾ ਵੀ ਕਾਇਲ ਨਹੀਂ। ਉਹ ਘੜੇ 'ਤੇ ਹੀ ਮੁੰਝ ਕੁੱਟਦਾ ਹੈ। ਉਹ ਖੁਦ ਨੂੰ ਅਲਾਦੀਨ ਦਾ ਚਿਰਾਗ਼ ਸਮਝਦਾ ਹੈ। ਮੈਨੂੰ ਪਤਾ ਹੈ ਕਿ ਮੇਰਾ ਬੇਟਾ ਮੇਰਾ ਨਾਂਅ ਵਰਤਦਾ ਹੈ। ਕਿਉਂ ਨਾ ਵਰਤੇ, ਮੈਂ ਉਸ ਦਾ ਬਾਪ ਹਾਂ। ਇਸ ਗੱਲ ਵਿੱਚ ਕੋਈ ਸ਼ਰਮ ਨਹੀਂ ਮਹਿਸੂਸ ਕਰਦਾ। ਪਰ ਇਕ ਦਿਨ ਮੈਨੂੰ ਪਤਾ ਲੱਗਾ ਕਿ ਉਹ ਮੇਰਾ ਪੁੱਤਰ ਹੋਣ 'ਤੇ ਮਜਬੂਰ ਅਤੇ ਸ਼ਰਮਿੰਦਾ ਹੈ। ਮੇਰੇ ਕਾਰਨ ਉਹ ਕਿਸੇ ਕੋਲੋਂ ਦਸ ਰੁਪਏ ਵੀ ਨਹੀਂ ਮੰਗ ਸਕਦਾ। ਮੈਂ ਹੱਸਦੇ ਨੇ ਕਿਹਾ, "ਬੇਟਾ ਕਿਤੇ ਤੁਸੀਂ ਮੇਰਾ ਨਾਂਅ ਵਰਤਦੇ ਹੋ। ਕਿਤੇ ਤੁਹਾਨੂੰ ਮੇਰਾ ਬੇਟਾ ਹੋਣ 'ਤੇ ਸ਼ਰਮਿੰਦਾ ਹੋਣਾ ਪੈਂਦਾ ਹੈ। ਕਿਤੇ ਤੁਸੀਂ ਦਸ ਰੁਪਏ ਵੀ ਨਹੀਂ ਮੰਗ ਸਕਦੇ। ਮੈਨੂੰ ਤਾਂ ਕੁਝ ਵੀ ਸਮਝ ਨਹੀਂ ਆ ਰਿਹਾ। ਉਹ ਫਿਰ ਬਥੇਰਾ ਤੁਹਾਨੂੰ ਸਾਰੀ ਜ਼ਿੰਦਗੀ ਇਹ ਨਾ ਸਮਝ ਆਇਆ, ਨਾ ਆਉਣਾ ਹੈ। ਤੁਹਾਨੂੰ ਸਿਰਫ ਵਰਕੇ ਕਾਲੇ ਕਰਨੇ ਆਉਂਦੇ ਐ। ਮੇਰਾ ਬੇਟਾ ਮੇਰੀ ਜ਼ਿੰਦਗੀ 'ਚੋਂ ਭਾਵਨਾਤਮਕਤਾ ਅਤੇ ਆਦਰਸ਼ਵਾਦ ਖਤਮ ਕਰਨਾ ਚਾਹੁੰਦਾ ਹੈ।


ਉਹ ਆਪਣੇ ਪਿਤਾ ਨੂੰ ਅਜਿਹੀ ਸਥਿਤੀ ਵਿੱਚ ਵੇਖਣਾ ਚਾਹੁੰਦਾ ਹੈ। ਉਹ ਕਿਸੇ ਕੋਲੋਂ ਵੀ ਫਿਲਮ ਬਣਾਉਣ ਲਈ ਦੋ ਲੱਖ ਦੀ ਮੰਗ ਕਰ ਸਕਦਾ ਹੈ। ਉਸ ਦੋ ਲੱਖ ਤੋਂ ਲੱਖਾਂ ਰੁਪਏ ਕਮਾ ਸਕਦਾ ਹੈ। ਇਸ ਕਿਸਮ ਦੇ ਸੁਆਰਥ ਤੇ ਪਦਾਰਥਵਾਦ, ਸਿਗਰਟਾਂ, ਸ਼ਰਾਬ, ਔਰਤ ਆਦਿ ਪਿਉ-ਪੁੱਤਰਾਂ ਨੂੰ ਇਸ ਧਰਤੀ ਤੋਂ ਉਜਾੜ ਦਿੰਦੇ ਹਨ। ਅਸਲ ਵਿੱਚ ਭੌਤਿਕ ਅਰਥਾਂ ਵਿੱਚ ਮੇਰੇ ਕੋਲ ਹੈ ਕੀ ਜਿਸ ਨਾਲ ਮੈਂ ਆਪਣੇ ਪੁੱਤਰ ਨੂੰ ਬਰਖਾਸਤ ਕਰ ਸਕਦਾ ਹਾਂ? ਜੇ ਉਹ ਕਿਸੇ ਗੱਲ 'ਤੇ ਗੁੱਸੇ ਹੋ ਕੇ ਚਲੇ ਗਿਆ। ਮੈਂ ਉਸ ਨੂੰ ਜ਼ਰੂਰ ਲੱਭਾਂਗਾ ਅਤੇ ਜੇ ਮੈਂ ਕਿਤੇ ਚਲੇ ਗਿਆ, ਉਹ ਮੈਨੂੰ ਕਦੇ ਵੀ ਨਹੀਂ ਲੱਭੇਗਾ। ਇਸ ਲਈ ਮੈਂ ਅਤਿਅੰਤ ਦਹਿਸ਼ਤ ਦੇ ਪਲਾਂ ਵਿੱਚ ਵੀ ਘਰ ਵਿੱਚ ਘੁਸਪੈਠ ਕਰਦਾ ਹਾਂ, ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਮੇਰਾ ਪੁੱਤਰ ਕਿਤੇ ਜਾਵੇ। ਮੈਂ ਉਸ ਨੂੰ ਬਰਖਾਸਤ ਕਰਨ ਬਾਰੇ ਨਹੀਂ ਸੋਚਦਾ। ਡਰਦਾ ਹਾਂ ਕਿ ਉਹ ਮਨੁੱਖੀ ਸਿਧਾਂਤਾਂ ਦੀ ਉਲੰਘਣਾ ਕਰਕੇ ਮੈਨੂੰ ਉਜਵਲ ਭਵਿੱਖ ਤੋਂ ਬਰਖਾਸਤ ਨਾ ਕਰ ਦੇਵੇ। ਹੁਣ ਮੈਂ ਸੋਚਦਾ ਹਾਂ ਬਰਾਬਰ ਦਾ ਪੁੱਤ ਵੀ ਪਿਉ ਬਣ ਜਾਂਦਾ ਹੈ।

(**ਸੰਪਰਕ** +1 559-309-2031)

# ਜੰਗ, ਪੂੰਜੀਵਾਦ ਅਤੇ ਮਨੁੱਖੀ ਸਰੋਕਾਰ

**ਰਘਬੀਰ ਸਿੰਘ**

ਜੰਗਬਾਜ਼ ਆਗੂਆਂ ਨੇ ਸੰਸਾਰ ਸਿਆਸਤ ਦਾ ਮਾਹੌਲ ਅਤੇ ਮੁਹਾਣ ਇਕ ਤਰ੍ਹਾਂ ਨਾਲ ਬਦਲ ਹੀ ਦਿੱਤਾ ਹੈ। ਰੂਸ-ਯੂਕਰੇਨ ਜੰਗ ਨਾਲ ਜਾਪਦਾ ਸੀ ਕਿ ਸੰਸਾਰ ਸਿਆਸਤ ਦੇ ਦੇ ਸਮੀਕਰਨ ਨਵੇਂ ਸਿਰਿਓਂ ਬਣ-ਵਿਗਸ ਰਹੇ ਹਨ। ਫਿਰ ਇਜ਼ਰਾਈਲ-ਹਮਾਸ (ਫ਼ਲਸਤੀਨ) ਟਕਰਾਓ ਨੇ ਨਵੇਂ ਸਵਾਲ ਖੜ੍ਹੇ ਕੀਤੇ। ਜੰਮੂ ਕਸ਼ਮੀਰ ਵਿਚ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿਚਾਲੇ ਹੋਈਆਂ ਝੜਪਾਂ ਅਤੇ ਦੋਹਾਂ ਮੁਲਕਾਂ ਵਿਚਕਾਰ ਜੰਗਬੰਦੀ ਦੇ ਮਾਮਲੇ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਾਅਵਿਆਂ ਤੇ ਹਕੀਕਤਾਂ ਨੇ ਅੱਜ ਤਕ ਭੰਬਲਭੂਸਾ ਪਾਇਆ ਹੋਇਆ ਹੈ। ਇਸ ਤੋਂ ਬਾਅਦ ਇਜ਼ਰਾਈਲ-ਇਰਾਨ ਜੰਗ ਨੇ ਸੰਸਾਰ ਸਿਆਸਤ ਦਾ ਇਕ ਹੋਰ ਚਿਹਰਾ ਸਾਹਮਣੇ ਲਿਆਂਦਾ ਹੈ। ਆਪਣੀ ਚੋਣ ਮੁਹਿੰਮ ਦੌਰਾਨ ਜੰਗਾਂ ਬੰਦ ਕਰਵਾਉਣ ਦੀਆਂ ਟਾਹਰਾਂ ਮਾਰਨ ਵਾਲਾ ਟਰੰਪ ਇਰਾਨ ਉੱਤੇ ਬੰਬ ਸੁੱਟਣ ਵੇਲ਼ੇ ਸਭ ਤੋਂ ਕਾਹਲ਼ਾ ਨਜ਼ਰ ਆਇਆ। ਅਸਲ ਵਿਚ ਉਸ ਦੀ ਸਿਆਸਤ ਦੇ ਕੇਂਦਰ ਵਿਚ ਨਿਰੋਲ ਕਾਰੋਬਾਰ ਹੈ। ਟੈਰਿਫ ਵਾਲਾ ਮਾਮਲਾ ਇਸ ਦੀ ਮਿਸਾਲ ਮਾਤਰ ਹੈ। ਇਕ ਖਾਸ ਕੋਣ ਤੋਂ ਦੇਖਿਆ ਜਾਵੇ ਤਾਂ ਟਰੰਪ ਦੀ ਕਥਿਤ ਜੰਗ-ਵਿਰੋਧੀ ਪਹੁੰਚ ਦਾ ਦਾਈਆ ਵੀ ਇਹੀ ਹੈ। ਇਹੀ ਕਾਰਨ ਹੈ ਕਿ ਉਹਨੇ ਰੂਸ-ਯੂਕਰੇਨ ਜੰਗਬੰਦੀ ਨਾਲੋਂ ਯੂਕਰੇਨ ਦੇ ਕੀਮਤੀ ਖਣਿਜਾਂ ਬਾਰੇ ਸੌਦਾ ਕਰਨ ਵੱਲ ਵਧੇਰੇ ਦਿਲਚਸਪੀ ਦਿਖਾਈ। ਗਾਜ਼ਾ ਬਾਰੇ ਉਸ ਦਾ ਅਸ਼ਲੀਲ ਬਿਆਨ ਤਾਂ ਸਮੁੱਚੀ ਦੁਨੀਆ ਨੇ ਮੂੰਹ 'ਚ ਉਂਗਲਾਂ ਪਾ ਕੇ ਸੁਣਿਆ। ਇਹ ਸੰਵੇਦਨਹੀਣਤਾ ਅਤੇ ਬੇਸ਼ਰਮੀ ਦਾ ਸਿਖਰ ਹੀ ਸੀ ਜਦੋਂ ਉਸ ਨੇ ਕਿਹਾ ਕਿ ਫ਼ਲਸਤੀਨੀਆਂ ਨੂੰ ਗਾਜ਼ਾ ਵਿਚੋਂ ਚਲੇ ਜਾਣਾ ਚਾਹੀਦਾ ਹੈ ਅਤੇ ਉਹ ਗਾਜ਼ਾ ਨੂੰ ਦੁਨੀਆ ਦੀ ਬਿਹਤਰੀਨ ਥਾਂ ਵਜੋਂ ਵਿਕਸਿਤ ਕਰੇਗਾ। ਅੱਜ ਇਹੀ ਗਾਜ਼ਾ ਦੁਨੀਆ ਦੀ ਬਦਤਰੀਨ ਥਾਂ ਹੈ ਜਿੱਥੇ ਖਾਣਾ ਲੈਣ ਕਤਾਰਾਂ ਵਿਚ ਲੱਗੇ ਫ਼ਲਸਤੀਨੀਆਂ ਉੱਤੇ ਇਜ਼ਰਾਇਲੀ ਫੌਜੀਆਂ ਨੇ ਗੋਲੀਆਂ ਵਰ੍ਹਾਈਆਂ। ਇਹ ਭਾਣਾ ਉਸ ਵਕਤ ਵਰਤਿਆ ਜਦੋਂ ਇਰਾਨ ਤੇ ਇਜ਼ਰਾਈਲ ਇਕ ਦੂਜੇ ਉੱਤੇ ਬਾਰੂਦ ਦਾ ਮੀਂਹ ਵਰ੍ਹਾ ਰਹੇ ਸਨ। ਫ਼ਲਸਤੀਨੀਆਂ ਦਾ ਘਾਣ ਸਾਡੇ ਸਮਿਆਂ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਇਜ਼ਰਾਈਲ ਹਮਾਸ ਨੂੰ ਖ਼ਤਮ ਕਰਨ ਦੇ ਨਾਂ ਹੇਠ ਫ਼ਲਸਤੀਨੀਆਂ ਦੀ ਨਸਲਕੁਸ਼ੀ ਵੱਲ ਬਿਨਾਂ ਰੋਕ-ਟੋਕ ਵਧ ਰਿਹਾ ਹੈ। ਗਾਜ਼ਾ ਦਾ ਚੱਪਾ-ਚੱਪਾ ਤਬਾਹ ਕਰ ਦਿੱਤਾ ਗਿਆ ਹੈ ਤੇ ਸਭ ਕੌਮਾਂਤਰੀ ਸੰਸਥਾਵਾਂ ਮੂਕ ਦਰਸ਼ਕ ਬਣ ਕੇ ਰਹਿ ਗਈਆਂ ਹਨ।




ਦੇਖਿਆ ਜਾਵੇ ਤਾਂ ਇਰਾਨ-ਇਜ਼ਰਾਈਲ ਜੰਗ ਦੌਰਾਨ ਤਬਾਹੀ ਨੂੰ ਵੀ ਉਦੋਂ ਹੀ ਨੱਕਾ ਲੱਗਿਆ ਜਦੋਂ ਇਰਾਨ-ਇਜ਼ਰਾਈਲ ਜੰਗ ਬਾਰੇ ਰੂਸ, ਚੀਨ ਅਤੇ ਕੁਝ ਹੋਰ ਮੁਲਕਾਂ ਨੇ ਆਪਣੇ ਇਰਾਦੇ ਐਨ ਸਪਸ਼ਟ ਕੀਤੇ। ਇਸ ਤੋਂ ਬਾਅਦ ਹੀ ਅਮਰੀਕੀ ਰਾਸ਼ਟਰਪਤੀ ਦੇ ਫੌਜੀ ਕਦਮ-ਤਾਲ ਨੂੰ ਵਿਰਾਮ ਮਿਲਿਆ। ਇਸ ਮਰਹਲੇ ਨੇ ਸੋਵੀਅਤ ਰੂਸ ਦੀ ਚਲਾਈ ਅਮਨ ਲਹਿਰ ਦਾ ਚੇਤਾ ਵੀ ਬੜੀ ਸ਼ਿੱਦਤ ਨਾਲ ਕਰਵਾਇਆ। ਉਦੋਂ ਅਮਨ ਲਹਿਰ ਸੋਵੀਅਤ ਵਿਦੇਸ਼ ਨੀਤੀ ਦਾ ਖਾਸ ਮੁੱਦਾ ਬਣੀ ਸੀ ਅਤੇ ਗੁੱਟ ਨਿਰਲੇਪ ਮੁਲਕਾਂ ਅੰਦਰ ਇਸ ਦਾ ਖਾਸ ਅਸਰ ਦੇਖਣ ਨੂੰ ਮਿਲਿਆ ਸੀ। ਇਹ ਉਹ ਦੌਰ ਸੀ ਜਦੋਂ ਸਾਮਵਾਦ (communism)


ਪੂੰਜੀਵਾਦ (capitalism) ਨਾਲ ਦਸਤਪੰਜਾ ਲੈ ਰਿਹਾ ਸੀ ਅਤੇ ਨਿੱਤ ਨਵੀਂ ਵੰਗਾਰ ਪਾ ਰਿਹਾ ਸੀ। ਪਰ 1990ਵਿਆਂ ਵਿਚ ਸੋਵੀਅਤ ਬਲਾਕ ਢਹਿ-ਢੇਰੀ ਹੋਣ ਨਾਲ ਦੁਨੀਆ ਅੰਦਰ ਪੂੰਜੀਵਾਦ ਦੀਆਂ ਵਾਗਾਂ ਖੁੱਲ੍ਹ ਗਈਆਂ। ਹੁਣ 21ਵੀਂ ਸਦੀ ਦੀ ਪਹਿਲੀ ਚੌਥਾਈ ਤਕ ਪੁੱਜਦਿਆਂ ਇਸ ਦਾ ਬੇਹੱਦ ਘਾਤਕ ਰੂਪ ਸਾਹਮਣੇ ਆਣ ਖਲੋਇਆ ਹੈ। ਅਥਾਹ ਤਕਨੀਕੀ ਤਰੱਕੀ ਇਹਦੇ ਲਈ ਸੋਨੇ 'ਤੇ ਸੁਹਾਗਾ ਸਾਬਤ ਹੋਈ ਹੈ। ਉਂਝ, ਇਸ ਸਮੇਂ ਦੌਰਾਨ ਜਿਸ ਤਰ੍ਹਾਂ ਮਨੁੱਖਤਾ ਦਾ ਘਾਣ ਹੋਇਆ ਅਤੇ ਕੁਦਰਤ ਨਾਲ ਵੱਡੇ ਪੱਧਰ 'ਤੇ ਖਿਲਵਾੜ ਕੀਤਾ ਜਾ ਰਿਹਾ ਹੈ, ਉਸ ਨੇ ਪੂੰਜੀਵਾਦ 'ਤੇ ਹੁਣ ਤਕ ਦੇ ਸਭ ਤੋਂ ਵੱਡੇ ਸਵਾਲ ਖੜ੍ਹੇ ਕੀਤੇ ਹਨ। ਪੂੰਜੀਵਾਦ ਦੀਆਂ ਤੱਦੀਆਂ ਨੇ ਸਗੋਂ ਅੱਜੋਕੀ ਜਮਹੂਰੀਅਤ ਉੱਤੇ ਵੀ ਸਵਾਲੀਆ ਨਿਸ਼ਾਨ ਲਗਾਏ ਹਨ। ਉਹ ਵੀ ਵਕਤ ਸਨ ਜਦੋਂ ਜਮਹੂਰੀਅਤ ਨੂੰ ਆਧਾਰ ਬਣਾ ਕੇ ਕਮਿਊਨਿਸਟ ਮੁਲਕਾਂ ਦੀ ਬੜੀ ਤਿੱਖੀ ਨੁਕਤਾਚੀਨੀ ਕੀਤੀ ਜਾਂਦੀ ਸੀ। ਅੱਜ ਸੰਸਾਰ ਦੀ ਸਭ ਤੋਂ ਤਾਕਤਵਰ ਜਮਹੂਰੀਅਤ ਅਮਰੀਕਾ ਅਤੇ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਭਾਰਤ ਵਿਚਲੇ ਨਿਜ਼ਾਮਾਂ ਦੀ ਪੁਣ-ਛਾਣ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਰਹੀ ਹੈ। ਭਾਰਤੀ ਜਮਹੂਰੀਅਤ ਅੰਦਰ ਪਿਛਲੇ 11 ਸਾਲਾਂ ਦੌਰਾਨ ਜੋ ਕੁਝ ਵਾਪਰਿਆ ਹੈ, ਉਹ ਹੁਣ ਕਿਸੇ ਤੋਂ ਲੁਕਿਆ ਨਹੀਂ। ਇਕ-ਇਕ ਕਰ ਸਭ ਜਮਹੂਰੀ ਅਦਾਰਿਆਂ ਦੀ 'ਕਾਇਆਕਲਪ@ ਕਰ ਦਿੱਤੀ ਗਈ ਹੈ ਅਤੇ ਸਰਕਾਰ ਦੀ ਆਲੋਚਨਾ ਨੂੰ ਦੇਸ਼ਧ੍ਰੋਹ ਤਕ ਗਰਦਾਨਿਆ ਜਾ ਰਿਹਾ ਹੈ। ਸਿਰਫ ਵੋਟ ਪਾਉਣ ਨੂੰ ਹੀ ਜਮਹੂਰੀਅਤ ਬਣਾ ਦਿੱਤਾ ਗਿਆ ਹੈ। ਇਹੀ ਹਾਲ ਡੋਨਲਡ ਟਰੰਪ ਦੀ ਅਗਵਾਈ ਵਾਲੇ ਮੁਲਕ ਅਮਰੀਕਾ ਦਾ ਹੈ ਜਿੱਥੇ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨਾਂ 'ਤੇ ਪਾਬੰਦੀਆਂ ਹੀ ਨਹੀਂ ਲਾਈਆਂ ਜਾ ਰਹੀਆਂ ਸਗੋਂ ਵਿਦੇਸ਼ੀ ਵਿਦਿਆਰਥੀਆਂ ਨੂੰ ਮੁਲਕ ਵਿਚੋਂ ਕੱਢਣ ਦੀ ਤਲਵਾਰ ਉਨ੍ਹਾਂ ਦੇ ਸਿਰ ਉੱਤੇ ਲਟਕਾ ਦਿੱਤੀ ਗਈ ਹੈ। ਸ਼ਰ੍ਹੇਆਮ, ਯੂਨੀਵਰਸਿਟੀਆਂ ਦੀ ਫੰਡਿੰਗ ਬੰਦ ਕੀਤੀ ਜਾ ਰਹੀ ਹੈ। ਰਹਿੰਦੀ ਕਸਰ ਇਰਾਨਇਜ਼ਰਾਈਲ ਜੰਗ ਦੌਰਾਨ ਇਸ ਦੇ ਸਿਰੇ ਦੇ ਅਸ਼ਲੀਲ ਵਿਹਾਰ ਨੇ ਕੱਢ ਦਿੱਤੀ ਹੈ।

ਕੋਈ ਵਕਤ ਸੀ ਜਦੋਂ ਸਾਹਿਤਕਾਰਾਂ, ਕਲਾਕਾਰਾਂ ਅਤੇ ਕਲਾ ਨਾਲ ਜੁੜੀ ਲੋਕਾਈ ਨੇ ਅਮਨ ਲਹਿਰ ਵਿਚ ਬੇਮਿਸਾਲ ਯੋਗਦਾਨ ਪਾਇਆ ਸੀ। ਇਨ੍ਹਾਂ ਵਿਚ ਪੰਜਾਬੀ ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਵੀ ਭਰਪੂਰ ਯੋਗਦਾਨ ਸੀ। ਐਤਕੀਂ ਇਹ ਤੱਥ ਬਾਕਾਇਦਾ ਨੋਟ ਕੀਤਾ ਗਿਆ ਹੈ ਕਿ ਇਸ ਵਾਰ ਜੰਗਾਂ ਖ਼ਿਲਾਫ਼ ਉਹੋ ਜਿਹਾ ਜਲੌਅ ਨਹੀਂ ਉੱਭਰ ਸਕਿਆ, ਜਿਹੋ ਜਿਹਾ ਅਮਨ ਲਹਿਰ ਦੌਰਾਨ ਕੁੱਲ ਲੋਕਾਈ ਨੇ ਦੇਖਿਆ ਸੀ। ਇਸ ਦੇ ਬਹੁਤ ਸਾਰੇ ਕਾਰਨ ਗਿਣਾਏ ਜਾ ਸਕਦੇ ਹਨ। ਇਨ੍ਹਾਂ ਵਿਚੋਂ ਇਕ ਅਤੇ ਅਹਿਮ ਕਾਰਨ ਸੋਵੀਅਤ ਰੂਸ ਵਰਗੀ ਤਾਕਤ ਦਾ ਸੰਸਾਰ-ਦ੍ਰਿਸ਼ ਤੋਂ ਨਦਾਰਦ ਹੋਣਾ ਹੈ। ਹੁਣ ਜਦੋਂ ਪੂੰਜੀਵਾਦ ਬੇਹੱਦ ਘਾਤਕ ਰੂਪ ਵਿਚ ਜ਼ਿੰਦਗੀ ਦੇ ਹਰ ਪੱਖ ਨੂੰ ਤਬਾਹ-ਓ-ਬਰਬਾਦ ਕਰ ਰਿਹਾ ਹੈ ਤਾਂ ਸਾਮਵਾਦ (communism) ਦੇ ਸਿਧਾਂਤ ਅਨੁਸਾਰ ਬਰਾਬਰੀ ਲਈ ਪਹਿਰਾ ਦੇਣ ਵਾਲੇ ਵਿਦਵਾਨਾਂ ਤੇ ਬੁੱਧੀਜੀਵੀਆਂ, ਸਾਹਿਤਕਾਰਾਂ ਤੇ ਕਲਾਕਾਰਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਪੂੰਜੀਵਾਦ ਦੇ ਕੁਹਜ ਦੀ ਬਾਕਾਇਦਾ ਨਿਸ਼ਾਨਦੇਹੀ ਕਰ ਦੇ ਕੇ ਇਸ ਦਾ ਕੱਚਾ ਚਿੱਠਾ ਫਰੋਲਿਆ ਜਾਵੇ। ਠੀਕ ਹੈ, ਸੰਸਾਰ ਪੱਧਰ 'ਤੇ ਸਾਮਵਾਦੀ/ਸਮਾਜਵਾਦੀ ਲਹਿਰ ਨੂੰ ਵੱਡੀ ਪਛਾੜ ਪਈ ਹੈ ਪਰ ਪਿਛਲੇ ਦਹਾਕਿਆਂ ਦੌਰਾਨ ਇਹ ਵਾਰ-ਵਾਰ ਸਾਬਤ ਹੋਇਆ ਹੈ ਕਿ ਕਹਿਰਵਾਨ ਹੋ ਰਹੇ ਪੂੰਜੀਵਾਦ ਦਾ ਤੋੜ ਆਖ਼ਿਰਕਾਰ ਸਾਮਵਾਦ/ਸਮਾਜਵਾਦ ਹੀ ਹੈ। ਇਸ ਲਈ ਸਾਮਵਾਦੀਆਂ/ਸਮਾਜਵਾਦੀਆਂ ਨੂੰ ਆਪਣੀ ਸਾਰੀ ਤਾਕਤ ਇਕੱਠੀ ਕਰ ਕੇ ਨਵੀਂ ਸਿਰਜਣਾ ਲਈ ਮੋਹੜੀ ਗੱਡਣੀ ਚਾਹੀਦੀ ਹੈ। ਇਸ ਪਾਸੇ ਮੋੜ ਕੱਟਣ ਦੀ ਪਹਿਲ ਕਰਨ ਦੀ ਤਵੱਕੋ, ਬਿਨਾਂ ਸ਼ੱਕ, ਬੁੱਧੀਜੀਵੀ ਵਰਗ ਤੋਂ ਹੈ।

**('ਸਿਰਜਣਾ' ਜੁਲਾਈ-ਸਤੰਬਰ, 25 ਦੀ ਸੰਪਾਦਕੀ)**

# ਬਾਲ ਕੋਨਾ







ਇਹ ਸਾਰੀਆਂ ਤਸਵੀਰਾਂ ਵਿਸ਼ਾਲ ਕੁਮਾਰ, ਪੰਜਵੀਂ, ਬੀ ਸੀ ਐੱਸ, ਸਕੂਲ ਫਗਵਾੜਾ ਦੀਆਂ ਹਨ।

## ਖੁੱਲ੍ਹ ਗਏ ਸਕੂਲ

ਤਪਦਾ ਸੀ ਜੂਨ ਬੜਾ ਹੁਣ ਤਪੂਗੀ ਜੁਲਾਈ ਐ  
ਵਧ ਜਾਣ ਛੁੱਟੀਆਂ ਜੇ ਇਹੋ ਆਸ ਲਾਈ ਐ  
ਅਸੀਂ ਛੁੱਟੀਆਂ ਦੇ ਵਿੱਚ ਪੂਰੀ ਮੌਜ ਉਡਾਈ ਐ  
ਖੁੱਲ੍ਹ ਗਏ ਸਕੂਲ ਹੁਣ ਕਰਨੀ ਪੜ੍ਹਾਈ ਐ

ਛੇਤੀ ਹੀ ਨਿਬੇੜ ਤਾ ਸੀ ਛੁੱਟੀਆਂ ਦਾ ਕੰਮ ਜੀ,  
ਧੁੱਪ 'ਚ ਨਾ ਫਿਰੋ ਓ ਕਾਲਾ ਹੋ ਜਾਊ ਚੰਮ ਜੀ  
ਇਹ ਗੱਲ ਮੰਮੀ ਨੇ ਸੀ ਆਖ ਸੁਣਾਈ ਐ  
ਖੁੱਲ੍ਹ ਗਏ ਸਕੂਲ ਹੁਣ ਕਰਨੀ ਪੜ੍ਹਾਈ ਐ.....

ਅਸੀਂ ਟਿਕਟ ਟਰੇਨ ਦੀ ਬੁੱਕ ਕਰਾ ਲਈ ਸੀ  
ਘੁੰਮਣ ਘੁਮਾਉਣ ਗਏ ਸਿਮਲੇ ਮਨਾਲੀ ਸੀ  
ਡੈਡੀ ਨੇ ਸੀ ਖੋਏ ਵਾਲੀ ਕੁਲਫੀ ਖਵਾਈ ਐ  
ਖੁੱਲ੍ਹ ਗਏ ਸਕੂਲ ਹੁਣ ਕਰਨੀ ਪੜ੍ਹਾਈ ਐ ....

ਛੁੱਟੀਆਂ ਦੇ ਵਿੱਚ ਅਸੀਂ ਰੁੱਖ ਵੀ ਲਗਾਏ ਨੇ  
ਪੰਛੀਆਂ ਲਈ ਪਾਣੀ ਤੇ ਆਲ੍ਹਣੇ ਟੰਗਾਏ ਨੇ  
ਇਸੇ ਕੰਮ ਨੇ ਤਾਂ ਸਾਨੂੰ ਸ਼ਾਬਾਸ਼ੇ ਦਿਵਾਈ ਐ  
ਖੁੱਲ੍ਹ ਗਏ ਸਕੂਲ ਹੁਣ ਕਰਨੀ ਪੜ੍ਹਾਈ ਐ ....

'ਜਨਾਲ' ਜਸਪਾਲ ਨੇ ਜੋ ਸਾਨੂੰ ਸਮਝਾਇਆ ਏ  
ਆਦਤ ਹੈ ਮਾੜੀ ਮੋਬਾਇਲ ਦੀ ਸਿਖਾਇਆ ਏ  
ਅੱਖਾਂ ਉੱਤੇ ਐਨਕ ਮੋਬਾਇਲ ਨੇ ਲਵਾਈ ਐ  
ਖੁੱਲ੍ਹ ਗਏ ਸਕੂਲ ਹੁਣ ਕਰਨੀ ਪੜ੍ਹਾਈ ਐ.....

**— ਜਸਪਾਲ ਜਨਾਲ**

## ਸਕੂਲ ਦੀ ਤਿਆਰੀ

ਕਰ ਲਓ ਸਕੂਲ ਦੀ ਤਿਆਰੀ ਬੱਚਿਓ,  
ਖੇਡਣ ਦੀ ਮੁੱਕ ਚੱਲੀ ਵਾਰੀ ਬੱਚਿਓ,

ਚੈੱਕ ਕਰ ਲਵੋ ਸਕੂਲ ਵਾਲਾ ਕੰਮ,  
ਨਹੀਂ ਤਾਂ ਮਾਸਟਰ ਜੀ ਫੜਾਊਗਾ ਕੰਨ,

ਬੈਗ ਆਪਣੇ ਦੇ ਵਿੱਚ ਕਿਤਾਬਾਂ ਪਾ ਲਵੋ,  
ਫਟਾ ਫਟ ਰਹਿੰਦਾ ਕੰਮ ਮੁਕਾ ਲਵੋ।

ਨਾਨੀ ਜੀ ਦੇ ਘਰ ਬਹੁਤ ਖੇਡੇ ਮੱਲੇ,  
ਅੱਜ ਅਸੀਂ ਆਪਣੇ ਘਰ ਨੂੰ ਚੱਲੇ।

ਯਾਦ ਆਉਣਗੇ ਛੁੱਟੀਆਂ ਵਾਲੇ ਦਿਨ,  
ਲੱਗਣਾ ਨਹੀਂ ਦਿਲ ਮੇਰਾ ਨਾਨੀ ਬਿਨ।

ਜੀਅ ਲਾ ਕੇ ਹੁਣ ਅਸਾਂ ਕਰਨੀ ਪੜ੍ਹਾਈ,  
ਆਪਸ ਦੇ ਵਿੱਚ ਕਦੇ ਕਰੀਏ ਨਾ ਲੜਾਈ।

ਜਸਵਿੰਦਰ 'ਪੰਧੇਰ ਖੇੜੀ' ਵਾਲੇ ਸਰ ਮੇਰੇ,  
ਬਹੁਤ ਹੀ ਵਧੀਆ ਪੜ੍ਹਾਉਂਦੇ ਹਨ ਜਿਹੜੇ।

**— ਜਸਵਿੰਦਰ ਸਿੰਘ ਪੰਧੇਰ ਖੇੜੀ**